


Tanya's
BEAUTY SALOON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE

40-39 75ST. JACKSON HEIGHTS
NY TEL : 718-478-9009
137-40 JAMAICA AVE., JAMAICA
NY 11435 TEL : 718-297-1019
85-03 ROOSEVELT AVE.,
JACKSON HEIGHTS NY 11373 TEL : 718-205-7832

Ad Space Available
Call: 847-359-0746


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।



Sixteenth Year of Publication　ਨਿਊ ਯਾਰਕ ਐਡੀਸ਼ਨ　Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 01, January 03, 2015　20451 N Plum Grove Rd., Palatine, IL 60074　Ph:847-359-0746, Fax:847-705-9388


# ਆਰ.ਐਸ.ਐਸ. ਦੀ ਧਰਮ ਬਦਲੀ ਮੁਹਿੰਮ ਗੁਰੂ ਕੀ ਵਡਾਲੀ ਪੁੱਜੀ

## ਬਾਦਲਾਂ ਦੀ ਕਸੂਤੀ ਸਥਿਤੀ ਦਾ ਫਾਇਦਾ ਉਠਾ ਰਹੀ ਹੈ ਆਰ.ਐਸ.ਐਸ.

**ਅੰਮ੍ਰਿਤਸਰ:** ਰਾਸ਼ਟਰੀ ਸਵੈਮ-ਸੇਵਕ ਸੰਘ (ਆਰ.ਐਸ.ਐਸ.) ਦੀ ਵਿਵਾਦਾਂ ਵਿਚ ਘਿਰੀ ਧਰਮ ਬਦਲੀ ਮੁਹਿੰਮ ਪੰਜਾਬ ਪੁੱਜ ਗਈ ਹੈ। ਇਸ ਕੱਟੜ ਹਿੰਦੂ ਜਥੇਬੰਦੀ ਵਲੋਂ ਭਾਰਤ ਭਰ ਵਿਚ ਇਹ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਇਸ ਮੁਹਿੰਮ ਨੂੰ ਘੱਟ-ਗਿਣਤੀਆਂ ਖਿਲਾਫ ਵੱਡਾ ਹਥਿਆਰ ਸਮਝਿਆ ਜਾ ਰਿਹਾ ਹੈ। ਉਧਰ, ਆਰ.ਐਸ.ਐਸ. ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਟਕਰਾਅ ਵਾਲੇ ਸਬੰਧਾਂ ਕਾਰਨ ਸ਼੍ਰੋਮਣੀ ਅਕਾਲੀ ਦਲ ਹੁਣ ਜਦੋਂ ਕਸੂਤੀ ਸਥਿਤੀ ਵਿਚ ਫਸਿਆ ਹੋਇਆ ਹੈ ਤਾਂ ਆਰ.ਐਸ.ਐਸ. ਇਸ ਟਕਰਾਅ ਦਾ ਪੂਰਾ ਫਾਇਦਾ ਉਠਾ ਰਹੀ ਹੈ। ਉਂਜ ਵੀ ਇਸ ਜਥੇਬੰਦੀ ਨੇ ਪੰਜਾਬ, ਖਾਸ ਕਰ ਕੇ ਦਿਹਾਤੀ ਖੇਤਰ ਵਿਚ ਆਪਣਾ ਅਤੇ ਭਾਜਪਾ ਦਾ ਆਧਾਰ ਮਜ਼ਬੂਤ ਕਰਨ ਲਈ ਪੂਰਾ ਟਿੱਲ ਲਾਇਆ ਹੋਇਆ ਹੈ।

ਇਸੇ ਸਰਗਰਮੀ ਤਹਿਤ ਪੰਜਾਬ ਵਿਚ ਹੁਣ ਘਰ ਵਾਪਸੀ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਗਈ ਹੈ ਜਿਸ ਤਹਿਤ ਈਸਾਈ ਬਣ ਚੁੱਕੇ 23 ਪਰਿਵਾਰਾਂ ਦੇ 128 ਮੈਂਬਰਾਂ ਨੂੰ ਮੁੜ ਸਿੱਖੀ ਵਿਚ ਸ਼ਾਮਲ ਕੀਤਾ ਗਿਆ। ਆਰ.ਐਸ.ਐਸ. ਦੀ ਇਸ ਕਾਰਵਾਈ ਦਾ ਈਸਾਈ ਜਥੇਬੰਦੀ 'ਡਾਇਸਿਸ ਆਫ ਅੰਮ੍ਰਿਤਸਰ' ਨੇ ਵਿਰੋਧ ਕੀਤਾ ਹੈ ਅਤੇ ਇਸ ਨੂੰ ਜਬਰੀ ਧਰਮ ਪਰਿਵਰਤਨ ਕਰਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਕਾਰਵਾਈ ਤੋਂ ਪੱਲਾ ਝਾੜਦਿਆਂ ਇਸ ਮਾਮਲੇ ਨਾਲ ਕਿਸੇ ਵੀ ਪ੍ਰਕਾਰ ਦੇ ਸਬੰਧ ਤੋਂ ਇਨਕਾਰ ਕੀਤਾ ਹੈ, ਪਰ ਸਾਬਕਾ ਜਥੇਦਾਰਾਂ ਨੇ ਇਸ ਧਰਮ ਬਦਲੀ ਨੂੰ ਸਿੱਖ ਸਿਧਾਂਤਾਂ ਦੇ ਖਿਲਾਫ ਆਖਿਆ ਹੈ।



*ਧਰਮ ਜਾਗਰਨ ਮੰਚ ਵਲੋਂ ਗੁਰੂ ਕੀ ਵਡਾਲੀ (ਛੇਹਰਟਾ) ਵਿਚ ਕਰਵਾਏ ਘਰ ਵਾਪਸੀ ਸਮਾਗਮ ਦੀ ਝਲਕ।*

### ਜਬਰੀ ਸਿੱਖ ਬਣਾਉਣਾ ਸਿੱਖ ਸਿਧਾਂਤਾਂ ਦੇ ਉਲਟ ਕਰਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਆਖਿਆ ਕਿ ਪੰਜ ਪਿਆਰਿਆਂ ਕੋਲੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਹੀ ਸਿੱਖੀ ਵਿਚ ਪ੍ਰਵੇਸ਼ ਕੀਤਾ ਜਾ ਸਕਦਾ ਹੈ, ਪਰ ਕਿਸੇ ਦਾ ਧਰਮ ਜਬਰੀ ਤਬਦੀਲ ਕਰਨਾ ਠੀਕ ਨਹੀਂ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਸਿੱਖ ਧਰਮ ਵਿਚ ਸ਼ਾਮਲ ਹੋਣ ਅਤੇ ਸਿੱਖ ਬਣਨ ਲਈ ਗੁਰੂ ਨੂੰ ਸਮਰਪਿਤ ਹੋਣਾ ਜ਼ਰੂਰੀ ਹੈ। ਜੇ ਕੋਈ ਬੰਦਾ ਸਿੱਖ ਧਰਮ ਛੱਡ ਕੇ ਚਲਾ ਗਿਆ ਹੈ ਅਤੇ ਮੁੜ ਸਿੱਖ ਬਣ ਰਿਹਾ ਹੈ, ਤਾਂ ਉਹ ਪਛਤਾਵੇ ਵਜੋਂ ਪੰਜ ਪਿਆਰਿਆਂ ਜਾਂ ਪੰਜ ਸਿੰਘ ਸਾਹਿਬਾਨ ਕੋਲ ਪੇਸ਼ ਹੋ ਕੇ ਖਿਮਾ ਜਾਚਨਾ ਕਰ ਸਕਦਾ ਹੈ।

## ਧਰਮ ਜਾਗਰਨ ਮੰਚ ਵਲੋਂ 128 ਈਸਾਈਆਂ ਦੀ ਸਿੱਖ ਧਰਮ ਵਿਚ ਵਾਪਸੀ

ਛੇਹਰਟਾ ਨੇੜੇ ਗੁਰੂ ਕੀ ਵਡਾਲੀ ਵਿਖੇ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਚ ਘਰ ਵਾਪਸੀ ਮੁਹਿੰਮ ਤਹਿਤ ਆਰ.ਐਸ.ਐਸ. ਦੀ ਜਥੇਬੰਦੀ ਧਰਮ ਜਾਗਰਨ ਮੰਚ ਵਲੋਂ ਕੀਤੇ ਸਮਾਗਮ ਵਿਚ 128 ਜਣਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਉਨ੍ਹਾਂ ਦੇ ਮੂਲ, ਸਿੱਖ ਧਰਮ ਵਿਚ ਸ਼ਾਮਲ ਕੀਤਾ ਗਿਆ। ਇਨ੍ਹਾਂ ਲੋਕਾਂ ਬਾਰੇ ਦਾਅਵਾ ਕੀਤਾ ਗਿਆ ਹੈ ਕਿ ਇਹ ਕੁਝ ਦਹਾਕੇ ਪਹਿਲਾਂ ਈਸਾਈ ਬਣ ਗਏ ਸਨ। ਇਨ੍ਹਾਂ ਪਰਿਵਾਰਾਂ ਨੇ ਹੁਣ ਮੂਲ ਧਰਮ ਵਿਚ ਵਾਪਸੀ ਕਰਦਿਆਂ ਕਿਹਾ ਹੈ ਕਿ ਪਹਿਲਾਂ ਉਨ੍ਹਾਂ ਕੋਲੋਂ ਗਲਤੀ ਹੋ ਗਈ ਸੀ ਅਤੇ ਉਹ ਆਪਣੀ ਇੱਛਾ ਨਾਲ ਘਰ ਵਾਪਸੀ ਕਰ ਰਹੇ ਹਨ। ਸਿੱਖ ਧਰਮ ਵਿਚ ਵਾਪਸੀ ਲਈ ਗੁਰਦੁਆਰੇ ਵਿਚ ਹਾਜ਼ਰ ਮੁੱਖ ਸੇਵਾਦਾਰ ਬਾਬਾ ਮਨਜੀਤ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਮਲਕੀਤ ਸਿੰਘ, ਭਾਈ ਦਵਿੰਦਰ ਸਿੰਘ, ਗ੍ਰੰਥੀ ਰਣਜੀਤ ਸਿੰਘ ਤੇ ਪਰਮਜੀਤ ਸਿੰਘ ਨੇ ਇਨ੍ਹਾਂ ਨੂੰ ਮੂਲ ਮੰਤਰ ਅਤੇ ਜਪੁਜੀ ਸਾਹਿਬ ਦਾ ਪਾਠ ਕਰਾਇਆ। ਮਗਰੋਂ ਇਨ੍ਹਾਂ ਨੂੰ ਸਿਰੋਪਾਓ ਭੇਟ ਕੀਤੇ ਗਏ ਅਤੇ ਗੁਰੂ ਗੋਬਿੰਦ ਸਿੰਘ ਤੇ ਬਾਬਾ ਜੀਵਨ ਸਿੰਘ ਦੀ ਤਸਵੀਰ ਵਾਲੇ ਲਾਕਟ ਭੇਟ ਕੀਤੇ ਗਏ। ਇਨ੍ਹਾਂ ਪਰਿਵਾਰਾਂ ਨੂੰ ਨਿਤਨੇਮ ਦੇ ਗੁਟਕੇ ਤੇ ਹੋਰ ਧਾਰਮਿਕ ਸਾਹਿਤ ਵੀ ਭੇਟ ਕੀਤਾ ਗਿਆ।

ਇਸ ਮੌਕੇ ਜਸਬੀਰ ਸਿੰਘ ਜੋ ਪਹਿਲਾਂ ਗੋਰਾ ਮਸੀਹ ਸੀ, ਨੇ ਆਖਿਆ ਕਿ ਉਹ ਚਾਰ ਸਾਲਾਂ ਬਾਅਦ ਸਿੱਖ ਬਣ ਰਿਹਾ ਹੈ। ਰਾਜ ਮਸੀਹ ਤੋਂ ਰਾਜ ਕੁਮਾਰ ਬਣੇ ਨੇ ਦੱਸਿਆ ਕਿ ਉਹ ਵੀ ਚਾਰ ਸਾਲ ਬਾਅਦ ਮੁੜ ਆਪਣੇ ਧਰਮ ਵਿਚ ਪਰਤ

(ਬਾਕੀ ਸਫਾ 6 'ਤੇ)


## ਨਸ਼ਿਆਂ ਦੇ ਮੁੱਦੇ 'ਤੇ ਕਸੂਤੇ ਫਸੇ ਅਕਾਲੀ

### ਪਹਿਲਾਂ ਧਰਨਿਆਂ ਦਾ ਐਲਾਨ, ਹੁਣ ਜਾਗਰੂਕਤਾ ਸਮਾਗਮ ਕਰਨਗੇ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਨਸ਼ਿਆਂ ਦੇ ਮੁੱਦੇ 'ਤੇ ਸਿਆਸਤ ਨੇ ਜ਼ੋਰ ਫੜ ਲਿਆ ਹੈ, ਪਰ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਇਸ ਮੁੱਦੇ ਉਤੇ ਬਹੁਤ ਕਸੂਤਾ ਫਸ ਗਿਆ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਛੇ ਹਜ਼ਾਰ ਕਰੋੜ ਰੁਪਏ ਦੇ ਸਿੰਥੈਟਿਕ ਡਰੱਗ ਮਾਮਲੇ ਵਿਚ ਤਲਬ ਕਰਨ ਪਿੱਛੋਂ ਨਮੋਸ਼ੀ ਦਾ ਸਾਹਮਣਾ ਕਰ ਰਹੇ ਅਕਾਲੀ ਦਲ ਨੇ ਧਰਨੇ ਮਾਰ ਕੇ ਇਸ ਜੰਜਾਲ ਵਿਚੋਂ ਨਿਕਲਣ ਦੀ ਵਿਉਂਤ ਬਣਾਈ ਸੀ, ਪਰ ਅੰਦਰੂਨੀ ਵਿਰੋਧ ਕਾਰਨ ਇਨ੍ਹਾਂ ਧਰਨਿਆਂ ਨੂੰ ਜਾਗਰੂਕਤਾ ਸਮਾਗਮਾਂ ਦਾ ਨਾਂ ਦੇਣਾ ਪੈ ਗਿਆ ਹੈ।

ਯਾਦ ਰਹੇ ਕਿ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਵਲੋਂ ਜਨਵਰੀ ਦੌਰਾਨ ਅੰਮ੍ਰਿਤਸਰ ਤੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਕਾਂਗਰਸ ਵਲੋਂ ਨਸ਼ਿਆਂ ਖ਼ਿਲਾਫ਼ ਅੰਦੋਲਨ ਛੇੜਨ ਦਾ ਐਲਾਨ ਕੀਤਾ ਗਿਆ ਹੈ। ਪਹਿਲਾਂ ਅਕਾਲੀ ਦਲ ਨੇ ਪੰਜ ਜਨਵਰੀ ਨੂੰ ਸਰਹੱਦ ਉਤੇ ਬੀ.ਐਸ.ਐਫ. ਖਿਲਾਫ ਮੋਰਚਾ ਖੋਲ੍ਹ ਕੇ ਸਾਰੀ ਜ਼ਿੰਮੇਵਾਰੀ ਕੇਂਦਰ ਸਰਕਾਰ ਸਿਰ ਸੁੱਟਣ ਦੀ ਤਿਆਰੀ ਕੀਤੀ ਸੀ। ਅਸਲ ਵਿਚ ਮਜੀਠੀਆ ਮੁੱਦੇ 'ਤੇ ਅਕਾਲੀ ਦਲ ਚਾਰੇ ਪਾਸਿਓਂ ਘਿਰਿਆ ਹੋਇਆ ਹੈ। ਇਥੋਂ ਤੱਕ ਕਿ ਉਸ ਦੀ ਭਾਈਵਾਲ ਭਾਜਪਾ ਵੀ ਇਸ ਤਾਕਤਵਰ ਵਜ਼ੀਰ ਦਾ ਅਸਤੀਫਾ ਲੈਣ ਬਾਰੇ ਦਬਾਅ ਪਾ ਰਹੀ ਹੈ। ਨਸ਼ੇ ਦੇ ਮਾਮਲੇ ਵਿਚ ਹੀ ਸਰਵਣ ਸਿੰਘ ਫਿਲੌਰ ਨੂੰ ਇਸ ਕਰ ਕੇ ਅਸਤੀਫ਼ਾ ਦੇਣਾ ਪਿਆ ਸੀ ਕਿਉਂਕਿ ਈ.ਡੀ. ਨੇ ਉਨ੍ਹਾਂ ਦੇ ਬੇਟੇ ਨੂੰ ਪੁੱਛ-ਗਿੱਛ ਲਈ

(ਬਾਕੀ ਸਫਾ 6 'ਤੇ)



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
Limited Time Offer. Restrictions & Additional Fees Apply.
800.914.1013 • 408.659.9400

# ਪੰਜਾਬ ਵਿਚ ਨਵੀਂ ਰਾਜਸੀ ਪਾਰਟੀ ਦੇ ਗਠਨ ਲਈ ਕਵਾਇਦ ਤੇਜ਼

**ਚੰਡੀਗੜ੍ਹ:** ਰਾਜ ਵਿਚ ਨਵੀਂ ਰਾਜਨੀਤਕ ਪਾਰਟੀ ਦੇ ਗਠਨ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਪੰਥਕ (ਸੰਭਾਵਿਤ ਨਾਂ) ਦੀ ਰੂਪ ਰੇਖਾ ਨੂੰ ਅੰਤਿਮ ਛੋਹ ਦੇਣ ਲਈ ਸਾਬਕਾ ਆਈ.ਏ.ਐਸ. ਗੁਰਤੇਜ ਸਿੰਘ ਤੇ ਗੁਰਦਰਸ਼ਨ ਸਿੰਘ ਢਿੱਲੋਂ 'ਤੇ ਆਧਾਰਤ ਦੋ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ। ਦਲ ਦੇ ਰਸਮੀ ਐਲਾਨ ਲਈ ਜਨਵਰੀ ਦੇ ਅੱਧ ਵਿਚ ਕਨਵੈਨਸ਼ਨ ਸੱਦੀ ਜਾਵੇਗੀ।

ਕਮੇਟੀ ਵੱਲੋਂ ਵੈਬਸਾਈਟ ਤਿਆਰ ਕਰ ਲਈ ਗਈ ਹੈ ਜਿਸ ਰਾਹੀਂ ਆਮ ਲੋਕਾਂ ਨਾਲ ਹੁਣ ਤੋਂ ਸਾਂਝ ਪਾਉਣੀ ਸ਼ੁਰੂ ਕਰ ਦਿੱਤੀ ਗਈ ਹੈ। ਦਲ ਦੇ ਮੁੱਖ ਦਫ਼ਤਰ ਲਈ ਚੰਡੀਗੜ੍ਹ ਦੇ ਸੈਕਟਰ 15 ਵਿਚ ਬਿਲਡਿੰਗ ਦੇਖ ਲਈ ਗਈ ਹੈ। ਇਹ ਵੀ ਵਿਚਾਰਿਆ ਜਾ ਰਿਹਾ ਹੈ ਕਿ ਪਾਰਟੀ ਦੇ ਨਾਂ ਦਾ ਐਲਾਨ ਕਰਨ ਤੋਂ ਪਹਿਲਾਂ ਹਾਲ ਦੀ ਘੜੀ ਕਿਸੇ ਫੋਰਮ ਦੇ ਰੂਪ ਵਿਚ ਰਲ ਕੇ ਕੰਮ ਸ਼ੁਰੂ ਕਰ ਦਿੱਤਾ ਜਾਵੇ। ਇਸ ਕਮੇਟੀ ਨਾਲ ਸਾਬਕਾ ਵਧੀਕ ਜਨਰਲ ਪੁਲੀਸ ਜੇਲ੍ਹਾਂ ਸ਼ਸ਼ੀ ਕਾਂਤ ਵੀ ਜੁੜ ਗਏ ਹਨ। ਸ੍ਰੀ ਕਾਂਤ ਨੇ ਕਮੇਟੀ ਦੀ 26 ਦਸੰਬਰ ਦੀ ਮੀਟਿੰਗ ਵਿਚ ਵੀ ਹਾਜ਼ਰੀ ਭਰੀ ਹੈ। ਉਹ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਲਈ ਕੰਮ ਕਰ ਰਹੇ ਸਨ।

ਪਤਾ ਲੱਗਿਆ ਹੈ ਕਿ ਨਵੀਂ ਸਿਆਸੀ ਪਾਰਟੀ ਅਗਲੀਆਂ ਵਿਧਾਨ ਸਭਾ ਦੀਆਂ ਚੋਣਾਂ ਸਰਗਰਮੀ ਨਾਲ ਲੜਣ ਦੀ ਇੱਛਾ ਰੱਖਦੀ ਹੈ ਜਿਸ ਲਈ ਗੁਰਤੇਜ ਸਿੰਘ ਤੇ ਗੁਰਦਰਸ਼ਨ ਸਿੰਘ ਢਿੱਲੋਂ ਜਨਵਰੀ ਦੀ ਕਨਵੈਨਸ਼ਨ ਤੋਂ ਬਾਅਦ ਪੰਜਾਬ ਦੇ ਦੌਰੇ ਲਈ ਜਾਣਗੇ। ਪਾਰਟੀ ਦੀ ਮੈਂਬਰਸ਼ਿਪ ਲਈ ਕੋਈ ਫ਼ੀਸ ਨਹੀਂ ਰੱਖੀ ਜਾ ਰਹੀ ਹੈ। ਪਾਰਟੀ ਚ ਰਾਜਨੀਤਕ ਆਗੂਆਂ, ਧਾਰਮਿਕ ਸਖ਼ਸ਼ੀਅਤਾਂ ਤੇ ਬੁੱਧੀਜੀਵੀਆਂ ਦਾ ਸੁਮੇਲ ਬਣਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਤੇ ਸਿੱਖਾਂ ਦੇ ਇਕ ਤਖ਼ਤ ਦੇ ਮੌਜੂਦਾ ਜਥੇਦਾਰ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਸਿੱਖ ਜਗਤ ਦੀ ਇੱਕ ਹੋਰ ਉੱਘੀ ਹਸਤੀ ਭਾਈ ਪੰਥਪ੍ਰੀਤ ਸਿੰਘ ਨਾਲ ਵੀ ਰਾਬਤਾ ਕਾਇਮ ਕੀਤਾ ਜਾ ਚੁੱਕਿਆ ਹੈ।

## ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਮਾਗਮ ਜੂਨ ਵਿਚ

**ਸ੍ਰੀ ਆਨੰਦਪੁਰ ਸਾਹਿਬ:** ਖ਼ਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਸਬੰਧੀ ਮੁੱਖ ਸਮਾਗਮ ਅਗਲੇ ਸਾਲ 17, 18 ਤੇ 19 ਜੂਨ ਨੂੰ ਕਰਵਾਏ ਜਾਣਗੇ ਜਦਕਿ ਜਨਵਰੀ ਤੋਂ ਜੂਨ ਤਕ ਵੱਖ-ਵੱਖ ਸਮਾਗਮਾਂ ਨੂੰ ਅਮਲੀ ਜਾਮਾ ਪਹਿਨਾਉਣ ਦਾ ਵੀ ਫ਼ੈਸਲਾ ਲਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ 350 ਸਾਲਾ ਸਮਾਗਮਾਂ ਸਬੰਧੀ ਬਣਾਈ ਕਮੇਟੀ ਦੀ ਪਲੇਠੀ ਬੈਠਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗਿਆਨੀ ਮੱਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ਕਿ 350 ਸਾਲਾ ਸਥਾਪਨਾ ਦਿਵਸ ਸਬੰਧੀ ਮੁੱਖ ਸਮਾਗਮ ਜੂਨ ਵਿਚ ਹੋਣਗੇ। ਇਸ ਸਬੰਧੀ 17 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 19 ਜੂਨ ਨੂੰ ਭੋਗ ਪਾਉਣ ਉਪਰੰਤ ਇਹ ਸਮਾਗਮ ਸਮਾਪਤ ਹੋਣਗੇ। ਜਥੇਦਾਰ ਸੁਖਦੇਵ ਸਿੰਘ ਭੌਰ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਸਬੰਧੀ ਪੰਜ ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣਾ, ਗੁਰਦੁਆਰਾ ਪਾਉਂਟਾ ਸਾਹਿਬ ਅਤੇ ਜੰਮੂ ਕਸ਼ਮੀਰ ਤੋਂ ਵਿਸ਼ਾਲ ਨਗਰ ਕੀਰਤਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚਣਗੇ ਜਦਕਿ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ ਵੱਲੋਂ ਪਿੰਡ-ਪਿੰਡ ਜਾ ਕੇ ਜਿਨ੍ਹਾਂ ਨੌਜਵਾਨਾਂ ਨੂੰ ਪਤਿਤਪੁਣੇ ਤੇ ਨਸ਼ਿਆਂ ਨੂੰ ਤਿਆਗਣ ਲਈ ਪ੍ਰੇਰਿਤ ਕੀਤਾ ਜਾਵੇਗਾ ਤੇ ਜਨਵਰੀ 2015 ਵਿਸ਼ੇਸ਼ ਸਮਾਗਮ ਕਰ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਮੋਦੀ ਦਾ ਮਾਮਲਾ: ਸ਼੍ਰੋਮਣੀ ਕਮੇਟੀ ਨੇ ਬੇਸ਼ੱਕ 350 ਸਾਲਾ ਸਮਾਗਮਾਂ ਨੂੰ ਸਫ਼ਲ ਬਣਾਉਣ ਲਈ ਭਾਰਤ ਸਰਕਾਰ ਤੋਂ ਸਹਿਯੋਗ ਲੈਣ ਦੀ ਗੱਲ ਕੀਤੀ ਹੈ ਪਰ ਕਮੇਟੀ ਇਨ੍ਹਾਂ ਸਮਾਗਮਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਬੁਲਾਉਣ ਦੇ ਰੌਂਅ ਵਿਚ ਨਹੀਂ ਹੈ। ਇਸ ਵਾਰ ਭਾਵੇਂ ਕੇਂਦਰ ਅਤੇ ਪੰਜਾਬ ਵਿਚ ਭਾਜਪਾ ਦੀ ਸਰਕਾਰ ਹੈ ਪਰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨੂੰ ਬੁਲਾਉਣ ਬਾਰੇ ਫ਼ਿਲਹਾਲ ਕੋਈ ਫ਼ੈਸਲਾ ਨਹੀਂ ਕੀਤਾ ਜਾ ਸਕਿਆ।

## ਰਘੂਬਰ ਦਾਸ ਨੇ ਝਾਰਖੰਡ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

**ਰਾਂਚੀ:** ਭਾਜਪਾ ਆਗੂ ਰਘੂਬਰ ਦਾਸ ਨੇ ਇੱਥੇ ਝਾਰਖੰਡ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ। ਉਹ ਝਾਰਖੰਡ ਦੇ ਪਹਿਲੇ ਗੈਰ-ਕਬਾਇਲੀ ਮੁੱਖ ਮੰਤਰੀ ਬਣ ਗਏ ਹਨ। ਉਨ੍ਹਾਂ ਨਾਲ ਚਾਰ ਹੋਰ ਕੈਬਨਿਟ ਮੰਤਰੀਆਂ ਨੀਲਕੰਠ ਸਿੰਘ ਮੁੰਡਾ, ਚੰਦਰੇਸ਼ਵਰ ਪ੍ਰਸਾਦ ਸਿੰਘ, ਲੂਈਸ ਮਰਾਂਡੀ (ਸਾਰੇ ਭਾਜਪਾ) ਤੇ ਚੰਦਰ ਪ੍ਰਕਾਸ਼ ਚੌਧਰੀ (ਅਜਸੂ) ਨੇ ਵੀ ਸਹੁੰ ਚੁੱਕੀ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੂੰ ਦਿੱਲੀ ਵਿਚ ਸੰਘਣੀ ਧੁੰਦ ਪਈ ਹੋਣ ਕਾਰਨ ਇਸ ਸਮਾਰੋਹ 'ਚ ਸ਼ਾਮਲ ਹੋਣ ਦਾ ਪ੍ਰੋਗਰਾਮ ਰੱਦ ਕਰਨਾ ਪਿਆ। ਦਿੱਲੀ ਵਿਚ ਧੁੰਦ ਕਾਰਨ ਹਵਾਈ ਉਡਾਣਾਂ ਰੱਦ ਕਰਨੀਆਂ ਪਈਆਂ ਸਨ।

## ਸਿੱਖ ਮਸਲਿਆਂ ਬਾਰੇ ਵਿਚਾਰ ਲਈ ਰਾਜਨਾਥ ਤੋਂ ਸਮਾਂ ਮੰਗਿਆ

**ਅੰਮ੍ਰਿਤਸਰ:** ਜੇਲ੍ਹਾਂ ਵਿਚ ਬੰਦ ਬੰਦੀ ਸਿੱਖਾਂ ਦੀ ਰਿਹਾਈ ਤੇ ਹੋਰ ਮਸਲਿਆਂ 'ਤੇ ਵਿਚਾਰ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜਲਦੀ ਹੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰਨਗੇ। ਇਸ ਸਬੰਧੀ ਉਨ੍ਹਾਂ ਮੁਲਾਕਾਤ ਵਾਸਤੇ ਸਮੇਂ ਦੀ ਮੰਗ ਕੀਤੀ ਹੈ।

ਜਥੇਦਾਰ ਅਵਤਾਰ ਸਿੰਘ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਭੇਜਿਆ ਗਿਆ ਹੈ ਤੇ ਮੁਲਾਕਾਤ ਲਈ ਸਮਾਂ ਦੇਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਅਤੇ ਜੇਲ੍ਹਾਂ ਵਿਚ ਬੰਦ ਸਿੱਖ ਬੰਦੀਆਂ ਦੀ ਰਿਹਾਈ ਵੱਲ ਕੇਂਦਰ ਸਰਕਾਰ ਦਾ ਮੁੜ ਧਿਆਨ ਦਿਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਗੁਰਬਖਸ਼ ਸਿੰਘ ਖ਼ਾਲਸਾ ਵੱਲੋਂ ਅੰਬਾਲਾ ਦੇ ਗੁਰਦੁਆਰਾ ਲਖਨੌਰ ਸਾਹਿਬ ਵਿਖੇ ਡੇਢ ਮਹੀਨੇ ਤੋਂ ਭੁੱਖ ਹੜਤਾਲ ਜਾਰੀ ਹੈ। ਖ਼ਾਲਸਾ ਵੱਲੋਂ ਬੰਦੀ ਸਿੱਖ ਕੈਦੀਆਂ ਦਾ ਉਠਾਇਆ ਗਿਆ ਮੁੱਦਾ ਜਾਇਜ਼ ਹੈ ਕਿਉਂਕਿ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀ ਆਪਣੀ ਸਜ਼ਾ ਦੀ ਮਿਆਦ ਪੂਰੀ ਕਰ ਚੁੱਕੇ ਹਨ ਪਰ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਪੱਤਰ ਵਿਚ ਲਿਖਿਆ ਕਿ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਦੇ ਪ੍ਰਧਾਨ ਹੋਣ ਦੇ ਨਾਤੇ ਉਹ ਸਿੱਖ ਮੁੱਦਿਆਂ ਬਾਰੇ ਵਿਚਾਰ-ਚਰਚਾ ਕਰਨੀ ਚਾਹੁੰਦੇ ਹਨ, ਇਸ ਲਈ ਤੁਰੰਤ ਸਮਾਂ, ਸਥਾਨ ਤੇ ਤਰੀਕ ਦੱਸੀ ਜਾਵੇ। ਉਨ੍ਹਾਂ ਅਪੀਲ ਕੀਤੀ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ ਵਿਚ ਨਿੱਜੀ ਰੁਚੀ ਲੈਣ ਤੇ ਮਸਲੇ ਨੂੰ ਹੱਲ ਕਰਨ ਲਈ ਸਹਿਯੋਗ ਦੇਣ।






# ਸੋਹਰਾਬੂਦੀਨ ਕੇਸ 'ਚ ਅਮਿਤ ਸ਼ਾਹ ਨੂੰ ਕਲੀਨ ਚਿੱਟ

**ਨਵੀਂ ਦਿੱਲੀ:** ਮੁੰਬਈ ਵਿਚਲੀ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਸਾਲ 2005-06 ਵਿਚ ਗੁਜਰਾਤ ਵਿਚ ਗੈਂਗਸਟਰ ਸੋਹਰਾਬੂਦੀਨ ਸ਼ੇਖ ਤੇ ਉਸ ਦੇ ਸਹਿਯੋਗੀ ਤੁਲਸੀ ਰਾਮ ਪ੍ਰਜਾਪਤ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਵਿਚ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਸੋਹਰਾਬੂਦੀਨ ਦੇ ਭਰਾ ਨੇ ਹਾਈਕੋਰਟ ਜਾਣ ਦਾ ਫੈਸਲਾ ਕੀਤਾ ਹੈ।

ਸੀਬੀਆਈ ਵਿਸ਼ੇਸ਼ ਅਦਾਲਤ ਦੇ ਜੱਜ ਐਮਬੀ ਗੋਸਾਵੀ ਨੇ ਸ਼ਾਹ ਵੱਲੋਂ ਆਪਣਾ ਨਾਮ ਇਸ ਕੇਸ ਵਿਚੋਂ ਕੱਢਣ ਲਈ ਪਾਈ ਅਪੀਲ ਨੂੰ ਮਨਜ਼ੂਰ ਕਰਦਿਆਂ ਕਿਹਾ ਕਿ ਇਸ ਕੇਸ ਵਿਚ ਭਾਜਪਾ ਮੁਖੀ ਦਾ ਨਾਮ ਸ਼ਾਮਲ ਕਰਨਾ ਕਿਸੇ ਪਾਸੇ ਤੋਂ ਜਾਇਜ਼ ਨਹੀਂ ਹੈ। ਸੀਬੀਆਈ ਵੱਲੋਂ ਕੱਢੇ ਗਏ ਸਿੱਟੇ ਨੂੰ ਮੰਨਿਆ ਨਹੀਂ ਜਾ ਸਕਦਾ। ਸੀਬੀਆਈ ਨੇ ਸੋਹਰਾਬੂਦੀਨ ਤੇ ਤੁਲਸੀ ਰਾਮ ਦੀ ਹੱਤਿਆ ਦੇ ਮਾਮਲੇ ਵਿਚ ਸ਼ਾਹ ਨੂੰ ਮੁਲਜ਼ਮ ਬਣਾਇਆ ਗਿਆ ਸੀ। ਜਾਂਚ ਏਜੰਸੀ ਨੇ ਭਾਜਪਾ ਮੁਖੀ ਤੇ ਇਸ ਮਾਮਲੇ ਵਿਚ ਦੋ ਹੋਰ ਮੁਲਜ਼ਮਾਂ ਵਿਚਾਲੇ ਟੈਲੀਫੋਨ ਉਪਰ ਹੋਈ ਗੱਲਬਾਤ ਦਾ ਹਵਾਲਾ ਦਿੱਤਾ ਗਿਆ ਸੀ।

ਜਦੋਂ ਗੁਜਰਾਤ ਵਿਚ ਇਹ ਮੁਕਾਬਲਾ ਹੋਇਆ ਸੀ, ਉਸ ਸਮੇਂ ਸ਼ਾਹ ਰਾਜ ਦੇ ਗ੍ਰਹਿ ਮੰਤਰੀ ਸਨ ਤੇ ਉਸ ਵੇਲੇ ਮੁੱਖ ਮੰਤਰੀ ਨਰਿੰਦਰ ਮੋਦੀ ਸਨ। ਭਾਜਪਾ ਮੁਖੀ ਨੂੰ ਇਸ ਮਾਮਲੇ ਵਿਚ



ਅਮਿਤ ਸ਼ਾਹ

ਵੱਡੀ ਰਾਹਤ ਅਪਰੈਲ 2013 ਵਿਚ ਉਦੋਂ ਮਿਲੀ ਸੀ ਜਦੋਂ ਸੁਪਰੀਮ ਕੋਰਟ ਨੇ ਸੀਬੀਆਈ ਵੱਲੋਂ ਉਨ੍ਹਾਂ ਖਿਲਾਫ ਪਾਈ ਦੂਜੀ ਚਾਰਜਸ਼ੀਟ ਰੱਦ ਕਰ ਦਿੱਤੀ ਸੀ।ਉਸ ਸਮੇਂ ਸ਼ਾਹ ਭਾਜਪਾ ਦੇ ਜਨਰਲ ਸਕੱਤਰ ਸਨ। ਸੀਬੀਆਈ ਨੇ ਭਾਜਪਾ ਮੁਖੀ ਖਿਲਾਫ ਦੋ ਐਫਆਈਆਰ ਤੇ ਦੋ ਚਾਰਜਸ਼ੀਟ ਤਿਆਰ ਕੀਤੇ ਸਨ।

ਇਕ ਸੋਹਰਾਬੂਦੀਨ ਤੇ ਉਸ ਦੀ ਪਤਨੀ ਕੌਸਰਬੀ ਦੀ 29 ਨਵੰਬਰ 2005 ਵਿਚ ਹੋਈ ਹੱਤਿਆ ਤੇ ਦੂਜਾ 28 ਦਸੰਬਰ 2006 ਵਿਚ ਤੁਲਸੀ ਰਾਮ ਦੇ ਹੋਏ ਕਤਲ ਨਾਲ ਸਬੰਧਤ ਸਨ। ਸ਼ਾਹ ਨੇ ਪਹਿਲੇ ਮਾਮਲੇ ਵਿਚ ਤਿੰਨ ਮਹੀਨੇ ਜੇਲ੍ਹ ਵਿਚ ਗੁਜ਼ਾਰੇ ਸਨ। ਸੀਬੀਆਈ ਮੁਤਾਬਕ ਗੁਜਰਾਤ ਤੇ ਰਾਜਸਥਾਨ ਪੁਲਿਸ ਨੇ ਤੁਲਸੀ ਰਾਮ ਨੂੰ ਇਸ ਕਰਕੇ ਕਤਲ ਕੀਤਾ ਸੀ ਕਿਉਂਕਿ ਉਹ ਅਹਿਮਦਾਬਾਦ ਨੇੜੇ ਪੁਲਿਸ ਮੁਕਾਬਲੇ ਵਿਚ ਸੋਹਰਾਬੂਦੀਨ ਤੇ ਉਸ ਦੀ ਪਤਨੀ ਨੂੰ ਮਾਰਨ ਦਾ ਚਸ਼ਮਦੀਦ ਗਵਾਹ ਸੀ।

ਉਧਰ, ਕਾਂਗਰਸ ਨੇ ਅਮਿਤ ਸ਼ਾਹ ਨੂੰ ਸੀਬੀਆਈ ਦੀ ਅਦਾਲਤ ਵੱਲੋਂ ਕਲੀਨ ਚਿੱਟ ਦੇਣ ਤੇ ਹੈਰਾਨੀ ਪ੍ਰਗਟ ਕੀਤੀ ਹੈ। ਪਾਰਟੀ ਦੇ ਬੁਲਾਰੇ ਅਜੋਏ ਕੁਮਾਰ ਨੇ ਕਿਹਾ ਕਿ ਭਾਜਪਾ ਕਿਸੇ ਵੇਲੇ ਸੀਬੀਆਈ ਨੂੰ ਪਿੰਜਰੇ ਦਾ ਤੋਤਾ ਆਖਦੀ ਸੀ ਪਰ ਹੁਣ ਭਾਜਪਾ ਨੇ ਸਰਕਾਰ ਵਿਚ ਆਉਣ ਮਗਰੋਂ ਉਸ ਨੇ ਏਜੰਸੀ ਦੇ ਗਲ ਵਿਚ ਸੰਗਲੀ ਪਾ ਕੇ ਉਸ ਨੂੰ ਪਿੰਜਰੇ ਵਿਚ ਇਸ ਤਰ੍ਹਾਂ ਤੂੜ ਦਿੱਤਾ ਹੈ ਕਿ ਉਹ ਭੋਰਾ ਵੀ ਹਿਲਜੁਲ ਨਹੀਂ ਕਰ ਸਕਦੀ।

# ਸੰਤ ਸਮਾਜ ਨੇ ਜਥੇਦਾਰ ਨੰਦਗੜ੍ਹ ਖਿਲਾਫ ਖੋਲ੍ਹਿਆ ਮੋਰਚਾ

**ਚੰਡੀਗੜ੍ਹ:** ਸੰਤ ਸਮਾਜ ਨੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨੰਦਗੜ੍ਹ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਸੰਤ ਸਮਾਜ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਹਟਾਏ ਜਾਣ ਦੀ ਮੰਗ ਰੱਖੀ ਹੈ। ਉਪ ਮੁੱਖ ਮੰਤਰੀ ਨੇ 30 ਦਸੰਬਰ ਨੂੰ ਦਿੱਲੀ ਵਿਚ ਸੰਤ ਸਮਾਜ ਦੇ ਆਗੂਆਂ ਨਾਲ ਮੀਟਿੰਗ ਕੀਤੀ ਤੇ ਉਨ੍ਹਾਂ ਨਾਲ ਨਾਨਕਸ਼ਾਹੀ ਕੈਲੰਡਰ ਦਾ ਮੁੱਦਾ ਵਿਚਾਰਿਆ।



ਜਥੇਦਾਰ ਨੰਦਗੜ੍ਹ

ਸ. ਬਾਦਲ ਨੇ ਸੰਤ ਸਮਾਜ ਵੱਲੋਂ ਜਥੇਦਾਰ ਨੂੰ ਹਟਾਏ ਜਾਣ ਦੇ ਮਾਮਲੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਕੀਤੀ ਤੇ ਸਿਰਫ਼ ਨਾਨਕਸ਼ਾਹੀ ਕੈਲੰਡਰ ਦੇ ਮਾਮਲੇ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨਾਲ ਮਸ਼ਵਰਾ ਕਰਨ ਦੀ ਗੱਲ ਜ਼ਰੂਰ ਕਬੂਲੀ।ਦਿੱਲੀ 'ਚ ਸੰਤ ਸਮਾਜ ਦੇ ਆਗੂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਸਿੱਖ ਕੈਦੀਆਂ ਦੀ ਰਿਹਾਈ ਦੇ ਮਾਮਲੇ 'ਤੇ ਮਿਲੇ ਸਨ। ਉਸ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨਾਲ ਮੀਟਿੰਗ ਕੀਤੀ।

ਸੰਤ ਸਮਾਜ ਦੇ ਬੁਲਾਰੇ ਭਾਈ ਜਸਵੀਰ ਸਿੰਘ ਰੋਡੇ ਦਾ ਕਹਿਣਾ ਕਿ ਉਨ੍ਹਾਂ ਅਕਾਲੀ ਦਲ ਦੇ ਪ੍ਰਧਾਨ ਨਾਲ ਮੀਟਿੰਗ ਦੌਰਾਨ ਸਪਸ਼ਟ ਕਰ ਦਿੱਤਾ ਹੈ ਕਿ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਜਥੇਦਾਰੀ ਤੋਂ ਹਟਾਇਆ ਜਾਵੇ ਕਿਉਂਕਿ ਉਨ੍ਹਾਂ ਨੇ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਤੇ ਪੰਜ ਪਿਆਰਿਆ ਦੀ ਤੌਹੀਨ ਕੀਤੀ ਹੈ। ਭਾਈ ਰੋਡੇ ਨੇ ਆਖਿਆ ਹੈ ਕਿ ਉਨ੍ਹਾਂ ਨੇ ਪ੍ਰਧਾਨ ਨੂੰ ਦੱਸ ਦਿੱਤਾ ਹੈ ਕਿ ਗਿਆਨੀ ਨੰਦਗੜ੍ਹ ਪੰਥ ਲਈ ਹੋਰ ਮੁਸੀਬਤਾਂ ਪੈਦਾ ਕਰ ਸਕਦੇ ਹਨ ਤੇ ਉਨ੍ਹਾਂਦੀ ਬੋਲਬਾਣੀ ਗੁਰਮਤਿ ਮਰਿਯਾਦਾ ਅਨੁਸਾਰ ਨਹੀਂ।

ਮੀਟਿੰਗ ਵਿਚ ਸੰਤ ਸਮਾਜ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਧਰਮਪੁਰਾ, ਭਾਈ ਸਤਨਾਮ ਸਿੰਘ ਤੇ ਸ਼੍ਰੋਮਣੀ ਕਮੇਟੀ ਮੈਂਬਰ ਚਰਨਜੀਤ ਸਿੰਘ ਜੱਸੋਵਾਲ ਤੇ ਦਮਦਮੀ ਟਕਸਾਲ ਦੇ ਬਾਬਾ ਹਰਨਾਮ ਸਿੰਘ ਧੁੰਮਾਂ ਵੀ ਹਾਜ਼ਰ ਸਨ। ਸੰਤ ਸਮਾਜ ਦੇ ਜਨਰਲ ਸਕੱਤਰ ਦਾ ਕਹਿਣਾ ਹੈ ਕਿ ਉਪ ਮੁੱਖ ਮੰਤਰੀ ਨੇ ਉਨ੍ਹਾਂ ਤੋਂ ਮੀਟਿੰਗ ਵਿਚ ਨਾਨਕਸ਼ਾਹੀ ਕੈਲੰਡਰ ਬਾਰੇ ਰਾਇ ਮੰਗੀ ਸੀ ਤੇ ਉਨ੍ਹਾਂ ਪੁਰਾਤਨ ਕੈਲੰਡਰ ਨੂੰ ਲਾਗੂ ਕਰਨ ਬਾਰੇ ਆਪਣਾ ਪੱਖ ਰੱਖ ਦਿੱਤਾ ਹੈ।

ਇਨ੍ਹਾਂ ਆਗੂਆਂ ਨੇ ਮੀਟਿੰਗ ਵਿਚ ਆਖਿਆ ਕਿ ਜਦੋਂ ਤੱਕ ਪੁਰਾਤਨ ਕੈਲੰਡਰ ਦੁਬਾਰਾ ਲਾਗੂ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸੰਕਟ ਹੱਲ ਨਹੀਂ ਹੋਣਾ। ਉਪ ਮੁੱਖ ਮੰਤਰੀ ਨੇ ਕੋਈ ਖੁੱਲ੍ਹੀ ਟਿੱਪਣੀ ਇਸ ਮੌਕੇ ਨਹੀਂ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨਾਂਦੇੜ ਸਾਹਿਬ ਗਏ ਹਨ ਤੇ 5 ਜਨਵਰੀ ਨੂੰ ਵਾਪਸ ਆਉਣਾ ਹੈ।

# ਸ਼੍ਰੋਮਣੀ ਅਕਾਲੀ ਦਲ ਨੂੰ ਯਾਦ ਆਏ ਪੰਥਕ ਮੁੱਦੇ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਨੂੰ ਹੁਣ ਪੰਥਕ ਮੁੱਦੇ ਯਾਦ ਆ ਗਏ ਹਨ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਹੁਕਮਾਂ ਦੇ ਮੱਦੇਨਜ਼ਰ ਪੰਜਾਬ ਤੇ ਦਿੱਲੀ ਦੇ ਸਿੱਖਾਂ ਦੇ ਵਫ਼ਦ ਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਮਿਲਿਆ। ਕੇਂਦਰੀ ਗ੍ਰਹਿ ਮੰਤਰੀ ਨੇ ਸਿੱਖ ਆਗੂਆਂ ਦੇ ਵਫ਼ਦ ਨੂੰ ਭਰੋਸਾ ਦਿੱਤਾ ਹੈ ਕਿ ਜੇਲ੍ਹਾਂ ਅੰਦਰ ਲੰਬੇ ਸਮੇਂ ਤੋਂ ਬੰਦ ਸਿੱਖਾਂ ਦੀ ਰਿਹਾਈ ਬਾਰੇ ਕੇਂਦਰ ਸਰਕਾਰ ਅਗਲੇ ਦਿਨਾਂ 'ਚ ਅਧਿਕਾਰੀਆਂ ਤੋਂ ਸਾਰੇ ਹਾਲਾਤ ਦਾ ਪਤਾ ਕਰੇਗੀ ਤੇ ਉਹ ਪਹਿਲੀ ਜਨਵਰੀ ਤੱਕ ਦਿੱਲੀ ਆ ਕੇ ਕੋਈ ਫ਼ੈਸਲਾ ਕਰਨਗੇ।

## ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲਿਆ ਵਫਦ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਸੰਵਿਧਾਨ ਦੀ ਧਾਰਾ 25 ਬੀ ਨੂੰ ਖ਼ਤਮ ਕਰਕੇ ਸਿੱਖਾਂ ਦੀ ਵੱਖਰੀ ਪਛਾਣ ਦਾ ਮੁੱਦਾ ਵੀ ਇਸ ਬੈਠਕ 'ਚ ਕੇਂਦਰੀ ਗ੍ਰਹਿ ਮੰਤਰੀ ਕੋਲ ਉਠਾਇਆ ਗਿਆ ਤੇ ਪਾਸਪੋਰਟਾਂਦੇ ਮਸਲੇ, ਕਾਲੀ ਸੂਚੀ 'ਚ ਸ਼ਾਮਲ ਸਿੱਖਾਂ ਦੇ ਨਾਵਾਂ ਨੂੰ ਕੱਢਣ ਬਾਰੇ ਵੀ ਮੰਗ ਵੀ ਪੇਸ਼ ਕੀਤੀ ਗਈ। ਉਨ੍ਹਾਂ ਇਹ ਵੀ ਕਿਹਾ ਕਿ ਜੋ ਸਿੱਖ ਆਪਣੇ ਮੁਲਕ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਅਜਿਹਾ ਕਰਨ ਦੀ ਆਗਿਆ ਦਿੱਤੀ ਜਾਵੇ।

ਲੰਬੇ ਸਮੇਂ ਤੋਂ ਬੰਦ ਸਿੱਖਾਂਨੂੰ ਛੁਡਾਉਣ ਲਈ ਚਾਰੋਂ ਪਾਸਿਓਂ ਤੋਂ ਪੈ ਰਹੇ ਦਬਾਅ ਕਰਕੇ ਤੇ ਪਿਛਲੇ 45 ਦਿਨਾਂਤੋਂ ਭਾਈ ਗੁਰਬਖਸ਼ ਸਿੰਘ ਵੱਲੋਂ ਅੰਬਾਲਾ ਵਿਖੇ ਕੀਤੀ ਜਾ ਰਹੀ ਭੁੱਖ ਹੜਤਾਲ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਆਗੂਆਂ ਨੂੰ ਇਹ ਹਦਾਇਤ ਕੀਤੀ ਸੀ। ਜਥੇਦਾਰ ਨੇ ਵੀ ਇਸ ਭੁੱਖ ਹੜਤਾਲ ਦਾ ਸਮਰਥਨ ਕੀਤਾ ਸੀ।

ਇਸ ਵਫ਼ਦ 'ਚ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ, ਜਥੇਦਾਰ ਮੱਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਜਗਤਾਰ ਸਿੰਘ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਇਸ ਵਫ਼ਦ 'ਚ ਸ਼ਾਮਲ ਸਨ। ਸ. ਸਿਰਸਾ ਮੁਤਾਬਕ ਕਰੀਬ 45 ਮਿੰਟ ਹੋਈ। ਇਸ ਮੀਟਿੰਗ ਦੌਰਾਨ ਰਾਜਨਾਥ ਸਿੰਘ ਨੇ ਭਰੋਸਾ ਦਿੱਤਾ ਕਿ ਇਸ ਮਾਮਲੇ 'ਤੇ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਰਿਪੋਰਟ ਲਈ ਜਾਵੇਗੀ ਤੇ ਕੋਈ ਫ਼ੈਸਲਾ ਕਰ ਲਿਆ ਜਾਵੇਗਾ।

# ਮਜੀਠੀਆ ਨੂੰ ਬਚਾਉਣ ਲਈ ਯਾਦ ਆਏ ਪੰਥਕ ਮੁੱਦੇ: ਯੂਨਾਈਟਿਡ ਅਕਾਲੀ ਦਲ

**ਚੰਡੀਗੜ੍ਹ:** ਯੂਨਾਈਟਿਡ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 30 ਸਾਲਾਂ ਬਾਅਦ ਪੰਥਕ ਏਜੰਡਾ ਕਥਿਤ ਤੌਰ 'ਤੇ ਆਪਣੇ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਬਚਾਉਣ ਲਈ ਯਾਦ ਆਇਆ ਹੈ। ਯੂਨਾਈਟਿਡ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਭਾਈ ਮੋਹਕਮ ਸਿੰਘ ਤੇ ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ ਨੇ ਦੋਸ਼ ਲਾਇਆ ਕਿ ਸ. ਬਾਦਲ ਨੇ ਹੀ ਪੰਜਾਬ ਵਿਚ ਭਾਜਪਾ ਤੇ ਆਰ. ਐਸ. ਐਸ. ਦੇ ਪੈਰ ਲਵਾਏ ਹਨ। ਸ. ਬਾਦਲ ਨੂੰ ਭਾਜਪਾ ਨਾਲੋਂ ਨਾਤਾ ਤੋੜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣੀ ਭੁੱਲ ਬਖਸ਼ਾਉਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਡਰੱਗਜ਼ ਦੇ ਕਹਿਰ ਲਈ ਅਕਾਲੀ ਦਲ, ਭਾਜਪਾ ਤੇ ਕਾਂਗਰਸ ਬਰਾਬਰ ਦੇ ਜ਼ਿੰਮੇਵਾਰ ਹਨ ਜਿਸ ਕਾਰਨ ਹੁਣ ਪੰਜਾਬ 'ਚ ਨਵੇਂ ਸਿਆਸੀ ਬਦਲ ਦੀ ਲੋੜ ਹੈ।



ਅਜੀਤ ਸਿੰਘ ਬੈਂਸ

ਬੁਲਾਰਿਆਂ ਨੇ ਕਿਹਾ ਕਿ ਯੂਨਾਈਟਿਡ ਅਕਾਲੀ ਦਲ ਵੱਖਰੇ ਨਾਨਕਸ਼ਾਹੀ ਕੈਲੰਡਰ ਦਾ ਹਾਮੀ ਹੈ ਪਰ ਇਸ ਵਿਚ ਲੋੜੀਂਦੀਆਂ ਸੋਧਾਂ ਜ਼ਰੂਰੀ ਹਨ। ਦੋਵਾਂ ਆਗੂਆਂ ਨੇ ਇਸ ਮੌਕੇ 85 ਮੈਂਬਰੀ ਕਾਰਜਕਾਰਨੀ ਕਮੇਟੀ ਤੇ ਕੋਰ ਕਮੇਟੀ ਸਮੇਤ ਕੇਂਦਰੀ ਅਹੁਦੇਦਾਰਾਂ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਨੂੰ 40 ਹਿੱਸਿਆਂ ਵਿਚ ਵੰਡ ਕੇ 40 ਜਿਲ੍ਹਾ ਪ੍ਰਧਾਨਾਂ ਦਾ ਐਲਾਨ 5 ਜਨਵਰੀ ਨੂੰ ਜਲੰਧਰ ਵਿਖੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਥੇਬੰਦੀ ਦਾ ਇਹ ਢਾਂਚਾ ਆਰਜ਼ੀ ਹੈ ਤੇ ਮਈ 2015 ਤੱਕ ਮੈਂਬਰਸ਼ਿਪ ਮੁਹਿੰਮ ਚਲਾਉਣ ਤੋਂ ਬਾਅਦ ਜਥੇਬੰਦੀ ਦੀ ਬਕਾਇਦਾ ਚੋਣ ਕਰਵਾਈ ਜਾਵੇਗੀ।

ਇਸ ਮੌਕੇ ਸੇਵਾਮੁਕਤ ਜੱਜ ਅਜੀਤ ਸਿੰਘ ਬੈਂਸ ਨੂੰ ਸਰਪ੍ਰਸਤ, ਜਤਿੰਦਰ ਸਿੰਘ ਈਸੜੂ, ਗੁਰਨਾਮ ਸਿੰਘ ਸਿੱਧੂ ਚੰਡੀਗੜ੍ਹ ਤੇ ਬਹਾਦਰ ਸਿੰਘ ਰਾਹੋਂ ਨੂੰ ਸੀਨੀਅਰ ਮੀਤ ਪ੍ਰਧਾਨ, ਜਸਵਿੰਦਰ ਸਿੰਘ ਘੋਲੀਆ, ਲਖਵਿੰਦਰ ਸਿੰਘ ਪਠਾਨਕੋਟ, ਜਸਵਿੰਦਰ ਸਿੰਘ ਬਰਾੜ ਤੇ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੂੰ ਮੀਤ ਪ੍ਰਧਾਨ, ਸਤਨਾਮ ਸਿੰਘ ਮਨਾਵਾਂ, ਵੱਸਣ ਸਿੰਘ ਜ਼ਫਰਵਾਲ ਤੇ ਪੁਰਸ਼ੋਤਮ ਸਿੰਘ ਫੱਗੂਵਾਲਾ ਨੂੰ ਜਨਰਲ ਸਕੱਤਰ, ਰਾਜੀਵ ਸਿੰਘ ਅੰਮ੍ਰਿਤਸਰ ਤੇ ਗੁਰਮੀਤ ਸਿੰਘ ਬੱਜੋਆਣਾ ਨੂੰ ਸਕੱਤਰ ਨਿਯੁਕਤ ਕੀਤਾ ਹੈ। ਡਾ. ਹਰਿੰਦਰ ਸਿੰਘ ਗਿੱਲ, ਸੇਵਾਮੁਕਤ ਆਈਏਐਸ ਕੁਲਬੀਰ ਸਿੰਘ ਤੇ ਹਰਸਿਮਰਨ ਸਿੰਘ ਆਨੰਦਪੁਰ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।

ਕੋਰ ਕਮੇਟੀ ਵਿਚ ਭਾਈ ਮੋਹਕਮ ਸਿੰਘ, ਭਾਈ ਗੁਰਦੀਪ ਸਿੰਘ ਬਠਿੰਡਾ, ਡਾ. ਭਗਵੰਤ ਸਿੰਘ, ਸੇਵਾਮੁਕਤ ਆਈਏਐਸ ਸਵਰਨ ਸਿੰਘ, ਰਾਜਦੇਵ ਸਿੰਘ ਸਾਬਕਾ ਐਮਪੀ, ਬਹਾਦਰ ਸਿੰਘ ਰਾਹੋਂ, ਗੁਰਨਾਮ ਸਿੰਘ ਸਿੱਧੂ, ਸਤਨਾਮ ਸਿੰਘ ਮਨਾਵਾਂ, ਜਤਿੰਦਰ ਸਿੰਘ ਈਸੜੂ, ਬਲਵੰਤ ਸਿੰਘ ਗੋਪਾਲਾ, ਪੁਰਸ਼ੋਤਮ ਸਿੰਘ ਫੱਗੂਵਾਲਾ, ਸਤਿੰਦਰ ਸਿੰਘ ਘੜਿਆਲਾ, ਡਾ. ਹਰਮਨਜੀਤ ਸਿੰਘ ਰਾਜਪੁਰਾ ਤੇ ਜਸਵਿੰਦਰ ਸਿੰਘ ਬਰਾੜ ਨੂੰ ਸ਼ਾਮਲ ਕੀਤਾ ਹੈ। ਬੀਬੀ ਪ੍ਰੀਤਮ ਕੌਰ ਨੂੰ ਇਸਤਰੀ ਵਿੰਗ ਦੀ ਕਨਵੀਨਰ, ਡਾ. ਭਗਵਾਨ ਸਿੰਘ ਨੂੰ ਰਾਜਸੀ ਮਾਮਲਿਆਂ ਦੀ ਕਮੇਟੀ ਦੇ ਕਨਵੀਨਰ, ਸੁਰਿੰਦਰ ਸਿੰਘ ਘਰਿਆਲਾ ਨੂੰ ਮਨੁੱਖੀ ਅਧਿਕਾਰਾਂ ਦੀ ਕਮੇਟੀ ਦੇ ਕਨਵੀਨਰ, ਸੀਤਾ ਰਾਮ ਦੀਪਕ ਨੂੰ ਵਪਾਰ ਸੈਲ, ਡਾ. ਅਨਵਰ ਅਹਿਮਦ ਮਲੇਰਕੋਟਲਾ ਨੂੰ ਘੱਟ ਗਿਣਤੀ ਸੈਲ ਦੇ ਕਨਵੀਨਰ ਅਤੇ ਗੁਰਦੇਵ ਸਿੰਘ ਗਿੱਲ ਫ਼ਤਹਿਗੜ੍ਹ ਸਾਹਿਬ ਨੂੰ ਸਿੱਖਿਆ ਸੈੱਲ ਦੇ ਕਨਵੀਨਰ ਨਿਯੁਕਤ ਕੀਤਾ ਹੈ।

# ਮੰਤਰੀਆਂ ਨੂੰ ਧਮਕੀ ਭਰਿਆ ਈਮੇਲ ਭੇਜਣ ਵਾਲਾ ਗ੍ਰਿਫਤਾਰ

**ਜੈਪੁਰ:** ਰਾਜਸਥਾਨ ਦੇ 16 ਮੰਤਰੀਆਂ ਨੂੰ ਧਮਕੀ ਭਰੀ ਈਮੇਲ ਭੇਜਣ ਵਾਲੇ ਨੌਜਵਾਨ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਨੌਜਵਾਨ ਨੇ ਈਮੇਲ ਵਿਚ ਗਣਤੰਤਰ ਦਿਵਸ ਮੌਕੇ ਅਤਿਵਾਦੀ ਹਮਲੇ ਦੀ ਧਮਕੀ ਦਿੱਤੀ ਸੀ।

ਪੁਲਿਸ ਮੁਤਾਬਕ ਇਕ ਸਾਈਬਰ ਕੈਫੇ ਦੇ ਆਈ.ਪੀ. ਅਡਰੈੱਸ ਦਾ ਪਤਾ ਲਗਾਉਣ ਤੋਂ ਬਾਅਦ ਸੁਸ਼ੀਲ ਚੌਧਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਹ ਜੈਪੁਰ ਦੇ ਮੁਰਲੀਪੁਰਾ ਇਲਾਕੇ ਦਾ ਰਹਿਣ ਵਾਲਾ ਹੈ। 22 ਦਸੰਬਰ ਨੂੰ ਰਾਜਸਥਾਨ ਦੇ 16 ਮੰਤਰੀਆਂ ਨੂੰ ਉਨ੍ਹਾਂ ਦੀ ਈਮੇਲ ਆਈ.ਡੀ. 'ਤੇ ਇੰਡੀਅਨ ਮੁਜਾਹਦੀਨ ਦੇ ਨਾਂ ਤੋਂ ਮੇਲ ਭੇਜਿਆ ਗਿਆ ਸੀ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Korma Sutra Cuisine of India
Overland Park, Kansas
ਰੈਸਟੋਰੈਂਟ ਸਟਾਫ ਦੀ ਜ਼ਰੂਰਤ ਹੈ
ਓਵਰਲੈਂਡ, ਕੈਨਸਸ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ, ਹੈਲਪਰ, ਤੰਦੂਰੀਏ, ਵੇਟਰ ਅਤੇ ਸ਼ੈਫ ਦੀ ਫੌਰੀ ਲੋੜ ਹੈ
ਸੰਪਰਕ ਕਰੋ
ਫੋਨ: 913-269-5727
51-2

# ਸ਼ਹੀਦਾਂ ਦੀ ਧਰਤੀ ਨੂੰ ਚੜ੍ਹਿਆ ਖਾਲਸਈ ਰੰਗ

## ਕੜਾਕੇ ਦੀ ਠੰਢ ਦੇ ਬਾਵਜੂਦ ਲੱਖ ਸ਼ਰਧਾਲੂਆਂ ਵਲੋਂ ਸ਼ਹੀਦਾਂ ਨੂੰ ਸਿਜਦਾ

**ਫਤਹਿਗੜ੍ਹ ਸਾਹਿਬ:** ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਜੀ ਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਦੀ ਯਾਦ ਵਿਚ ਤਿੰਨ ਰੋਜ਼ਾ ਸ਼ਹੀਦੀ ਜੋੜ ਮੇਲਾ ਇਥੇ ਇਤਿਹਾਸਕ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪੂਰੀ ਧਾਰਮਿਕ ਸ਼ਰਧਾ ਤੇ ਜਾਹੋ-ਜਲਾਲ ਨਾਲ ਸਮਾਪਤ ਹੋ ਗਿਆ। 26 ਤੋਂ 28 ਦਸੰਬਰ ਤੱਕ ਤਿੰਨ ਦਿਨਾਂ ਜੋੜ ਮੇਲੇ ਵਿਚ ਅਤਿ ਦੀ ਠੰਢ ਤੇ ਧੁੰਦ ਦੇ ਬਾਵਜੂਦ ਦੇਸ਼ ਤੇ ਵਿਦੇਸ਼ਾਂ ਦੇ ਕੋਨੇ-ਕੋਨੇ ਤੋਂ ਪੁੱਜੀਆਂ ਵੱਡੀ ਗਿਣਤੀ ਸੰਗਤਾਂ ਨੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੇ ਅੰਤਿਮ ਸੰਸਕਾਰ ਵਾਲੇ ਅਸਥਾਨ 'ਤੇ ਸੁਸ਼ੋਭਿਤ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਵਾਏ ਗਏ।

ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਇਤਿਹਾਸ ਨੂੰ ਦਰਸਾਉਂਦੀ ਚਿੱਤਰ ਪ੍ਰਦਰਸ਼ਨੀ ਤੇ ਧਾਰਮਿਕ ਪੁਸਤਕਾਂ ਦਾ ਸਟਾਲ ਵੀ ਲਾਇਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਕਾਲਜਾਂ ਤੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਨਾਟਕ ਤੇ ਕਵੀ ਦਰਬਾਰ ਵੀ ਕਰਵਾਏ ਗਏ। ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਨਰਸਿੰਙਿਆਂ ਤੇ ਨਗਾਰਿਆਂ ਦੀ ਗੂੰਜ ਵਿਚ ਸ਼ੁਰੂ ਹੋਏ ਨਗਰ ਕੀਰਤਨ ਵਿਚ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਪਹੁੰਚੀ ਸੰਗਤ ਨੇ ਸ਼ਮੂਲੀਅਤ ਕੀਤੀ। ਸ਼ਰਧਾਲੂਆਂ ਨੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਗੁਰੂ ਗ੍ਰੰਥ ਸਾਹਿਬ ਵਿਸ਼ਵ



ਯੂਨੀਵਰਸਿਟੀ ਤੇ ਮਾਤਾ ਗੁਜਰੀ ਕਾਲਜ ਦੇ ਵਿਦਿਆਰਥੀ ਨੀਲੀਆਂ, ਕੇਸਰੀ ਤੇ ਚਿੱਟੀਆਂ ਦਸਤਾਰਾਂ ਤੇ ਖ਼ਾਲਸਾਈ ਪੋਸ਼ਾਕਾਂ ਵਿਚ ਸਜੇ ਹੋਏ ਨਗਰ ਕੀਰਤਨ ਵਿਚ ਸ਼ਰਧਾ ਤੇ ਸਤਿਕਾਰ ਭੇਟ ਕਰ ਰਹੇ ਸਨ। ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਪੁਖ਼ਤਾ ਇੰਤਜ਼ਾਮ ਕੀਤੇ ਗਏ। ਇਹ ਨਗਰ ਕੀਰਤਨ ਗੁਰਦੁਆਰਾ ਫਤਹਿਗੜ੍ਹ ਸਾਹਿਬ ਤੋਂ ਸਵੇਰੇ 9 ਵਜੇ ਤਖ਼ਤ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ) ਦੇ ਜਥੇਦਾਰ ਗਿਆਨੀ ਮੱਲ ਸਿੰਘ ਵੱਲੋਂ ਅਰਦਾਸ ਕਰਨ ਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੱਲੋਂ ਹੁਕਮਨਾਮਾ ਲੈਣ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋਇਆ। ਇਸ ਤੋਂ ਪਹਿਲਾਂ ਹਜ਼ੂਰੀ ਰਾਗੀਆਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਨੂੰ ਫੁੱਲਾਂ ਨਾਲ ਸਜਾਈ ਪਾਲਕੀ ਵਿਚ ਸੁਸ਼ੋਭਿਤ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਭੌਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਸ਼ਹੀਦਾਂ ਦੀ ਸ਼ਹਾਦਤ ਨੂੰ ਯਾਦ ਕਰਨ ਵਾਲੀਆਂ ਕੌਮਾਂ ਹੀ ਤਰੱਕੀ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਪੰਥ 'ਤੇ ਪਹਿਲਾਂ ਵੀ ਕਈ ਵਾਰ ਹਮਲੇ ਹੋਏ ਹਨ ਪ੍ਰੰਤੂ ਸਿੱਖ ਕੌਮ ਨੂੰ ਕੋਈ ਵੀ ਢਾਅ ਨਹੀਂ ਲਗਾ ਸਕਿਆ ਸਗੋਂ ਹਮੇਸ਼ਾ ਸਿੱਖ ਕੌਮ ਚੜ੍ਹਦੀ ਕਲਾ ਵਿੱਚ ਰਹੀ ਹੈ। ਉਨ੍ਹਾਂ ਆਖਿਆ ਕਿ ਨੌਜਵਾਨ ਵਰਗ ਸਿੱਖ ਕੌਮ ਦੀ ਤਰੱਕੀ ਵਿੱਚ ਵਿਸ਼ੇਸ਼ ਯੋਗਦਾਨ ਪਾ ਸਕਦਾ ਹੈ।

## ਜਥੇਦਾਰ ਵਲੋਂ ਕੌਮ ਨੂੰ ਦਰਪੇਸ਼ ਚੁਣੌਤੀਆਂ ਖਿਲਾਫ ਡਟਣ ਦਾ ਸੱਦਾ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਦੇ ਨਾਂ ਆਪਣੇ ਸੰਦੇਸ਼ ਵਿਚ ਕਿਹਾ ਕਿ ਸਾਡੇ ਗੁਰੂਆਂ ਨੇ ਹਮੇਸ਼ਾ ਧਰਮ ਤੇ ਮਾਨਵਤਾ ਦੀ ਰਾਖੀ ਲਈ ਕੁਰਬਾਨੀਆਂ ਕੀਤੀਆਂ ਹਨ ਜਿਨ੍ਹਾਂ ਤੋਂ ਸਬਕ ਲੈ ਕੇ ਅੱਜ ਸਮੁੱਚੀ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਦਾ ਇਕਜੁਟ ਹੋ ਕੇ ਡਟ ਕੇ ਮੁਕਾਬਲਾ ਕਰਨਾ ਚਾਹੀਦਾ।

ਜਥੇਦਾਰ ਨੇ ਨੌਜਵਾਨ ਵਰਗ ਨੂੰ ਸੱਦਾ ਦਿੱਤਾ ਕਿ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਸਮੁੱਚੀ ਸਿੱਖ ਕੌਮ ਨੂੰ ਸਿੱਖੀ ਦਾ ਸਰੂਪ ਬਖਸ਼ਿਆ ਹੈ, ਉਸ ਨੂੰ ਅਪਣਾ ਕੇ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੁੜਨ ਤੇ ਸਮੁੱਚੀ ਸਿੱਖ ਕੌਮ ਦੀ ਚੜ੍ਹਦੀ ਕਲਾ ਵਾਸਤੇ ਆਪਣਾ ਯੋਗਦਾਨ ਪਾਉਣ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਉਹ ਨਸ਼ਿਆਂ ਤੇ ਹੋਰ ਸਮਾਜਿਕ ਬੁਰਾਈਆਂ ਦਾ ਪੂਰੀ ਤਰ੍ਹਾਂ ਤਿਆਗ ਕਰਨ ਅਤੇ ਘਰ ਤੇ ਸਮਾਜ ਵਿਚ ਔਰਤ ਵਰਗ ਨੂੰ ਬਣਦਾ ਪੂਰਨ ਸਤਿਕਾਰ ਦਿੱਤਾ ਜਾਵੇ। ਉਨ੍ਹਾਂ ਭਾਈ ਗੁਰਬਖਸ਼ ਸਿੰਘ ਖਾਲਸਾ ਵੱਲੋਂ ਸਿੱਖ ਕੈਦੀਆਂ ਦੀ ਰਿਹਾਈ ਲਈ ਸ਼ੁਰੂ ਕੀਤੀ ਗਈ ਭੁੱਖ ਹੜਤਾਲ ਦੀ ਹਮਾਇਤ ਕਰਦਿਆਂ ਇਸ ਗੱਲ 'ਤੇ ਜੋਰ ਦਿੱਤਾ ਕਿ ਜਿਹੜੇ ਸਿੱਖ ਕੈਦੀ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਨ੍ਹਾਂ ਦੀ ਰਿਹਾਈ ਲਈ ਸਮੁੱਚੀ ਸਿੱਖ ਕੌਮ ਇਕ ਪਲੇਟ ਫਾਰਮ 'ਤੇ ਇਕੱਠੇ ਹੋ ਕੇ ਉਪਰਾਲੇ ਕਰੇ। ਜਥੇਦਾਰ ਨੇ ਸਿਆਸੀ ਪਾਰਟੀਆਂ ਤੇ ਹੋਰ ਜਥੇਬੰਦੀਆਂ ਵੱਲੋਂ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਤਸਵੀਰਾਂ ਨਾਲ ਹੋਰਡਿੰਗਜ 'ਤੇ ਆਪਣੀਆਂ ਫੋਟੋਆਂ ਨਾ ਛਪਵਾਉਣ ਵਾਲੇ ਰਾਜਨੀਤਕ ਨੇਤਾਵਾਂ ਦੀ ਸਰਾਹਨਾ ਵੀ ਕੀਤੀ।

# ਨਸ਼ਾ ਤੇ ਧਰਮ ਬਦਲੀ ਦਾ ਮੁੱਦਾ ਰਿਹਾ ਭਾਰੂ

## ਅਕਾਲੀ ਦਲ ਤੇ ਕਾਂਗਰਸੀਆਂ ਵਲੋਂ ਇਕ-ਦੂਜੇ ਵਿਰੁਧ ਦੂਸ਼ਣਬਾਜ਼ੀ

**ਫਤਹਿਗੜ੍ਹ ਸਾਹਿਬ:** ਇਥੇ ਸ਼ਹੀਦੀ ਜੋੜ ਮੇਲੇ ਮੌਕੇ ਸਿਆਸੀ ਕਾਨਫਰੰਸਾਂ ਵਿਚ ਨਸ਼ਿਆਂ ਤੇ ਧਰਮ ਬਦਲੀ ਦਾ ਮੁੱਦਾ ਭਾਰੂ ਰਿਹਾ। ਕਾਂਗਰਸ ਸਮੇਤ ਹੋਰ ਸਿਆਸੀ ਧਿਰਾਂ ਨੇ ਜਿਥੇ ਨਸ਼ਿਆਂ ਦੇ ਮੁੱਦੇ 'ਤੇ ਅਕਾਲੀ ਦਲ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਉਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮੁੱਦੇ ਤੋਂ ਪਾਸਾ ਵੱਟਦੇ ਹੋਏ ਧਰਮੀ ਬਦਲੀ ਬਾਰੇ ਭਾਜਪਾ ਦੀ ਖ਼ਾਮੋਸ਼ੀ ਉੱਤੇ ਅਸਿੱਧਾ ਵਾਰ ਕਰਦਿਆਂ ਦੇਸ਼ ਭਰ ਵਿਚ ਹੋ ਰਹੀਆਂ ਜਬਰੀ ਧਰਮ ਬਦਲੀਆਂ ਦੀ ਸਖ਼ਤ ਨਿਖੇਧੀ ਕੀਤੀ ਤੇ ਇਨ੍ਹਾਂ ਨੂੰ 'ਅਫ਼ਸੋਸਜਨਕ ਤੇ ਸਿੱਖੀ ਸਿਧਾਂਤਾਂ ਦੇ ਖ਼ਿਲਾਫ਼' ਕਰਾਰ ਦਿੱਤਾ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਇਸੇ ਸੁਰ ਵਿਚ ਧਰਮ ਪਰਿਵਰਤਨ ਨੂੰ ਗਲਤ ਕਰਾਰ ਦਿੱਤਾ। ਦੋਵੇਂ ਆਗੂਆਂ ਨੇ ਨਸ਼ਿਆਂ ਦੇ ਮਾਮਲੇ ਉੱਤੇ ਵੀ ਇਕੋ ਸੁਰ ਰੱਖਦਿਆਂ ਸਰਕਾਰ ਨੂੰ ਭੰਡਣ ਲਈ ਵੱਖ-ਵੱਖ ਪੰਜਾਬੀ ਵਿਰੋਧੀ ਤਾਕਤਾਂ ਦੀ ਸਾਜ਼ਿਸ਼ ਕਰਾਰ ਦਿੱਤਾ। ਮੁੱਖ ਮੰਤਰੀ ਸ. ਬਾਦਲ ਨੇ ਕਿਹਾ ਕਿ ਸਿੱਖ ਕਦੇ ਵੀ ਜਬਰੀ ਧਰਮ ਪਰਿਵਰਤਨ ਨੂੰ ਮਨਜ਼ੂਰ ਨਹੀਂ ਕਰ ਸਕਦੇ ਕਿਉਂਕਿ ਸਮੁੱਚਾ ਸਿੱਖ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਜਦੋਂ ਸਾਡੇ ਮਹਾਨ ਸਿੱਖ ਗੁਰੂਆਂ ਤੇ ਸਿਰੜੀ ਯੋਧਿਆਂ ਨੇ ਕਦੇ ਵੀ ਤਾਕਤਵਰ ਹਾਕਮਾਂ ਦੀ ਈਨ ਨਹੀਂ ਮੰਨੀ। ਗੌਰਤਲਬ ਹੈ ਕਿ ਅੱਜ-ਕੱਲ੍ਹ ਦੇਸ਼ ਭਰ ਵਿਚ ਜਬਰੀ ਧਰਮ ਬਦਲੀਆਂ ਦਾ ਮੁੱਦਾ ਭਖਿਆ ਹੋਇਆ ਹੈ। ਸੰਘ ਪਰਿਵਾਰ ਦਾ ਹਿੱਸਾ ਮੰਨੀਆਂ ਜਾਂਦੀਆਂ ਕਈ ਜਥੇਬੰਦੀਆਂ ਜ਼ੋਰ-ਸ਼ੋਰ ਨਾਲ 'ਘਰ ਵਾਪਸੀ' ਦੇ ਨਾਂ ਉੱਤੇ ਈਸਾਈਆਂ ਤੇ ਹੋਰ ਧਰਮਾਂ ਦੇ ਲੋਕਾਂ ਨੂੰ ਵਾਪਸ ਹਿੰਦੂ ਬਣਾ ਰਹੀਆਂ ਹਨ। ਸ. ਬਾਦਲ ਵੱਲੋਂ ਇਸ ਹਵਾਲੇ ਨਾਲ ਕੀਤੀਆਂ ਗਈਆਂ ਇਹ ਟਿੱਪਣੀਆਂ ਸਿਆਸੀ ਤੌਰ 'ਤੇ ਬਹੁਤ ਅਹਿਮੀਅਤ ਰੱਖਦੀਆਂ ਹਨ।



## ਮਜੀਠੀਆ ਨੂੰ ਬਚਾਉਣ ਲਈ ਸਰਕਾਰ ਹਰ ਪੈਂਤੜਾ ਵਰਤ ਰਹੀ ਹੈ: ਕਾਂਗਰਸ

**ਫ਼ਤਹਿਗੜ੍ਹ ਸਾਹਿਬ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਭਾਵੇਂ ਬੀਤੇ ਦਿਨੀਂ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਇਨਫੋਰਸਮੈਂਟ ਡਾਇਰੈਕਟੋਰੈਟ ਦੇ ਦਫ਼ਤਰ ਵਿਚ ਚਾਰ ਘੰਟੇ ਤੋਂ ਵੱਧ ਸਮਾਂ ਪੁੱਛਗਿੱਛ ਹੋਈ ਹੈ ਪਰ ਪੰਜਾਬ ਸਰਕਾਰ ਉਸ ਨੂੰ ਇਸ ਮਾਮਲੇ ਤੋਂ ਬਚਾਉਣ ਲਈ ਹਰ ਹੱਥਕੰਡਾ ਵਰਤ ਰਹੀ ਹੈ। ਵਿਦੇਸ਼ਾਂ ਦੇ ਵੱਡੇ ਸਪਲਾਇਰਾਂ ਨਾਲ ਰਿਸ਼ਤਾ ਹੋਣ ਕਾਰਨ ਇਸ ਮਾਮਲੇ ਦੀ ਜਾਂਚ ਤੁਰੰਤ ਸੀ.ਬੀ.ਆਈ. ਦੇ ਹਵਾਲੇ ਕਰਨੀ ਚਾਹੀਦੀ ਹੈ। ਕਾਨੂੰਨੀ ਤੌਰ 'ਤੇ ਵੀ ਇਸ ਗੰਭੀਰ ਮਾਮਲੇ ਵਿਚ ਈਡੀ ਜਾਂਚ ਨਹੀਂ ਕਰ ਸਕਦਾ। ਸ਼ਹੀਦੀ ਜੋੜ ਮੇਲੇ ਮੌਕੇ ਕਾਨਫੰਰਸ ਨੂੰ ਸੰਬੋਧਨ ਕਰਦਿਆਂ ਸ. ਬਾਜਵਾ ਨੇ ਦੁੱਖ ਪ੍ਰਗਟ ਕੀਤਾ ਕਿ ਗੁਰੂਆਂ ਦੀ ਇਸ ਪਵਿੱਤਰ ਧਰਤੀ ਉਪਰ ਅੱਜ ਵੱਡੇ ਪੱਧਰ 'ਤੇ ਨਸ਼ਿਆਂ ਦੇ ਹੋ ਰਹੇ ਵਪਾਰ ਕਾਰਨ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਭਵਿੱਖ ਦਾਅ 'ਤੇ ਲਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਪੰਜਾਬ ਦੀ ਨੌਜਵਾਨ ਪੀੜ੍ਹੀ ਦੇ ਨਸ਼ਿਆਂ ਵਿਚ ਗਲਤਾਨ ਹੋਣ 'ਤੇ ਚਿੰਤਾ ਪ੍ਰਗਟ ਕਰ ਚੁੱਕੇ ਹਨ, ਇਸ ਲਈ ਸ੍ਰੀ ਮੋਦੀ ਨੂੰ ਇਸ ਮਾਮਲੇ ਦੀ ਤੁਰੰਤ ਸੀ.ਬੀ.ਆਈ. ਨੂੰ ਜਾਂਚ ਦੇਣੀ ਚਾਹੀਦੀ ਹੈ। ਦੇਸ਼ ਦਾ ਨੰਬਰ ਇਕ ਸੂਬਾ ਅੱਜ ਅਕਾਲੀ-ਭਾਜਪਾ ਦੀਆਂ ਗਲਤ ਨੀਤੀਆਂ ਕਾਰਨ ਦੋ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਭਾਰ ਥੱਲੇ ਦਬ ਗਿਆ ਹੈ। ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਦਾ ਜ਼ਿਕਰ ਕਰਦਿਆ ਉਨ੍ਹਾਂ ਕਿਹਾ ਕਿ ਐਫ.ਸੀ.ਆਈ. 30 ਹਜ਼ਾਰ ਕਰੋੜ ਰੁਪਏ ਦਾ ਘਾਟਾ ਹਰ ਸਾਲ ਵਿਖਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਐਫ.ਸੀ.ਆਈ. ਟੁੱਟ ਗਈ ਤਾਂ ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦਾ ਪੂਰਾ ਭਾਅ ਨਹੀਂ ਮਿਲੇਗਾ।

## 'ਆਪ' ਵਲੋਂ ਵੀ ਅਕਾਲੀ ਦਲ ਨੂੰ ਰਗੜੇ

**ਫ਼ਤਹਿਗੜ੍ਹ ਸਾਹਿਬ:** ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਜੋੜ ਮੇਲ 'ਤੇ ਇਸ ਵਾਰ ਆਮ ਆਦਮੀ ਪਾਰਟੀ ਵੱਲੋਂ ਵੀ ਸ਼ਹੀਦੀ ਕਾਨਫੰਰਸ ਕੀਤੀ ਗਈ। ਪਾਰਟੀ ਆਗੂਆਂ ਨੇ ਅਕਾਲੀ-ਭਾਜਪਾ ਸਰਕਾਰ ਨੂੰ ਰੱਜ ਕੇ ਰਗੜੇ ਲਾਏ। ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਧਰਮ, ਦੇਸ਼ ਤੇ ਕੌਮ ਲਈ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ ਪਰ ਉਨ੍ਹਾਂ ਦੇ ਵਾਰਸ ਅਖਵਾਉਂਦੇ ਅਕਾਲੀ ਦਲ ਦੇ ਸਰਬਰਾਹ ਪ੍ਰਕਾਸ਼ ਸਿੰਘ ਬਾਦਲ ਦੀ ਪੰਥਕ ਅਖਵਾਉਂਦੀ ਸਰਕਾਰ ਨੇ ਸੂਬੇ ਦੀ ਨੌਜਵਾਨੀ ਨੂੰ ਸਿਵਿਆਂ ਰਸਤੇ ਤੋਰ ਕੇ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਲਈ ਰਾਜ ਗੱਦੀਆਂ ਲੈ ਲਈਆਂ ਹਨ। ਕਾਂਗਰਸ ਦੀ ਆਲੋਚਨਾ ਕਰਦਿਆਂ ਸ੍ਰੀ ਛੋਟੇਪੁਰ ਨੇ ਇਸ ਨੂੰ ਪੰਜਾਬ ਵਿਚ ਨਸ਼ਿਆਂ ਦੀ ਜਨਣੀ ਕਿਹਾ। ਇਸ ਮੌਕੇ ਐਚ.ਐਸ. ਫੂਲਕਾ, ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਤੇ ਡਾ. ਧਰਮਵੀਰ ਗਾਂਧੀ ਨੇ ਵੀ ਸੰਬੋਧਨ ਕੀਤਾ।

## ਸਿੱਖ ਇਤਿਹਾਸ 'ਤੇ ਚਾਨਣ ਪਾਉਣ ਵਿਚ ਸਫਲ ਰਿਹਾ ਨਾਟਕ 'ਹਿੰਦ ਦੀ ਆਵਾਜ਼'



**ਫਤਹਿਗੜ੍ਹ ਸਾਹਿਬ:** ਸ੍ਰੀ ਫਤਹਿਗੜ੍ਹ ਸਾਹਿਬ ਦੇ ਇਤਿਹਾਸਕ ਆਮ ਖਾਸ ਬਾਗ ਵਿਖੇ ਸ਼ਹੀਦੀ ਜੋੜ ਮੇਲ ਦੇ ਦੂਜੇ ਦਿਨ ਜ਼ਿਲ੍ਹਾ ਸਭਿਆਚਾਰਕ ਸੋਸਾਇਟੀ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਜ਼ਿਲ੍ਹਾ ਪ੍ਰਸ਼ਾਸ਼ਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਤੋਂ ਲੈ ਕੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਦੀ ਸ਼ਹਾਦਤ ਤੇ ਸਰਹਿੰਦ ਨੂੰ ਫ਼ਤਹਿ ਕਰਨ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਮਰਪਤ ਉੱਘੇ ਰੰਗਕਰਮੀ ਸਵਰਗੀ ਹਰਪਾਲ ਟਿਵਾਣਾ ਦਾ ਲਿਖਿਆ ਤੇ ਮਨਪਾਲ ਟਿਵਾਣਾ ਵੱਲੋਂ ਨਿਰਦੇਸ਼ਤ ਨਾਟਕ 'ਹਿੰਦ ਦੀ ਆਵਾਜ' ਦਾ ਸਫ਼ਲ ਮੰਚਨ ਕੀਤਾ ਗਿਆ। ਇਸ ਇਤਿਹਾਸਕ ਨਾਟਕ 'ਹਿੰਦ ਦੀ ਆਵਾਜ' ਨੂੰ ਕੜਾਕੇ ਦੀ ਠੰਢ ਦੇ ਬਾਵਜੂਦ ਹਜ਼ਾਰਾਂ ਸੰਗਤਾਂ ਨੇ ਬੜੇ ਹੀ ਸ਼ਾਂਤਮਈ ਢੰਗ ਨਾਲ ਵੇਖਿਆ ਤੇ ਕਈ ਵਾਰ ਇਤਿਹਾਸਕ ਘਟਨਾਕ੍ਰਮ ਵੇਖ ਕੇ ਜੋਸ਼ 'ਚ ਆਉਂਦਿਆਂ ਬੋਲੇ ਸੋ ਨਿਹਾਲ ਦੇ ਜੈਕਾਰੇ ਲਗਾਏ।

## ਸ਼ਹਾਦਤ ਦਾ ਮੁਜੱਸਮਾ ਸਨ ਗੁਰੂ ਗੋਬਿੰਦ ਸਿੰਘ: ਮੋਦੀ

**ਨਵੀਂ ਦਿੱਲੀ:** ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੇ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦਾ ਜੀਵਨ ਤੇ ਸਿੱਖਿਆਵਾਂ ਅਲੌਕਿਕ ਪ੍ਰੇਰਨਾ ਸਰੋਤ ਹਨ। ਸ੍ਰੀ ਮੋਦੀ ਨੇ ਟਵਿੱਟਰ 'ਤੇ ਲਿਖਿਆ ਹੈ, 'ਲਾ-ਮਿਸਾਲ ਹੌਸਲੇ ਤੇ ਸ਼ਹਾਦਤ ਦਾ ਮੁਜੱਸਮਾ ਸਨ। ਮੈਂ ਉਨ੍ਹਾਂ ਅੱਗੇ ਨਤਮਸਤਕ ਹੁੰਦਾ ਹਾਂ।'

## ਗੁਰਪੁਰਬ ਮੌਕੇ ਮੁੰਬਈ 'ਚ ਵਿਖਾਈ ਗਈ 'ਚਾਰ ਸਾਹਿਬਜ਼ਾਦੇ'




**ਮੁੰਬਈ:** ਸ਼ਹਿਰ ਦੇ ਸਿੱਖ ਭਾਈਚਾਰੇ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ 3ਡੀ ਐਨੀਮੇਸ਼ਨ ਫਿਲਮ 'ਚਾਰ ਸਾਹਿਬਜ਼ਾਦੇ' ਦਿਖਾਈ ਗਈ। ਪ੍ਰਬੰਧਕਾਂ ਵਿਚੋਂ ਇਕ ਰਵਨੀਤ ਕੌਰ ਨੇ ਦੱਸਿਆ ਕਿ ਇਹ ਸਕ੍ਰੀਨਿੰਗ ਉਨ੍ਹਾਂ ਐਨੀਮੇਟਰਾਂ ਦੇ ਸਨਮਾਨ ਵਿਚ ਹੋਵੇਗੀ, ਜਿਨ੍ਹਾਂ ਦੀ ਅਣਥੱਕ ਦੋ ਸਾਲ ਦੀ ਦਿਨ-ਰਾਤ ਦੀ ਮਿਹਨਤ ਬਾਅਦ ਉਨ੍ਹਾਂ ਦਾ ਸੁਪਨਾ ਪੂਰਾ ਹੋਇਆ। ਉਨ੍ਹਾਂ ਕਿਹਾ ਕਿ ਫਿਲਮ ਸਬਅਰਬ ਮੁੰਬਈ ਥਿਏਟਰ ਵਿਚ ਦਿਖਾਈ ਗਈ। ਫਿਲਮਕਾਰ ਹੈਰੀ ਬਵੇਜਾ ਨੇ ਕਿਹਾ ਕਿ ਉਹ ਇਸ ਫਿਲਮ ਲਈ ਮਿਲੀ ਪ੍ਰਤੀਕਿਰਿਆ ਤੋਂ ਬਹੁਤ ਖੁਸ਼ ਹੈ।

# ਕੇਂਦਰ ਸਰਕਾਰ ਨੇ ਸਿੱਖ ਕਤਲੇਆਮ ਦੀ ਗੱਲ ਕਬੂਲੀ

## ਗ੍ਰਹਿ ਮੰਤਰੀ ਨੇ 84 ਦੀਆਂ ਘਟਨਾਵਾਂ ਨੂੰ ਕਤਲੇਆਮ ਕਿਹਾ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ 1984 ਦੇ ਦੰਗਿਆਂ ਨੂੰ ਸਿੱਖ ਕਤਲੇਆਮ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਦੇ ਸਾਜ਼ਿਸ਼ ਘਾੜਿਆਂ ਨੂੰ ਅਜੇ ਵੀ ਸਜ਼ਾਵਾਂ ਦੇਣੀਆਂ ਬਾਕੀ ਹਨ। ਕਤਲੇਆਮ ਪੀੜਤਾਂ ਦੀ ਬਹੁਤਾਤ ਵਾਲੀ 'ਤਿਲਕ ਵਿਹਾਰ' ਕਲੋਨੀ ਵਿਚ ਦਿੱਲੀ ਸਰਕਾਰ ਵੱਲੋਂ ਕਰਵਾਏ ਗਏ ਪ੍ਰੋਗਰਾਮ ਦੌਰਾਨ ਉਨ੍ਹਾਂ 17 ਸਿੱਖ ਵਿਧਵਾਵਾਂ ਨੂੰ ਪੰਜ-ਪੰਜ ਲੱਖ ਰੁਪਏ ਦੇ ਮੁਆਵਜ਼ੇ ਦੇ ਚੈੱਕ ਵੰਡੇ।

ਗ੍ਰਹਿ ਮੰਤਰੀ ਨੇ ਕਿਹਾ ਕਿ ਇਹ ਦੰਗੇ ਨਹੀਂ ਸਨ, ਸਗੋਂ ਕਤਲੇਆਮ ਸੀ। ਸੈਂਕੜੇ ਬੇਗੁਨਾਹ ਲੋਕ ਮਾਰੇ ਗਏ। ਪੀੜਤਾਂ ਦੇ ਰਿਸ਼ਤੇਦਾਰਾਂ ਦਾ ਦਰਦ ਕਰੋੜਾਂ ਰੁਪਏ ਦੇ ਕੇ ਵੀ ਘੱਟ ਨਹੀਂ ਕੀਤਾ ਜਾ ਸਕੇਗਾ। ਸ੍ਰੀ ਰਾਜਨਾਥ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਹੈ ਕਿ ਜਦੋਂ ਤੱਕ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਪੀੜਤਾਂ ਨੂੰ ਰਾਹਤ ਨਹੀਂ ਮਿਲੇਗੀ। ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਸਰਕਾਰ ਤੁਹਾਡੇ ਨਾਲ ਹੈ ਤੇ ਹਮੇਸ਼ਾ ਨਾਲ ਰਹੇਗੀ। ਉਨ੍ਹਾਂ ਕਿਹਾ ਕਿ ਸਿੱਖ ਕਤਲੇਆਮ ਦੌਰਾਨ ਸੈਂਕੜੇ ਬੇਕਸੂਰ ਲੋਕ ਮਾਰੇ ਗਏ। ਕਤਲੇਆਮ ਪੀੜਤਾਂ ਦੇ ਦਰਦ ਦਾ ਮੁੱਲ ਨਹੀਂ ਲਾਇਆ ਜਾ ਸਕਦਾ ਭਾਵੇਂ ਉਸ ਲਈ ਕਰੋੜਾਂ ਰੁਪਏ ਕਿਉਂ ਨਾ ਦੇ ਦਿੱਤੇ ਜਾਣ। ਸਿੱਖਾਂ ਨੂੰ ਇਨਸਾਫ਼ ਦਿਵਾਉਣ ਬਾਰੇ ਉਨ੍ਹਾਂ ਕਿਹਾ ਕਿ ਹਾਈਕੋਰਟ ਦੇ ਰਿਟਾਇਰਡ ਜੱਜ ਦੀ ਅਗਵਾਈ ਹੇਠ 'ਸ਼ਿਕਾਇਤ ਨਿਵਾਰਨ ਕਮੇਟੀ' ਬਣਾਈ ਗਈ ਹੈ ਜੋ ਪੀੜਤਾਂ ਨੂੰ ਦਰਪੇਸ਼ ਦਿੱਕਤਾਂ ਦੀ



ਸੁਣਵਾਈ ਕਰਕੇ ਉਨ੍ਹਾਂ ਦੇ ਹੱਲ ਲਈ ਯੋਗ ਸੁਝਾਅ ਸਰਕਾਰ ਨੂੰ ਦੇਵੇਗੀ। ਉਨ੍ਹਾਂ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਵੀ ਯਾਦ ਕੀਤਾ।

ਪੀੜਤ ਪਰਿਵਾਰਾਂ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਉਪ-ਰਾਜਪਾਲ ਨਜੀਬ ਜੰਗ ਨੇ ਕਿਹਾ ਕਿ 1984 ਦੇ ਕਤਲੇਆਮ ਨੂੰ ਯਾਦ ਕਰਕੇ ਰੋਂਗਟੇ ਖੜ੍ਹੇ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਉਸ ਦਰਦਨਾਕ ਦੌਰ ਨੂੰ ਯਾਦ ਕਰਕੇ ਹਰ ਸਭਿਅਕ ਵਿਅਕਤੀ ਸ਼ਰਮਿੰਦਾ ਹੋ ਜਾਂਦਾ ਹੈ। ਸੰਸਦ ਮੈਂਬਰ ਪ੍ਰਵੇਸ਼ ਵਰਮਾ ਨੇ ਗ੍ਰਹਿ ਮੰਤਰੀ ਨੂੰ ਕਿਹਾ ਕਿ ਕਤਲੇਆਮ ਪੀੜਤਾਂ ਦੀ ਹਾਲਤ ਤਰਸਯੋਗ ਹੈ। ਚੋਣਾਂ ਤੋਂ ਉਧਰ ਆਮ ਆਦਮੀ ਪਾਰਟੀ ਨੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੱਲੋਂ ਮੁਆਵਜ਼ੇ ਦੇ ਚੈੱਕ ਵੰਡਣ ਦੀ ਕਾਰਵਾਈ ਨੂੰ ਚੋਣਾਂ ਤੋਂ ਪਹਿਲਾਂ ਲਾਲੀਪੌਪ ਦੇਣ ਦਾ ਅਮਲ ਦੱਸਿਆ ਹੈ। 'ਆਪ' ਦੇ ਕਨਵੀਨਰ ਆਸ਼ੂਤੋਸ਼ ਨੇ ਕਿਹਾ ਕਿ ਸਿਰਫ਼ 17 ਲੋਕਾਂ ਨੂੰ ਚੈੱਕ ਵੰਡਣ ਦੀ ਥਾਂ ਭਾਜਪਾ ਬਾਕੀ 2733 ਲੋਕਾਂ ਨੂੰ ਵੀ ਮੁਆਵਜ਼ਾ ਦੇਣ ਦੀ ਯੋਜਨਾ ਬਣਾਉਂਦੀ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਪੰਜ-ਪੰਜ ਲੱਖ ਰੁਪਏ ਦਾ ਮੁਆਵਜ਼ਾ ਤੁਰੰਤ ਵੰਡਣ ਦਾ ਹੀਲਾ ਕਰਨ। ਉਨ੍ਹਾਂ ਇਸ ਦੇ ਅਮਲ ਤੋਂ ਬਾਅਦ ਗ੍ਰਹਿ ਮੰਤਰਾਲੇ ਨੂੰ ਵੇਰਵੇ ਦੇਣ ਲਈ ਵੀ ਕਿਹਾ ਹੈ।

### ਕਤਲੇਆਮ ਦੇ ਰਸਮੀ ਐਲਾਨ ਬਾਰੇ ਮੰਗ ਉਠੀ

**ਅੰਮ੍ਰਿਤਸਰ:** ਦਲ ਖ਼ਾਲਸਾ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਸਰਕਾਰੀ ਤੌਰ 'ਤੇ ਸਿੱਖ ਨਸਲਕੁਸ਼ੀ ਐਲਾਨਿਆ ਜਾਵੇ ਤੇ ਭਾਰਤ ਸਰਕਾਰ ਇਸ ਬਾਰੇ ਰਸਮੀ ਐਲਾਨ ਕਰੇ।

ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਬਿਆਨ ਕਿ 'ਨਵੰਬਰ 1984 ਦਾ ਸਿੱਖ ਕਤਲੇਆਮ ਦੰਗੇ ਨਹੀਂ ਸਗੋਂ ਕਤਲੇਆਮ ਸੀ', ਬਾਰੇ ਕਿਹਾ ਕਿ ਗ੍ਰਹਿ ਮੰਤਰੀ ਦੇ ਇਸ ਬਿਆਨ ਨੂੰ ਭਾਰਤ ਸਰਕਾਰ ਨੂੰ ਰਸਮੀ ਤੌਰ 'ਤੇ ਐਲਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 30 ਵਰ੍ਹਿਆਂ ਤੋਂ ਭਾਰਤੀ ਲੀਡਰਸ਼ਿਪ ਨੇ ਹਮਦਰਦੀ ਵਾਲੇ ਬੋਲ ਬੋਲਣ ਤੋਂ ਵੱਧ ਕੁਝ ਨਹੀਂ ਕੀਤਾ। ਸਿੱਖ ਹਮਦਰਦੀ ਜਾਂ ਮੁਆਵਜ਼ਾ ਨਹੀਂ ਸਗੋਂ ਇਨਸਾਫ਼ ਚਾਹੁੰਦੇ ਹਨ ਤੇ ਉਹ ਤਾਂ ਹੀ ਮੁਮਕਿਨ ਹੈ ਜੇਕਰ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਨੂੰ ਲਿਖਤੀ ਹਦਾਇਤ ਹੋਣੀ ਚਾਹੀਦੀ ਹੈ ਕਿ ਉਹ ਅੱਗੇ ਤੋਂ ਦਿੱਲੀ ਵਿਚ ਹੋਏ ਕਤਲੋਗਾਰਤ ਨੂੰ ਦੰਗੇ ਦੀ ਥਾਂ ਕਤਲੇਆਮ ਲਿਖੇ।

### ਪੀੜਤਾਂ ਨੇ ਮੁਆਵਜ਼ੇ ਦੀ ਥਾਂ ਦੋਸ਼ੀਆਂ ਲਈ ਸਜ਼ਾ ਮੰਗੀ

ਇਸ ਦੌਰਾਨ ਪੀੜਤਾਂ ਦੇ ਕੁਝ ਰਿਸ਼ਤੇਦਾਰਾਂ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਮੁਆਵਜ਼ਾ ਦੇਣ ਦੀ ਬਜਾਏ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ।

ਕਤਲੇਆਮ ਵਿਚ ਆਪਣੇ ਪਤੀ ਨੂੰ ਗੁਆਉਣ ਵਾਲੀ 70 ਸਾਲਾਂ ਦੀ ਅਮਰਜੀਤ ਨੇ ਕਿਹਾ ਕਿ ਪੈਸੇ ਨਾਲ ਮੇਰਾ ਦਰਦ ਘੱਟ ਨਹੀਂ ਹੋ ਸਕਦਾ ਤੇ ਮੈਂ ਚਾਹੁੰਦੀ ਹਾਂ ਕਿ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ। 30 ਸਾਲ ਬਾਅਦ ਵੀ ਮੁੱਖ ਦੋਸ਼ੀ ਆਜ਼ਾਦ ਘੁੰਮ ਰਹੇ ਹਨ। ਆਪਣੇ ਪਤੀ ਨੂੰ ਗੁਆ ਚੁੱਕੀ ਇਕ ਹੋਰ ਔਰਤ ਬਖ਼ਸ਼ੀਸ਼ ਕੌਰ ਨੇ ਕਿਹਾ ਕਿ ਅਸੀਂ ਸਰਕਾਰ ਤੋਂ ਕੋਈ ਉਮੀਦ ਨਹੀਂ ਕਰ ਸਕਦੇ। ਕਤਲੇਆਮ 1984 ਵਿਚ ਹੋਇਆ ਸੀ, ਪਰ ਇਨਸਾਫ਼ ਅਜੇ ਤੱਕ ਨਹੀਂ ਮਿਲਿਆ।

# ਕੈਲੰਡਰ ਵਿਵਾਦ ਹੋਰ ਲਮਕਣ ਦਾ ਖਦਸ਼ਾ

## ਦੋਹਾਂ ਧਿਰਾਂ ਆਪੋ-ਆਪਣੀ ਅੜੀ ਉਤੇ ਅੜੀਆਂ

**ਅੰਮ੍ਰਿਤਸਰ:** ਮੂਲ ਨਾਨਕਸ਼ਾਹੀ ਕੈਲੰਡਰ ਮੌਜੂਦਾ ਸਥਿਤੀ ਵਿਚ ਬਿਕਰਮੀ (ਦੇਸੀ) ਕੈਲੰਡਰ ਪੱਖੀ ਸੰਸਥਾਵਾਂ, ਜਥੇਬੰਦੀਆਂ ਦੇ ਹਾਵੀ ਹੁੰਦੇ ਵਿਰੋਧ ਕਾਰਨ ਅਸਮੰਜਸ ਵਿਚ ਫਸਦਾ ਲੱਗ ਰਿਹਾ ਹੈ। ਸੰਤ ਸਮਾਜ ਤੇ ਸਹਿਯੋਗੀਆਂ ਦੇ ਰੂਪ ਵਿਚ ਜਿਥੇ ਬਿਕਰਮੀ ਹਮਾਇਤੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ, ਉਥੇ ਮੂਲ ਕੈਲੰਡਰ ਦੀਆਂ ਹਾਮੀ ਧਿਰਾਂ ਵੱਲੋਂ ਅਜਿਹਾ ਹੋਣ ਦੀ ਸੂਰਤ ਵਿਚ ਵਖਰੇਵੇਂ ਵਧਣ ਦੀ ਚਿਤਾਵਨੀ ਦਿੱਤੀ ਜਾ ਰਹੀ ਹੈ।

ਮਾਮਲੇ 'ਤੇ ਦੋਵਾਂ ਧਿਰਾਂ ਨੂੰ ਧੀਰਜ ਰੱਖਣ ਦੀ ਹਦਾਇਤ ਕਰ ਚੁਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਵੀ ਇਸ ਬਾਰੇ ਕਿਸੇ ਢੁਕਵੇਂ ਸਾਂਝੇ ਹੱਲ ਪ੍ਰਤੀ ਚਿੰਤਾਵਾਨ ਹੀ ਨਜ਼ਰ ਆ ਰਹੇ ਹਨ। ਜਥੇਦਾਰ ਵੱਲੋਂ ਬਿਕਰਮੀ ਦੇ ਹੱਕ ਵਿਚ ਆਈਆਂ ਅਪੀਲਾਂ ਨੂੰ ਵਧੇਰੇ ਦੱਸਣ ਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਰਚੇਤਾ ਪਾਲ ਸਿੰਘ ਪੁਰੇਵਾਲ ਦੀ ਬਖ਼ਤੋਈ ਕਰਦਿਆਂ ਕੈਲੰਡਰ ਨੂੰ ਸਿੱਖਾਂ ਵਿਚ ਵਿਵਾਦ ਦੀ ਸ਼ੁਰੂਆਤ ਦੱਸਣ ਨਾਲ ਜਿਥੇ ਬਿਕਰਮੀ ਪੱਖ ਦੇ ਵਧੇਰੇ ਪ੍ਰਭਾਵਸ਼ਾਲੀ ਬਣ ਜਾਣ ਦਾ ਅੰਦਾਜ਼ਾ ਲੱਗ ਰਿਹਾ ਹੈ, ਉਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਅਕਾਲੀ ਦਲ ਦਿੱਲੀ, ਅਕਾਲੀ ਦਲ ਅੰਮ੍ਰਿਤਸਰ, ਦਲ ਖ਼ਾਲਸਾ, ਅਖੰਡ ਕੀਰਤਨੀ ਜਥਾ ਸਮੇਤ ਵਿਦੇਸ਼ਾਂ ਦੀਆਂ ਸਿੱਖ ਸੰਸਥਾਵਾਂ ਵੱਲੋਂ ਬਿਕਰਮੀ ਕੈਲੰਡਰ ਦੀ ਮੁੜ ਸਥਾਪਤੀ ਨੂੰ 'ਹਿੰਦੂਤਵ' ਦੇ ਪ੍ਰਭਾਵ ਨੂੰ ਸਿੱਧੇ ਰੂਪ ਵਿਚ ਕਬੂਲਣਾ ਮੰਨਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਜਿਹਾ ਨਾ ਕਰਨ ਦੀ ਅਪੀਲ ਕੀਤੀ ਗਈ ਹੈ।

ਬੇਸ਼ੱਕ ਜਥੇਦਾਰ ਵੱਲੋਂ ਮਾਮਲੇ ਦੇ ਸੁਖਾਵੇਂ ਹੱਲ ਦੀ ਆਸ ਕਰਦਿਆਂ ਅੰਦਰ ਖਾਤੇ ਸਾਂਝੀ ਤਾਲਮੇਲ ਕਮੇਟੀ ਬਣਾਉਣ ਲਈ ਲੋੜੀਂਦੇ ਨਾਵਾਂ ਦੀ ਭਾਲ ਕਰਨੀ ਆਰੰਭ ਦਿੱਤੀ ਹੈ ਪਰ ਹੁਣ ਉਨ੍ਹਾਂ ਮੁੜ ਦੋਵਾਂ ਧਿਰਾਂ ਨੂੰ ਕੈਲੰਡਰ ਮੁੱਦੇ 'ਤੇ ਉਲਝਣ ਦੀ ਥਾਂ ਪੰਥ ਨੂੰ ਦਰਪੇਸ਼ ਚੁਣੌਤੀਆਂ ਬੰਦੀ ਸਿੰਘਾਂ ਦੀ ਰਿਹਾਈ ਤੇ ਧਾਰਾ 25-ਬੀ ਵਿਚ ਸੋਧ 'ਤੇ ਕੇਂਦਰਤ ਹੋਣ ਦੇ ਨਿਰਦੇਸ਼ ਜਾਰੀ ਕੀਤੇ ਹਨ, ਜਿਸ ਨਾਲ ਉਨ੍ਹਾਂ ਦੀ ਮਾਮਲੇ ਤੋਂ ਉਘੜ ਰਹੇ ਵਖਰੇਵੇਂ ਸਬੰਧੀ ਚਿੰਤਾ ਦੀ ਤਾਈਦ ਹੁੰਦੀ ਹੈ। ਉਧਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਆਪਣਾ ਪੱਖ ਮੁੜ ਸਪਸ਼ਟ ਕਰਦਿਆਂ ਕਿਹਾ ਹੈ ਕਿ ਮੂਲ ਕੈਲੰਡਰ ਮੁਤਾਬਕ ਹੀ ਪੰਜ ਜਨਵਰੀ ਨੂੰ ਪਾਵਨ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਸੁਰੱਖਿਆ ਵਾਪਸ ਲੈਣ ਬਾਰੇ ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਦੀ ਲੋੜੀਂਦੀ ਸੁਰੱਖਿਆ ਦਾ ਧਿਆਨ ਰੱਖਣਾ ਸ਼੍ਰੋਮਣੀ ਕਮੇਟੀ ਦਾ ਕਾਰਜ ਹੈ, ਜੋ ਪੂਰਾ ਹੋ ਰਿਹਾ ਹੈ। ਉਨ੍ਹਾਂ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਸ਼ਾਮਲ ਹੋਣ ਦੀ ਹਾਮੀ ਭਰਦਿਆਂ ਦੱਸਿਆ ਕਿ ਉਹ ਤਖ਼ਤ ਸਾਹਿਬ ਦੇ ਜਥੇਦਾਰ ਹਨ ਤੇ ਆਪਣਾ ਪੱਖ ਰੱਖਣ ਲਈ ਉਹ ਮੀਟਿੰਗ ਵਿਚ ਜ਼ਰੂਰ ਸ਼ਾਮਲ ਹੋਣਗੇ।

ਪ੍ਰਧਾਨ ਸ਼੍ਰੋਮਣੀ ਕਮੇਟੀ ਵੱਲੋਂ 2003 ਵਿਚ ਨਾਨਕਸ਼ਾਹੀ ਕੈਲੰਡਰ ਜਾਰੀ ਹੋਣ ਬਾਰੇ ਸ. ਬਾਦਲ ਸਮੇਤ ਹੋਰਨਾਂ ਦੀ ਭੂਮਿਕਾ ਨਕਾਰਨ 'ਤੇ ਜਥੇਦਾਰ ਨੰਦਗੜ੍ਹ ਨੇ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਤੇ ਤਤਕਾਲੀ ਸ਼੍ਰੋਮਣੀ ਕਮੇਟੀ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਵੱਲੋਂ ਕੈਲੰਡਰ ਰਚੇਤਾ ਦੀਆਂ ਕੀਤੀਆਂ ਸਿਫ਼ਤਾਂ ਨੂੰ ਅਜੇ ਸਿੱਖ ਭੁੱਲੇ ਨਹੀਂ ਹਨ।

# ਬਰਾਕ ਓਬਾਮਾ ਨੂੰ ਸਿੱਖਾਂ ਦੇ ਮਸਲੇ ਉਭਾਰਨ ਦੀ ਅਪੀਲ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਅਗਲੇ ਮਹੀਨੇ ਭਾਰਤ ਦੌਰੇ ਨੂੰ ਦੇਖਦਿਆਂ ਉਨ੍ਹਾਂ ਨੂੰ ਭਾਰਤ ਸਰਕਾਰ ਨਾਲ ਸਿੱਖਾਂ ਦੇ ਮਸਲੇ ਉਠਾਉਣ ਦੀ ਅਪੀਲ ਕੀਤੀ ਗਈ ਹੈ। ਨਿਊਯਾਰਕ ਆਧਾਰਿਤ 'ਸਿੱਖਸ ਫਾਰ ਜਸਟਿਸ' ਜਥੇਬੰਦੀ ਨੇ ਆਨਲਾਈਨ ਪਟੀਸ਼ਨ ਦੀ ਸ਼ੁਰੂਆਤ ਪਹਿਲੀ ਦਸੰਬਰ ਨੂੰ ਕੀਤੀ ਸੀ ਤੇ ਹੁਣ ਤੱਕ ਇਕ ਲੱਖ 14 ਹਜ਼ਾਰ ਤੋਂ ਵੱਧ ਹਸਤਾਖਰ ਹੋ ਚੁੱਕੇ ਹਨ। ਵਾਈਟ ਹਾਊਸ ਦੀ ਵੈਬਸਾਈਟ 'ਤੇ ਆਨਲਾਈਨ ਪਟੀਸ਼ਨ ਰਾਹੀਂ ਏਨੇ ਹਸਤਾਖਰ ਹੋਏ ਹਨ। ਕਿਸੇ ਵੀ ਆਨਲਾਈਨ ਪਟੀਸ਼ਨ 'ਤੇ ਇਕ ਲੱਖ ਤੋਂ ਵੱਧ ਲੋਕਾਂ ਦੇ ਮਹੀਨੇ ਤੋਂ ਘੱਟ ਸਮੇਂ ਅੰਦਰ ਹਸਤਾਖਰ ਹੋ ਜਾਂਦੇ ਹਨ ਤਾਂ ਵਾਈਟ ਹਾਊਸ ਉਸ 'ਤੇ ਨਜ਼ਰਸਾਨੀ ਜ਼ਰੂਰ ਕਰਦਾ ਹੈ।

ਸਿੱਖ ਜਥੇਬੰਦੀ ਨੇ ਆਨਲਾਈਨ ਪਟੀਸ਼ਨ ਵਿਚ ਸ੍ਰੀ ਓਬਾਮਾ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਭਾਰਤ ਸਰਕਾਰ ਨੂੰ ਸਵਾਲ ਕਰਨ ਕਿ ਭਾਰਤੀ ਸੰਵਿਧਾਨ ਸਿੱਖਾਂ ਨੂੰ ਹਿੰਦੂ ਵਜੋਂ ਕਿਉਂ ਗਰਦਾਨਦਾ ਹੈ। ਨਾਲ ਹੀ ਸਿੱਖ ਨਸਲਕੁਸ਼ੀ ਤੇ ਸਿੱਖਾਂ ਨੂੰ ਸਵੈ-ਨਿਰਣੇ ਦਾ ਅਧਿਕਾਰ ਦੇਣ ਦੇ ਮੁੱਦੇ ਚੁੱਕਣ ਲਈ ਵੀ ਕਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਅਮਰੀਕਾ ਦੌਰੇ ਤੋਂ ਪਹਿਲਾਂ ਵੀ ਸਿੱਖਸ ਫਾਰ ਜਸਟਿਸ ਨੇ ਅਜਿਹੀ ਆਨਲਾਈਨ ਪਟੀਸ਼ਨ ਮੁਹਿੰਮ ਸ਼ੁਰੂ ਕੀਤੀ ਸੀ ਪਰ ਜਾਅਲੀ ਹਸਤਾਖਰਾਂ ਦਾ ਪਤਾ ਲੱਗਣ 'ਤੇ ਵਾਈਟ ਹਾਊਸ ਨੇ ਪਟੀਸ਼ਨ ਵਿਚੋਂ 85 ਹਜ਼ਾਰ ਹਸਤਾਖਰ ਹਟਾ ਦਿੱਤੇ ਹਨ। ਇਸ ਪਟੀਸ਼ਨ ਤਹਿਤ ਮੰਗ ਕੀਤੀ ਗਈ ਸੀ ਕਿ ਸ੍ਰੀ ਓਬਾਮਾ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਦੀ ਯੋਜਨਾ ਨੂੰ ਰੱਦ ਕਰ ਦੇਣ। ਅਮਰੀਕਾ ਵਿਚ ਰਹਿ ਰਹੇ ਸਿੱਖਾਂ ਨੇ ਸਿੱਖ ਧਰਮ ਬਾਰੇ ਜਾਗਰੂਕਤਾ ਫੈਲਾਉਣ ਲਈ ਰਾਸ਼ਟਰਪਤੀ ਬਰਾਕ ਓਬਾਮਾ ਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੇ ਸਿਆਸੀ ਰਣਨੀਤੀ ਮਾਹਿਰਾਂ ਦੀਆਂ ਸੇਵਾਵਾਂ ਲਈਆਂ ਹਨ।

2008 ਦੀ ਰਾਸ਼ਟਰਪਤੀ ਚੋਣ ਵੇਲੇ ਕਲਿੰਟਨ ਦੀ ਮੁਹਿੰਮ ਸੰਭਾਲਣ ਵਾਲੇ ਪ੍ਰਮੁੱਖ ਰਣਨੀਤਕ ਸਲਾਹਕਾਰ ਜਿਓਫ ਗੈਰਿਨ ਨੇ ਹੁਣੇ ਜਿਹੇ ਨੈਸ਼ਨਲ ਸਿੱਖ ਕੈਂਪੇਨ (ਐਨਐਸਸੀ) ਵੱਲੋਂ ਅਮਰੀਕੀ ਸਿੱਖਾਂ ਦਾ ਪੂਰਾ ਅਧਿਐਨ ਕੀਤਾ ਗਿਆ। ਇਸ ਸਰਵੇਖਣ ਨੂੰ ਅਗਲੇ ਮਹੀਨੇ ਵਾਸ਼ਿੰਗਟਨ ਵਿਚ ਜਾਰੀ ਕੀਤਾ ਜਾਵੇਗਾ।

# ਬਾਦਲ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੂਬਾ ਸਰਕਾਰਾਂ ਕੋਲ ਪਹੁੰਚ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੱਖ-ਵੱਖ ਸੂਬਿਆਂ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦਾ ਮੁੱਦਾ ਉਤਰ ਪ੍ਰਦੇਸ਼, ਰਾਜਸਥਾਨ, ਪੱਛਮੀ ਬੰਗਾਲ, ਕਰਨਾਟਕਾ ਤੇ ਗੁਜਰਾਤ ਦੇ ਮੁੱਖ ਮੰਤਰੀਆਂ, ਨਵੀਂ ਦਿੱਲੀ ਦੇ ਉਪ ਰਾਜਪਾਲ ਤੇ ਕੇਂਦਰੀ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਕੋਲ ਉਠਾਇਆ ਹੈ। ਉਨ੍ਹਾਂ ਵੱਖੋ-ਵੱਖਰੇ ਪੱਤਰਾਂ ਰਾਹੀਂ ਪੰਜਾਬ ਨਾਲ ਸਬੰਧਤ ਕੈਦੀਆਂ ਦੀ ਰਿਹਾਈ ਦਾ ਮਾਮਲਾ ਹਮਦਰਦੀ ਨਾਲ ਵਿਚਾਰਨ ਲਈ ਆਖਿਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਕਿ ਜਦੋਂ ਕੋਈ ਕੈਦੀ ਨਿਰਧਾਰਤ ਕੈਦ ਦੇ ਸਮੇਂ ਤੋਂ ਵਧ ਸਮਾਂ ਜੇਲ੍ਹ ਵਿਚ ਗੁਜ਼ਾਰਦਾ ਹੈ, ਤਾਂ ਉਹ ਅਗਾਊਂ ਰਿਹਾਈ ਦਾ ਹੱਕਦਾਰ ਹੋ ਜਾਂਦਾ ਹੈ।

ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਲਿਖੇ ਪੱਤਰ ਵਿਚ ਮੁੱਖ ਮੰਤਰੀ ਨੇ ਸੈਂਟਰਲ ਜੇਲ੍ਹ ਬਰੇਲੀ (ਯੂਪੀ) ਵਿਚ ਪਿਛਲੇ 22 ਸਾਲਾਂ ਤੋਂ ਉਮਰ ਕੈਦ ਲਈ ਨਜ਼ਰਬੰਦ ਵਰਿਆਮ ਸਿੰਘ ਦੀ ਰਿਹਾਈ ਦਾ ਮਾਮਲਾ ਵਿਚਾਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਗੁਰਮੀਤ ਸਿੰਘ ਫ਼ੌਜੀ ਦੀ ਰਿਹਾਈ ਦਾ ਮਾਮਲਾ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਕੋਲ ਉਠਾਇਆ ਹੈ। ਸ. ਬਾਦਲ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਪੱਤਰ ਲਿਖ ਕੇ ਨਵੀਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਦਯਾ ਸਿੰਘ ਲਹੌਰੀਆ ਦੀ ਰਿਹਾਈ ਦਾ ਮਾਮਲਾ ਵੀ ਚੁਕਿਆ ਹੈ ਜਿਸ ਨੇ ਉਮਰ ਕੈਦ ਦੀ ਸਜ਼ਾ ਵਿਚੋਂ ਪਹਿਲਾਂ ਹੀ 10 ਸਾਲ ਦੀ ਕੈਦ ਭੁਗਤ ਲਈ ਹੈ। ਮੁੱਖ ਮੰਤਰੀ ਨੇ ਗੁਜਰਾਤ ਦੀ ਮੁੱਖ ਮੰਤਰੀ ਅਨੰਦੀਬੇਨ ਪਟੇਲ ਨੂੰ ਵੀ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਲਾਲ ਸਿੰਘ ਦੀ ਰਿਹਾਈ ਲਈ ਲਿਖਿਆ ਹੈ। ਉਹ ਇਸ ਵੇਲੇ ਉੱਚ ਸੁਰੱਖਿਆ ਵਾਲੀ ਨਾਭਾ (ਪੰਜਾਬ) ਜੇਲ੍ਹ ਵਿਚ ਕੈਦ ਹੈ। ਉਨ੍ਹਾਂ ਕਰਨਾਟਕਾ ਦੀ ਗੁਲਬਰਗ ਜੇਲ੍ਹ ਵਿਚ



ਬੰਦ ਗੁਰਦੀਪ ਸਿੰਘ ਖਹਿਰਾ ਦੀ ਰਿਹਾਈ ਦਾ ਮਾਮਲਾ ਵੀ ਕਰਨਾਟਕਾ ਦੇ ਮੁੱਖ ਮੰਤਰੀ ਸ੍ਰੀ ਸਿਧਾਰਮੱਈਆ ਕੋਲ ਉਠਾਇਆ ਹੈ।

ਸ. ਬਾਦਲ ਨੇ ਤਿਹਾੜ ਜੇਲ੍ਹ ਵਿਚ ਬੰਦ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਾਮਲਾ ਦਿੱਲੀ ਦੇ ਉਪ ਰਾਜਪਾਲ ਨਜੀਬ ਜੰਗ ਕੋਲ ਉਠਾਇਆ ਹੈ। ਦਿੱਲੀ ਹਾਈਕੋਰਟ ਦੇ ਵਧੀਕ ਸੈਸ਼ਨ ਜੱਜ ਵੱਲੋਂ ਉਸ ਨੂੰ ਦਿੱਤੀ ਮੌਤ ਦੀ ਸਜ਼ਾ ਨੂੰ ਸੁਪਰੀਮ ਕੋਰਟ ਨੇ ਉਮਰ ਕੈਦ ਵਿਚ ਬਦਲ ਦਿੱਤਾ ਸੀ ਤੇ ਉਸ ਨੇ 20 ਸਾਲ ਦੀ ਸਜ਼ਾ ਮੁਕੰਮਲ ਕਰ ਲਈ ਹੈ। ਮੁੱਖ ਮੰਤਰੀ ਨੇ ਦਿੱਲੀ ਦੇ ਉਪ ਰਾਜਪਾਲ ਨੂੰ ਉਮਰ ਕੈਦੀਆਂ ਪਰਮਜੀਤ ਸਿੰਘ ਭਿਓਰਾ ਤੇ ਜਗਤਾਰ ਸਿੰਘ ਹਵਾਰਾ ਦੀ ਰਿਹਾਈ ਲਈ ਵੀ ਲਿਖਿਆ ਹੈ। ਦੋਵੇਂ 19 ਸਾਲ ਦੀ ਸਜ਼ਾ ਕੱਟ ਚੁੱਕੇ ਹਨ। ਮੁੱਖ ਮੰਤਰੀ ਨੇ ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਲਖਵਿੰਦਰ ਸਿੰਘ, ਸੁਬੇਗ ਸਿੰਘ ਤੇ ਨੰਦ ਸਿੰਘ ਦੀ ਰਿਹਾਈ ਦਾ ਮਾਮਲਾ ਕੇਂਦਰੀ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼ਿਵਰਾਜ ਪਾਟਿਲ ਕੋਲ ਉਠਾਇਆ। ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ ਅਤੇ ਲਖਵਿੰਦਰ ਸਿੰਘ ਨੇ ਪਹਿਲਾਂ ਹੀ 19 ਸਾਲ ਦੀ ਸਜ਼ਾ ਮੁਕੰਮਲ ਕਰ ਲਈ ਹੈ ਜਦਕਿ ਸੁਬੇਗ ਸਿੰਘ ਤੇ ਨੰਦ ਸਿੰਘ 15 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ।

### ਰਿਹਾਈ ਵਿਚ ਦੇਰੀ 'ਤੇ ਜਥੇਦਾਰ ਵਲੋਂ ਸਰਕਾਰ ਨੂੰ ਚੇਤਾਵਨੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬੰਦੀ ਸਿੰਘਾਂ ਦੀਆਂ ਵਾਰ-ਵਾਰ ਸੂਚੀਆਂ ਦੇਣ ਉਪਰੰਤ ਸਰਕਾਰ ਦੇ ਭਰੋਸਿਆਂ ਤੱਕ ਹੀ ਸੀਮਤ ਵਤੀਰੇ 'ਤੇ ਚਿਤਾਵਨੀ ਦਿੱਤੀ ਹੈ ਕਿ ਜੇ ਮੁੱਦੇ ਦਾ ਜਲਦ ਹੱਲ ਨਾ ਕੱਢਿਆ ਤਾਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਇਸ ਅਵੇਸਲੇਪਨ 'ਤੇ ਵਿਚਾਰ ਕੀਤੀ ਜਾਵੇਗੀ।

ਸਰਕਾਰ ਨੇ ਯਕੀਨ ਦਿਵਾਉਣ ਉਪਰੰਤ ਅਜੇ ਤੱਕ ਸਿੰਘਾਂ ਦੀ ਰਿਹਾਈ ਲਈ ਕੋਈ ਪ੍ਰਤੱਖ ਕਾਰਵਾਈ ਨਹੀਂ ਕੀਤੀ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਢਾਹਾਂ ਪੰਜਾਬੀ ਸਾਹਿਤ ਇਨਾਮ ਲਈ ਨਾਮਜ਼ਦਗੀਆਂ ਸ਼ੁਰੂ

**ਵੈਨਕੂਵਰ:** ਕੈਨੇਡਾ-ਇੰਡੀਆ ਐਜੂਕੇਸ਼ਨ ਸੁਸਾਇਟੀ ਨੇ ਸਾਲ 2014 ਦੇ ਢਾਹਾਂ ਪੰਜਾਬੀ ਸਾਹਿਤ ਇਨਾਮ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਇਨਾਮ ਲਈ ਸਾਲ 2014 ਦੌਰਾਨ ਛਪੀਆਂ ਪੰਜਾਬੀ ਗਲਪ ਰਚਨਾਵਾਂ ਮੰਗੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਸੁਸਾਇਟੀ ਵੱਲੋਂ ਇਹ ਇਨਾਮ ਪਿਛਲੇ ਸਾਲ ਬ੍ਰਿਟਸ਼ ਕੋਲੰਬੀਆ ਯੂਨੀਵਰਸਿਟੀ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਦਾ ਮੁੱਖ ਮਕਸਦ ਪੰਜਾਬੀ ਸਾਹਿਤ ਵਿਚ ਸਰਬ ਸ੍ਰੇਸ਼ਟ ਗਲਪ ਰਚਨਾ ਨੂੰ ਮਾਨਤਾ ਦੇਣਾ ਅਤੇ ਦੇਸ਼ਾਂ ਦੇ ਹੱਦਬੰਨਿਆਂ ਤੋਂ ਅਗਾਂਹ ਕੌਮਾਂਤਰੀ ਪੱਧਰ 'ਤੇ ਪੰਜਾਬੀ ਸਾਹਿਤ-ਸਿਰਜਣਾ ਨੂੰ ਉਤਸ਼ਾਹਤ ਕਰਨਾ ਹੈ। ਗੁਰਮੁਖੀ ਜਾਂ ਸ਼ਾਹਮੁਖੀ ਕਿਸੇ ਵੀ ਲਿੱਪੀ ਵਿਚ ਛਪੀਆਂ ਪੰਜਾਬੀ ਗਲਪ ਦੀਆਂ ਤਿੰਨ ਸ੍ਰੇਸ਼ਟ ਪੁਸਤਕਾਂ ਨੂੰ ਹਰ ਸਾਲ ਇਸ ਇਨਾਮ ਲਈ ਚੁਣਿਆ ਜਾਂਦਾ ਹੈ। ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਜਾਣੇ-ਪਛਾਣੇ ਸਫਲ ਕਾਰੋਬਾਰੀ ਬਰਜ ਢਾਹਾਂ ਦੇ ਉਦਮ ਨਾਲ ਸ਼ੁਰੂ ਕੀਤਾ ਗਿਆ ਪਲੇਠਾ ਢਾਹਾਂ ਸਰਬ ਸ੍ਰੇਸ਼ਟ ਇਨਾਮ ਅਵਤਾਰ ਸਿੰਘ ਬਿਲਿੰਗ ਨੂੰ ਉਸ ਦੇ ਨਾਵਲ 'ਖਾਲੀ ਖੂਹਾਂ ਦੀ ਕਥਾ' ਉਤੇ ਦਿੱਤਾ ਗਿਆ ਸੀ ਜਦਕਿ ਦੋ ਦੂਜੇ ਇਨਾਮਾਂ ਲਈ ਜ਼ੁਬੇਰ ਅਹਿਮਦ (ਲਹਿੰਦਾ ਪੰਜਾਬ) ਅਤੇ ਜਸਬੀਰ ਭੁੱਲਰ ਦੇ ਕਹਾਣੀ ਸੰਗ੍ਰਹਿ ਕ੍ਰਮਵਾਰ 'ਕਬੂਤਰ ਬਨੇਰੇ ਤੇ ਗਲੀਆਂ' ਅਤੇ 'ਇਕ ਰਾਤ ਦਾ ਸਮੁੰਦਰ' ਚੁਣੇ ਗਏ ਸਨ।

ਇਨਾਮ ਦੀ ਸਲਾਹਕਾਰ ਕਮੇਟੀ ਦੇ ਚੇਅਰਮੈਨ ਡਾ. ਰਘਬੀਰ ਸਿੰਘ ਦੇ ਦੱਸਣ ਅਨੁਸਾਰ ਸਾਲ 2014 ਦੇ ਪਲੇਠੇ ਢਾਹਾਂ ਇਨਾਮ ਲਈ ਪੰਜ ਦੇਸ਼ਾਂ ਵਿਚੋਂ ਪੰਜ ਦਰਜਨ ਤੋਂ ਵੱਧ ਨਾਮਜ਼ਦਗੀਆਂ ਪੁੱਜੀਆਂ ਸਨ ਅਤੇ ਇਸ ਵਰ੍ਹੇ ਪਹਿਲਾਂ ਨਾਲੋਂ ਵੀ ਜ਼ਿਆਦਾ ਨਾਮਜ਼ਦਗੀਆਂ ਪਹੁੰਚਣ ਦੀ ਉਮੀਦ ਹੈ। ਲੰਘੇ ਅਕਤੂਬਰ ਵੈਨਕੂਵਰ ਵਿਚ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਦੇ ਮਿਊਜ਼ੀਅਮ ਵਿਚ ਇਹ ਇਨਾਮ ਸਮਾਗਮ ਰਚਾਇਆ ਗਿਆ ਸੀ। ਅਗਲੇ ਵਰ੍ਹੇ ਦਾ ਇਹ ਨਾਮ ਵੀ ਇਸੇ ਤਰ੍ਹਾਂ ਅਕਤੂਬਰ 2015 ਵਿਚ ਸਮਾਗਮ ਵਿਚ ਦਿੱਤਾ ਜਾਵੇਗਾ।

ਸਾਲ 2015 ਦਾ ਇਹ ਇਨਾਮ ਗੁਰਮੁਖੀ ਜਾਂ ਸ਼ਾਹਮੁਖੀ ਕਿਸੇ ਵੀ ਲਿੱਪੀ ਵਿਚ ਛਪੀ ਨਾਵਲ ਜਾਂ ਕਹਾਣੀਆਂ ਉਤੇ ਆਧਾਰਤ ਪੰਜਾਬੀ ਦੀ ਗਲਪ ਪੁਸਤਕ ਨੂੰ ਮਿਲ ਸਕੇਗਾ। 25 ਹਜ਼ਾਰ ਕੈਨੇਡੀਅਨ ਡਾਲਰ ਦੇ ਪ੍ਰਥਮ ਅਤੇ ਪੰਜ-ਪੰਜ ਹਜ਼ਾਰ ਦੇ ਦੋ ਦੂਜੇ ਇਨਾਮਾਂ ਦੀ ਚੋਣ ਇਸ ਤਰ੍ਹਾਂ ਕੀਤੀ ਜਾਵੇਗੀ ਕਿ ਕੁਲ ਤਿੰਨਾਂ ਇਨਾਮਾਂ ਵਿਚੋਂ ਦੋਹਾਂ ਲਿੱਪੀਆਂ ਗੁਰਮੁਖੀ ਅਤੇ ਸ਼ਾਹਮੁਖੀ ਵਿਚਲੀ ਕਿਤਾਬ ਦੇ ਹਿੱਸੇ ਇਕ ਇਨਾਮ ਜ਼ਰੂਰ ਆਵੇ। ਸਾਲ 2015 ਦੇ ਢਾਹਾਂ ਇਨਾਮ ਵਾਸਤੇ ਨਾਮਜ਼ਦਗੀਆਂ ਪਹਿਲੀ ਜਨਵਰੀ ਤੋਂ 15 ਮਾਰਚ ਤਕ ਪ੍ਰਵਾਨ ਕੀਤੀਆਂ ਜਾਣਗੀਆਂ। ਨਾਵਲ ਜਾਂ ਕਹਾਣੀ ਸੰਗ੍ਰਹਿ ਦੇ ਰੂਪ ਵਿਚ ਸਾਲ 2014 ਵਿਚ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਛਪੀ ਕੋਈ ਵੀ ਮੌਲਿਕ ਪੰਜਾਬੀ ਪੁਸਤਕ ਇਨਾਮ ਲਈ ਵਿਚਾਰੇ ਜਾਣ ਵਾਸਤੇ ਭੇਜੀ ਜਾ ਸਕਦੀ ਹੈ। ਲੇਖਕ ਖੁਦ ਜਾਂ ਉਸ ਵੱਲੋਂ ਲਿਖਤੀ ਆਗਿਆ ਸਹਿਤ ਕੋਈ ਹੋਰ ਵਿਅਕਤੀ ਨਾਮਜ਼ਦਗੀ ਭਰ ਸਕਦਾ ਹੈ। ਨਾਮਜ਼ਦਗੀ ਭਰਨ ਲਈ ਛਪੀ ਹੋਈ ਪੁਸਤਕ ਦੀਆਂ ਦੋ ਕਾਪੀਆਂ ਅਤੇ ਉਸ ਦਾ ਇਲੈਕਟ੍ਰਾਨਿਕ ਰੂਪ ਭੇਜਣਾ ਜ਼ਰੂਰੀ ਹੋਵੇਗਾ। ਪੁਸਤਕ ਦੀਆਂ ਦੋ ਕਾਪੀਆਂ ਕੈਨੇਡਾ-ਇੰਡੀਆ ਐਜੂਕੇਸ਼ਨ ਸੁਸਾਇਟੀ, ਯੂਨਿਟ 1058-2560 ਸ਼ੈੱਲ ਰੋਡ, ਰਿਚਮੰਡ (ਬੀ.ਸੀ.) ਭੇਜੀਆਂ ਜਾ ਸਕਦੀਆਂ ਹਨ। ਪੁਸਤਕ ਦਾ ਇਲੈਕਟ੍ਰਾਨਿਕ ਰੂਪ www.dhahanprize.com ਦੇ ਪਤੇ ਉਤੇ ਭੇਜਣਾ ਹੋਵੇਗਾ। ਨਾਮਜ਼ਦਗੀਆਂ ਬਾਰੇ ਹੋਰ ਕੋਈ ਜਾਣਕਾਰੀ info@dhahanprize.com ਉਤੇ ਸੰਪਰਕ ਕਰ ਕੇ ਹਾਸਲ ਕੀਤੀ ਜਾ ਸਕਦੀ ਹੈ।

## ਆਰ.ਐਸ.ਐਸ. ਦੀ ਧਰਮ ਬਦਲੀ ਮੁਹਿੰਮ ਗੁਰੂ ਕੀ ਵਡਾਲੀ ਪੁੱਜੀ

*(ਸਫਾ ਇਕ ਦੀ ਬਾਕੀ)*

ਰਿਹਾ ਹੈ। ਉਹ ਗਰੀਬ ਪਰਿਵਾਰ ਨਾਲ ਸਬੰਧਤ ਹੈ ਅਤੇ ਧਰਮ ਬਦਲਣ ਸਮੇਂ ਉਸ ਨਾਲ ਮਿਸ਼ਨਰੀਆਂ ਨੇ ਕਈ ਵਾਅਦੇ ਕੀਤੇ ਸਨ ਜਿਸ ਤਹਿਤ ਉਨ੍ਹਾਂ ਨੂੰ ਬਿਹਤਰ ਸਿਹਤ ਸਹੂਲਤਾਂ, ਵਿਦਿਅਕ ਸਹੂਲਤਾਂ ਅਤੇ ਨੌਕਰੀ ਦੇਣ ਦਾ ਭਰੋਸਾ ਦਿੱਤਾ ਗਿਆ ਸੀ, ਪਰ ਕੋਈ ਵੀ ਭਰੋਸਾ ਪੂਰਾ ਨਹੀਂ ਹੋਇਆ। ਇਹ 23 ਪਰਿਵਾਰ ਜਿਨ੍ਹਾਂ ਵਿਚੋਂ ਵਧੇਰੇ ਮਜ਼ਬੀ ਸਿੱਖ ਭਾਈਚਾਰੇ ਨਾਲ ਸਬੰਧਤ ਹਨ ਅਤੇ ਗਰੀਬ ਤੇ ਦਿਹਾੜੀਦਾਰ ਹਨ, ਕਈ ਸਾਲ ਪਹਿਲਾਂ ਈਸਾਈ ਬਣ ਗਏ ਸਨ।

ਧਰਮ ਜਾਗਰਨ ਮੰਚ ਦੇ ਸੂਬਾਈ ਯੋਜਨਾ ਦੇ ਮੁਖੀ ਦਿਨੇਸ਼ ਸ਼ਰਮਾ ਨੇ ਦਾਅਵਾ ਕੀਤਾ ਕਿ ਇਹ ਧਰਮ ਪਰਿਵਰਤਨ ਨਹੀਂ ਹੈ, ਸਗੋਂ ਘਰ ਵਾਪਸੀ ਹੈ। ਇਨ੍ਹਾਂ ਲੋਕਾਂ ਨੇ ਮਹਿਸੂਸ ਕੀਤਾ ਹੈ ਕਿ ਉਨ੍ਹਾਂ ਧਰਮ ਪਰਿਵਰਤਨ ਕਰ ਕੇ ਗਲਤੀ ਕੀਤੀ ਸੀ। ਮੰਚ ਦੇ ਮੁਖੀ ਰਾਮ ਗੋਪਾਲ ਨੇ ਆਖਿਆ ਕਿ ਹਰ ਇਨਸਾਨ ਨੂੰ ਆਪਣੇ ਧਰਮ ਨੂੰ ਮੰਨਣ ਤੇ ਪਾਲਣ ਦਾ ਅਧਿਕਾਰ ਹੈ।

ਮਸੀਹ ਭਾਈਚਾਰੇ ਦੇ ਡਾਇਸੈਸ ਆਫ ਅੰਮ੍ਰਿਤਸਰ ਦੇ ਆਗੂ ਡੈਨੀਅਲ ਬੀ. ਦਾਸ ਨੇ ਇਸ ਕਾਰਵਾਈ ਨੂੰ ਜਬਰੀ ਧਰਮ ਪਰਿਵਰਤਨ ਕਰਾਰ ਦਿੰਦਿਆਂ ਆਖਿਆ ਕਿ ਘਰ ਵਾਪਸੀ ਦੇ ਨਾਂ ਹੇਠ ਜਬਰੀ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ। ਕਿਸੇ ਦਾ ਨਾਂ ਲਏ ਬਿਨਾਂ ਉਨ੍ਹਾਂ ਆਖਿਆ ਕਿ ਸਿਆਸੀ ਪ੍ਰਭਾਵ ਵਰਤ ਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਕਿਸੇ ਵੀ ਬੰਦੇ ਵਲੋਂ ਕਿਸੇ ਧਰਮ ਨੂੰ ਮੰਨਣਾ ਉਸ ਦਾ ਨਿੱਜੀ ਮਾਮਲਾ ਹੈ ਅਤੇ ਇਸ ਸਬੰਧੀ ਸੰਵਿਧਾਨਕ ਹੱਕ ਵੀ ਹੈ, ਪਰ ਕਿਸੇ ਨੂੰ ਜਬਰੀ ਧਰਮ ਪਰਿਵਰਤਨ ਕਰਾਉਣਾ ਗ਼ੈਰ-ਕਾਨੂੰਨੀ ਹੈ।

ਉਨ੍ਹਾਂ ਆਖਿਆ ਕਿ ਜਥੇਬੰਦੀ ਅਜਿਹੀ ਘਰ ਵਾਪਸੀ ਖਿਲਾਫ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਆਖਿਆ ਕਿ ਗੁਰੂ ਕੀ ਵਡਾਲੀ ਸਥਿਤ ਗੁਰਦੁਆਰੇ ਨਾਲ ਸ਼੍ਰੋਮਣੀ ਕਮੇਟੀ ਦਾ ਕੋਈ ਸਬੰਧ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਨੂੰ ਧਰਮ ਤਬਦੀਲੀ ਸਬੰਧੀ ਇਸ ਸਮਾਗਮ ਬਾਰੇ ਕੋਈ ਜਾਣਕਾਰੀ ਹੈ। ਉਂਜ, ਉਨ੍ਹਾਂ ਆਖਿਆ ਕਿ ਕਿਸੇ ਵੀ ਜਥੇਬੰਦੀ ਨੂੰ ਕਿਸੇ ਦੂਜੇ ਬੰਦੇ ਨੂੰ ਆਪਣੇ ਧਰਮ ਵਿਚ ਹੀ ਸ਼ਾਮਲ ਕਰਾਉਣਾ ਚਾਹੀਦਾ ਹੈ।

## ਨਸ਼ਿਆਂ ਦੇ ਮੁੱਦੇ 'ਤੇ ਕਸੂਤੇ ਫਸੇ ਅਕਾਲੀ

*(ਸਫਾ ਇਕ ਦੀ ਬਾਕੀ)*

ਬੁਲਾਇਆ ਸੀ। ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਜੀਠੀਆ ਦੇ ਅਸਤੀਫੇ ਬਾਰੇ ਜੁਆਬ ਦੇਣਾ ਔਖਾ ਹੋ ਰਿਹਾ ਹੈ ਕਿਉਂਕਿ ਹੁਣ ਤੱਕ ਉਹ ਇਹ ਕਹਿੰਦੇ ਰਹੇ ਹਨ ਕਿ ਅਖ਼ਬਾਰੀ ਖ਼ਬਰਾਂ ਦੇ ਆਧਾਰ 'ਤੇ ਕਿਸੇ ਮੰਤਰੀ ਦਾ ਅਸਤੀਫਾ ਨਹੀਂ ਲਿਆ ਜਾ ਸਕਦਾ ਪਰ ਈ.ਡੀ. ਵੱਲੋਂ ਤਲਬ ਕਰਨ 'ਤੇ ਲਾਜਵਾਬ ਹੋ ਗਏ ਹਨ।

ਚੇਤੇ ਰਹੇ ਕਿ ਲੋਕ ਸਭਾ ਚੋਣਾਂ ਦੌਰਾਨ ਵੀ ਨਸ਼ਾ ਵੱਡਾ ਮੁੱਦਾ ਬਣ ਕੇ ਉਭਰਿਆ ਸੀ। ਇਸ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਚਲਾ ਕੇ 25 ਹਜ਼ਾਰ ਤੋਂ ਜ਼ਿਆਦਾ ਲੋਕ ਗ੍ਰਿਫ਼ਤਾਰ ਕੀਤੇ ਗਏ ਤੇ ਉਨ੍ਹਾਂ ਨੂੰ ਨਸ਼ਾ ਤਸਕਰੀ ਵਿਚ ਸ਼ਾਮਲ ਕਰਾਰ ਦੇ ਦਿੱਤਾ ਗਿਆ ਹਾਲਾਂਕਿ ਇਨ੍ਹਾਂ ਵਿਚ ਵੱਡੀ ਗਿਣਤੀ ਉਹ ਸਨ ਜਿਨ੍ਹਾਂ ਤੋਂ ਕੋਈ ਨਸ਼ਾ ਬਰਾਮਦ ਨਹੀਂ ਹੋਇਆ।

ਲੋਕਾਂ ਦਾ ਇਲਜ਼ਾਮ ਹੈ ਕਿ ਅਸਲੀ ਨਸ਼ਾ ਤਸਕਰਾਂ ਨੂੰ ਨਹੀਂ ਫੜਿਆ ਗਿਆ ਤੇ ਉਨ੍ਹਾਂ ਦਾ ਕਾਰੋਬਾਰ ਬੇਰੋਕ ਜਾਰੀ ਹੈ। ਫਿਰ ਵੀ ਸਰਕਾਰ ਹੁਣ ਤੱਕ ਆਪਣੀ ਪਿੱਠ ਥਾਪੜ ਰਹੀ ਹੈ ਜਦਕਿ ਸਰਕਾਰ ਦੀ ਇਹ ਮੁਹਿੰਮ ਕੁਝ ਸਮੇਂ ਬਾਅਦ ਹੀ ਠੰਢੀ ਪੈ ਗਈ ਸੀ।

ਸੂਤਰਾਂ ਮੁਤਾਬਕ ਅਕਾਲੀ ਦਲ ਦੇ ਧਰਨਿਆਂ ਵਾਲੇ ਪ੍ਰੋਗਰਾਮ ਵਿਚ ਤਬਦੀਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਹੋਈ ਹੈ। ਇਸ ਮੀਟਿੰਗ ਵਿਚ ਰਾਜ ਸਭਾ ਮੈਂਬਰ ਤੇ ਅਕਾਲੀ ਦਲ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਸੀ ਕਿ ਧਰਨੇ ਮਾਰਨ ਦਾ ਫੈਸਲਾ ਜਲਦਬਾਜ਼ੀ ਵਿਚ ਕੀਤਾ ਗਿਆ ਹੈ। ਉਨ੍ਹਾਂ ਮੁਤਾਬਕ ਅਜਿਹੇ ਫੈਸਲੇ ਪੂਰੀ ਡੂੰਘਾਈ ਤੇ ਲੰਮੇ ਵਿਚਾਰ-ਵਟਾਂਦਰੇ ਤੋਂ ਬਾਅਦ ਹੀ ਕਰਨੇ ਚਾਹੀਦੇ ਹਨ। ਇਸ ਮੌਕੇ ਉਨ੍ਹਾਂ ਮੁੱਖ ਮੰਤਰੀ ਤੇ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਹਾਜ਼ਰੀ ਵਿਚ ਸਲਾਹ ਦਿੱਤੀ ਕਿ ਧਰਨਿਆਂ ਵਿਚ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਮੰਤਰੀਆਂ ਤੇ ਸਰਕਾਰੀ ਅਹੁਦਿਆਂ ਉਪਰ ਬੈਠੇ ਹੋਰ ਪ੍ਰਤੀਨਿਧਾਂ ਨੂੰ ਸ਼ਾਮਲ ਨਹੀਂ ਹੋਣਾ ਚਾਹੀਦਾ ਕਿਉਂਕਿ ਇਹ ਕਾਰਵਾਈ ਗ਼ੈਰ-ਸੰਵਿਧਾਨਿਕ ਹੋਵੇਗੀ।

ਸ. ਢੀਂਡਸਾ ਦੇ ਸੰਬੋਧਨ ਤੋਂ ਤੁਰੰਤ ਬਾਅਦ ਸ. ਬਾਦਲ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਇਹ ਤਾਂ ਨਸ਼ਿਆਂ ਵਿਰੁੱਧ ਚੇਤਨਾ ਪੈਦਾ ਕਰਨ ਲਈ ਪ੍ਰੋਗਰਾਮ ਉਲੀਕਿਆ ਗਿਆ ਹੈ। ਇਹ ਪ੍ਰੋਗਰਾਮ ਪੂਰੀ ਤਰ੍ਹਾਂ ਸ਼ਾਂਤਮਈ ਹੋਵੇਗਾ ਤੇ ਸੜਕਾਂ ਜਾਂ ਰੇਲਾਂ ਰੋਕਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਉਨ੍ਹਾਂ ਲੀਡਰਾਂ ਨੂੰ ਕਿਹਾ ਕਿ ਇਸ ਪ੍ਰੋਗਰਾਮ ਬਾਰੇ ਸੋਚ-ਵਿਚਾਰ ਕੇ ਸ਼ਬਦਾਂ ਦੀ ਵਰਤੋਂ ਕੀਤੀ ਜਾਵੇ ਕਿਉਂਕਿ ਕੋਈ ਗਲਤ ਸ਼ਬਦ ਗਲਤ ਸੰਕੇਤ ਦੇ ਸਕਦਾ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਨਸ਼ਿਆਂ ਦੇ ਮੁੱਦੇ 'ਤੇ ਸਰਹੱਦ ਉਤੇ ਧਰਨੇ ਲਾਉਣ ਦੇ ਫੈਸਲੇ 'ਤੇ ਬੀ.ਐਸ.ਐਫ. ਨੇ ਵੀ ਨਰਾਜ਼ਗੀ ਜਤਾਈ ਸੀ। ਆਈ.ਜੀ. ਅਨਿਲ ਪਾਲੀਵਾਲ ਨੇ ਕਿਹਾ ਹੈ ਕਿ ਬੀ.ਐਸ.ਐਫ. ਦੀ ਇਮਾਨਦਾਰੀ 'ਤੇ ਕੋਈ ਸਵਾਲ ਨਹੀਂ ਉਠਾ ਸਕਦਾ। ਉਨ੍ਹਾਂ ਨੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਲਾਏ ਦੋਸ਼ਾਂ ਬਾਰੇ ਕਿਹਾ ਕਿ ਸਰਹੱਦ 'ਤੇ ਜਵਾਨ ਜ਼ੀਰੋ ਡਿਗਰੀ ਤਾਪਮਾਨ 'ਤੇ ਪੂਰੀ ਇਮਾਨਦਾਰੀ ਨਾਲ ਡਿਊਟੀ ਕਰ ਰਹੇ ਹਨ ਤੇ ਇਸ ਬਾਰੇ ਕਿਸੇ ਨੂੰ ਸਫਾਈ ਦੇਣ ਦੇ ਲੋੜ ਨਹੀਂ ਕਿ ਸਰਹੱਦ 'ਤੇ ਕਿੰਨੇ ਕਿੱਲੋ ਹੈਰੋਇਨ ਫੜੀ ਗਈ ਤੇ ਕਿੰਨੇ ਤਸਕਰ ਮਾਰੇ ਗਏ।

## ਲੋਕਪਾਲ ਵਲੋਂ ਪੰਜਾਬ ਦੇ 9 ਨੇਤਾ ਬਰੀ

**ਚੰਡੀਗੜ੍ਹ:** ਪੰਜਾਬ ਲੋਕਪਾਲ ਨੇ ਸੂਬੇ ਦੇ 9 ਸਿਆਸਤਦਾਨਾਂ ਜਿਨ੍ਹਾਂ ਵਿਚ ਮੰਤਰੀ, ਮੁੱਖ ਸੰਸਦੀ ਸਕੱਤਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਲਾਹਕਾਰ ਅਤੇ ਵਿਧਾਇਕ ਸ਼ਾਮਲ ਹਨ, ਵਿਰੁਧ ਅਹੁਦੇ ਦੀ ਦੁਰਵਰਤੋਂ ਦੇ ਦੋਸ਼ਾਂ ਦੀ ਸ਼ਿਕਾਇਤ ਰੱਦ ਕਰ ਦਿੱਤੀ ਹੈ। ਸਮਾਜਵਾਦੀ ਆਗੂ ਬਲਵੰਤ ਸਿੰਘ ਖੇੜਾ ਅਤੇ ਆਰ.ਟੀ.ਆਈ. ਕਾਰਕੁਨ ਪਰਵਿੰਦਰ ਸਿੰਘ ਕਿੱਤਣਾ ਵੱਲੋਂ ਸਤੰਬਰ 2014 ਵਿਚ ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਵਿਧਾਇਕ ਜਗੀਰ ਕੌਰ, ਮੁੱਖ ਸੰਸਦੀ ਸਕੱਤਰ ਪਵਨ ਕੁਮਾਰ ਟੀਨੂੰ, ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸੁਖਜੀਤ ਕੌਰ ਸਾਹੀ, ਹੁਸ਼ਿਆਰਪੁਰ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਸਰਬਜੋਤ ਸਿੰਘ ਤੇ ਮੁੱਖ ਮੰਤਰੀ ਦੇ ਸਲਾਹਕਾਰ ਤੀਕਸ਼ਨ ਸੂਦ ਸਮੇਤ 9 ਵਿਅਕਤੀਆਂ ਵਿਰੁਧ ਸ਼ਿਕਇਤ ਕੀਤੀ ਸੀ। ਸ਼ਿਕਾਇਤਕਰਤਾਵਾਂ ਨੇ ਕਿਹਾ ਸੀ ਕਿ ਇਨ੍ਹਾਂ ਵਿਅਕਤੀਆਂ ਵੱਲੋਂ ਸਰਕਾਰੀ ਮੁਲਾਜ਼ਮਾਂ ਖਾਸ ਕਰ ਕੇ ਅਧਿਆਪਕਾਂ ਦੇ ਤਬਾਦਲੇ ਦੀਆਂ ਸਿਫਾਰਸ਼ਾਂ ਆਪਣੀ ਇੱਛਾ ਜਾਂ ਸਬਕ ਸਿਖਾਉਣ ਲਈ ਕੀਤੇ ਜਾਂਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਜਨਤਕ ਨੁਮਾਇੰਦਿਆਂ ਵੱਲੋਂ ਅਜਿਹਾ ਕਰ ਕੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਹੀ ਨਹੀਂ ਕੀਤੀ ਜਾ ਰਹੀ ਸਗੋਂ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦਾ ਘਾਣ ਵੀ ਹੈ। ਸ਼ਿਕਾਇਤਕਰਤਾਵਾਂ ਨੇ ਲੋਕਪਾਲ ਨੂੰ ਭੇਜੀ ਸ਼ਿਕਾਇਤ ਵਿਚ ਜ਼ਿਕਰ ਕੀਤਾ ਸੀ ਕਿ ਇਨ੍ਹਾਂ ਵਿਅਕਤੀਆਂ ਵਿਚੋਂ ਇਕ ਵਿਧਾਇਕ ਨੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸੇਵਾ ਨਿਭਾਅ ਰਹੇ ਅਧਿਆਪਕ ਜੋੜੇ ਨੂੰ 'ਸਬਕ ਸਿਖਾਉਣ' ਲਈ ਰਿਹਾਇਸ਼ ਤੋਂ 100 ਕਿਲੋਮੀਟਰ ਦੂਰ ਤਬਾਦਲਾ ਕਰ ਦਿੱਤਾ ਤੇ ਮਾਮਲਾ ਪੰਜਾਬ ਹਰਿਆਣਾ ਹਾਈ ਕੋਰਟ ਤੱਕ ਗਿਆ।

ਹੁਣ ਲੋਕਪਾਲ ਦੇ ਰੁਖ 'ਤੇ ਟਿੱਪਣੀ ਕਰਦਿਆਂ ਬਲਵੰਤ ਸਿੰਘ ਖੇੜਾ ਅਤੇ ਪਰਵਿੰਦਰ ਸਿੰਘ ਕਿੱਤਣਾ ਨੇ ਕਿਹਾ ਕਿ ਲੋਕਪਾਲ ਹੀ ਅਜਿਹੀ ਸੰਸਥਾ ਹੈ ਜਿਥੇ ਜਨਤਕ ਨੁਮਾਇੰਦਿਆਂ ਖਿਲਾਫ਼ ਸ਼ਿਕਾਇਤ ਕੀਤੀ ਜਾ ਸਕਦੀ ਹੈ। ਮੌਜੂਦਾ ਸਮੇਂ ਵਿਚ ਤਬਾਦਲੇ ਭ੍ਰਿਸ਼ਟਾਚਾਰ ਦਾ ਵੱਡਾ ਹਥਿਆਰ ਬਣ ਗਏ ਹਨ। ਨਾ ਹੀ ਸਰਕਾਰੀ ਕੰਮਕਾਰ ਵੀ ਪ੍ਰਭਾਵਤ ਹੁੰਦਾ ਹੈ ਤੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ। ਉਨ੍ਹਾਂ ਕਿਹਾ ਕਿ ਲੋਕਪਾਲ ਨੂੰ ਸ਼ਿਕਾਇਤ 'ਤੇ ਮੁੜ ਗੌਰ ਕਰਨਾ ਚਾਹੀਦਾ ਹੈ।

## ਜਗਮੀਤ ਬਰਾੜ 'ਤੇ ਭਾਜਪਾ ਵਿਚ ਜਾਣ ਲਈ ਦਬਾਅ?

**ਮਾਨਸਾ:** ਸੀਨੀਅਰ ਕਾਂਗਰਸੀ ਆਗੂ ਜਗਮੀਤ ਸਿੰਘ ਬਰਾੜ ਉਤੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਦੇ ਸਾਥੀਆਂ ਵੱਲੋਂ ਦਬਾਅ ਪਾਇਆ ਜਾ ਰਿਹਾ ਹੈ। ਉਨ੍ਹਾਂ ਦੇ ਸਮਰਥਕ ਦੋ ਸਾਬਕਾ ਵਿਧਾਇਕ ਤੇ ਹੋਰ ਸੀਨੀਅਰ ਆਗੂ ਭਾਜਪਾ ਵਿਚ ਸ਼ਾਮਲ ਹੋਣ ਜਾਂ ਕਾਂਗਰਸ ਪਾਰਟੀ ਵਿਚ ਚੁੱਪ ਬੈਠਣ ਵਾਲੀ ਗੱਲ ਨੂੰ ਆਰ-ਪਾਰ ਲਾਉਣ ਲਈ ਕਹਿ ਰਹੇ ਹਨ ਜਦਕਿ ਸ. ਬਰਾੜ ਹਾਲ ਦੀ ਘੜੀ ਦੁਚਿੱਤੀ ਵਿਚ ਹਨ।

ਜ਼ਿਕਰਯੋਗ ਹੈ ਕਿ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦੇ ਵਿਸ਼ੇਸ਼ ਸੱਦੇ ਵਾਲੇ ਮੈਂਬਰ ਤੇ ਸਾਬਕਾ ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਬਰਾੜ ਪਿਛਲੇ ਕਈ ਮਹੀਨਿਆਂ ਤੋਂ ਪਾਰਟੀ ਵਿਚੋਂ ਮੁਅੱਤਲ ਚੱਲ ਰਹੇ ਹਨ। ਉਨ੍ਹਾਂ ਨੂੰ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਨਹਿਰੂ ਪਰਿਵਾਰ ਬਾਰੇ ਕੀਤੀਆਂ ਟਿੱਪਣੀਆਂ ਕਾਰਨ ਪਾਰਟੀ 'ਚੋਂ ਮੁਅੱਤਲ ਕੀਤਾ ਗਿਆ ਸੀ। ਫਿਲਹਾਲ ਉਨ੍ਹਾਂ ਪਾਰਟੀ ਪ੍ਰਤੀ ਉਦਾਰਵਾਦੀ ਨੀਤੀ ਅਪਣਾਈ ਹੋਈ ਹੈ ਅਤੇ ਪਿਛਲੇ ਦਿਨੀਂ ਸ੍ਰੀਮਤੀ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਆਪਣਾ ਪੱਖ ਵੀ ਦੱਸਿਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪਰਵਾਸੀ ਪੰਜਾਬੀਆਂ ਵਲੋਂ ਬਾਦਲ 'ਤੇ ਵਾਅਦਾਖਿਲਾਫੀ ਦੇ ਦੋਸ਼

**ਮੋਗਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਮਾਲਵਾ ਦੇ ਅੱਠ ਜ਼ਿਲ੍ਹਿਆਂ ਦੇ ਪਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣੀਆਂ। ਇਸ ਪ੍ਰੋਗਰਾਮ ਵਿਚ ਪਹੁੰਚੇ ਬਹੁਤੇ ਪਰਵਾਸੀ ਪੰਜਾਬੀਆਂ ਨੇ ਸਰਕਾਰ 'ਤੇ ਵਾਅਦਾਖਿਲਾਫੀ ਦੇ ਦੋਸ਼ ਹੀ ਲਾਏ। ਪਿੰਡ ਜਲਾਲ ਜ਼ਿਲ੍ਹਾ ਬਠਿੰਡਾ ਦੇ ਪਰਗਟ ਸਿੰਘ ਨੇ ਦੱਸਿਆ ਕਿ ਉਹ ਨਾਰਵੇ ਵਿਖੇ ਰਹਿੰਦਾ ਹੈ। ਉਹ ਆਪਣੀਆਂ ਦੁਕਾਨਾਂ ਛੁਡਾਉਣ ਪੰਜਾਬ ਸਰਕਾਰ ਵੱਲੋਂ ਕਰਵਾਏ ਐਨ.ਆਰ.ਆਈ. ਸੰਮੇਲਨ ਵਿਚ ਸ਼ਿਕਾਇਤਾਂ ਦਿੱਤੀਆਂ ਹਨ ਪਰ ਪਿਛਲੇ ਤਿੰਨ ਵਰ੍ਹਿਆਂ ਤੋਂ ਉਹ ਖੱਜਲ ਖ਼ੁਆਰ ਹੋ ਰਿਹਾ ਹੈ ਤੇ ਉਸਦੀਆਂ ਹੁਣ ਤੱਕ ਐਨ.ਆਰ.ਅਈ. ਸੈੱਲ ਦੁਕਾਨਾਂ ਖਾਲੀ ਨਹੀਂ ਕਰਵਾ ਸਕਿਆ। ਪੀੜਤ ਨੇ ਕਿਹਾ ਕਿ ਹੁਣ ਵੀ ਮੁੱਖ ਮੰਤਰੀ ਨੇ ਭਰੋਸਾ ਹੀ ਦਿੱਤਾ ਹੈ।

ਇਸ ਮੌਕੇ ਕੈਨੇਡਾ ਦੇ ਸਰੀ ਵਿਖੇ ਰਹਿੰਦੀ ਜਗਨਦੀਪ ਕੌਰ ਸੰਧੂ ਨੇ ਸ਼ਿਕਾਇਤ ਕੀਤੀ ਕਿ ਉਹ ਆਪਣੀ ਕੈਨੇਡਾ ਨਾਗਰਿਕ ਢਾਈ ਵਰ੍ਹਿਆਂ ਦੀ ਧੀ ਸਹੁਰਾ ਪਰਿਵਾਰ ਤੋਂ ਲੈਣ ਲਈ ਇਥੇ ਛੇ ਮਹੀਨੇ ਤੋਂ ਖ਼ੁਆਰ ਹੋ ਰਹੀ ਹੈ। ਮੁੱਖ ਮੰਤਰੀ ਨੇ ਉਸ ਦੀ ਸ਼ਿਕਾਇਤ ਉਨ੍ਹਾਂ ਅਧਿਕਾਰੀਆਂ ਨੂੰ ਸੌਂਪ ਦਿੱਤੀ ਜਿਹੜੇ ਪਹਿਲਾਂ ਹੀ ਇਸ ਪੀੜਤ ਮਹਿਲਾ ਦੀ ਕਾਨੂੰਨੀ ਅੜਚਨ ਦੱਸ ਕੇ ਮੱਦਦ ਤੋਂ ਅਸਮਰਥਤਾ ਜਤਾ ਰਹੇ ਹਨ। ਪੀੜਤ ਮਹਿਲਾ ਨੂੰ ਐਲਬਰਟਾ (ਕੈਨੇਡਾ) ਤੋਂ ਵਿਧਾਇਕ ਪੀਟਰ ਸੰਧੂ ਨੇ ਇਨਸਾਫ਼ ਦਾ ਭਰੋਸਾ ਦਿੰਦਿਆਂ ਕਿਹਾ ਕਿ ਜਿੰਨਾ ਚਿਰ ਐਨ.ਆਰ.ਆਈ. ਸੈੱਲ ਸਿਆਸੀ ਦਖ਼ਲਅੰਦਾਜ਼ੀ ਤੋਂ ਮੁਕਤ ਨਹੀਂ ਹੁੰਦਾਂ ਉਦੋਂ ਤੱਕ ਜ਼ਮੀਨਾਂ ਸਮੇਤ ਹੋਰ ਮਸਲੇ ਹੱਲ ਹੋਣੇ ਮੁਸ਼ਕਲ ਹਨ।

ਕੈਨੇਡਾ ਤੋਂ ਆਈ ਜਗਮੀਤ ਕੌਰ ਪੁੱਤਰੀ ਨਛੱਤਰ ਸਿੰਘ ਪਿੰਡ ਕਾਲੀਏਵਾਲਾ ਨੇ ਉਨ੍ਹਾਂ ਖ਼ਿਲਾਫ਼ ਥਾਣਾ ਸਦਰ ਪੁਲਿਸ ਉੱਤੇ ਝੂਠਾ ਪਰਚਾ ਦਰਜ ਕਰਨ ਤੋਂ ਇਲਾਵਾ ਇਕ ਪੁਲਿਸ ਇੰਸਪੈਕਟਰ ਦੀ ਮਿਲੀਭੁਗਤ ਨਾਲ ਜਾਅਲੀ ਵਸੀਅਤਨਾਮਾ ਤਿਆਰ ਕਰਕੇ ਜ਼ਮੀਨ ਹੜੱਪਣ ਦਾ ਦੋਸ਼ ਲਾਇਆ। ਕੈਨੇਡਾ ਰਹਿੰਦੇ ਅਮਰ ਸਿੰਘ ਪਿੰਡ ਫੂਲੇਵਾਲਾ ਨੇ ਆਪਣੇ ਭਰਾ ਖ਼ਿਲਾਫ਼ ਜ਼ਮੀਨ ਦੱਬਣ ਦੀ ਸ਼ਿਕਾਇਤ ਕੀਤੀ। ਇੰਗਲੈਂਡ ਰਹਿੰਦੇ ਬਜ਼ੁਰਗ ਗੁਰਬਚਨ ਸਿੰਘ ਪਿੰਡ ਡਰੋਲੀ ਭਾਈ ਨੇ ਵੀ ਆਪਣੇ ਭਰਾ ਖ਼ਿਲਾਫ਼ ਜ਼ਮੀਨ ਦੱਬਣ ਦੀ ਸ਼ਿਕਾਇਤ ਕੀਤੀ। ਉਸ ਨੇ ਦੱਸਿਆ ਕਿ ਉਸਨੇ ਪਹਿਲਾਂ ਵੀ ਸ਼ਿਕਾਇਤ ਕੀਤੀ ਸੀ ਪਰ ਕਿਸੇ ਅਧਿਕਾਰੀ ਨੇ ਕੋਈ ਸੁਣਵਾਈ ਨਹੀਂ ਕੀਤੀ। ਸੁਖਦੇਵ ਸਿੰਘ ਧਰਮਕੋਟ ਨੇ ਸ਼ਿਕਾਇਤ ਕੀਤੀ ਕਿ ਉਸ ਵੱਲੋਂ 18 ਲੱਖ ਰੁਪਏ ਵਿਚ ਖਰੀਦੀ ਕੋਠੀ ਉੱਤੇ ਇਕ ਪੁਲਿਸ ਅਧਿਕਾਰੀ ਕਬਜ਼ਾ ਕਰੀ ਬੈਠਾ ਹੈ।

**ਮਸਲਿਆਂ ਦੇ ਹੱਲ ਬਾਰੇ ਸਰਕਾਰ ਦੀਆਂ ਕੋਸ਼ਿਸ਼ਾਂ ਦੀ ਨਿਖੇਧੀ**



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੂਬੇ ਦੇ ਵਿੱਤ ਕਮਿਸ਼ਨਰ (ਮਾਲ) ਨੂੰ ਜ਼ਮੀਨਾਂ ਦੀ ਤਕਸੀਮ ਲਈ ਅਗਲੇ ਤਿੰਨ ਮਹੀਨਿਆਂ ਦੌਰਾਨ ਵਿਸ਼ੇਸ਼ ਮੁਹਿੰਮ ਵਿੱਢਣ ਤੇ ਲਾਲ ਲਕੀਰ ਅੰਦਰ ਵਾਲੀਆਂ ਜਾਇਦਾਦਾਂ ਦੇ ਮਸਲੇ ਦਾ ਢੁਕਵਾਂ ਹੱਲ ਕੱਢਣ ਲਈ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਕਿਰਾਇਆ ਐਕਟ ਵਿਚ ਸੋਧ ਕਰਨ ਨਾਲ ਪਰਵਾਸੀ ਪੰਜਾਬੀਆਂ ਨੂੰ ਭਾਰੀ ਰਾਹਤ ਮਿਲੀ ਹੈ ਤੇ ਉਹ ਹੁਣ ਆਪਣੀਆਂ ਕਿਰਾਏ ਉੱਤੇ ਦਿੱਤੀ ਜਾਇਦਾਦ ਨੂੰ ਬਿਨਾਂ ਕਿਸੇ ਦੇਰੀ ਖਾਲੀ ਕਰਵਾ ਸਕਦੇ ਹਨ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪਰਵਾਸੀ ਪੰਜਾਬੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ 38 ਐਨ.ਆਰ.ਆਈ. ਨੰਬਰਦਾਰ ਨਾਮਜ਼ਦ ਕੀਤੇ ਗਏ ਤੇ ਵਿਆਹ ਰਜਿਸਟਰੇਸ਼ਨ ਲਈ ਕਾਨੂੰਨ ਵਿਚ ਸੋਧ ਕਰਕੇ ਪੰਜਾਬ ਵਿਆਹ ਰਜਿਸਟ੍ਰੇਸ਼ਨ ਕਾਨੂੰਨ 2012 ਬਣਾਇਆ ਗਿਆ ਹੈ ਜਿਸ ਤਹਿਤ ਹੁਣ ਡਿਪਟੀ ਕਮਿਸ਼ਨਰ ਤੋਂ ਲੈ ਕੇ ਨਾਇਬ ਤਹਿਸੀਲਦਾਰ ਤੱਕ ਮਾਲ ਅਧਿਕਾਰੀਆਂ ਨੂੰ ਅਧਿਕਾਰ ਦਿੱਤੇ ਗਏ ਹਨ।

ਇਸ ਤੋਂ ਇਲਾਵਾ ਪਰਵਾਸੀ ਪੰਜਾਬੀਆਂ ਦੇ ਸਿਵਲ ਕੇਸਾਂ ਲਈ ਜਲੰਧਰ ਵਿਖੇ ਵਿਸ਼ੇਸ਼ ਐਨ.ਆਰ.ਆਈ. ਕੋਰਟ ਸਥਾਪਤ ਕੀਤੀ ਗਈ ਹੈ ਤੇ ਦੋ ਹੋਰ ਅਦਾਲਤਾਂ ਦੀ ਛੇਤੀ ਸਥਾਪਨਾ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸਨਅਤੀ ਤੇ ਰਿਹਾਇਸ਼ੀ ਪਲਾਟਾਂ ਦੀ ਅਲਾਟਮੈਂਟ ਵਿਚ ਪਰਵਾਸੀ ਪੰਜਾਬੀਆਂ ਲਈ 10 ਫੀਸਦੀ ਦਾ ਰਾਖਵਾਂ ਕੋਟਾ ਰੱਖਿਆ ਗਿਆ ਹੈ। ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਸਰਕਾਰ ਦੀ ਇਹ ਪਹਿਲ ਪਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਵਿਚ ਅਹਿਮ ਭੂਮਿਕਾ ਨਿਭਾਏਗੀ। ਸਰਕਾਰ ਦਾ ਉਦੇਸ਼ ਪਰਵਾਸੀ ਪੰਜਾਬੀਆਂ ਦੇ ਮਸਲਿਆਂ ਦਾ ਹੱਲ ਕਰਨਾ ਹੈ। ਇਸ ਮੌਕੇ ਮੁੱਖ ਮੰਤਰੀ ਨੇ ਪਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਪਰਵਾਸੀ ਮਾਮਲੇ ਮੰਤਰੀ ਜਥੇਦਾਰ ਤੋਤਾ ਸਿੰਘ ਨੂੰ ਮਾਮਲਿਆਂ ਦੀ ਸਮਾਂਬੱਧ ਸਮੀਖਿਆ ਕਰਨ ਲਈ ਕਿਹਾ।

## ਐਨ.ਆਰ.ਆਈ. ਸੈਲ ਦੀ ਸਿਆਸੀ ਦਖ਼ਲਅੰਦਾਜ਼ੀ ਤੋਂ ਮੁਕਤੀ ਲਾਜ਼ਮੀ: ਸੰਧੂ

ਐਲਬਰਟਾ (ਕੈਨੇਡਾ) ਤੋਂ ਵਿਧਾਇਕ ਪੀਟਰ ਸੰਧੂ ਨੇ ਕਿਹਾ ਕਿ ਜਿੰਨਾ ਚਿਰ ਐਨ.ਆਰ.ਆਈ. ਸੈੱਲ ਸਿਆਸੀ ਦਖ਼ਲ-ਅੰਦਾਜ਼ੀ ਤੋਂ ਮੁਕਤ ਨਹੀਂ ਹੁੰਦਾਂ ਉਦੋਂ ਤੱਕ ਜ਼ਮੀਨਾਂ ਸਮੇਤ ਹੋਰ ਮਸਲੇ ਹੱਲ ਹੋਣੇ ਮੁਸ਼ਕਲ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਭਾਵੇਂ ਪਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਲਈ ਵੱਡੀਆਂ ਕੋਸ਼ਿਸ਼ਾਂ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਜ਼ਮੀਨੀ ਪੱਧਰ 'ਤੇ ਕੁਝ ਨਹੀਂ ਹੋ ਰਿਹਾ। ਪੁਲਿਸ ਮਸਲੇ ਦਾ ਹੱਲ ਕੱਢਣ ਦੀ ਥਾਂ ਪੀੜਤਾਂ ਨੂੰ ਹੋਰ ਉਲਝਾਉਣ ਵਿਚ ਲੱਗੀ ਹੋਈ ਹੈ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜ਼ਮੀਨਾਂ ਦੀ ਤਕਸੀਮ ਲਈ ਵਿਸ਼ੇਸ਼ ਮੁਹਿੰਮ ਵਿੱਢਣ ਤੇ ਸਾਰੇ ਜ਼ਿਲ੍ਹਿਆਂ ਵਿਚ ਵੱਖਰੇ ਐਨ.ਆਰ.ਆਈ. ਸੈੱਲ ਸਥਾਪਤ ਕਰਨ ਦਾ ਵੀ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਥਾਣਿਆਂ ਵਿਚ ਪਰਵਾਸੀ ਪੰਜਾਬੀਆਂ 'ਤੇ ਅਧਾਰਤ ਪੰਜ ਮੈਂਬਰੀ ਕਮੇਟੀ ਵੀ ਬਣਾਈ ਜਾਵੇਗੀ ਤਾਂ ਜੋ ਅਜਿਹੇ ਝਗੜਿਆਂ ਨੂੰ ਆਪਸੀ ਰਜ਼ਾਮੰਦੀ ਨਾਲ ਹੱਲ ਕੀਤਾ ਜਾ ਸਕੇ।

## ਭਗੌੜੇ ਪਰਵਾਸੀਆਂ ਲਈ ਵਿਸ਼ੇਸ਼ ਕਮੇਟੀ ਦਾ ਭਰੋਸਾ

ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਗੌੜੇ ਕਰਾਰ ਦਿੱਤੇ ਪੰਜਾਬੀ ਪਰਵਾਸੀਆਂ ਦੇ ਕੇਸਾਂ ਉੱਤੇ ਗ੍ਰਹਿ ਸਕੱਤਰ ਨੂੰ ਸਮੀਖਿਆ ਕਰਨ ਤੇ ਜ਼ਮੀਨਾਂ ਦੀ ਤਕਸੀਮ ਲਈ ਵਿਸ਼ੇਸ਼ ਮੁਹਿੰਮ ਵਿੱਢਣ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਗ੍ਰਹਿ ਸਕੱਤਰ ਨੂੰ ਸੂਬੇ ਦੇ ਭਗੌੜੇ ਕਰਾਰ ਦਿੱਤੇ ਪਰਵਾਸੀ ਪੰਜਾਬੀਆਂ ਦੇ ਕੇਸਾਂ ਦੀ ਮੁੜ ਪੜਤਾਲ ਕਰਨ ਦੀ ਹਦਾਇਤ ਕੀਤੀ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪਰਵਾਸੀ ਪੰਜਾਬੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ 38 ਐਨ.ਆਰ.ਆਈ. ਨੰਬਰਦਾਰ ਨਾਮਜ਼ਦ ਕੀਤੇ ਗਏ ਤੇ ਵਿਆਹ ਰਜਿਸਟਰੇਸ਼ਨ ਲਈ ਕਾਨੂੰਨ ਵਿਚ ਸੋਧ ਕਰਕੇ ਪੰਜਾਬ ਵਿਆਹ ਰਜਿਸਟ੍ਰੇਸ਼ਨ ਕਾਨੂੰਨ 2012 ਬਣਾਇਆ ਗਿਆ ਹੈ ਜਿਸ ਤਹਿਤ ਹੁਣ ਡਿਪਟੀ ਕਮਿਸ਼ਨਰ ਤੋਂ ਲੈ ਕੇ ਨਾਇਬ ਤਹਿਸੀਲਦਾਰ ਤੱਕ ਮਾਲ ਅਧਿਕਾਰੀਆਂ ਨੂੰ ਅਧਿਕਾਰ ਦਿੱਤੇ ਗਏ ਹਨ।

# ਵਾਜਪਾਈ ਤੇ ਮਾਲਵੀਆ ਨੂੰ ਭਾਰਤ ਰਤਨ ਦੇਣ ਦਾ ਐਲਾਨ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਤੇ ਮਰਹੂਮ ਆਜ਼ਾਦੀ ਘੁਲਾਟੀਏ ਤੇ ਹਿੰਦੂ ਮਹਾਂਸਭਾ ਦੇ ਆਗੂ ਮਦਨ ਮੋਹਨ ਮਾਲਵੀਆ ਨੂੰ ਦੇਸ਼ ਦੇ ਸਰਵਉੱਚ ਭਾਰਤ ਰਤਨ ਪੁਰਸਕਾਰਾਂ ਲਈ ਚੁਣਿਆ ਗਿਆ। ਉਹ ਇਹ ਪੁਰਸਕਾਰ ਲੈਣ ਵਾਲੇ ਦੇਸ਼ ਦੀ 44ਵੀਂ ਹਸਤੀ ਬਣ ਗਏ ਹਨ। ਰਾਸ਼ਟਰਪਤੀ ਭਵਨ ਵੱਲੋਂ ਜਾਰੀ ਸੁਨੇਹੇ ਵਿਚ ਕਿਹਾ ਗਿਆ ਹੈ ਕਿ ਸ੍ਰੀ ਮਦਨ ਮੋਹਨ ਮਾਲਵੀਆ (ਮਰਨ ਉਪਰੰਤ) ਨੂੰ ਤੇ ਸ੍ਰੀ ਅਟੱਲ ਬਿਹਾਰੀ ਵਾਜਪਾਈ ਨੂੰ ਭਾਰਤ ਰਤਨ ਪੁਰਸਕਾਰ ਦੇਣ ਵਿਚ ਖੁਸ਼ੀ ਮਹਿਸੂਸ ਕਰਦੇ ਹਨ।

ਇਸ ਨਾਲ ਹੁਣ ਤੱਕ ਇਹ ਪੁਰਸਕਾਰ ਲੈਣ



ਵਾਲਿਆਂ ਦੀ ਗਿਣਤੀ 45 ਹੋ ਗਈ ਹੈ। 1998 ਤੋਂ 2004 ਤੱਕ ਸੱਤਾ ਵਿਚ ਰਹੇ ਭਾਜਪਾ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਵਾਜਪਾਈ ਆਪਸੀ ਸਹਿਮਤੀ ਵਾਲੀ ਸਿਆਸਤ ਲਈ ਜਾਣੇ ਜਾਂਦੇ ਰਹੇ ਹਨ। ਉਹ ਸ਼ਾਇਰ ਵੀ ਹਨ। ਬਨਾਰਸ ਹਿੰਦੂ ਯੂਨੀਵਰਸਿਟੀ ਦੇ ਬਾਨੀ ਮਦਨ ਮੋਹਨ ਮਾਲਵੀਆ ਆਜ਼ਾਦੀ ਸੰਘਰਸ਼ ਦੇ ਮੋਹਰੀ ਤੇ ਉਦਾਰ ਤੇ ਇੰਤਹਾਪਸੰਦਾਂ ਵਿਚਾਲੇ ਪੁਲ ਵਜੋਂ ਕੰਮ ਕਰਦੇ ਰਹੇ ਹਨ। ਕਾਂਗਰਸ ਨੇ ਇਸ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਸ ਪ੍ਰਗਟਾਈ ਹੈ ਕਿ ਕੇਂਦਰ ਇਨ੍ਹਾਂ ਵੱਲੋਂ ਦਿਖਾਏ 'ਰਾਜਧਰਮ' ਉਤੇ ਵੀ ਖਰੀ ਉਤਰੇਗੀ। ਕਾਂਗਰਸ ਦੇ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਅਜੈ ਮਾਕਨ ਨੇ ਇਹ ਟਿੱਪਣੀ ਕੀਤੀ। ਉਨ੍ਹਾਂ ਦਾ ਇਸ਼ਾਰਾ 2002 ਵਿਚ ਗੋਧਰਾ ਕਾਂਡ ਮਗਰੋਂ ਸ੍ਰੀ ਵਾਜਪਾਈ ਦੀ ਮੋਦੀ ਨੂੰ ਦਿੱਤੀ ਨਸੀਹਤ ਵੱਲ ਸੀ।

# ਸਰਕਾਰ ਨੇ ਕਿਸਾਨ ਖੁਦਕੁਸ਼ੀਆਂ ਦੇ ਮਾਮਲੇ ਬਾਰੇ ਕੰਨ ਲਪੇਟੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਿਸਾਨ ਖ਼ੁਦਕੁਸ਼ੀਆਂ ਮਾਮਲੇ ਵਿਚ ਜ਼ਰਾ ਜਿੰਨੀ ਵੀ ਗੰਭੀਰਤਾ ਨਹੀਂ ਵਿਖਾਈ। ਪੰਜਾਬ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਭਰੋਸਾ ਦਿਵਾਇਆ ਸੀ ਕਿ ਕਰਜ਼ਿਆਂ ਕਾਰਨ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਰਾਹਤ ਪਹੁੰਚਾਉਣ ਲਈ ਇਕ ਵਿਆਪਕ ਯੋਜਨਾ ਤਿਆਰ ਕੀਤੀ ਜਾਵੇਗੀ। ਇਸ ਬਾਰੇ ਇਕ ਨੀਤੀ ਖਰੜਾ ਵੀ ਤਿਆਰ ਕੀਤਾ ਗਿਆ ਸੀ, ਪਰ ਸਰਕਾਰ ਵੱਲੋਂ ਇਸ 'ਤੇ ਹਾਮੀ ਨਹੀਂ ਭਰੀ ਗਈ।

ਪੰਜਾਬ ਸਰਕਾਰ ਨੇ ਨਾ ਤਾਂ ਪੇਂਡੂ ਖੇਤਰਾਂ ਵਿਚ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਤੇ ਬੇਜ਼ਮੀਨੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਬਾਰੇ ਨੀਤੀ ਨੂੰ ਕੋਈ ਅੰਤਿਮ ਰੂਪ ਦਿੱਤਾ ਹੈ ਤੇ ਨਾ ਹੀ ਇਨ੍ਹਾਂ ਖ਼ੁਦਕੁਸ਼ੀਆਂ ਬਾਰੇ ਤਾਜ਼ਾ ਅੰਕੜੇ ਜਾਨਣ ਲਈ ਸਰਵੇਖਣ ਕਰਨ ਲਈ ਪੰਜਾਬ ਦੀਆਂ ਤਿੰਨਾਂ ਯੂਨੀਵਰਸਿਟੀਆਂ ਨੂੰ ਕੋਈ ਰਕਮ ਜਾਰੀ ਕੀਤੀ ਹੈ। ਮਿਲੀਆਂ ਰਿਪੋਰਟਾਂ ਮੁਤਾਬਕ ਇੰਟੈਲੀਜੈਂਸ ਬਿਊਰੋ (ਆਈ.ਬੀ.) ਨੇ ਪੰਜਾਬ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਵਿਚ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੇ ਰੁਝਾਨ ਬਾਰੇ ਕੇਂਦਰ ਸਰਕਾਰ ਨੂੰ ਚੌਕਸ ਕੀਤਾ ਹੈ। ਆਈ.ਬੀ. ਨੇ ਕੇਂਦਰ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਇਸ ਮਸਲੇ ਦਾ ਠੋਸ ਹੱਲ ਲੱਭਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ ਤੇ ਇਸ ਦਿਸ਼ਾ ਵਿਚ ਫੌਰੀ ਕਦਮ ਚੁਕਦਿਆਂ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਇਕ ਅਜਿਹਾ ਸੂਬਾ ਹੈ ਜਿਥੇ ਪਿਛਲੇ ਦੋ ਦਹਾਕਿਆਂ ਦੌਰਾਨ ਵੱਡੀ ਗਿਣਤੀ ਕਿਸਾਨਾਂ ਵੱਲੋਂ ਖ਼ੁਦਕੁਸ਼ੀ ਕਰਨ ਦੇ ਮਾਮਲੇ ਸਾਹਮਣੇ ਆਏ ਹਨ। ਸੂਤਰਾਂ ਅਨੁਸਾਰ ਚਾਰ ਮਹੀਨਿਆਂ ਦੇ ਅੰਦਰ-ਅੰਦਰ ਇਹ ਨੀਤੀ ਤਿਆਰ ਕੀਤੀ ਜਾਣੀ ਸੀ ਜਿਸ ਅਨੁਸਾਰ ਦਸੰਬਰ ਦੇ ਪਹਿਲੇ ਹਫ਼ਤੇ ਤੱਕ ਇਹ ਕੰਮ ਮੁਕੰਮਲ ਕੀਤਾ ਜਾਣਾ ਸੀ, ਪਰ ਅਜੇ ਤੱਕ ਇਹ ਨੀਤੀ ਤਿਆਰ ਨਹੀਂ ਹੋ ਸਕੀ।

**ਮੁਆਵਜ਼ੇ ਤੇ ਸਰਵੇਖਣ ਬਾਰੇ ਨੀਤੀ ਹੀ ਨਾ ਬਣ ਸਕੀ**



ਸੂਬਾ ਸਰਕਾਰ ਨੇ ਹਾਲ ਹੀ ਵਿਚ ਖੇਤੀਬਾੜੀ ਯੂਨੀਵਰਸਿਟੀ ਦੇ ਅਧਿਆਪਕਾਂ ਤੇ ਅਧਿਕਾਰੀਆਂ ਦੀ ਇਕ ਟੀਮ ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਹੋਰ ਰਾਜਾਂ ਵਿਚ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਤੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਤਿਆਰ ਕੀਤੀਆਂ ਗਈਆਂ ਨੀਤੀਆਂ ਦੀ ਜਾਇਜ਼ਾ ਲੈਣ ਲਈ ਭੇਜਿਆ ਹੈ। ਇਸ ਤੋਂ ਪਹਿਲਾਂ ਤਿੰਨ ਯੂਨੀਵਰਸਿਟੀਆਂ ਪੰਜਾਬੀ ਯੂਨੀਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਸੂਬੇ ਦੇ ਸਾਰੇ ਪਿੰਡਾਂ ਵਿਚ ਜਾ ਕੇ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਅੰਕੜੇ ਇਕੱਠੇ ਕਰਨ ਦਾ ਕੰਮ ਸੌਂਪਿਆ ਗਿਆ ਸੀ, ਜਿਨ੍ਹਾਂ ਨੇ ਮਾਰਚ 2011 ਤੱਕ ਇਹ ਅੰਕੜੇ ਇਕੱਠੇ ਕਰਨ ਦਾ ਕੰਮ ਮੁਕੰਮਲ ਕਰ ਲਿਆ ਸੀ।

ਪੰਜਾਬ ਦੇ ਹਲਕਾ ਲਹਿਰਾਗਾਗਾ ਦਾ ਪੂਰਾ ਇਲਾਕਾ ਹੀ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨਾਲ ਭਰਿਆ ਪਿਆ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਬੱਲਰਾਂ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਕਹਾਣੀ ਬਹੁਤ ਦਰਦਨਾਕ ਹੈ। ਇਹ ਖ਼ੁਸ਼ਹਾਲ ਮੰਨੇ ਜਾਂਦੇ ਪੰਜਾਬ ਦਾ ਇਕ ਅਜਿਹਾ ਪਿੰਡ ਹੈ ਜਿਥੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਸੈਂਕੜਾ ਪਾਰ ਕਰ ਚੁੱਕੀਆਂ ਹਨ। ਦੋ ਦਰਜਨ ਤੋਂ ਵੱਧ ਵਿਅਕਤੀ ਪਿੰਡ ਵਿਚੋਂ ਗਾਇਬ ਹਨ, ਜਿਹੜੇ ਵਾਪਸ ਹੀ ਨਹੀਂ ਆਏ। ਸਰਕਾਰ ਨੇ ਸਾਲ 2000 ਤੋਂ ਲੈ ਕੇ ਸਾਲ 2009 ਤੱਕ ਹਲਕਾ ਲਹਿਰਾਗਾਗਾ ਦੇ ਤਕਰੀਬਨ 80 ਪਿੰਡਾਂ ਵਿਚ 395 ਖੇਤ ਮਜ਼ਦੂਰਾਂ ਤੇ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕੀਤੇ ਜਾਣ ਦੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਨੂੰ ਸਹਾਇਤਾ ਵਜੋਂ ਦੋ-ਦੋ ਲੱਖ ਰੁਪਏ ਦੇ ਚੈੱਕ ਦਿੱਤੇ ਗਏ ਹਨ ਜਦੋਂਕਿ ਇਨ੍ਹਾਂ ਪਿੰਡਾਂ ਵਿਚ 2500 ਤੋਂ ਵੀ ਵੱਧ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ।

ਸਰਕਾਰੀ ਸਰਵੇਖਣ ਸਚਾਈ ਤੋਂ ਕੋਹਾਂ ਦੂਰ ਹੀ ਨਹੀਂ ਸਗੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਨਾਲ ਕੀਤਾ ਗਿਆ ਧੋਖਾ ਹੈ ਪਰ ਯੂਨੀਵਰਸਿਟੀਆਂ ਦੀ ਰਿਪੋਰਟ ਨੇ ਰੌਂਗਟੇ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਅਨੁਸਾਰ ਇਸ ਹਲਕੇ ਵਿਚ ਹੁਣ ਤੱਕ ਆਰਥਿਕ ਤੰਗੀਆਂ ਕਾਰਨ 2500 ਤੋਂ ਜ਼ਿਆਦਾ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਝੋਨੇ ਤੇ ਕਣਕ ਦੇ ਸੀਜ਼ਨ ਵਿਚ ਸਭ ਤੋਂ ਵੱਧ ਖ਼ੁਦਕੁਸ਼ੀਆਂ ਕੀਤੀਆਂ ਹਨ। ਭਾਵੇਂ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਆਰਥਿਕ ਮਦਦ ਕਰਨ ਦੀ ਯੋਜਨਾ ਚਲਾਈ ਜਾ ਰਹੀ ਹੈ ਪਰ ਉਹ ਯੂਨੀਵਰਸਿਟੀਆਂ ਦੇ ਸਰਵੇਖਣ ਤੱਕ ਹੀ ਸੀਮਤ ਹੈ।

## ਇਕ ਦਹਾਕੇ ਵਿਚ 6926 ਕਿਸਾਨਾਂ ਨੇ ਮੌਤ ਗਲੇ ਲਾਈ

ਪੰਜਾਬ ਦੀਆਂ ਤਿੰਨੋਂ ਯੂਨੀਵਰਸਿਟੀਆਂ ਵੱਲੋਂ ਇਕੱਤਰ ਕੀਤੇ ਅੰਕੜਿਆਂ ਅਨੁਸਾਰ ਸੂਬੇ ਵਿਚ ਪਿਛਲੇ ਇਕ ਦਹਾਕੇ ਦੌਰਾਨ ਖੇਤੀ ਖੇਤਰ ਵਿਚ ਖੁਦਕੁਸ਼ੀਆਂ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ 6926 ਸੀ, ਜਿਨ੍ਹਾਂ ਵਿਚੋਂ 3954 ਕਿਸਾਨ ਸਨ ਤੇ 2972 ਬੇਜ਼ਮੀਨੇ ਮਜ਼ਦੂਰ ਸਨ। ਇਨ੍ਹਾਂ ਵਿਚੋਂ 74 ਫ਼ੀਸਦੀ ਕਿਸਾਨਾਂ ਤੇ 58.6 ਫੀਸਦੀ ਬੇਜ਼ਮੀਨੇ ਮਜ਼ਦੂਰਾਂ ਨੇ ਭਾਰੀ ਕਰਜ਼ੇ ਕਾਰਨ ਖੁਦਕੁਸ਼ੀ ਕੀਤੀ ਸੀ। ਦੱਸਣਯੋਗ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੀਤੇ ਗਏ ਛੇ ਜ਼ਿਲ੍ਹਿਆਂ, ਜਿਨ੍ਹਾਂ 'ਚ ਮਾਨਸਾ, ਸੰਗਰੂਰ, ਬਰਨਾਲਾ, ਮੋਗਾ, ਲੁਧਿਆਣਾ ਤੇ ਬਠਿੰਡਾ ਸ਼ਾਮਲ ਹਨ, ਦੇ ਸਰਵੇਖਣ ਦੌਰਾਨ 6126 ਕਿਸਾਨ-ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕਰਨ ਦੇ ਮਾਮਲੇ ਸਾਹਮਣੇ ਆਏ ਹਨ ਜਦੋਂਕਿ ਖੁਦਕੁਸ਼ੀਆਂ ਦੇ ਬਾਕੀ 798 ਮਾਮਲੇ ਰਾਜ ਦੇ ਬਾਕੀ ਜ਼ਿਲ੍ਹਿਆਂ ਵਿਚੋਂ ਸਾਹਮਣੇ ਆਏ ਹਨ। ਅਸਲ ਵਿਚ ਇਹ ਛੇ ਜ਼ਿਲ੍ਹੇ ਨਰਮਾ ਪੱਟੀ ਵਾਲੇ ਹਨ, ਜਿਥੇ ਕਰਜ਼ਿਆਂ ਤੋਂ ਪ੍ਰੇਸ਼ਾਨ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਦਾ ਰੁਝਾਨ ਭਾਰੂ ਹੈ। ਹੁਣ ਇਨ੍ਹਾਂ ਵਰਸਿਟੀਆਂ ਨੂੰ ਮਾਰਚ 2013 ਤੱਕ ਦੇ ਅੰਕੜੇ ਇਕੱਠੇ ਕਰਨ ਲਈ ਕਿਹਾ ਗਿਆ ਹੈ।

# ਪੰਜਾਬ ਵਿਚ ਲਾਜ਼ਮੀ ਸਿੱਖਿਆ ਐਕਟ ਦਾ ਨਿਕਲਿਆ ਜਨਾਜ਼ਾ

**ਚੰਡੀਗੜ੍ਹ:** ਪੰਜਾਬ ਵਿਚ 'ਲਾਜ਼ਮੀ ਸਿੱਖਿਆ ਅਧਿਕਾਰ ਐਕਟ 2009 ਦਾ ਜਨਾਜ਼ਾ ਨਿਕਲ ਗਿਆ ਹੈ। ਇਸ ਐਕਟ ਦਾ ਸੈਕਸ਼ਨ 27 ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਲੈਣ ਦੀ ਮਨਾਹੀ ਕਰਦਾ ਹੈ ਪਰ ਪੰਜਾਬ ਸਰਕਾਰ ਇਸ ਦੀ ਰੱਜ ਕੇ ਅਣਦੇਖੀ ਕਰ ਰਹੀ ਹੈ। ਸਰਕਾਰ ਨੇ ਸਕੂਲ ਮਾਸਟਰਾਂ ਦੀ ਡਿਊਟੀ ਤੰਬਾਕੂ ਵੇਚਣ ਵਾਲਿਆਂ ਦੇ ਚਲਾਨ ਕੱਟਣ 'ਤੇ ਲਾ ਦਿੱਤੀ ਹੈ। ਅਜੇ ਕੁਝ ਦਿਨ ਪਹਿਲਾਂ ਹੀ ਸਰਕਾਰ ਨੇ ਸਕੂਲ ਅਧਿਆਪਕਾਂ ਦੀ ਆਟਾ-ਦਾਲ ਸਕੀਮ ਦਾ ਸਰਵੇਖਣ ਕਰਨ ਦੀ ਡਿਊਟੀ ਲਾ ਦਿੱਤੀ ਸੀ। ਇਸ ਤੋਂ ਇਲਾਵਾ ਮਰਦਮਸ਼ੁਮਾਰੀ ਤੇ ਵੋਟਾਂ ਦੀ ਸੁਧਾਈ ਕਰਨ ਦਾ ਕੰਮ ਹਮੇਸ਼ਾਂ ਤੋਂ ਹੀ ਅਧਿਆਪਕਾਂ ਨੂੰ ਦਿੱਤਾ ਜਾਂਦਾ ਰਿਹਾ ਹੈ। ਸਿੱਖਿਆ ਵਿਭਾਗ ਵੱਲੋਂ ਸਕੂਲ ਮੁਖੀਆਂ ਨੂੰ ਚਲਾਨ ਬੁੱਕਾਂ ਭੇਜਕੇ ਤਾਇਨਾਤ ਕੀਤੇ ਗਏ ਅਧਿਆਪਕਾਂ ਦੇ ਨਾਵਾਂ ਦੀ ਸੂਚੀ ਮੰਗ ਲਈ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਸਿੱਖਿਆ ਵਿਭਾਗ ਵੱਲੋਂ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁਖੀਆਂ ਨੂੰ ਭੇਜੇ ਪੱਤਰ ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਸਕੂਲਾਂ ਦੇ 100 ਮੀਟਰ ਦੇ ਘੇਰੇ ਵਿਚ ਤੰਬਾਕੂਯੁਕਤ ਵਸਤਾਂ ਵੇਚਣ 'ਤੇ ਪੂਰਨ ਪਾਬੰਦੀ ਹੈ। ਉਲੰਘਣਾ ਕਰਨ ਵਾਲੇ ਨੂੰ ਦੋ ਸੌ ਰੁਪਏ ਜੁਰਮਾਨਾ ਹੋ ਸਕਦਾ ਹੈ। ਚਲਾਨ ਕਰਨ ਲਈ ਕਲੱਸਟਰ ਪ੍ਰਿੰਸੀਪਲ ਡਿਊਟੀ 'ਤੇ ਲਾਏ ਜਾਣ ਵਾਲੇ ਅਧਿਕਾਰੀ ਕਰਮਚਾਰੀ ਦੇ ਨਾਵਾਂ ਦੀ ਮੋਬਾਈਲ ਨੰਬਰ ਸਮੇਤ ਸੂਚੀ ਭੇਜਣ। ਇਹ ਵੀ ਕਿਹਾ ਗਿਆ ਹੈ ਕਿ ਤੰਬਾਕੂ ਐਕਟ ਦੀ ਪਾਲਣਾ ਹਿਤ ਆਪਣੇ ਅਧੀਨ ਆਉਂਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਵੇ ਤੇ ਐਕਟ ਦੀ ਪੂਰੀ ਜਾਣਕਾਰੀ ਵੀ ਦਿੱਤੀ ਜਾਵੇ। ਡਿਊਟੀ 'ਤੇ ਲਾਏ ਅਧਿਆਪਕਾਂ ਦੇ ਨਾਲ ਸਕੂਲ ਦਾ ਕੋਡ ਨੰਬਰ ਦੱਸਣਾ ਵੀ ਜ਼ਰੂਰੀ ਕੀਤਾ ਗਿਆ ਹੈ। ਸਰਕਾਰ ਦੇ ਇਨ੍ਹਾਂ ਹੁਕਮਾਂ ਦੀ ਪਾਲਣਾ ਪ੍ਰਾਈਵੇਟ ਸਕੂਲ ਵੀ ਕਰਨ ਦੇ ਪਾਬੰਦ ਹਨ। 'ਲਾਜ਼ਮੀ ਸਿੱਖਿਆ ਅਧਿਕਾਰ ਐਕਟ 2009 ਤਹਿਤ ਸਕੂਲ ਅਧਿਆਪਕਾਂ ਤੋਂ ਗੈਰ-ਵਿਦਿਅਕ ਕੰਮ ਲੈਣ 'ਤੇ ਰੋਕ ਹੈ ਪਰ ਪੰਜਾਬ ਸਰਕਾਰ ਵੱਲੋਂ ਇਸ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਅਜੇ ਕੁਝ ਦਿਨ ਪਹਿਲਾਂ ਹੀ ਸਰਕਾਰ ਨੇ ਸਕੂਲ ਅਧਿਆਪਕਾਂ ਦੀ ਆਟਾ-ਦਾਲ ਸਕੀਮ ਦਾ ਸਰਵੇਖਣ ਕਰਨ ਦੀ ਡਿਊਟੀ ਲਾ ਦਿੱਤੀ ਸੀ। ਇਸ ਤੋਂ ਇਲਾਵਾ ਮਰਦਮਸ਼ੁਮਾਰੀ ਤੇ ਵੋਟਾਂ ਦੀ ਸੁਧਾਈ ਕਰਨ ਦਾ ਕੰਮ ਹਮੇਸ਼ਾਂ ਤੋਂ ਹੀ ਅਧਿਆਪਕਾਂ ਨੂੰ ਦਿੱਤਾ ਜਾਂਦਾ ਰਿਹਾ ਹੈ। 'ਰਾਸ਼ਟਰੀ ਮਾਧਿਅਮ ਸਿੱਖਿਆ ਅਭਿਆਨ' ਵੱਲੋਂ ਤਾਜ਼ਾ ਪੱਤਰ ਜਾਰੀ ਕਰਕੇ ਤੰਬਾਕੂ ਵੇਚਣ ਵਾਲਿਆਂ ਦੇ ਚਲਾਨ ਕੱਟਣ ਦੀ ਡਿਊਟੀ ਲਾ ਦਿੱਤੀ ਗਈ ਹੈ।

ਦੱਸਣਯੋਗ ਹੈ ਕਿ ਵਿਦਿਆ ਦਾ ਚਾਨਣ ਫੈਲਾਉਣ ਵਾਲਾ ਪੰਜਾਬ ਦਾ ਸੈਕੰਡਰੀ ਸਿੱਖਿਆ ਵਿਭਾਗ ਪਹਿਲਾਂ ਹੀ ਹਜ਼ਾਰਾਂ ਖਾਲੀ ਅਸਾਮੀਆਂ ਦੇ ਹਨੇਰੇ ਵਿਚ ਡੁੱਬਿਆ ਪਿਆ ਹੈ। ਸੈਕੰਡਰੀ ਸਿੱਖਿਆ ਦੀਆਂ 75,050 ਮਨਜ਼ੂਰਸ਼ੁਦਾ ਗੈਰ-ਯੋਜਨਾ ਆਰਜ਼ੀ ਅਸਾਮੀਆਂ ਵਿਚੋਂ 22,916 ਅਸਾਮੀਆਂ ਪਿਛਲੇ ਲੰਮੇ ਸਮੇਂ ਤੋਂ ਖਾਲੀ ਹਨ। ਇਸੇ ਤਰ੍ਹਾਂ ਸੈਕੰਡਰੀ ਸਿੱਖਿਆ ਵਿਭਾਗ ਵਿਚ 31 ਫੀਸਦੀ ਅਸਾਮੀਆਂ ਖਾਲੀ ਹਨ। ਸਿੱਖਿਆ ਵਿਭਾਗ ਟੀਚਿੰਗ ਤੇ ਨਾਨ ਟੀਚਿੰਗ ਦੀਆਂ ਕੁੱਲ 75,050 ਅਸਾਮੀਆਂ ਦੀ ਥਾਂ 52,134 ਅਧਿਆਪਕਾਂ ਤੇ ਮੁਲਾਜ਼ਮਾਂ ਨਾਲ ਹੀ ਬੁੱਤਾ ਸਾਰ ਰਿਹਾ ਹੈ। ਲੇਖਾ ਮੱਦ 2202-ਜਨਰਲ ਸਿੱਖਿਆ-02-ਸੈਕੰਡਰੀ ਸਿੱਖਿਆ-109 ਦੀਆਂ ਗੈਰ-ਯੋਜਨਾ ਮਨਜ਼ੂਰਸ਼ੁਦਾ 74,660 ਅਸਾਮੀਆਂ ਵਿਚੋਂ 22,756 ਅਸਾਮੀਆਂ ਖਾਲੀ ਹਨ।

ਅਧਿਆਪਕ ਯੋਗਤਾ ਟੈਸਟ ਪਾਸ ਸੈਂਕੜੇ ਅਧਿਆਪਕਾਂ ਸਮੇਤ ਹੋਰ ਵੱਖ-ਵੱਖ ਵਰਗਾਂ ਦੇ ਬੇਰੁਜ਼ਗਾਰ ਸਾਲਾਂ ਤੋਂ ਟੈਂਕੀਆਂ ਉਪਰ ਚੜ੍ਹ ਤੇ ਸੜਕਾਂ ਜਾਮ ਕਰਕੇ ਰੁਜ਼ਗਾਰ ਦੇਣ ਲਈ ਤਰਲੇ ਮਾਰ ਰਹੇ ਹਨ ਪਰ ਸਰਕਾਰ ਹਜ਼ਾਰਾਂ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਨਵੀਂ ਭਰਤੀ ਕਰਨ ਤੋਂ ਅਸਮਰੱਥ ਹੈ। ਹੈੱਡਮਾਸਟਰਾਂ ਦੀਆਂ ਕੁੱਲ 1247 ਅਸਾਮੀਆਂ ਵਿਚੋਂ 716 ਅਸਾਮੀਆਂ ਖਾਲੀ ਪਈਆਂ ਹਨ। ਇਸ ਤਰ੍ਹਾਂ ਸਰਕਾਰ ਸੈਕੰਡਰੀ ਸਿੱਖਿਆ ਨੂੰ ਹੈੱਡਮਾਸਟਰਾਂ ਦੀਆਂ 57 ਫੀਸਦੀ ਖਾਲੀ ਅਸਾਮੀਆਂ ਨਾਲ ਹੀ ਰੇੜ੍ਹ ਰਹੀ ਹੈ।

### ਤੰਬਾਕੂ ਵੇਚਣ ਵਾਲਿਆਂ ਦੇ ਚਲਾਨ ਦਾ ਜ਼ਿੰਮਾ ਵੀ ਮਾਸਟਰਾਂ ਸਿਰ




### ਮਾਸਟਰਾਂ ਤੋਂ ਮਜਬੂਰੀਵੱਸ ਥੋੜ੍ਹੇ-ਬਹੁਤ ਕੰਮ ਲੈਣੇ ਹੀ ਪੈਂਦੇ: ਚੀਮਾ



ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਤੰਬਾਕੂ ਵੇਚਣ ਵਾਲਿਆਂ ਦੇ ਚਲਾਨ ਕੱਟਣ ਲਈ ਅਧਿਆਪਕਾਂ ਦੀ ਡਿਊਟੀ ਲਾਏ ਜਾਣ ਪ੍ਰਤੀ ਅਣਜਾਣਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਲੈਣ ਤੋਂ ਸੰਕੋਚ ਕੀਤਾ ਜਾ ਰਿਹਾ ਹੈ ਪਰ ਕਈ ਵਾਰ ਮਜਬੂਰੀਵੱਸ ਥੋੜ੍ਹੇ-ਬਹੁਤ ਕੰਮ ਲੈਣੇ ਪੈ ਰਹੇ ਹਨ। ਸਿਹਤ ਵਿਭਾਗ ਦੇ ਡਾਇਰੈਕਟਰ ਡਾ. ਕਰਨਜੀਤ ਸਿੰਘ ਨੇ ਕਿਹਾ ਕਿ ਸਿੱਖਿਆ ਵਿਭਾਗ ਦੇ ਅਧਿਆਪਕਾਂ ਨੂੰ ਤੰਬਾਕੂ ਵਿਰੋਧੀ ਮੁਹਿੰਮ ਵਿਚ ਨੋਡਲ ਅਫ਼ਸਰ ਦੀ ਡਿਊਟੀ ਦਿੱਤੀ ਗਈ ਹੈ।

### ਕੌਮੀ ਕਮਿਸ਼ਨ ਵਲੋਂ ਸਰਕਾਰ ਦੀ ਜੁਆਬਤਲਬੀ

'ਨੈਸ਼ਨਲ ਡੈਮੋਕਰੈਟਿਕ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ' ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਲੈਣ ਕਰਕੇ ਔਖਾ ਹੈ। ਕਮਿਸ਼ਨ ਨੇ ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਲੈਣ ਲਈ ਸਿੱਖਿਆ ਵਿਭਾਗ ਦੇ ਸਕੱਤਰ ਦੀ ਜੁਆਬਤਲਬੀ ਕਰ ਲਈ ਹੈ ਤੇ ਕਾਰਵਾਈ ਰਿਪੋਰਟ ਪੰਦਰਾਂ ਦਿਨਾਂ ਵਿਚ ਦੇਣ ਲਈ ਕਿਹਾ ਹੈ। ਇਸ ਤੋਂ ਪਹਿਲਾਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਗੁਰਪ੍ਰੀਤ ਸਿੰਘ ਨੇ ਨੈਸ਼ਨਲ ਕਮਿਸ਼ਨ ਕੋਲ ਪਟੀਸ਼ਨ ਦਾਇਰ ਕਰਕੇ ਪੰਜਾਬ ਸਰਕਾਰ 'ਤੇ ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਲੈਣ ਦਾ ਦੋਸ਼ ਲਾਇਆ ਸੀ। 'ਲਾਜ਼ਮੀ ਸਿੱਖਿਆ ਐਕਟ 2009 ਦਾ ਸੈਕਸ਼ਨ 27 ਪ੍ਰੋਟੈਕਸ਼ਨ ਆਫ ਡਿਪਲਾਇਮੈਂਟ ਆਫ ਟੀਚਰਜ਼ ਟੂ ਨਾਨ-ਐਜੂਕੇਸ਼ਨਲ ਪਰਪਜ਼ ਅਧਿਆਪਕਾਂ ਤੋਂ ਗੈਰ- ਵਿੱਦਿਅਕ ਕੰਮ ਲੈਣ ਦੀ ਮਨਾਹੀ ਕਰਦਾ ਹੈ। ਪਟੀਸ਼ਨ ਵਿਚ ਦੱਸਿਆ ਗਿਆ ਹੈ ਕਿ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਨੇ ਵੀ 29 ਅਕਤੂਬਰ 2014 ਨੂੰ ਡਿਪਟੀ ਕਮਿਸ਼ਨਰਾਂ ਨੂੰ ਇਕ ਪੱਤਰ ਭੇਜਕੇ ਮਾਸਟਰਾਂ ਤੋਂ ਗੈਰ-ਵਿੱਦਿਅਕ ਕੰਮ ਲੈਣ 'ਤੇ ਰੋਕ ਲਾ ਦਿੱਤੀ ਸੀ ਪਰ ਇਸ ਦੇ ਬਾਵਜੂਦ ਸਰਕਾਰ ਉਨ੍ਹਾਂ ਨੂੰ ਅਜਿਹੇ ਕੰਮ ਲਗਾਤਾਰ ਲੈ ਰਹੀ ਹੈ। ਕਮਿਸ਼ਨ ਨੇ ਪਟੀਸ਼ਨ 'ਤੇ ਕਾਰਵਾਈ ਕਰਦੇ ਹੋਏ ਸਿੱਖਿਆ ਸਕੱਤਰ ਤੋਂ ਕਾਰਵਾਈ ਰਿਪੋਰਟ ਮੰਗ ਲਈ ਹੈ।

## ਲਹਿੰਦੇ ਪੰਜਾਬ ਵਿਚ ਅਤਿਵਾਦੀਆਂ ਵਿਰੁਧ ਸਖਤੀ ਦੀ ਤਿਆਰੀ

**ਲਾਹੌਰ:** ਪਾਕਿਸਤਾਨ ਸਰਕਾਰ ਵੱਲੋਂ ਪਾਬੰਦੀਸ਼ੁਦਾ ਅਤਿਵਾਦੀ ਜਥੇਬੰਦੀਆਂ ਤੇ ਉਨ੍ਹਾਂ ਮਦਰੱਸਿਆਂ ਵਿਰੁੱਧ ਸਖ਼ਤੀ ਕੀਤੇ ਜਾਣ ਦੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ ਜੋ ਪੰਜਾਬ ਸੂਬੇ ਵਿਚ ਅਤਿਵਾਦ ਫੈਲਾ ਰਹੀਆਂ ਹਨ। ਇਹ ਕਾਰਵਾਈ ਅਤਿਵਾਦ ਨੂੰ ਮੂਲੋਂ ਹੀ ਖ਼ਤਮ ਕਰਨ ਦੇ ਮਨਸ਼ੇ ਤਹਿਤ ਕੀਤੀ ਜਾ ਰਹੀ ਹੈ।


ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਆਪਣੇ ਭਾਸ਼ਣ ਵਿਚ ਪਹਿਲੀ ਵਾਰ ਸਵੀਕਾਰ ਕੀਤਾ ਕਿ ਪੰਜਾਬ ਵਿਚ ਅਤਿਵਾਦੀਆਂ ਦੀ ਹਾਜ਼ਰੀ ਹੈ। ਖ਼ੁਫ਼ੀਆ ਰਿਪੋਰਟਾਂ ਅਨੁਸਾਰ 10 ਫੀਸਦੀ ਮਦਰੱਸੇ ਅਤਿਵਾਦੀ ਗਤੀਵਿਧੀਆਂ ਵਿਚ ਸ਼ੁਮਾਰ ਹਨ। ਪੰਜਾਬ ਪੀ.ਪੀ.ਪੀ. ਦੇ ਆਗੂ, ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਸਰਕਾਰ ਦੇ ਅਤਿਵਾਦੀ ਜਥੇਬੰਦੀ ਲਸ਼ਕਰ-ਇ-ਝੰਗਵੀ ਨਾਲ ਗੂੜ੍ਹੇ ਸਬੰਧ ਦੱਸਦੇ ਹਨ। ਇਸੇ ਦੌਰਾਨ ਸੁਰੱਖਿਆ ਏਜੰਸੀਆਂ ਨੇ ਲਾਹੌਰ ਵਿਚ ਕੋਟ ਲੱਖਪਤ ਜੇਲ੍ਹ 'ਤੇ ਅਤਿਵਾਦੀ ਹਮਲੇ ਦੀ ਸਾਜ਼ਿਸ਼ ਠੁੱਸ ਕਰ ਦਿੱਤੀ। ਇਸ ਜੇਲ੍ਹ ਵਿਚ ਬਹੁਤ ਸਾਰੇ ਮੌਤ ਦੀ ਸਜ਼ਾ ਵਾਲੇ ਅਤਿਵਾਦੀ ਬੰਦ ਹਨ। ਇਸ ਬਾਰੇ ਦੋ ਔਰਤਾਂ ਸਣੇ ਤਿੰਨ ਜਣੇ ਗ੍ਰਿਫਤਾਰ ਕੀਤੇ ਗਏ ਹਨ। ਜੇਲ੍ਹ ਨਾਲ ਲੱਗਦੀ ਫਰੀਦਕੋਟ ਕਲੋਨੀ ਵਿਚੋਂ ਇਨ੍ਹਾਂ ਗ੍ਰਿਫਤਾਰੀਆਂ ਦੇ ਨਾਲ-ਨਾਲ ਪਾਕਿ ਫੌਜ ਦੀਆਂ ਵਰਦੀਆਂ, ਰਾਕੇਟ ਲਾਂਚਰ, ਗੰਨਾਂ, ਤੀਰ-ਕਮਾਨ ਤੇ ਹੋਰ ਸਾਮਾਨ ਵੀ ਮਿਲਿਆ ਹੈ। ਇਨ੍ਹਾਂ ਲੋਕਾਂ ਦੇ ਹੋਰ ਸੰਪਰਕਾਂ ਬਾਰੇ ਵੀ ਛਾਣ-ਬੀਣ ਕੀਤੀ ਜਾ ਰਹੀ ਹੈ।

## ਦੋ ਭਾਰਤੀ ਪਰਿਵਾਰਾਂ ਵੱਲੋਂ ਹਿਊਸਟਨ 'ਵਰਸਿਟੀ ਨੂੰ ਵਿੱਤੀ ਮਦਦ

**ਹਿਊਸਟਨ:** ਦੋ ਭਾਰਤੀ ਪਰਿਵਾਰਾਂ ਨੇ ਯੂਨੀਵਰਸਿਟੀ ਆਫ ਹਿਊਸਟਨ ਕੈਂਪਸ ਵਿਚ ਰਿਸਰਚ ਤੇ ਇੰਜਨੀਅਰਿੰਗ ਦੀ ਨਵੀਂ ਇਮਾਰਤ ਲਈ ਵਿੱਤੀ ਮਦਦ ਦਿੱਤੀ ਹੈ। ਇਸ ਇਮਾਰਤ ਵਿਚ ਕੈਂਪਸ ਵਿਚਲੇ ਵਿਭਾਗਾਂ ਦੇ ਖੋਜੀਆਂ ਲਈ ਮੁੱਢਲੀਆਂ ਸਹੂਲਤਾਂ, ਅਤਿ ਐਡਵਾਂਸ ਕੰਪਿਊਟਰਿੰਗ ਸਹੂਲਤ, ਨਿਊਕਲੀਅਰ ਮੈਗਨੈਟਿਕ ਰੈਜ਼ੋਨੈਂਸ ਸਪੈਕਟਰੋਮੀਟਰ ਲੈਬ ਸਹੂਲਤਾਂ ਮਿਲਣਗੀਆਂ। ਪੰਜ ਕਰੋੜ 10 ਲੱਖ ਡਾਲਰ ਨਾਲ ਬਣਨ ਵਾਲੀ ਇਮਾਰਤ ਦੀ ਉਸਾਰੀ ਜਲਦੀ ਸ਼ੁਰੂ ਹੋ ਰਹੀ ਹੈ ਤੇ 2016 ਵਿਚ ਪੜ੍ਹਾਈ ਸ਼ੁਰੂ ਹੋ ਜਾਏਗੀ। ਵਰਸਿਟੀ ਨੂੰ ਇਹ ਰਾਸ਼ੀ ਮਹਿਤਾ ਪਰਿਵਾਰ ਅਤੇ ਦੁਰਗਾ ਅਗਰਵਾਲ ਤੇ ਉਸ ਦੀ ਪਤਨੀ ਸੁਸ਼ੀਲਾ ਨੇ ਦਿੱਤੀ ਹੈ।

## ਰਾਹੁਲ ਦੇ ਚਹੇਤੇ ਰਾਜਾ ਵੜਿੰਗ ਯੂਥ ਕਾਂਗਰਸ ਦੇ ਨਵੇਂ ਪ੍ਰਧਾਨ

**ਨਵੀਂ ਦਿੱਲੀ:** ਕਾਂਗਰਸ ਨੇ ਪੰਜਾਬ ਤੋਂ ਪਾਰਟੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਰਾਜੀਵ ਸਾਤਵ ਦੀ ਥਾਂ ਇੰਡੀਅਨ ਯੂਥ ਕਾਂਗਰਸ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਸ੍ਰੀ ਸਾਤਵ ਮਹਾਰਾਸ਼ਟਰ ਤੋਂ ਐਮ.ਪੀ. ਹਨ। ਪਾਰਟੀ ਦੇ ਜਨਰਲ ਸਕੱਤਰ ਜਨਾਰਦਨ ਦਿਵੇਦੀ ਨੇ ਇਕ ਬਿਆਨ ਵਿਚ ਕਿਹਾ ਕਿ "ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਰਾਜਾ ਵੜਿੰਗ ਵਿਧਾਇਕ (ਪੰਜਾਬ) ਨੂੰ ਇੰਡੀਅਨ ਯੂਥ ਕਾਂਗਰਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।" ਮਹਾਰਾਸ਼ਟਰ ਵਿਚ ਹਿੰਗੋਲੀ ਤੋਂ ਐਮ.ਪੀ. ਰਾਜੀਵ ਸਾਤਵ ਦੀ ਪ੍ਰਧਾਨਗੀ ਦਾ ਕਾਰਜਕਾਲ ਸਾਲ ਪਹਿਲਾਂ ਹੀ ਖ਼ਤਮ ਹੋ ਗਿਆ ਸੀ। ਰਾਜਾ ਵੜਿੰਗ ਯੂਥ ਕਾਂਗਰਸ ਦੇ ਜਨਰਲ ਸਕੱਤਰ ਰਹਿ ਚੁੱਕੇ ਹਨ ਤੇ ਉਹ ਪੰਜਾਬ ਕਾਂਗਰਸ ਕਮੇਟੀ ਵਿਚ ਵੀ ਵੱਖ-ਵੱਖ ਅਹੁਦਿਆਂ 'ਤੇ ਰਹੇ ਹਨ। ਗਿੱਦੜਬਾਹਾ ਹਲਕੇ ਤੋਂ 37 ਸਾਲਾ ਵਿਧਾਇਕ ਰਾਜਾ ਵੜਿੰਗ ਨੇ ਆਖਿਆ ਕਿ ਉਨ੍ਹਾਂ ਦੀ ਵੱਡੀ ਗਿਣਤੀ ਵਿਚ ਮੈਂਬਰਸ਼ਿਪ ਵਧਾ ਕੇ ਜਥੇਬੰਦੀ ਨੂੰ ਬੂਥ ਪੱਧਰ 'ਤੇ ਮਜ਼ਬੂਤ ਬਣਾਉਣਾ ਫੌਰੀ ਤਰਜੀਹ ਹੋਵੇਗੀ ਤੇ ਉਹ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕਰਨ ਲਈ ਵੱਡੇ ਪ੍ਰੋਗਰਾਮ ਚਲਾਉਣਗੇ।



# ਕਬੱਡੀ ਕੱਪ ਟਰਾਂਸਪੋਰਟ ਘਪਲੇ ਦੀ ਜਾਂਚ 'ਤੇ ਵਫਾਦਾਰੀ ਦਾ ਪੋਚਾ

## ਲਿਹਾਜ਼ੀ ਆਗੂਆਂ ਦੇ ਨਾਂ ਸਾਹਮਣੇ ਆਉਣ ਪਿੱਛੋਂ ਰੁਕੀ ਜਾਂਚ

**ਬਠਿੰਡਾ:** ਦੂਜੇ ਵਿਸ਼ਵ ਕਬੱਡੀ ਕੱਪ ਵਿਚ ਹੋਏ ਲੱਖਾਂ ਰੁਪਏ ਦੇ ਘਪਲੇ ਦੀ ਪੜਤਾਲ ਤੋਂ ਪੰਜਾਬ ਸਰਕਾਰ ਟਾਲਾ ਵੱਟ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਘਪਲੇ ਵਿਚ ਸਰਕਾਰ ਦੇ ਕਈ ਵਫਾਦਾਰ ਅਧਿਕਾਰੀਆਂ ਤੇ ਆਗੂਆਂ ਦੀ ਮਿਲੀਭੁਗਤ ਹੈ ਜਿਸ ਕਾਰਨ ਸਰਕਾਰ ਇਸ ਮਾਮਲੇ ਨੂੰ ਰਫਾ-ਦਫਾ ਕਰਨ ਵਿਚ ਲੱਗੀ ਹੋਈ ਹੈ। ਦੱਸਣਯੋਗ ਹੈ ਕਿ ਬਠਿੰਡਾ ਜ਼ਿਲ੍ਹੇ ਵਿਚ ਟਰਾਂਸਪੋਰਟ ਅਫਸਰਾਂ ਨਾਲ ਮਿਲ ਕੇ ਪ੍ਰਾਈਵੇਟ ਬੱਸ ਮਾਲਕਾਂ ਨੇ ਸਰਕਾਰੀ ਖ਼ਜ਼ਾਨੇ ਨੂੰ ਰਗੜਾ ਲਾਇਆ ਸੀ। ਜਿਨ੍ਹਾਂ ਬੱਸਾਂ ਵਿਚ ਕਬੱਡੀ ਕੱਪ ਵਾਸਤੇ ਦਰਸ਼ਕਾਂ ਨੂੰ ਢੋਇਆ ਦਿਖਾਇਆ ਗਿਆ, ਉਹ ਬੱਸਾਂ ਨਹੀਂ ਬਲਕਿ ਸਕੂਟਰਾਂ ਦੇ ਨੰਬਰ ਸਨ। ਸਕੂਟਰਾਂ ਤੇ ਮੋਟਰ ਸਾਈਕਲਾਂ ਦੇ ਰਜਿਸਟ੍ਰੇਸ਼ਨ ਨੰਬਰ ਕਾਗਜ਼ਾਂ ਵਿਚ ਦਿਖਾ ਕੇ ਬੱਸਾਂ ਦੀ ਅਦਾਇਗੀ ਲੈ ਲਈ।




ਆਰ.ਟੀ.ਆਈ. ਤਹਿਤ ਬੇਪਰਦ ਹੋਏ ਇਸ ਘਪਲੇ ਦੀ ਪੜਤਾਲ ਕਰਨ ਵਾਸਤੇ ਪੰਜਾਬ ਸਰਕਾਰ ਤੇ ਵਿਜੀਲੈਂਸ ਬਿਊਰੋ ਪੰਜਾਬ ਨੂੰ 30 ਨਵੰਬਰ 2013 ਨੂੰ ਸ਼ਿਕਾਇਤ ਭੇਜੀ ਸੀ। ਵਿਜੀਲੈਂਸ ਬਿਊਰੋ ਦੇ ਮੁੱਖ ਡਾਇਰੈਕਟਰ ਨੇ ਤਿੰਨ ਜਨਵਰੀ 2014 ਨੂੰ ਪੱਤਰ (ਨੰਬਰ 399 ਅਬ,ਐਸ 11) ਭੇਜ ਕੇ ਟਰਾਂਸਪੋਰਟ ਵਿਭਾਗ ਨੂੰ ਇਸ ਮਾਮਲੇ ਦੀ ਪੜਤਾਲ ਕਰਨ ਵਾਸਤੇ ਆਖਿਆ ਸੀ। ਟਰਾਂਸਪੋਰਟ ਵਿਭਾਗ, ਪੰਜਾਬ ਦੇ ਪ੍ਰਮੁੱਖ ਸਕੱਤਰ ਨੇ ਵੀ ਦੋ ਜਨਵਰੀ 2013 ਨੂੰ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ 15 ਦਿਨਾਂ ਦੇ ਅੰਦਰ- ਅੰਦਰ ਪੜਤਾਲ ਕਰਨ ਵਾਸਤੇ ਲਿਖ ਦਿੱਤਾ ਸੀ। ਸਟੇਟ ਟਰਾਂਸਪੋਰਟ ਕਮਿਸ਼ਨਰ ਦਫਤਰ ਨੇ ਤਕਰੀਬਨ ਪੰਜ ਮਹੀਨੇ ਤਾਂ ਇਸ ਸ਼ਿਕਾਇਤ 'ਤੇ ਨਜ਼ਰ ਹੀ ਨਾ ਮਾਰੀ। ਉਸ ਮਗਰੋਂ ਕਮਿਸ਼ਨਰ ਨੇ 11 ਜੂਨ 2014 ਨੂੰ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨੂੰ ਪੜਤਾਲੀਆ ਅਫਸਰ ਨਿਯੁਕਤ ਕਰ ਦਿੱਤਾ ਤੇ 15 ਦਿਨਾਂ ਵਿਚ ਪੜਤਾਲ ਰਿਪੋਰਟ ਦੇਣ ਵਾਸਤੇ ਹਦਾਇਤ ਕੀਤੀ। ਡਿਪਟੀ ਕੰਟਰੋਲਰ ਨੇ ਕਈ ਮਹੀਨੇ ਮਗਰੋਂ ਹੁਣ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ ਪੱਤਰ ਲਿਖ ਦਿੱਤਾ ਹੈ ਕਿ ਉਸ ਨੂੰ ਡੀ.ਟੀ.ਓ ਬਠਿੰਡਾ, ਡਿਪਟੀ ਕਮਿਸ਼ਨਰ ਬਠਿੰਡਾ ਤੇ ਟਰਾਂਸਪੋਰਟ ਦੇ ਮੁੱਖ ਦਫ਼ਤਰ ਵੱਲੋਂ ਪੜਤਾਲ ਵਾਸਤੇ ਕੋਈ ਰਿਕਾਰਡ ਨਹੀਂ ਦਿੱਤਾ ਗਿਆ ਹੈ। ਰਿਕਾਰਡ ਦੀ ਅਣਹੋਂਦ ਕਰਕੇ ਪੜਤਾਲ ਕਰਨੀ ਸੰਭਵ ਨਹੀਂ। ਬਿਹਤਰੀ ਇਹੀ ਹੈ ਕਿ ਟਰਾਂਸਪੋਰਟ ਵਿਭਾਗ ਹੀ ਪੜਤਾਲ ਕਰ ਲਵੇ।

ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਹੁਣ 15 ਦਸੰਬਰ 2014 ਨੂੰ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਸ਼ਿਕਾਇਤ ਭੇਜ ਦਿੱਤੀ ਹੈ ਤੇ ਕਿਹਾ ਹੈ ਕਿ ਡਿਪਟੀ ਕਮਿਸ਼ਨਰ ਆਪਣੇ ਪੱਧਰ 'ਤੇ ਇਸ ਸ਼ਿਕਾਇਤ ਦਾ ਨਿਪਟਾਰਾ ਕਰਨ। ਦੂਜੇ ਪਾਸੇ, ਸ਼ਿਕਾਇਤ ਕਰਨ ਵਾਲੇ ਹਰਮੀਤ ਸਿੰਘ ਮਹਿਰਾਜ ਦਾ ਕਹਿਣਾ ਹੈ ਕਿ ਕਿਸੇ ਵੀ ਪੜਤਾਲ ਅਫਸਰ ਤੇ ਦਫ਼ਤਰ ਵੱਲੋਂ ਉਸ ਨਾਲ ਕੋਈ ਵੀ ਸੰਪਰਕ ਨਹੀਂ ਕੀਤਾ ਗਿਆ ਹੈ। ਜੇਕਰ ਕੋਈ ਵੀ ਅਧਿਕਾਰੀ ਸੰਪਰਕ ਕਰਦਾ ਤਾਂ ਉਹ ਸਾਰਾ ਰਿਕਾਰਡ ਖ਼ੁਦ ਹੀ ਮੁਹੱਈਆ ਕਰਾ ਦਿੰਦਾ। ਹਰਮੀਤ ਸਿੰਘ ਅਨੁਸਾਰ ਇਸ ਘਪਲੇ ਵਿਚ ਬਠਿੰਡਾ ਦਾ ਇਕ ਵੱਡਾ ਵਿੱਦਿਅਕ ਅਦਾਰਾ ਸ਼ਾਮਲ ਹੈ। ਇਸ ਘਪਲੇ ਦੀ ਹਾਕਮ ਧਿਰ ਤੱਕ ਚੰਗੀ ਪਹੁੰਚ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਪੱਤਰ ਲਿਖਿਆ ਸੀ ਤੇ ਪ੍ਰਧਾਨ ਮੰਤਰੀ ਦਫਤਰ ਨੇ ਪੰਜਾਬ ਸਰਕਾਰ ਨੂੰ ਪੜਤਾਲ ਕਰਨ ਵਾਸਤੇ ਹਦਾਇਤ ਕੀਤੀ ਸੀ। ਪੜਤਾਲ ਦੀ ਅਣਹੋਂਦ ਦੇ ਮੱਦੇਨਜ਼ਰ ਹਰਮੀਤ ਸਿੰਘ ਮਹਿਰਾਜ ਹੁਣ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਨ ਜਾ ਰਿਹਾ ਹੈ।

ਮਿਲੀ ਸੂਚਨਾ ਅਨੁਸਾਰ ਦੂਸਰੇ ਵਿਸ਼ਵ ਕਬੱਡੀ ਕੱਪ ਦੇ ਬਠਿੰਡਾ ਵਿਚ ਹੋਏ ਉਦਘਾਟਨ ਤੇ ਸੈਮੀਫਾਈਨਲ ਮੈਚਾਂ ਲਈ ਇਕੱਠ ਕਰਨ ਖਾਤਰ ਲੋਕਾਂ ਨੂੰ ਲਿਆਉਣ ਵਾਸਤੇ 227 ਬੱਸਾਂ ਵਰਤੀਆਂ ਗਈਆਂ, ਜਿਨ੍ਹਾਂ ਦੇ ਬਦਲੇ ਅੱਧੀ ਦਰਜਨ ਬੱਸ ਮਾਲਕਾਂ ਨੂੰ 7,94,500 ਰੁਪਏ ਦੀ ਅਦਾਇਗੀ ਕੀਤੀ ਗਈ। ਤਤਕਾਲੀ ਡੀ.ਟੀ.ਓ ਬਠਿੰਡਾ ਵੱਲੋਂ ਬਾਕਾਇਦਾ ਇਨ੍ਹਾਂ ਬੱਸਾਂ ਨੂੰ ਵੈਰੀਫਾਈ ਕੀਤਾ ਗਿਆ ਤੇ ਉਸ ਮਗਰੋਂ ਹੀ ਖੇਡ ਵਿਭਾਗ ਨੇ ਅਦਾਇਗੀ ਕੀਤੀ ਸੀ। ਟਰਾਂਸਪੋਰਟਰ ਹਰਮੀਕ ਸਿੰਘ ਨੂੰ 52 ਬੱਸਾਂ ਦੀ 1.82 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਇਸ ਬੱਸ ਮਾਲਕ ਵੱਲੋਂ ਰਜਿਸਟ੍ਰੇਸ਼ਨ ਨੰਬਰ ਪੀ.ਬੀ 19 ਸੀ 9557 ਨੂੰ ਬੱਸ ਦਿਖਾਇਆ ਗਿਆ ਹੈ ਜਦੋਂ ਕਿ ਇਹ ਬਰਨਾਲਾ ਦੇ ਗੁਰਪ੍ਰੀਤ ਸਿੰਘ ਦੇ ਮੋਟਰਸਾਈਕਲ ਦਾ ਨੰਬਰ ਹੈ। ਪੀ.ਬੀ 13 ਜੀ 841 ਵੱਡੀ ਬੱਸ ਦਿਖਾਇਆ ਗਿਆ ਹੈ ਜਦੋਂ ਕਿ ਇਹ ਧੂਰੀ ਦੇ ਪਿੰਡ ਕੇਹਰੂ ਦੇ ਬਰਿੰਦਰ ਸਿੰਘ ਦੇ ਬਜਾਜ ਸਕੂਟਰ ਦਾ ਨੰਬਰ ਹੈ। ਘੱਟੋ-ਘੱਟ ਅੱਠ ਹੋਰ ਬੱਸਾਂ ਦੇ ਮਾਮਲੇ ਵੀ ਅਜਿਹੇ ਹਨ ਤੇ ਇਹ ਮਾਮਲੇ ਸਿਰਫ਼ ਇਕ ਬੱਸ ਮਾਲਕ ਤੱਕ ਸੀਮਤ ਨਹੀਂ।

# ਸੰਸਦ ਵਿਚ ਗੈਰਹਾਜ਼ਰੀ ਦੀ ਕਪਤਾਨੀ ਵੀ ਕੈਪਟਨ ਅਮਰਿੰਦਰ ਕੋਲ

**ਸਰਦ ਰੁੱਤ ਸੈਸ਼ਨ ਦੌਰਾਨ ਸੰਸਦ ਵਿਚ ਪੈਰ ਹੀ ਨਹੀਂ ਪਾਇਆ**


ਕੈਪਟਨ ਅਮਰਿੰਦਰ ਸਿੰਘ


ਭਗਵੰਤ ਮਾਨ


ਰਣਜੀਤ ਸਿੰਘ ਬ੍ਰਹਮਪੁਰਾ


ਵਿਨੋਦ ਖੰਨਾ

**ਬਠਿੰਡਾ:** ਐਤਕੀਂ ਸਰਦ ਰੁੱਤ ਸੈਸ਼ਨ ਦੌਰਾਨ ਮੈਂਬਰ ਪਾਰਲੀਮੈਂਟ ਕੈਪਟਨ ਅਮਰਿੰਦਰ ਸਿੰਘ ਨੇ ਸੰਸਦ ਵਿਚ ਪੈਰ ਹੀ ਨਹੀਂ ਪਾਇਆ ਜਦੋਂ ਕਿ ਭਗਵੰਤ ਮਾਨ ਤੇ ਸੰਤੋਖ ਚੌਧਰੀ ਪਾਰਲੀਮੈਂਟ ਵਿਚ ਪੂਰਾ ਸਮਾਂ ਹਾਜ਼ਰ ਰਹੇ। ਇਸ ਸੈਸ਼ਨ ਵਿਚ ਦੇਸ਼ ਭਰ ਵਿਚੋਂ ਤਕਰੀਬਨ ਸੱਤ ਸੰਸਦ ਮੈਂਬਰਾਂ ਨੇ ਇਕ ਦਿਨ ਵੀ ਹਾਜ਼ਰੀ ਨਹੀਂ ਭਰੀ ਤੇ 10 ਸੰਸਦ ਮੈਂਬਰਾਂ ਨੇ ਸਿਰਫ਼ ਇਕ ਦਿਨ ਹੀ ਮੂੰਹ ਦਿਖਾਇਆ। ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਵਿਧਾਨ ਸਭਾ ਵਿਚ ਵੀ ਹਾਜ਼ਰੀ ਬਹੁਤ ਘੱਟ ਰਹੀ ਸੀ ਤੇ ਹੁਣ ਸੰਸਦ ਵਿਚੋਂ ਵੀ ਉਹ ਗ਼ੈਰਹਾਜ਼ਰ ਹੋ ਰਹੇ ਹਨ।

ਸੰਸਦ ਦਾ ਸਰਦ ਰੁੱਤ ਸੈਸ਼ਨ ਐਤਕੀਂ 24 ਨਵੰਬਰ ਤੋਂ 23 ਦਸੰਬਰ ਤੱਕ ਚੱਲਿਆ ਤੇ 16ਵੀਂ ਲੋਕ ਸਭਾ ਦੇ ਤੀਸਰੇ ਸੈਸ਼ਨ ਵਿਚ ਕੁੱਲ 20 ਦਿਨ ਬੈਠਕਾਂ ਹੋਈਆਂ। ਪਾਰਲੀਮੈਂਟ ਦੇ ਹਾਜ਼ਰੀ ਰਜਿਸਟਰ ਵਿਚੋਂ ਕੈਪਟਨ ਅਮਰਿੰਦਰ ਸਿੰਘ ਸਮੇਤ ਸੱਤ ਸੰਸਦ ਮੈਂਬਰਾਂ ਦੇ ਨਾਂ ਗਾਇਬ ਰਹੇ। ਹਾਜ਼ਰੀ ਰਜਿਸਟਰ ਮੁਤਾਬਕ ਦੇਸ਼ ਦੇ 96 ਸੰਸਦ ਮੈਂਬਰ ਅਜਿਹੇ ਹਨ ਜਿਨ੍ਹਾਂ ਦੀ ਹਾਜ਼ਰੀ 100 ਫ਼ੀਸਦੀ ਰਹੀ। ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਤੇ ਜਲੰਧਰ ਤੋਂ ਕਾਂਗਰਸ ਦੇ ਐਮ.ਪੀ. ਸੰਤੋਖ ਚੌਧਰੀ ਦੀ 20 ਦਿਨਾਂ ਵਿਚੋਂ 19 ਦਿਨ ਹਾਜ਼ਰੀ ਰਹੀ ਹੈ ਜੋ ਸਭ ਤੋਂ ਜ਼ਿਆਦਾ ਹੈ। ਆਮ ਆਦਮੀ ਪਾਰਟੀ ਦੇ ਐਮ.ਪੀ. ਹਰਿੰਦਰ ਸਿੰਘ ਖ਼ਾਲਸਾ ਤੇ ਫ਼ਿਰੋਜ਼ਪੁਰ ਤੋਂ ਅਕਾਲੀ ਐਮ.ਪੀ. ਸ਼ੇਰ ਸਿੰਘ ਘੁਬਾਇਆ 13-13 ਦਿਨ ਹੀ ਸਦਨ ਵਿਚ ਹਾਜ਼ਰ ਰਹੇ। ਹਾਜ਼ਰੀ ਰਜਿਸਟਰ ਅਨੁਸਾਰ ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਬਿੱਟੂ 18 ਦਿਨ, ਪ੍ਰੇਮ ਸਿੰਘ ਚੰਦੂਮਾਜਰਾ ਤੇ ਡਾ. ਧਰਮਵੀਰ ਗਾਂਧੀ 17-17 ਦਿਨ ਸਦਨ ਵਿਚ ਹਾਜ਼ਰ ਰਹੇ।

ਸ੍ਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਪਾਰਲੀਮੈਂਟ ਹੀ ਇਕੋ ਇਕ ਪਲੇਟਫਾਰਮ ਹੈ ਜਿਥੇ ਹਰ ਪ੍ਰਤੀਨਿਧ ਲੋਕ ਮਸਲੇ ਰੱਖ ਸਕਦਾ ਹੈ। ਉਨ੍ਹਾਂ ਸੈਸ਼ਨ ਦੌਰਾਨ ਕਈ ਅਹਿਮ ਜ਼ਰੂਰੀ ਸਮਾਜਿਕ ਕਾਰਜਾਂ ਨੂੰ ਵੀ ਛੱਡਿਆ ਤੇ ਜ਼ਿਆਦਾ ਸਮਾਂ ਸੈਸ਼ਨਾਂ ਵਿਚ ਹਾਜ਼ਰ ਰਹਿ ਕੇ ਲੋਕਾਂ ਦੇ ਮਾਮਲੇ ਚੁੱਕੇ। ਉਨ੍ਹਾਂ ਆਖਿਆ ਕਿ ਉਹ ਇਜਲਾਸ ਦੌਰਾਨ ਪੂਰਾ ਸਮਾਂ ਹਾਜ਼ਰ ਰਹੇ ਹਨ ਪਰ ਇਕ ਦਿਨ ਰਜਿਸਟਰ ਵਿਚ ਹਾਜ਼ਰੀ ਲਾਉਣਾ ਭੁੱਲ ਗਏ ਸਨ। ਚੰਡੀਗੜ੍ਹ ਤੋਂ ਭਾਜਪਾ ਦੀ ਐਮ.ਪੀ. ਕਿਰਨ ਖੇਰ ਨੇ 20 ਵਿਚੋਂ 19 ਦਿਨ ਸੰਸਦ ਵਿਚ ਹਾਜ਼ਰੀ ਭਰੀ। ਗੁਰਦਾਸਪੁਰ ਤੋਂ ਐਮ.ਪੀ. ਵਿਨੋਦ ਖੰਨਾ ਸੈਸ਼ਨ ਵਿਚ 14 ਦਿਨ ਤੇ ਰਣਜੀਤ ਸਿੰਘ ਬ੍ਰਹਮਪੁਰਾ 15 ਦਿਨ ਹਾਜ਼ਰ ਰਹੇ। ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਇਜਲਾਸ ਦੌਰਾਨ ਸਿਰਫ਼ ਅੱਠ ਦਿਨ ਹਾਜ਼ਰ ਰਹੇ ਜਦੋਂ ਕਿ ਉਨ੍ਹਾਂ ਦੇ ਚਚੇਰੇ ਭਰਾ ਫ਼ਿਰੋਜ਼ ਵਰੁਣ ਗਾਂਧੀ ਦੀ ਹਾਜ਼ਰੀ 18 ਦਿਨਾਂ ਦੀ ਬਣਦੀ ਹੈ। ਹਾਜ਼ਰੀ ਰਜਿਸਟਰ ਅਨੁਸਾਰ ਕੈਪਟਨ ਅਮਰਿੰਦਰ ਸਿੰਘ 16ਵੀਂ ਲੋਕ ਸਭਾ ਦੇ ਦੂਸਰੇ ਸੈਸ਼ਨ ਦੌਰਾਨ 26 ਦਿਨਾਂ ਵਿਚੋਂ ਸਿਰਫ਼ ਪੰਜ ਦਿਨ ਹਾਜ਼ਰ ਰਹੇ ਸਨ। ਇਸੇ ਤਰ੍ਹਾਂ ਪਹਿਲੇ ਸੈਸ਼ਨ ਵਿਚ ਛੇ ਦਿਨਾਂ ਵਿਚੋਂ ਸਿਰਫ਼ ਇਕ ਦਿਨ ਹੀ ਹਾਜ਼ਰ ਹੋਏ ਸਨ।

ਰਾਜ ਸਭਾ ਮੈਂਬਰਾਂ ਦੀ ਹਾਜ਼ਰੀ 'ਤੇ ਝਾਤ ਮਾਰੀਏ ਤਾਂ ਡਾ. ਐਮ.ਐਸ. ਗਿੱਲ ਤੇ ਨਰੇਸ਼ ਗੁਜਰਾਲ ਦੀ ਹਾਜ਼ਰੀ 100 ਫ਼ੀਸਦੀ ਰਹੀ ਜਦੋਂ ਕਿ ਅਵਿਨਾਸ਼ ਰਾਏ ਖੰਨਾ ਅੱਠ ਦਿਨ ਹਾਜ਼ਰ ਰਹੇ। ਸੁਖਦੇਵ ਸਿੰਘ ਢੀਂਡਸਾ ਨੇ 16 ਦਿਨ ਤੇ ਬਲਵਿੰਦਰ ਸਿੰਘ ਭੂੰਦੜ ਨੇ ਰਾਜ ਸਭਾ ਵਿਚ 20 ਦਿਨ ਹਾਜ਼ਰੀ ਭਰੀ। ਅਸ਼ਵਨੀ ਕੁਮਾਰ 16 ਦਿਨ ਹਾਜ਼ਰ ਰਹੇ। ਪੰਜਾਬ ਦੇ ਅਵਤਾਰ ਸਿੰਘ ਕਰੀਮਪੁਰੀ ਯੂਪੀ ਤੋਂ ਰਾਜ ਸਭਾ ਮੈਂਬਰ ਹਨ ਪਰ ਉਨ੍ਹਾਂ ਸਿਰਫ਼ ਇਕ ਦਿਨ ਹੀ ਸੈਸ਼ਨ ਵਿਚ ਹਾਜ਼ਰੀ ਲਵਾਈ। ਸੂਤਰ ਆਖਦੇ ਹਨ ਕਿ ਲੋਕ ਪ੍ਰਤੀਨਿਧ ਦੀ ਸੰਜੀਦਗੀ ਦਾ ਪਤਾ ਉਨ੍ਹਾਂ ਦੀ ਪਾਰਲੀਮੈਂਟ ਵਿਚ ਹਾਜ਼ਰੀ ਤੋਂ ਲੱਗਦਾ ਹੈ ਕਿਉਂਕਿ ਇਥੇ ਹੀ ਕਾਨੂੰਨ ਬਣਾਏ ਜਾਂਦੇ ਹਨ ਤੇ ਨੀਤੀਆਂ ਤੈਅ ਹੁੰਦੀਆਂ ਹਨ।

# ਕਿਸਾਨ ਜਥੇਬੰਦੀਆਂ ਵਲੋਂ ਕੇਂਦਰ ਖਿਲਾਫ ਕਮਰ-ਕੱਸੇ

**ਅੱਠ ਜਥੇਬੰਦੀਆਂ ਵਲੋਂ ਪੜਾਅਵਾਰ ਅੰਦੋਲਨ ਦਾ ਐਲਾਨ**



**ਚੰਡੀਗੜ੍ਹ:** ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਲਈ ਦੇਸ਼ ਦੀਆਂ ਅੱਠ ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਵਿਰੁੱਧ ਪੜਾਅਵਾਰ ਅੰਦੋਲਨ ਛੇੜਨ ਦਾ ਫੈਸਲਾ ਕੀਤਾ ਹੈ। ਅੰਦੋਲਨ ਦੇ ਪਹਿਲੇ ਪੜਾਅ ਦੌਰਾਨ ਸੂਬਿਆਂ ਵਿਚ ਰੈਲੀਆਂ ਕੀਤੀਆ ਜਾਣਗੀਆਂ। ਇਨ੍ਹਾਂ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਪ੍ਰਧਾਨ ਗੁਰਨਾਮ ਸਿੰਘ ਦੀ ਪਹਿਲ ਉਪਰ ਹਰਿਆਣਾ ਵਿਚ ਸੱਦੀ ਗਈ ਜਿਸ ਵਿਚ ਦਿੱਲੀ, ਉਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਪੰਜਾਬ ਦੀਆਂ ਚਾਰ ਕਿਸਾਨ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਵੀ ਹਿੱਸਾ ਲਿਆ।

ਕਿਸਾਨ ਆਗੂ ਗੁਰਨਾਮ ਸਿੰਘ ਨੇ ਦੱਸਿਆ ਕਿ ਮੀਟਿੰਗ ਵਿਚ ਸਰਬਸੰਮਤੀ ਨਾਲ ਚਾਰ ਮਤੇ ਪਾਸ ਕੀਤੇ ਗਏ। ਸਭ ਤੋਂ ਅਹਿਮ ਮਤਾ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਆਪੋ ਆਪਣੇ ਸੂਬਿਆਂ ਵਿਚ ਅਗਲੇ ਸਾਲ ਫਰਵਰੀ ਤੱਕ ਕਿਸਾਨ ਕਾਨਫਰੰਸਾਂ ਕਰਕੇ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਦੇ ਮੁੱਦੇ ਨੂੰ ਉਭਾਰਨਗੀਆਂ।ਇਸ ਵਿਚ ਇਕ ਧਿਰ ਮੁੱਖ ਹੋਵੇਗੀ ਤੇ ਦੂਜੀਆਂ ਕਿਸਾਨ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੂੰ ਬੁਲਾਇਆ ਜਾਵੇਗਾ। ਰੈਲੀਆਂ ਤੇ ਕਾਨਫਰੰਸਾਂ ਤੋਂ ਬਾਅਦ ਮੁੱਖ ਮੰਤਰੀਆਂ ਨੂੰ ਰਿਪੋਰਟ ਲਾਗੂ ਕਰਵਾਉਣ ਲਈ ਮੰਗ ਪੱਤਰ ਦਿੱਤੇ ਜਾਣਗੇ। ਸ. ਗੁਰਨਾਮ ਸਿੰਘ ਮੁਤਾਬਕ ਹਰੇਕ ਸੂਬੇ ਦੀਆਂ ਕਿਸਾਨ ਜਥੇਬੰਦੀਆਂ ਕਮੇਟੀਆਂ ਬਣਾ ਕੇ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਨੂੰ ਮੰਗ ਪੱਤਰ ਦੇਣਗੀਆਂ ਤੇ ਮੰਗ ਕਰਨਗੀਆਂ ਕਿ ਉਹ ਇਸ ਮੁੱਦੇ 'ਤੇ ਆਵਾਜ਼ ਉਠਾਉਣ ਤੇ ਕੇਂਦਰ ਸਰਕਾਰ ਨੂੰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਲਈ ਦਬਾਅ ਬਣਾਉਣ।

ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੇ ਮੁੱਦੇ ਤੇ ਹੋਰ ਮੰਗਾਂ ਨੂੰ ਲੈ ਕੇ ਪੰਜ ਮਾਰਚ ਨੂੰ ਪਿਪਲੀ ਵਿਚ ਰੈਲੀ ਕੀਤੀ ਜਾ ਰਹੀ ਹੈ ਜਿਸ ਵਿਚ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਹਿੱਸਾ ਲੈਣ ਦਾ ਸੱਦਾ ਦਿੱਤਾ ਜਾਵੇਗਾ। ਇਸ ਤੋਂ ਬਾਅਦ ਦੇਸ਼ ਦੇ ਕਿਸਾਨ ਆਗੂਆਂ ਦੀ ਇਕ ਹੋਰ ਮੀਟਿੰਗ ਸੱਦੀ ਜਾਵੇਗੀ ਤੇ ਇਸ ਮੀਟਿੰਗ ਵਿਚ ਅੰਦੋਲਨ ਦੇ ਅਗਲੇ ਪੜਾਅ ਬਾਰੇ ਫੈਸਲਾ ਕੀਤਾ ਜਾਵੇਗਾ। ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਪ੍ਰਧਾਨ ਗੁਰਨਾਮ ਸਿੰਘ ਨੇ ਕਿਹਾ ਕਿ ਸਰਦੀ ਜ਼ਿਆਦਾ ਹੋਣ ਕਰਕੇ ਕਈ ਸੂਬਿਆਂ ਦੇ ਕਿਸਾਨ ਪ੍ਰਤੀਨਿਧ ਪਹੁੰਚ ਨਹੀਂ ਸਕੇ।

# ਸਿੱਖਾਂ ਬਾਰੇ ਅਮਰੀਕੀਆਂ ਦੇ ਮਨ ਟੋਹਣ ਵਾਲੀ ਰਿਪੋਰਟ ਅਗਲੇ ਮਹੀਨੇ

**ਅੰਮ੍ਰਿਤਸਰ:** ਅਮਰੀਕਾ ਵਿਚ ਸਿੱਖ ਪਛਾਣ ਦੀ ਸਮੱਸਿਆ ਨੂੰ ਖਤਮ ਕਰਨ ਲਈ ਇਕ ਮਜ਼ਬੂਤ ਯੋਜਨਾ ਤਿਆਰ ਕਰਨ ਵਾਸਤੇ ਸਿੱਖ ਭਾਈਚਾਰੇ ਵੱਲੋਂ ਸਰਵੇਖਣ ਕਰਵਾਇਆ ਗਿਆ ਹੈ ਜਿਸਦੀ ਰਿਪੋਰਟ ਅਗਲੇ ਮਹੀਨੇ ਵਾਸ਼ਿੰਗਟਨ ਵਿਚ ਜਾਰੀ ਕੀਤੀ ਜਾਵੇਗੀ। ਇਸ ਸਰਵੇਖਣ ਵਿਚ ਲੋਕਾਂ ਦੇ ਵਿਚਾਰ, ਵਾਪਰੀਆਂ ਘਟਨਾਵਾਂ ਤੇ ਹੋਰ ਤੱਥਾਂ ਸਮੇਤ ਤਸਵੀਰਾਂ ਸ਼ਾਮਲ ਹਨ। ਇਹ ਸਰਵੇਖਣ ਉੱਘੇ ਸਰਵੇਖਣਕਾਰ ਜੌਫ ਗੈਰਨ ਵੱਲੋਂ ਕੀਤਾ ਗਿਆ ਹੈ ਜਦਕਿ ਨੈਸ਼ਨਲ ਸਿੱਖ ਕੰਪੇਨ ਜਥੇਬੰਦੀ ਵੱਲੋਂ ਇਸ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। 'ਸਿੱਖ ਕੌਂਸਲ ਆਨ ਰਿਲੀਜ਼ਨ ਐਂਡ ਐਜੂਕੇਸ਼ਨ' ਦੇ ਚੇਅਰਮੈਨ ਤੇ ਨੈਸ਼ਨਲ ਸਿੱਖ ਕੰਪੇਨ ਦੇ ਸੀਨੀਅਰ ਸਲਾਹਕਾਰ ਡਾ. ਰਜਵੰਤ ਸਿੰਘ ਨੇ ਦੱਸਿਆ ਕਿ ਇਸ ਸਰਵੇਖਣ ਤੋਂ ਬਾਅਦ ਇਹ ਖੁਲਾਸਾ ਹੋਵੇਗਾ ਕਿ ਅਮਰੀਕੀ ਲੋਕਾਂ ਦੇ ਮਨਾਂ ਵਿਚ ਸਿੱਖ ਭਾਈਚਾਰੇ ਦੀ ਦਿੱਖ ਕਿਹੋ ਜਿਹੀ ਹੈ, ਉਹ ਉਨ੍ਹਾਂ ਬਾਰੇ ਕੀ ਸੋਚਦੇ ਹਨ, ਸਿੱਖ ਪਛਾਣ ਦੀ ਸਮੱਸਿਆ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ ਤੇ ਸਿੱਖਾਂ ਦਾ ਪ੍ਰਭਾਵ ਅਮਰੀਕੀ ਲੋਕਾਂ ਵਿਚ ਕਿਵੇਂ ਵਧ ਸਕਦਾ ਹੈ। ਇਸ ਵੇਲੇ ਸਿੱਖ ਪਛਾਣ ਦਾ ਮੁੱਦਾ ਅਹਿਮ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਵਿਚ ਸਿੱਖਾਂ 'ਤੇ ਕਈ ਨਸਲੀ ਹਮਲੇ ਹੋਏ ਹਨ।

ਸਿੱਖ ਭਾਈਚਾਰੇ ਵੱਲੋਂ ਜਿਥੇ ਕੌਮ ਦੇ ਪ੍ਰਭਾਵ ਨੂੰ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ, ਉਥੇ ਪਛਾਣ ਦੇ ਮੁੱਦੇ ਨੂੰ ਹੱਲ ਕਰਨ ਲਈ ਵੀ ਯਤਨ ਜਾਰੀ ਹਨ। ਇਸੇ ਤਹਿਤ ਅਮਰੀਕੀ ਭਾਈਚਾਰੇ ਨਾਲ ਨੇੜਲੇ ਸਬੰਧ ਕਾਇਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਸਿੱਖ ਧਰਮ, ਇਸ ਦੇ ਫਲਸਫੇ ਤੇ ਇਸ ਦੇ ਸਿਧਾਂਤਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਸਿੱਖ ਧਰਮ ਸਰਬੱਤ ਦਾ ਭਲਾ ਮੰਗਣ ਵਾਲਾ ਧਰਮ ਹੈ। ਇਹ ਸਮੁੱਚੀ ਕਾਰਵਾਈ ਸਿੱਖ ਭਾਈਚਾਰੇ ਦੇ ਅਮਰੀਕਾ ਵਿਚ ਸੁਰੱਖਿਅਤ ਭਵਿੱਖ ਨੂੰ ਲੈ ਕੇ ਕੀਤੀ ਜਾ ਰਹੀ ਹੈ। ਡਾ. ਰਜਵੰਤ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਉਹ ਜਿਥੇ ਵੀ ਗਏ ਹਨ ਤੇ ਜਿਨ੍ਹਾਂ ਵੀ ਲੋਕਾਂ ਨੂੰ ਮਿਲੇ, ਉਨ੍ਹਾਂ ਨੇ ਇਸ ਮੁਹਿੰਮ ਦੀ ਸ਼ਲਾਘਾ ਕੀਤੀ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਸਰਵੇਖਣ ਦੀ ਰਿਪੋਰਟ ਇਥੋਂ ਦੇ ਲੋਕਾਂ 'ਤੇ ਵੱਡਾ ਪ੍ਰਭਾਵ ਪਾਵੇਗੀ ਜਿਸਦੇ ਆਧਾਰ 'ਤੇ ਇਥੋਂ ਦੀ ਸਰਕਾਰ ਭਵਿੱਖ ਵਿੱਚ ਸਿੱਖ ਭਾਈਚਾਰੇ ਬਾਰੇ ਆਪਣੀ ਨੀਤੀ ਬਣਾਏਗੀ। ਇਹ ਸਰਵੇਖਣ ਉਥੋਂ ਦੀ ਨਾਮਵਰ ਸ਼ਖ਼ਸੀਅਤ ਜੌਫ ਗੈਰਨ ਤੋਂ ਕਰਵਾਇਆ ਗਿਆ ਹੈ ਜਿਸਦੇ ਸਿਆਸੀ ਖੇਤਰ ਵਿਚ ਕੀਤੇ ਸਰਵੇਖਣਾਂ ਨੇ ਮਾਅਰਕੇ ਮਾਰੇ ਹਨ।


# ਹਾਈਕੋਰਟ ਵਲੋਂ ਗੁਰਦੁਆਰਾ ਸੱਚਖੰਡ ਬੋਰਡ ਗਠਿਤ ਕਰਨ ਦੇ ਹੁਕਮ

**ਔਰੰਗਾਬਾਦ:** ਬੰਬੇ ਹਾਈਕੋਰਟ ਦੇ ਔਰੰਗਾਬਾਦ ਬੈਂਚ ਨੇ ਮਹਾਰਾਸ਼ਟਰ ਸਰਕਾਰ ਨੂੰ ਅਗਲੇ ਸਾਲ ਦੀ 12 ਜਨਵਰੀ ਤੱਕ ਗੁਰਦੁਆਰਾ ਸਚਖੰਡ ਬੋਰਡ ਦਾ ਗਠਨ ਕਰਨ ਦੇ ਨਿਰਦੇਸ਼ ਦਿੱਤੇ।

ਪਿਛਲੀ ਕਾਂਗਰਸ-ਐਨ.ਸੀ.ਪੀ. ਦੀ ਸਰਕਾਰ ਨੇ 2000 ਵਿਚ ਬੋਰਡ ਭੰਗ ਕਰ ਦਿੱਤਾ ਸੀ। ਜਸਟਿਸ ਬੀ.ਪੀ. ਧਰਮਾਧਿਕਾਰੀ ਤੇ ਜਸਟਿਸ ਰਵਿੰਦਰ ਗੁਗੇ ਵਾਲੇ ਡਿਵੀਜ਼ਨ ਬੈਂਚ ਨੇ ਗੁਰਦੁਆਰਾ ਬੋਰਡ ਦੇ ਮੈਂਬਰ ਰਵਿੰਦਰ ਸਿੰਘ ਪੁਜਾਰੀ ਤੇ ਗੁਰਮੀਤ ਸਿੰਘ ਮਹਾਜਨ ਵੱਲੋਂ ਦਾਇਰ ਪਟੀਸ਼ਨ 'ਤੇ ਨਿਰਦੇਸ਼ ਜਾਰੀ ਕੀਤੇ। ਪਟੀਸ਼ਨਰਾਂ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਇਸ ਬਾਰੇ ਅਦਾਲਤ ਵੱਲੋਂ ਪਹਿਲਾਂ ਦਿੱਤੇ ਨਿਰਦੇਸ਼ਾਂ ਦਾ ਪਾਲਣ ਨਹੀਂ ਕੀਤਾ। ਸੁਣਵਾਈ ਦੇ ਬਾਅਦ ਅਦਾਲਤ ਨੇ ਤਾਜ਼ਾ ਹੁਕਮ ਜਾਰੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨੂੰ 12 ਜਨਵਰੀ ਤੱਕ ਗੁਰਦੁਆਰਾ ਸਚਖੰਡ ਬੋਰਡ ਗਠਿਤ ਕਰੇ ਨਹੀਂ ਤਾਂ ਸੂਬਾ ਸਰਕਾਰ ਵਿਰੁੱਧ ਮਾਨਹਾਨੀ ਦਾ ਕੇਸ ਦਾਇਰ ਹੋਵੇਗਾ।

# ਭਗਤ ਸਿੰਘ ਨਾਲ ਸਬੰਧਤ ਇਮਾਰਤ ਨੂੰ ਮਿਲੇਗਾ ਵਿਰਾਸਤੀ ਦਰਜਾ

**ਹਾਈਕੋਰਟ ਦੇ ਹੁਕਮਾਂ ਪਿੱਛੋਂ ਨੋਟੀਫਿਕੇਸ਼ਨ**



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਕ੍ਰਾਂਤੀਕਾਰੀਆਂ ਨਾਲ ਸਬੰਧਤ ਇਕ ਇਮਾਰਤ ਨੂੰ ਸੁਰੱਖਿਅਤ ਇਮਾਰਤ ਐਲਾਨਣ ਦਾ ਫ਼ੈਸਲਾ ਕੀਤਾ ਗਿਆ ਹੈ। ਫ਼ਿਰੋਜ਼ਪੁਰ ਸ਼ਹਿਰ ਦੇ ਤੂੜੀ ਬਾਜ਼ਾਰ (ਗਊਸ਼ਾਲਾ ਰੋਡ) ਉੱਤੇ ਸਥਿਤ ਇਸ ਦੋ ਮੰਜ਼ਿਲਾ ਇਮਾਰਤ ਦਾ ਮਾਮਲਾ ਇਕ ਜਨਹਿਤ ਪਟੀਸ਼ਨ ਰਾਹੀਂ ਹਾਈਕੋਰਟ ਪੁੱਜਣ ਉੱਤੇ ਫੌਰੀ ਹਰਕਤ ਵਿਚ ਆਏ ਸਭਿਆਚਾਰਕ ਮਾਮਲੇ, ਪੁਰਾਤਤਵ ਤੇ ਅਜਾਇਬਘਰ ਵਿਭਾਗ, ਪੰਜਾਬ ਵੱਲੋਂ ਇਸ ਬਾਬਤ ਬਕਾਇਦਾ ਤੌਰ 'ਤੇ ਇਕ ਮੁੱਢਲੀ ਨੋਟੀਫ਼ਿਕੇਸ਼ਨ ਜਾਰੀ ਕਰ ਇਤਰਾਜ਼ ਮੰਗੇ ਗਏ ਹਨ।

ਵਿਭਾਗ ਦੀ ਪ੍ਰਮੁੱਖ ਸਕੱਤਰ ਅੰਜਲੀ ਭਾਵੜਾ ਦੇ ਹਸਤਾਖਰਾਂ ਹੇਠ ਜਾਰੀ ਇਸ ਨੋਟੀਫਿਕੇਸ਼ਨ ਤਹਿਤ ਸ਼ਹੀਦ ਦੇ 31 ਮਾਰਚ ਨੂੰ ਆ ਰਹੇ ਸ਼ਹੀਦੀ ਦਿਹਾੜੇ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ ਫਰਵਰੀ ਮੱਧ ਤੱਕ ਇਤਰਾਜ਼ ਮੰਗਦਿਆਂ ਕਿਹਾ ਗਿਆ ਹੈ ਕਿ ਫ਼ਿਰੋਜ਼ਪੁਰ ਸਥਿਤ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਤੇ ਹੋਰ ਕ੍ਰਾਂਤੀਕਾਰੀਆਂ ਵੱਲੋਂ ਵਰਤੀ ਇਮਾਰਤ ਨੂੰ ਪੰਜਾਬ ਪ੍ਰਾਚੀਨ ਤੇ ਇਤਿਹਾਸਿਕ ਸਮਾਰਕਾਂ ਤੇ ਪੁਰਾਤੱਤਵੀ ਥਾਵਾਂ ਤੇ ਰਿਮੇਨਜ਼ ਐਕਟ, 1964 ਤਹਿਤ ਸੁਰੱਖਿਅਤ ਸਮਾਰਕ ਘੋਸ਼ਿਤ ਕਰਨ ਦੀ ਤਜਵੀਜ਼ ਹੈ ਤਾਂ ਜੋ ਇਨ੍ਹਾਂ ਸਮਾਰਕਾਂ ਦੀ ਸੰਭਾਲ ਹੋ ਸਕੇ। ਇਹ ਇਮਾਰਤ ਤਕਰੀਬਨ ਚਾਰ ਮਰਲੇ ਦੇ ਸਰਸਾਹੀ ਰਕਬੇ ਵਿਚ ਬਣੀ ਹੋਈ ਹੈ। ਮਿਊਂਸਿਪਲ ਰਿਕਾਰਡ ਮੁਤਾਬਕ (ਸਾਲ 1968 ਤੋਂ ਬਾਅਦ) ਇਹ ਕ੍ਰਿਸ਼ਨਾ ਭਗਤੀ ਸਤਸੰਗ ਟਰੱਸਟ ਦੀ ਮਲਕੀਅਤ ਦਰਸਾਈ ਜਾ ਰਹੀ ਹੈ। ਵਿਭਾਗ ਵੱਲੋਂ ਉਕਤ ਸਮੁੱਚੇ ਰਕਬੇ ਨੂੰ ਸੁਰੱਖਿਅਤ ਐਲਾਨਣ ਦਾ ਫ਼ੈਸਲਾ ਕੀਤਾ ਗਿਆ ਹੈ ਤੇ ਮਿਥੇ ਸਮੇਂ ਦੌਰਾਨ ਜੇਕਰ ਇਸ ਬਾਬਤ ਕੋਈ ਇਤਰਾਜ਼ ਆਉਂਦਾ ਹੈ ਤਾਂ ਉਕਤ ਅਧਿਕਾਰੀ ਵੱਲੋਂ ਉਸ ਨੂੰ ਵਿਚਾਰਨ ਤੋਂ ਬਾਅਦ ਅੰਤਿਮ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਜਾਵੇਗੀ। ਇਸ ਥਾਂ ਦਾ ਨਾਂ ਵੀ 'ਸ਼ਹੀਦ-ਏ-ਆਜ਼ਮ ਸਰਦਾਰ ਭਗਤ ਤੇ ਹੋਰ ਕ੍ਰਾਂਤੀਕਾਰੀਆਂ ਵੱਲੋਂ ਵਰਤੀ ਗਈ ਇਤਾਰਤ' ਤਜਵੀਜ਼ ਕੀਤਾ ਹੈ। ਹਾਈਕੋਰਟ ਵੱਲੋਂ ਬੀਤੇ ਅਕਤੂਬਰ ਮਹੀਨੇ ਹੀ ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਆਪਣੇ ਨਾਂ ਹੇਠ ਦਾਇਰ ਇਸ ਬਾਬਤ ਇਕ ਜਨਹਿਤ ਪਟੀਸ਼ਨ 'ਤੇ ਪੰਜਾਬ ਸਰਕਾਰ ਤੇ ਭਾਰਤੀ ਪੁਰਾਤਤਵ ਸਰਵੇਖਣ (ਆਰਕੀਓਲੌਜੀਕਲ ਸਰਵੇ ਆਫ਼ ਇੰਡੀਆ) ਨੂੰ 15 ਜਨਵਰੀ ਲਈ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਜਾ ਚੁੱਕਾ ਹੈ।

ਇਮਾਰਤ ਦਾ ਸੰਖੇਪ ਇਤਿਹਾਸ-ਫ਼ਿਰੋਜ਼ਪੁਰ ਸ਼ਹਿਰ ਦੇ ਬੰਸੀ ਗੇਟ ਤੋਂ ਨਮਕ ਮੰਡੀ ਨੂੰ ਜਾਂਦੀ ਸੜਕ ਤੇ ਗਊਸ਼ਾਲਾ ਰੋਡ ਦੇ ਕੋਨੇ 'ਤੇ ਸਥਿਤ ਇਹ ਇਮਾਰਤ ਬਰਤਾਨਵੀ ਸਾਮਰਾਜ ਵੇਲੇ ਅਗਸਤ 1928 ਤੋਂ ਫ਼ਰਵਰੀ 1929 ਤੱਕ ਭਗਤ ਸਿੰਘ ਤੇ ਹੋਰਨਾਂ ਕ੍ਰਾਂਤੀਕਾਰੀਆਂ ਵੱਲੋਂ ਆਪਣੀਆਂ ਗਤੀਵਿਧੀਆਂ ਅੰਜਾਮ ਦੇਣ ਹਿਤ ਹੈਡਕੁਆਰਟਰ ਵਜੋਂ ਵਰਤੀ ਜਾਂਦੀ ਰਹੀ ਹੈ। ਕ੍ਰਾਂਤੀਕਾਰੀਆਂ ਵੱਲੋਂ ਉਸ ਵੇਲੇ ਇਹ ਇਮਾਰਤ ਕਿਸੇ ਲੇਖ ਰਾਜ ਨਾਮੀ ਮਾਲਕ ਤੋਂ ਕਿਰਾਏ ਉੱਤੇ ਲਈ ਸੀ. ਭਗਤ ਸਿੰਘ ਹੋਰਾਂ ਦੀ ਗ੍ਰਿਫ਼ਤਾਰੀ ਮਗਰੋਂ ਲੇਖ ਰਾਜ ਨੂੰ ਅਦਾਲਤ ਵਿਚ ਇਸ ਬਾਬਤ ਗਵਾਹੀ ਲਈ ਵੀ ਸੱਦਿਆ ਗਿਆ। ਪਟੀਸ਼ਨਰ ਵੱਲੋਂ ਇਸ ਬਾਰੇ ਉੱਘੇ ਖੋਜਕਾਰ ਮਲਵਿੰਦਰਜੀਤ ਸਿੰਘ ਵੜੈਚ ਦੀ ਪੁਸਤਕ 'ਭਗਤ ਸਿੰਘ-ਦਾ ਇੰਟਰਨਲ ਰੇਬਲ' ਵਿਚਲੇ ਵੇਰਵੇ ਵੀ ਬੈਂਚ ਦੇ ਸਨਮੁੱਖ ਕਰਦਿਆਂ ਇਸ ਇਮਾਰਤ ਦੇ ਉਕਤ ਕ੍ਰਾਂਤੀਕਾਰੀਆਂ ਦਾ ਪਹਿਲਾ ਹੈਡਕੁਆਰਟਰ ਵੀ ਰਿਹਾ ਹੋਣ ਦਾ ਦਾਅਵਾ ਕੀਤਾ ਹੈ। ਪਟੀਸ਼ਨਰ ਨੇ ਇਹ ਵੀ ਦੱਸਿਆ ਕਿ ਦਹਾਕਾ ਕੁ ਪਹਿਲਾਂ ਫ਼ਿਰੋਜ਼ਪੁਰ ਦੇ ਤਤਕਾਲੀ ਡਿਪਟੀ ਕਮਿਸ਼ਨਰ ਵੱਲੋਂ ਭਾਰਤੀ ਪੁਰਾਤਤਵ ਸਰਵੇਖਣ ਦੇ ਅਧਿਕਾਰੀਆਂ ਨਾਲ ਆਪਣੇ ਦਫ਼ਤਰ ਵਿਚ ਮੀਟਿੰਗ ਕਰ ਇਮਾਰਤ ਬਾਰੇ ਪੜਤਾਲ ਲਈ ਵੀ ਕਿਹਾ ਜਾ ਚੁੱਕਾ ਹੈ, ਪਰ ਕਾਰਵਾਈ ਉਸ ਤੋਂ ਅੱਗੇ ਨਹੀਂ ਵਧ ਸਕੀ। ਇਸ ਬਾਰੇ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਉਕਤ ਇਮਾਰਤ ਦੇ ਮੌਜੂਦਾ ਮਾਲਿਕ ਦੀ ਵੀ ਇੱਛਾ ਹੈ ਕਿ ਸਰਕਾਰ ਵੱਲੋਂ ਇਸ ਨੂੰ ਕੌਮੀ ਸਮਾਰਕ ਵਜੋਂ ਸੰਭਾਲੇ ਜਾਣ ਦੇ ਐਲਾਨ 'ਤੇ ਉਹ ਇਮਾਰਤ ਦੀ ਸਪੁਰਦਗੀ ਲਈ ਬਣਦਾ ਸਹਿਯੋਗ ਦੇਵੇਗਾ।

# ਸਭਿਆਚਾਰ ਦੇ ਬਾਬਾ ਬੋਹੜ ਦਾ ਤੁਰ ਜਾਣਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com


ਜਗਦੇਵ ਸਿੰਘ ਜੱਸੋਵਾਲ ਮੇਰੇ ਨਾਲੋਂ ਇਕ ਸਾਲ ਇੱਕ ਮਹੀਨਾ ਛੋਟਾ ਸੀ ਪਰ ਪ੍ਰਾਪਤੀਆਂ ਵਿਚ ਵੀਹ ਸਾਲ ਤੇ ਵੀਹ ਮਹੀਨੇ ਵੱਡਾ। ਇਹ ਵਡਿੱਤਣ ਹੀ ਉਸ ਨੂੰ ਲੈ ਬੈਠੀ। ਉਹ ਏਨੀ ਛੇਤੀ ਜਾਣ ਵਾਲਾ ਨਹੀਂ ਸੀ, ਨਾ ਕੱਦ-ਕਾਠ ਤੇ ਨਾ ਹੀ ਆਤਮਕ ਬੱਲ ਤੋਂ। ਸਿਆਣਪ ਉਸ ਦੀਆਂ ਉਂਗਲਾਂ 'ਤੇ ਨੱਚਦੀ ਸੀ। ਕੌਣ ਹੈ ਜਿਸ ਨੂੰ ਉਸ ਦੇ ਜੀਊਂਦੇ ਜੀਅ ਨੱਚਦੀ ਗਾਉਂਦੀ ਰੂਹ, ਕਰਮ ਯੋਗੀ, ਗਵੱਈਆਂ ਦਾ ਗਵਰਨਰ, ਗਾਇਕੀ ਦੇ ਟਿੱਲੇ ਦਾ ਬਾਲ ਨਾਥ, ਧੂਣੀ ਵਾਲਾ ਸਾਧ, ਧਰਤੀ ਉਤਲਾ ਬੌਲਦ ਤੇ ਯੁਗ ਪੁਰਖ ਵਰਗੇ ਉਪਨਾਮ ਮਿਲੇ ਹੋਣ। ਪੰਜਾਬੀ ਸਭਿਆਚਾਰ ਦਾ ਬਾਬਾ ਬੋਹੜ, ਪੈਗੰਬਰ ਤੇ ਸਮੁੰਦਰ ਵਰਗੇ ਸ਼ਬਦ ਤਾਂ ਉਸ ਲਈ ਆਮ ਹੀ ਵਰਤੇ ਜਾਂਦੇ ਸਨ। ਉਹ ਸੱਚ-ਮੁੱਚ ਬੇਪਰਵਾਹ, ਅਲਬੇਲਾ ਤੇ ਕਾਬਲ-ਏ-ਦੀਦਾਰ ਸ਼ਖਸ ਸੀ। ਜੱਸੋਵਾਲ ਸੂਦਾਂ ਪਿੰਡ ਦਾ ਜਮਪਲ ਇਹ ਗਰੇਵਾਲ ਜੱਟ ਪੰਜ ਭਰਾਵਾਂ ਵਿਚੋਂ ਇਕੱਲਾ ਹੀ ਸੀ ਜਿਸ ਨੇ ਆਪਣੇ ਨਾਂ ਨਾਲ ਗਰੇਵਾਲ ਲਿਖਣ ਦੀ ਥਾਂ ਜਸੋਵਾਲ ਲਿਖਿਆ ਤੇ ਆਪਣੇ ਪਿੰਡ ਨੂੰ ਮਾਨਤਾ ਦਿੱਤੀ। ਜਿੱਥੋਂ ਤੱਕ ਸਰਕਾਰੀ ਚੇਅਰਮੈਨੀਆਂ, ਗੈਰ-ਸਰਕਾਰੀ ਪ੍ਰਧਾਨਗੀਆਂ ਅਤੇ ਮਨ-ਪਸੰਦ ਮੈਂਬਰੀਆਂ ਦਾ ਸਵਾਲ ਹੈ- ਉਨ੍ਹਾਂ ਦੀ ਗਿਣਤੀ ਢਾਈ ਤਿੰਨ ਦਰਜਨ ਹੈ।

ਜੱਸੋਵਾਲ ਨੇ ਮੋਹਨ ਸਿੰਘ ਦੇ ਜਨਮ ਦਿਨ ਉਤੇ ਹਰ ਸਾਲ ਲੁਧਿਆਣੇ ਵਿਚ ਅਕਤੂਬਰ ਮਹੀਨੇ ਮੋਹਨ ਸਿੰਘ ਮੇਲਾ ਲਾਉਣ ਦੀ ਪਿਰਤ ਪਾਈ। ਮੇਲਾ ਏਨਾ ਭਰਨ ਲੱਗ ਪਿਆ ਕਿ ਤਿਲ ਸੁੱਟਣ ਨੂੰ ਜਗ੍ਹਾ ਨਾ ਲੱਭਦੀ। ਕਲਾਕਾਰ ਏਨੇ ਇੱਕਠੇ ਹੋਣ ਲੱਗੇ ਕਿ ਪ੍ਰਬੰਧਕਾਂ ਨੂੰ ਮੁਸ਼ਕਿਲ ਜਾਪਦਾ ਕਿ ਕਿਸ ਨੂੰ ਟਾਈਮ ਦੇਈਏ, ਕਿਸ ਨੂੰ ਨਾ। ਆਪ ਮੁਹਾਰੇ ਕਲਾਕਾਰ ਤੇ ਆਪ ਮੁਹਾਰੇ ਸਰੋਤੇ। ਇਉਂ ਮੋਹਨ ਸਿੰਘ ਮੇਲਾ ਕੇਵਲ ਪੰਜਾਬ ਵਿਚ ਹੀ ਨਹੀਂ, ਸਗੋਂ ਦੇਸ਼ਾਂ-ਵਿਦੇਸ਼ਾਂ ਵਿਚ ਵੀ ਪ੍ਰਚਲਿਤ ਹੁੰਦਾ ਗਿਆ। ਵਿਦੇਸ਼ੀਂ ਬੈਠੇ ਪੰਜਾਬੀ ਪਿਆਰੇ ਵੀ ਸਹਿਯੋਗ ਦੇਣ ਲੱਗੇ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਦੋਵੇਂ ਕੇਂਦਰੀ ਪੰਜਾਬੀ ਸਭਾਵਾਂ, ਯੂਨੀਵਰਸਿਟੀਆਂ, ਨਾਰਥ ਜ਼ੋਨ ਕਲਚਰ ਸੈਂਟਰ, ਭਾਸ਼ਾ ਵਿਭਾਗ ਸਮੇਤ ਪੰਜਾਬ ਭਰ ਦੀਆਂ ਸਭਿਆਚਾਰਕ-ਸਾਹਿਤਕ ਤੇ ਸਮਾਜਿਕ ਸੰਸਥਾਵਾਂ ਵੀ ਆਪੋ ਆਪਣਾ ਸਹਿਯੋਗ ਦੇਣ ਲੱਗੀਆਂ।

"ਪੰਜਾਬ ਭਰ ਦੇ ਚਿੱਤਰਕਾਰ, ਕਲਾਕਾਰ, ਗੀਤਕਾਰ, ਸਾਹਿਤਕਾਰ, ਪੱਤਰਕਾਰ, ਢਾਡੀ-ਕਵੀਸ਼ਰ, ਭੰਡ, ਨਕਲੀਏ, ਰਾਸਧਾਰੀਏ, ਕੱਵਾਲ, ਸਪੇਰਿਆਂ, ਗਤਕਾ ਪਾਰਟੀਆਂ ਭੰਗੜਾ ਟੀਮਾਂ, ਲੋਕ ਨਾਚ ਮੰਡਲੀਆਂ, ਮੇਲੇ ਵਿਚ ਨੁਮਾਇਸ਼ਾਂ ਤੇ ਪ੍ਰਦਸ਼ਨੀਆਂ ਇਉਂ ਆ ਜੁੜਦੀਆਂ, ਜਿਵੇਂ ਸਭੇ ਦੇਸ਼ਾਂ-ਵਿਦੇਸ਼ਾਂ ਦੇ ਕਲਾਕਾਰ ਆਣ ਜੁੜੇ ਹੋਣ।

ਪੰਜਾਬ 'ਤੇ ਕਾਲੇ ਦਿਨ ਆ ਗਏ। ਲੋਕੀ ਸਹਿਮ ਗਏ। ਮਾਰ-ਮਰਾਈ ਹੋ ਰਹੀ ਸੀ। ਪਰ ਮੇਲਾ ਆਪਣੀ ਤਾਰੀਖ 'ਤੇ, ਧੂਮ-ਧੜੱਕੇ ਨਾਲ ਲੱਗਦਾ ਰਿਹਾ। ਜੱਸੋਵਾਲ ਕਲਾਕਾਰਾਂ ਦੇ ਘਰੋ-ਘਰੀ ਜਾ ਕੇ ਉਨ੍ਹਾਂ ਦਾ ਹੌਸਲਾ ਵਧਾਉਂਦਾ ਤੇ ਗਾਉਣ ਲਈ ਪ੍ਰੇਰਦਾ। ਮੇਲੇ ਵਿਚ ਦੀਵਾਲੀ ਕਈ ਵਾਰੀ ਇਸੇ ਤਾਰੀਖ ਨੂੰ ਆਈ, ਦੁਸਹਿਰਾ ਵੀ ਆਇਆ ਪਰ ਮੇਲਾ ਲੱਗਿਆ। ਪੰਜਾਬ ਵਿਚ ਭਾਵੇਂ ਲੋਕ ਮਰ ਰਹੇ ਸਨ ਪਰ ਫਿਰ ਵੀ ਸਹਿਮੇ ਹੋਏ ਲੋਕ ਮੇਲਾ ਵੇਖਣ ਆਉਂਦੇ ਰਹੇ, ਲੋਕ ਨਹੀਂ ਰੁਕੇ। ਸਿਆਸਤਦਾਨ ਮੇਲੇ ਵਿਚ ਆਉਂਦੇ ਰਹੇ, ਹੁਣ ਵੀ ਆਉਂਦੇ ਹਨ, ਪਰ ਸਿਆਸਤ ਦੀ ਜੁੱਤੀ ਬਾਹਰ ਲਾਹ ਕੇ!"

ਜੱਸੋਵਾਲ ਆਪਣੇ ਅਕਾਲ ਚਲਾਣੇ ਤੋਂ ਡੇਢ ਮਹੀਨਾ ਪਹਿਲਾਂ ਹੁਸ਼ਿਆਰਪੁਰ ਨੇੜੇ ਡੈਨਮਾਰਕ ਦੀ ਗੋਰੀ ਗਾਇਕਾ ਅਨੀਤਾ ਲਾਇਕੇ ਦੇ ਸਨਮਾਨ ਵਿਚ ਰਚਾਏ ਸਮਾਗਮ ਉਤੇ ਹੀ ਨਹੀਂ ਪਹੁੰਚਿਆ ਸਟਾਕਟਨ (ਕੈਲੀਫੋਰਨੀਆ) ਵਿਖੇ ਮਨਾਏ ਮੋਹਨ ਸਿੰਘ ਮੇਲੇ ਵਿਚ ਮੁਖ ਮਹਿਮਾਨ ਵਜੋਂ ਹਾਜ਼ਰੀ ਲਗਾ ਕੇ ਆਇਆ। ਉਸ ਨੂੰ ਸੋਨੇ ਦਾ ਮੈਡਲ ਮਿਲਿਆ ਜਿਹੜਾ ਉਸ ਨੇ ਆਪਣੀ ਪਤਨੀ ਸੁਰਜੀਤ ਕੌਰ ਨੂੰ ਇਹ ਕਹਿ ਕੇ ਭੇਟ ਕੀਤਾ,



"ਮੈਂ ਵਕਾਲਤ ਦੀ ਵਿਦਿਆ ਪ੍ਰਾਪਤ ਕਰਨ ਸਮੇਂ ਤੇਰੀਆਂ ਟੂਮਾਂ ਦਾ ਛੱਜ ਬਿਕਵਾ ਦਿੱਤਾ ਸੀ, ਮੈਂ ਨਹੀਂ ਚਾਹੁੰਦਾ ਕਿ ਉਸ ਵਿਚੋਂ ਕੁਝ ਵੀ ਨਾ ਮੋੜਾਂ।"

ਇਥੇ ਉਸ ਦੀ ਵਾਰਤਾਲਾਪ ਦੇ ਦੋ ਨਮੂਨੇ ਪੇਸ਼ ਹਨ ਜਿਹੜੇ ਉਸ ਦੀ ਸੋਚਣੀ ਤੇ ਸੋਚ ਪਰਵਾਹ ਦਾ ਉਤਮ ਨਮੂਨਾ ਹਨ।

"ਪੰਜਾਬ ਵਾਰ-ਵਾਰ ਵੰਡਿਆ ਗਿਆ...1911 ਵਿਚ ਪਹਿਲੀ ਵਾਰ ਪੰਜਾਬ ਦੀ ਵੰਡ ਹੋਈ, ਜਦੋਂ ਦਿੱਲੀ ਨੂੰ ਪੰਜਾਬ ਤੋਂ ਜੁਦਾ ਕੀਤਾ ਗਿਆ। ਫਿਰ ਦੂਜੀ ਵਾਰ...1919 ਵਿਚ ਜਦੋਂ ਸੂਬਾ ਸਰਹੱਦ ਬਣਿਆ...ਫਿਰ 1947 ਵਿਚ...ਜਦੋਂ ਇਕ ਹਿੱਸਾ ਏਧਰ, ਇਕ ਓਧਰ, ਫਿਰ 1966 ਵਿਚ ਹਰਿਆਣਾ ਨਿਕਲਿਆ, ਹਿਮਾਚਲ ਦਾ ਵੱਡਾ ਹਿੱਸਾ ਨਿਕਲਿਆ, ਚੰਡੀਗੜ੍ਹ ਲਿਕਲਿਆ, ਪੰਜਾਬ ਵਾਰ-ਵਾਰ ਵੱਢੀਂਦਾ ਤੇ ਟੁੱਕੀਂਦਾ ਰਿਹੈ, ਏਹਨੇ 'ਸੀ' ਨਾ ਕੀਤੀ...ਸਭ ਕੁਛ ਸਿਰ 'ਤੇ ਜਰਿਆ, ਸੋਨੇ ਦੀ ਚਿੜੀ ਕਿੱਥੇ ਗਈ? ਪਿਓ ਕਹਿੰਦਾ ਕਿ ਪੰਜਾਬ 'ਚ ਮਹਾਰਾਜਾ ਰਣਜੀਤ ਸਿਉਂ ਦਾ ਰਾਜ ਲਾਗੂ ਕਰਨੈ...ਉਧਰੋਂ ਪੁੱਤ ਕਹਿੰਦੈ ਪੰਜਾਬ ਨੂੰ ਪੈਰਿਸ ਬਣਾਉਣੇ...ਪੰਜਾਬ ਨੂੰ ਕੈਲੀਫੋਰਨੀਆ ਬਣਾਉਣੈ...ਏਨਾ ਫਰਕ? ਪਹਿਲਾਂ ਸਲਾਹ ਤਾਂ ਕਰ ਲਓ ਘਰ 'ਚ ਬੈਠ ਕੇ ਕਰਨਾ ਕੀ ਐ...?"

"ਪੰਜਾਬ ਦੇ ਵਿਹੜੇ ਸੁੰਨੇ! ਜਵਾਨੀ ਪਰਦੇਸਾਂ 'ਚ ਤੁਰ ਗਈ, ਵਹੀਰਾਂ ਘੱਤ ਕੇ। ਉਥੇ ਮਜ਼ਦੂਰੀਆਂ ਕਰਦੇ ਨੇ ਪੰਜਾਬ ਦੇ ਲਾਲ! ਹਰੇ-ਭਰੇ ਆਪਣੇ ਖੇਤ ਛੱਡ ਕੇ ਲੋਕਾਂ ਦੇ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੁੰਦੇ ਨੇ! ਵੇ ਜੱਗਿਆ-ਤੁਰ ਪਰਦੇਸ ਗਿਉਂ ਬੂਹਾ ਵੱਜਿਆ...ਦੁਆਬਾ ਵੇਖੋ ਜਾ ਕੇ...ਸਾਰਾ ਸੁੰਨਾ ਪਿਐ! ਕੀ ਗੱਲ ਸੀ? ਕਿਉਂ, ਰੋਟੀ ਦੇ ਲਾਲੇ ਪੈ ਗਏ ਏਥੇ? ਘਰੇ ਕੰਮ ਕਰਨਾ ਨਹੀਂ ਆਇਆ, ਜਾਂ ਕੰਮ ਨੀ ਮਿਲਿਆ? ਜਿਹੜੀ ਰਹਿੰਦ-ਖੂੰਹਦ ਸੀ ਉਹ ਟੀਕਿਆਂ, ਗੋਲੀਆਂ, ਸਮੈਕਾਂ ਨੇ ਸਮੇਟ ਲਈ, ਮੈਂ ਕਿਸੇ ਦਿਨ ਪੰਮੀ ਬਾਈ ਨੂੰ ਕਹੂੰਗਾ ਬਈ ਤੇਰਾ ਗੀਤ ਹੁਣ ਮੰਦਾ ਪੈ ਚੱਲਿਐ...ਏਹ ਗੀਤ ਤੇਰਾ ਪੁਰਾਣੇ ਪੰਜਾਬ ਲਈ ਠੀਕ ਸੀ: ਜੀ ਨੀ ਜਾਣ ਨੂੰ ਕਰਦਾ ਰੰਗਲੀ ਦੁਨੀਆਂ ਤੋਂ...ਉਏ ਕੌਣ ਸੰਭਾਲੂ ਪੰਜਾਬ ਨੂੰ?"

ਆਪਣੇ ਜੀਵਨ ਵਿਚ ਜੱਸੋਵਾਲ ਨੇ ਸਭਿਆਚਾਰ ਨੂੰ ਪਾਲਿਆ ਤੇ ਸਿਆਸਤ ਨੂੰ ਮਿੱਧਿਆ। ਉਸ ਦੇ ਆਪਣੇ ਸ਼ਬਦਾਂ ਵਿਚ, "ਮੈਂ ਨਿੱਕਾ ਹੁੰਦਾ ਕਿੱਕਰ ਤੋਂ ਕਾਟੋ ਫੜ੍ਹਦਾ ਸੀ...ਬੜੀਆਂ ਕਾਟੋਆਂ ਮਾਰੀਆਂ ਬਈ ਦੁਆਨੀ ਨਿਕਲੂ ਕਾਟੋ ਦੇ ਸਿਰ 'ਚੋਂ...ਕਾਹਦੀ ਨਿਕਲਣੀ ਸੀ? ਹੁਣ ਕਾਟੋਆਂ ਦਾ ਪਾਪ ਮਾਰੀ ਜਾਂਦੈ...ਲੀਡਰੀ 'ਚੋਂ ਵੀ ਮੈਨੂੰ ਦੁਆਨੀ ਨਾ ਨਿਕਲੀ...ਕਾਟੋ ਦੇ ਸਿਰ 'ਚੋਂ ਕਾਹਦੀ ਨਿਕਲਣੀ ਸੀ...? ਹੱਦ ਹੋ ਗਈ...ਭੈਣ ਦੇਣੇ ਦੀ।"

ਜੱਸੋਵਾਲ ਦੇ ਚੇਲਿਆਂ ਵਿਚੋਂ ਇਕ ਨਿੰਦਰ ਘੁਗਿਆਣਵੀ ਹੈ ਜਿਹੜਾ ਉਸ ਨੂੰ ਲਾਲ ਚੰਦ ਯਮਲਾ ਜਟ ਵਰਗਾ ਸਤਿਕਾਰ ਦਿੰਦਾ ਰਿਹਾ ਹੈ- ਬਾਪੂ ਕਹਿ ਕੇ। ਉਪਰ ਦਿੱਤੀਆਂ ਪੁੱਠੇ ਕਾਮਿਆਂ ਵਾਲੀਆਂ ਸਭ ਟੂਕਾਂ ਮੈਂ ਉਸ ਦੀ ਪੁਸਤਕ 'ਬਾਪੂ ਖੁਸ਼ ਹੈ' ਵਿਚੋਂ ਲਈਆਂ ਹਨ। ਇਹ ਪੁਸਤਕ ਮੈਨੂੰ ਜੱਸੋਵਾਲ ਨੇ 24 ਜੂਨ 2014 ਵਾਲੇ ਦਿਨ ਉਦੋਂ ਦਿੱਤੀ ਸੀ ਜਦ ਮੈਂ ਲੁਧਿਆਣੇ ਵਾਲਾ ਵਿਰਾਸਤ ਭਵਨ ਵੇਖਣ ਗਿਆ। ਉਸ ਨੇ ਇਹਦੇ ਬਾਰੇ ਦੋ ਅੱਖਰ ਲਿਖਣ ਦੀ ਮੰਗ ਪਾਈ ਸੀ ਜਿਹੜੀ ਮੈਂ ਉਸ ਦੇ ਜੀਊਂਦੇ ਜੀਅ ਪੂਰੀ ਨਹੀਂ ਕਰ ਸਕਿਆ। ਮੈਂ ਕਦੀ ਸੋਚਿਆ ਹੀ ਨਹੀਂ ਸੀ ਕਿ ਉਹ ਏਨੀ ਛੇਤੀ ਤੁਰ ਜਾਵੇਗਾ। ਮੈਂ ਉਸ ਨੂੰ ਹੁਸ਼ਿਆਰਪੁਰ ਵਾਲੀ ਮਿਲਣੀ ਸਮੇਂ ਵੀ ਮਿਲਿਆ ਤੇ ਫੈਸਲਾ ਕੀਤਾ ਉਸ ਦੀ ਮੰਗ ਪੂਰੀ ਕਰਾਂ। ਅੱਜ ਮੈਨੂੰ ਇਸ ਗੱਲ ਦਾ ਅੰਤਾਂ ਦਾ ਝੋਰਾ ਹੈ। ਉਪਰ ਜਾ ਕੇ ਮਿਲਾਂਗਾ ਤਾਂ ਖਿਮਾ ਮੰਗਾਂਗਾ...ਕਿਸੇ ਅਜਿਹੇ ਮੇਲੇ ਵਿਚ ਜਿਹੜਾ ਉਸ ਨੇ ਉਥੇ ਜਾ ਕੇ ਲਾਉਣਾ ਹੈ ਤੇ ਨਿਭਾਉਣਾ ਹੈ।

## ਦਿੱਲੀ ਸਰਕਾਰ ਨੇ ਸਿੱਖ ਪੀੜਤਾਂ ਲਈ 120 ਕਰੋੜ ਮੰਗੇ

**ਨਵੀਂ ਦਿੱਲੀ:** ਦਿੱਲੀ ਸਰਕਾਰ ਜਿਥੇ ਅੱਜ ਕੱਲ ਰਾਸ਼ਟਰਪਤੀ ਰਾਜ ਲਾਗੂ ਹੈ, ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਕੇਂਦਰ ਸਰਕਾਰ ਕੋਲੋਂ 120 ਕਰੋੜ ਰੁਪਏ ਮੰਗੇ ਹਨ। ਕੇਂਦਰੀ ਗ੍ਰਹਿ ਮੰਤਰੀ ਨੇ ਸਿੱਖ ਕਤਲੇਆਮ ਪੀੜਤ ਪਰਿਵਾਰਾਂ ਨੂੰ ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਸੀ।

ਮਾਲ ਵਿਭਾਗ ਦੇ ਸਕੱਤਰ ਐਸ.ਐਨ. ਸਹਾਏ ਨੇ ਕਿਹਾ ਕਿ ਕਤਲੇਆਮ ਪੀੜਤ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦੇਣ ਲਈ ਇਸ ਰਕਮ ਦਾ ਮੰਗ ਕੀਤੀ ਗਈ ਹੈ। ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ 2459 ਵਿਅਕਤੀ ਦੀ ਜਾਂਚ ਮਗਰੋਂ ਛੇਤੀ ਹੀ ਇਹ ਮੁਆਵਜ਼ਾ ਰਾਸ਼ੀ ਉਨ੍ਹਾਂ ਵਿਚ ਵੰਡੀ ਜਾਣੀ ਹੈ।

## ਰਾਹੁਲ ਨੂੰ ਕਾਂਗਰਸ ਦੀ ਵਾਗਡੋਰ ਸੌਂਪਣ 'ਤੇ ਜ਼ੋਰ

**ਭੋਪਾਲ:** ਚੋਣ ਮੁਹਾਜ਼ ਉਤੇ ਕਾਂਗਰਸ ਨੂੰ ਲਗਾਤਾਰ ਪੇਸ਼ ਆ ਰਹੀਆਂ ਹਾਰਾਂ ਦੇ ਮੱਦੇਨਜ਼ਰ ਸੀਨੀਅਰ ਆਗੂ ਦਿਗਵਿਜੈ ਸਿੰਘ ਨੇ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ 'ਪੂਰੀ ਤਰ੍ਹਾਂ' ਪਾਰਟੀ ਦੀ ਅਗਵਾਈ ਸੰਭਾਲਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵਰਕਰ ਚਾਹੁੰਦੇ ਹਨ ਕਿ ਸ੍ਰੀ ਰਾਹੁਲ ਗਾਂਧੀ ਕੁੱਲ ਹਿੰਦ ਕਾਂਗਰਸ ਦੀ ਕੁਲਵਕਤੀ ਤੌਰ 'ਤੇ ਲੀਡਰਸ਼ਿਪ ਸੰਭਾਲਣ।

ਗੌਰਤਲਬ ਹੈ ਕਿ ਪਾਰਟੀ ਦੇ ਜਨਰਲ ਸਕੱਤਰ ਦਿਗਵਿਜੈ ਸਿੰਘ ਨੇ ਬੀਤੇ ਮਹੀਨੇ ਵੀ ਅਜਿਹਾ ਹੀ ਸੁਝਾਅ ਦਿੱਤਾ ਸੀ ਤਾਂ ਪਾਰਟੀ ਨੇ ਇਸ ਨੂੰ ਉਨ੍ਹਾਂ ਦਾ 'ਨਿੱਜੀ ਵਿਚਾਰ' ਆਖ ਕੇ ਦਰਕਿਨਾਰ ਕਰ ਦਿੱਤਾ ਸੀ।

# ਜੁਰਮ ਦੀ ਦੁਨੀਆਂ ਵਿਚ ਵੀ ਪੰਜਾਬ ਦਾ ਨਾਂ ਉਭਰਿਆ

## ਲੁੱਟ-ਖੋਹ, ਕਤਲ ਤੇ ਅਗਵਾ ਦੀਆਂ ਵਾਰਦਾਤਾਂ ਵਿਚ ਕਈ ਗੁਣਾ ਵਾਧਾ

**ਚੰਡੀਗੜ੍ਹ:** ਪੰਜਾਬ ਵਿਚ ਭਾਵੇਂ ਇਨ੍ਹੀਂ ਦਿਨੀਂ ਨਸ਼ਿਆਂ ਦਾ ਮੁੱਦਾ ਕਾਫੀ ਭਖਿਆ ਹੋਇਆ ਹੈ ਪਰ ਸੂਬੇ ਵਿਚ ਲੁੱਟ-ਖੋਹ, ਕਤਲ ਤੇ ਅਗਵਾ ਦੀਆਂ ਵਾਰਦਾਤਾਂ ਵਿਚ ਕਈ ਗੁਣਾ ਵਾਧਾ ਹੋਇਆ ਹੈ। ਪੰਜਾਬ ਵਿਚ ਪਿਛਲੇ ਪੰਜ ਸਾਲਾਂ ਵਿਚ ਨਵੰਬਰ 2014 ਤੱਕ ਹੱਤਿਆਵਾਂ ਦੇ 4022, ਅਗਵਾ ਕਰਨ ਦੇ 4950, ਲੁੱਟਮਾਰ ਦੇ 982 ਤੇ ਨਸ਼ਾ ਤਸਕਰੀ ਦੇ 49353 ਕੇਸ ਦਰਜ ਕੀਤੇ ਗਏ। 1705 ਕੇਸਾਂ ਵਿਚ ਦੋਸ਼ੀਆਂ ਨੂੰ ਸਜ਼ਾ ਜਦੋਂਕਿ ਅਗਵਾ ਕਰਨ ਦੇ 357 ਕੇਸਾਂ ਵਿਚ ਦੋਸੀਆਂ ਨੂੰ ਸਜ਼ਾ ਸੁਣਾਈਆਂ ਤੇ ਲੁੱਟਮਾਰ ਦੇ 233 ਕੇਸਾਂ ਵਿਚ ਦੋਸ਼ੀਆਂ ਨੂੰ ਅਦਾਲਤਾਂ ਵੱਲੋਂ ਸਜ਼ਾ ਸੁਣਾਈਆਂ ਗਈਆਂ, ਜਦੋਂਕਿ ਨਸ਼ਾ ਤਸਕਰੀ ਦੇ 22720 ਕੇਸਾਂ ਵਿਚ ਮੁਲਜ਼ਮਾਂ ਨੂੰ ਸਜ਼ਾ ਸੁਣਾਈਆਂ। ਇਹ ਸਭ ਜਾਣਕਾਰੀ ਪੰਜਾਬ ਵਿਧਾਨ ਸਭਾ ਵਿਚ ਸੁਆਲਾਂ-ਜੁਆਬਾਂ ਦੇ ਸਮੇਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜੋ ਰਾਜ ਦੇ ਗ੍ਰਹਿ ਮੰਤਰੀ ਵੀ ਹਨ, ਨੇ ਕਾਂਗਰਸ ਦੇ ਰਾਣਾਗੁਰਜੀਤ ਸਿੰਘ ਵੱਲੋਂ ਪੁੱਛੇ ਸੁਆਲ ਦੇ ਜਵਾਬ ਵਿਚ ਦਿੱਤੀ ਹੈ।

ਇਸ ਤੋਂ ਇਲਾਵਾ ਪੰਜਾਬ ਵਿਚ ਫ਼ਰਜ਼ੀ ਲਾਇਸੈਂਸ ਬਣਾ ਕੇ ਨਾਜਾਇਜ਼ ਹਥਿਆਰ ਵੇਚਣ ਦਾ ਕਾਰੋਬਾਰ ਖੂਬ ਵਧ ਫੁੱਲ ਰਿਹਾ ਹੈ। ਪਿਛਲੇ ਦਿਨਾਂ ਦੀ ਪੁਲਿਸ ਕਾਰਵਾਈ ਤੋਂ ਤਸਕਰ ਕੀਤੇ ਹਥਿਆਰ ਪੰਜਾਬ, ਹਰਿਆਣਾ, ਰਾਜਸਥਾਨ ਤੇ ਯੂ.ਪੀ. ਦੇ ਰੱਜੇ ਪੁੱਜੇ ਘਰਾਂ ਦੇ ਕਾਕਿਆਂ, ਗਿਰੋਹਾਂ ਨੂੰ ਵੇਚੇ ਜਾਣ ਦਾ ਖੁਲਾਸਾ ਹੋਇਆ ਸੀ। ਪੁਲਿਸ ਜਾਂਚ ਇਕ ਵਾਰ ਫਿਰ ਇਹ ਸੰਕੇਤ ਕਰ ਰਹੀ ਹੈ ਕਿ ਫਿਰੋਜ਼ਪੁਰ ਤੇ ਮੋਗਾ, ਹਥਿਆਰਾਂ ਦੇ ਫਰਜ਼ੀ ਲਾਇਸੈਂਸ ਲੈਣ ਦਾ ਹੱਬ ਬਣ ਗਏ ਹਨ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਚੰਗੀ ਕੀਮਤ ਮਿਲਣ ਕਾਰਨ ਤਸਕਰੀ ਕੀਤੇ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਫਰਜ਼ੀ ਲਾਇਸੈਂਸਾਂ ਨਾਲ ਇਨ੍ਹਾਂ ਨੂੰ ਕਾਨੂੰਨੀ ਬਣਾ ਲਿਆ ਕਰਦੇ ਸਨ। ਫਿਰ ਇਹ ਅਥਿਆਰ ਤਕੜੇ ਗਾਹਕਾਂ ਨੂੰ 25-30 ਲੱਖ ਰੁਪਏ ਵਿਚ 'ਪੁਰਾਣੇ ਤੇ ਵਰਤੇ ਹੋਏ' ਹਥਿਆਰਾਂ ਵਜੋਂ ਵੇਚਦੇ ਸਨ।



ਪੁਲਿਸ ਦਾ ਮੰਨਣਾ ਹੈ ਕਿ ਕੁਝ ਫਰਜ਼ੀ ਲਾਇਸੈਂਸ ਤਾਂ ਉਹ ਹਨ, ਜੋ ਸਿਰਫ ਸੂਬਾ ਸਕੱਤਰ ਹੀ ਜਾਰੀ ਕਰ ਸਕਦਾ ਹੈ ਤੇ ਇਹ ਲਾਇਸੈਂਸ ਪਾਬੰਦੀਸ਼ੁਦਾ ਹਥਿਆਰਾਂ ਲਈ ਹੁੰਦੇ ਹਨ। ਫਰੀਦਕੋਟ ਦੇ ਐਸ.ਐਸ.ਪੀ. ਸੁਖਦੇਵ ਸਿੰਘ ਕਾਹਲੋਂ ਦਾ ਕਹਿਣਾ ਹੈ ਕਿ ਪੁਲਿਸ ਜਾਂਚ ਕਰ ਰਹੀ ਹੈ ਜੋ ਹਾਲੇ ਮੁੱਲੇ ਪੜਾਅ ਵਿਚ ਹੀ ਹੈ। ਪੁਲਿਸ ਸੂਤਰਾਂ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਤਸਕਰੀ ਕੀਤੇ ਹਥਿਆਰਾਂ ਦੀ ਵੇਚ ਮੋਗਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਫਰਜ਼ੀ ਸਿਰਨਾਵਿਆਂ ਵਾਲੇ ਹਥਿਆਰ ਲਾਇਸੈਂਸਾਂ ਦੀ ਮਦਦ ਨਾਲ ਕੀਤੀ ਜਾਂਦੀ ਰਹੀ ਹੈ। ਤਸਕਰੀ ਕੀਤੇ ਇਨ੍ਹਾਂ ਹਥਿਆਰਾਂ ਦੇ ਫਰਜ਼ੀ ਲਾਇਸੈਂਸ ਬਣਾ ਕੇ ਇਨ੍ਹਾਂ ਨੂੰ ਜਾਇਜ਼ ਬਣਾ ਕੇ ਮਾਨਸਾ ਤੇ ਅਬੋਹਰ ਦੇ ਕੁਝ ਗੰਨ ਡੀਲਰ ਵੀ ਇਹ ਹਾਈਟੈਕ ਅਸਲਾ ਖੁੱਲ੍ਹੀ ਮੰਡੀ ਵਿਚ ਵੇਚੀ ਜਾ ਰਹੇ ਹਨ।

### ਹਫਤੇ ਵਿਚ ਅਗਵਾ ਦੇ 204 ਮਾਮਲੇ ਦਰਜ

ਸੂਬਾਈ ਪੁਲਿਸ ਦੀ ਅਧਿਕਾਰਤ ਵੈੱਬਸਾਈਟ ਉਪਰ ਅਪਲੋਡ ਕੀਤੇ ਜਾਂਦੇ ਅਪਰਾਧ ਰੋਜ਼ਨਾਮਚੇ 'ਤੇ ਝਾਤ ਮਾਰਿਆਂ ਪਤਾ ਚੱਲਦਾ ਹੈ ਕਿ 17 ਤੋਂ 23 ਦਸੰਬਰ ਤੱਕ ਰਾਜ ਵਿਚ ਅਗਵਾ ਦੇ 204 ਕੇਸ ਦਰਜ ਕੀਤੇ ਗਏ ਹਨ। 17 ਦਸੰਬਰ ਨੂੰ ਅਗਵਾ ਦੇ 38 ਕੇਸ, 18 ਦਸੰਬਰ ਨੂੰ 32 ਕੇਸ, 19 ਦਸੰਬਰ ਨੂੰ 88 ਕੇਸ, 20 ਦਸੰਬਰ ਨੂੰ 26 ਕੇਸ, 21 ਦਸੰਬਰ ਨੂੰ ਪੰਜ ਕੇਸ, 22 ਨੂੰ 10 ਤੇ 23 ਦਸੰਬਰ ਨੂੰ ਪੰਜ ਕੇਸ ਦਰਜ ਕੀਤੇ ਗਏ। ਅਗਵਾ ਦੇ ਕੇਸਾਂ ਵਿਚੋਂ ਸਭ ਤੋਂ ਵੱਧ 68 ਕੇਸ ਲੁਧਿਆਣਾ ਜ਼ਿਲ੍ਹੇ ਵਿਚ, ਉਸ ਤੋਂ ਬਾਅਦ 24 ਜਲੰਧਰ ਜ਼ਿਲ੍ਹੇ, 19 ਮੁਹਾਲੀ ਜ਼ਿਲ੍ਹੇ, 17 ਪਟਿਆਲਾ, 12 ਅੰਮ੍ਰਿਤਸਰ, 8-8 ਫਰੀਦਕੋਟ, ਹੁਸ਼ਿਆਰਪੁਰ ਤੇ ਖੰਨਾ ਪੁਲਿਸ ਜ਼ਿਲ੍ਹੇ ਵਿਚ, ਛੇ ਬਟਾਲਾ ਪੁਲਿਸ ਜ਼ਿਲ੍ਹੇ, 5-5 ਫਤਹਿਗੜ੍ਹ ਸਾਹਿਬ ਤੇ ਫਿਰੋਜ਼ਪੁਰ, 4-4 ਕਪੂਰਥਲਾ, ਫਾਜ਼ਿਲਕਾ, ਪਠਾਨਕੋਟ, ਮੋਗਾ ਤੇ ਨਵਾਂ- ਸ਼ਹਿਰ ਵਿਚ, ਤਿੰਨ ਤਰਨਤਾਰਨ ਜ਼ਿਲ੍ਹੇ ਵਿਚ, ਦੋ-ਦੋ ਮੁਕਤਸਰ ਤੇ ਬਠਿੰਡਾ ਜ਼ਿਲ੍ਹਿਆਂ ਤੇ ਇਕ-ਇਕ ਕੇਸ ਸੰਗਰੂਰ, ਰੂਪਨਗਰ ਤੇ ਮਾਨਸਾ ਜ਼ਿਲ੍ਹਿਆਂ ਵਿਚ ਦਰਜ ਕੀਤੇ ਗਏ। ਇਹ ਕੇਸ ਪਿਛਲੇ ਦੋ ਸਾਲਾਂ ਦੌਰਾਨ ਲਾਪਤਾ ਹੋਏ ਵਿਅਕਤੀਆਂ ਬਾਰੇ ਦਰਜ ਕੀਤੇ ਗਏ ਹਨ ਜਿਨ੍ਹਾਂ ਬਾਰੇ ਪਹਿਲਾਂ ਪੁਲਿਸ ਨੇ ਰੋਜ਼ਨਾਮਚੇ (ਡੀ.ਡੀ.ਆਰ.) ਕੱਟ ਕੇ ਹੀ ਬੁੱਤਾ ਸਾਰਨ ਦੀ ਕੋਸ਼ਿਸ਼ ਕੀਤੀ ਸੀ। ਇਨ੍ਹਾਂ ਲਾਪਤਾ ਲੋਕਾਂ ਵਿਚੋਂ ਬਹੁਤੇ 18 ਸਾਲ ਤੋਂ ਘੱਟ ਉਮਰ ਦੇ ਲੜਕੇ ਹਨ। ਆਮ ਤੌਰ 'ਤੇ ਪੁਲਿਸ ਸਟੇਸ਼ਨਾਂ ਦੇ ਮੁਖੀ ਆਪਣੇ ਉੱਚ ਅਧਿਕਾਰੀਆਂ ਦੀ ਝਾੜ ਤੇ ਅਦਾਲਤੀ ਕਾਰਵਾਈ ਤੋਂ ਝਿਜਕਦਿਆਂ ਕੇਸ ਦਰਜ ਕਰਨ ਤੋਂ ਕੰਨੀ ਕਤਰਾਉਂਦੇ ਰਹਿੰਦੇ ਹਨ।

## ਕੰਵਰ ਸਿੰਘ ਧਾਮੀ ਦੇਸ਼ ਧਰੋਹ ਦੇ ਮਾਮਲੇ ਵਿਚੋਂ ਬਰੀ

**ਮੁਹਾਲੀ:** ਸਥਾਨਕ ਅਦਾਲਤ ਨੇ ਤਕਰੀਬਨ ਨੌਂ ਸਾਲ ਪੁਰਾਣੇ ਦੇਸ਼ ਧਰੋਹ ਦੇ ਮਾਮਲੇ ਦਾ ਨਿਬੇੜਾ ਕਰਦਿਆਂ ਗੁਰੂ ਆਸਰਾ ਟਰੱਸਟ ਦੇ ਮੁਖੀ ਕੰਵਰ ਸਿੰਘ ਧਾਮੀ ਨੂੰ ਬਾਇੱਜ਼ਤ ਬਰੀ ਕਰ ਦਿੱਤਾ। ਧਾਮੀ ਵਿਰੁੱਧ ਅੱਠ ਮਾਰਚ 2006 ਨੂੰ ਫੇਜ਼-1 ਥਾਣੇ ਵਿਚ ਉਸ



ਸਮੇਂ ਦੇ ਐਸ.ਐਚ.ਓ. ਸਤਨਾਮ ਸਿੰਘ ਦੇ ਬਿਆਨਾਂ 'ਤੇ ਦੇਸ਼ ਧਰੋਹ ਦਾ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਨੇ ਇਹ ਕਾਰਵਾਈ ਇਕ ਟੀ.ਵੀ. ਚੈਨਲ 'ਤੇ ਪ੍ਰਸਾਰਿਤ ਪ੍ਰੋਗਰਾਮ ਨੂੰ ਆਧਾਰ ਬਣਾ ਕੇ ਕੀਤੀ ਗਈ ਸੀ। ਇਸ ਮਾਮਲੇ ਦੀ ਸੁਣਵਾਈ ਮੁਹਾਲੀ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਸ਼ਿਵ ਮੋਹਨ ਗਰਗ ਦੀ ਅਦਾਲਤ ਵਿਚ ਚੱਲ ਰਹੀ ਸੀ। ਬਚਾਅ ਪੱਖ ਦੇ ਵਕੀਲ ਨੇ ਦੱਸਿਆ ਕਿ ਚੀਫ਼ ਜੁਡੀਸ਼ਲ ਮੈਜਿਸਟਰੇਟ ਦੀ ਖੁੱਲ੍ਹੀ ਅਦਾਲਤ ਵਿਚ ਕੇਸ ਦੀ ਸੁਣਵਾਈ ਦੌਰਾਨ ਜ਼ਿਲ੍ਹਾ ਪੁਲਿਸ ਕੰਵਰ ਸਿੰਘ ਧਾਮੀ ਖ਼ਿਲਾਫ਼ ਦੇਸ਼ ਧਰੋਹ ਦੇ ਮਾਮਲੇ ਵਿਚ ਠੋਸ ਸਬੂਤ ਪੇਸ਼ ਨਹੀਂ ਕਰ ਸਕੀ ਹੈ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਧਾਮੀ ਨੂੰ ਬੇਕਸੂਰ ਕਰਾਰ ਦਿੰਦਿਆਂ ਬਾਇੱਜ਼ਤ ਬਰੀ ਕਰ ਦਿੱਤਾ।

# ਅਕਾਲੀ ਦਲ-ਭਾਜਪਾ ਅਤੇ ਰਾਜਸੀ ਹਾਲਾਤ ਦਾ ਵਹਿਣ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸ਼ਾਇਦ ਇਹ ਗੱਲ ਕਈ ਲੋਕਾਂ ਨੂੰ ਵੇਲੇ ਤੋਂ ਪਹਿਲਾਂ ਦੀ ਬਾਂਗ ਲੱਗਦੀ ਹੋਵੇ, ਪਰ ਦਿੱਲੀ ਵਲੋਂ ਆਏ ਅਵਾੜੇ ਦੱਸਦੇ ਹਨ ਕਿ ਨਵਾਂ ਸਾਲ ਪੰਜਾਬ ਦੇ ਲੋਕਾਂ ਲਈ ਵਿਧਾਨ ਸਭਾ ਚੋਣਾਂ ਦਾ ਦੌਰ ਲਿਆ ਸਕਦਾ ਹੈ। ਕਈ ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਮੋਦੀ ਸਰਕਾਰ ਦਾ ਪਹਿਲਾ ਜਨਮ ਦਿਨ ਮਨਾਉਣ ਤੱਕ ਪੰਜਾਬ ਦੀ ਮੌਜੂਦਾ ਸਰਕਾਰ ਸਮੇਟੇ ਜਾਣ ਦਾ ਮਹੂਰਤ ਨਿਕਲ ਸਕਦਾ ਹੈ ਅਤੇ ਕੁਝ ਇਸ ਵਿਚ ਥੋੜ੍ਹਾ ਵੱਧ ਵਕਤ ਲੱਗਣ ਦੀ ਗੱਲ ਕਰਦੇ ਹਨ, ਪਰ ਇਸ ਸੋਚ ਬਾਰੇ ਲਗਭਗ ਸਹਿਮਤੀ ਹੁੰਦੀ ਜਾਂਦੀ ਹੈ ਕਿ ਇਹ ਸਰਕਾਰ ਬਹੁਤੇ ਦਿਨ ਚੱਲਣੀ ਨਹੀਂ। ਪਿਛਲੇ ਹਫਤੇ ਦੇ ਹਾਲਾਤ ਨੇ ਪੰਜਾਬ ਦੀ ਮੌਜੂਦਾ ਸਰਕਾਰ ਦੀ ਤਕਦੀਰ ਨੂੰ ਏਦਾਂ ਦਾ ਮਰੋੜਾ ਚਾੜ੍ਹ ਦਿੱਤਾ ਹੈ, ਜਿਸ ਤੋਂ ਆਈ ਤਰੇੜ ਮੇਟਣੀ ਔਖੀ ਹੋ ਜਾਣੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਵਿਚ ਜਦੋਂ ਇਹ ਗੱਲ ਕਹੀ ਕਿ 'ਸੁਖਬੀਰ ਨੂੰ ਮੈਂ ਕਹਿ ਦਿੱਤਾ ਹੈ ਕਿ ਉਹ ਭਾਜਪਾ ਨਾਲ ਸਾਂਝ ਨਿਭਾਈ ਜਾਵੇ', ਕਈ ਲੋਕ ਇਹ ਸਮਝਦੇ ਸਨ ਕਿ ਇਸ ਦੇ ਨਾਲ ਉਨ੍ਹਾਂ ਨੇ ਭਾਜਪਾ ਨੂੰ ਸਬੰਧਾਂ ਵਿਚ ਸੁਧਾਰ ਦਾ ਸੁਨੇਹਾ ਦੇਣ ਦਾ ਯਤਨ ਕੀਤਾ ਹੈ। ਵਿਸ਼ਵ ਕਬੱਡੀ ਕੱਪ ਦਾ ਫਾਈਨਲ ਜਦੋਂ ਉਨ੍ਹਾਂ ਨੇ ਆਪਣੇ ਪਿੰਡ ਬਾਦਲ ਵਿਚ ਕਰਵਾਇਆ ਤੇ ਸਾਰੀ ਉਮਰ ਦੀ ਸਾਂਝ ਵਾਲੇ ਚੌਟਾਲਾ ਪਰਿਵਾਰ ਨੂੰ ਪਾਸੇ ਰੱਖ ਕੇ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਸੱਦਿਆ, ਜਿਸ ਦੇ ਖਿਲਾਫ ਜ਼ੋਰ ਲਾਇਆ ਹੋਇਆ ਸੀ, ਉਸ ਤੋਂ ਵੀ ਸਬੰਧਾਂ ਵਿਚ ਮੋੜੇ ਦਾ ਤਰਲਾ ਮਾਰਨ ਵਾਲਾ ਸੁਨੇਹਾ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਪਾਣੀ ਪੁਲਾਂ ਹੇਠੋਂ ਏਨੀ ਤੇਜ਼ੀ ਨਾਲ ਵਗਿਆ ਹੈ ਤੇ ਏਨਾ ਜ਼ਿਆਦਾ ਇੱਕੋ ਹਫਤੇ ਵਿਚ ਵਗਿਆ ਹੈ ਕਿ ਹਾਲਾਤ ਦੇ ਵਹਿਣ ਨੂੰ ਮੋੜਾ ਪੈ ਸਕਣਾ ਹੁਣ ਸਹਿਲ ਨਹੀਂ ਜਾਪਦਾ। ਗੱਡੀ ਨੀਵਾਣ ਵੱਲ ਰਿੜ੍ਹ ਪਈ ਕਈ ਲੋਕ ਮਹਿਸੂਸ ਕਰਦੇ ਹਨ।

ਪਹਿਲੀ ਗੱਲ, ਇਸ ਹਫਤੇ ਵਿਧਾਨ ਸਭਾ ਵਿਚ ਵਾਪਰੀਆਂ ਘਟਨਾਵਾਂ ਤੋਂ ਝਲਕੀ ਹੈ। ਉਥੇ ਕਾਂਗਰਸੀ ਧਿਰ ਨੇ ਪੰਜਾਬ ਸਰਕਾਰ ਦੇ ਖਿਲਾਫ ਇੱਕ ਬੇਭਰੋਸਗੀ ਮਤਾ ਲਿਆਂਦਾ ਸੀ। ਮਤੇ ਦਾ ਆਧਾਰ ਇਹ ਬਣਾਇਆ ਸੀ ਕਿ ਪੰਜਾਬ ਦੇ ਇੱਕ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਨਸ਼ੀਲੇ ਪਦਾਰਥਾਂ ਦੇ ਕੇਸ ਵਿਚ ਪੇਸ਼ੀ ਲਈ ਇਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਸੰਮਨ ਜਾਰੀ ਹੋਣ ਕਾਰਨ ਸਰਕਾਰ ਦਾ ਅਕਸ ਖਰਾਬ ਹੋ ਗਿਆ ਹੈ, ਇਸ ਕਰਕੇ ਇਸ ਸਦਨ ਦਾ ਸਰਕਾਰ ਵਿਚ ਭਰੋਸਾ ਨਹੀਂ ਰਿਹਾ। ਸੰਮਨ ਜਾਰੀ ਹੋਏ ਤੋਂ ਭਾਜਪਾ ਆਗੂਆਂ ਨੇ ਮਜੀਠੀਏ ਦਾ ਅਸਤੀਫਾ ਮੰਗਿਆ ਸੀ, ਪਰ ਵਿਧਾਨ ਸਭਾ ਅੰਦਰ ਉਹ ਸਰਕਾਰ ਦੇ ਨਾਲ ਖੜੇ ਹੋ ਗਏ ਅਤੇ ਕਾਂਗਰਸੀ ਵਿਧਾਇਕਾਂ ਦੇ ਤਾਅਨਿਆਂ ਨੂੰ ਵੀ ਮੁਸਕਰਾ ਕੇ ਟਾਲਦੇ ਰਹੇ। ਇਥੋਂ ਤੱਕ ਗੱਲ ਰਹਿ ਜਾਂਦੀ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੌਕਾ ਸੰਭਾਲ ਲੈਣਾ ਸੀ, ਪਰ ਮਜੀਠੀਏ ਦੇ ਬਚਾਅ ਲਈ ਬੋਲਣ ਵਾਸਤੇ ਉਠੇ ਵਿਰਸਾ ਸਿੰਘ ਵਲਟੋਹਾ ਨੇ ਕਾਂਟਾ ਬਦਲ ਦਿੱਤਾ।

ਵਿਰਸਾ ਸਿੰਘ ਵਲਟੋਹਾ ਤਿੰਨ ਦਹਾਕੇ ਪਹਿਲਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸੱਤ ਕੁ ਖਾਸ ਸੇਵਾਦਾਰਾਂ ਵਿਚ ਗਿਣਿਆ ਜਾਂਦਾ ਸੀ। ਆਪਣੇ ਭਾਸ਼ਣ ਵਿਚ ਉਸ ਨੇ ਗਿੱਦੜਬਾਹੇ ਤੋਂ ਕਾਂਗਰਸ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਅਪਰਾਧੀਆਂ ਨਾਲ ਸਾਂਝ ਰੱਖਣ ਦੀ ਚੋਭ ਲਾ ਦਿੱਤੀ। ਰਾਜਾ ਵੜਿੰਗ ਨੇ ਅੱਗੋਂ ਵਿਰਸਾ ਸਿੰਘ ਨੂੰ ਕਿਸੇ ਸਮੇਂ ਦਾ ਅਤਿਵਾਦੀ ਪਿਛੋਕੜ ਚੇਤੇ ਕਰਵਾ ਦਿੱਤਾ। ਭੜਕੇ ਹੋਏ ਵਿਰਸਾ ਸਿੰਘ ਨੇ ਕਹਿ ਦਿੱਤਾ ਕਿ 'ਮੈਂ ਅਤਿਵਾਦੀ ਸਾਂ, ਮੈਂ ਹਾਂ ਅਤੇ ਮੈਂ ਅਤਿਵਾਦੀ ਰਹਾਂਗਾ।' ਇਸ ਤੋਂ ਵਿਧਾਨ ਸਭਾ ਵਿਚ ਹੰਗਾਮਾ ਹੋ ਗਿਆ। ਅਕਾਲੀ ਦਲ ਦਾ ਸਾਥ ਦੇਣ ਦੀ ਥਾਂ ਭਾਜਪਾ ਵਾਲੇ ਨੀਵੀਂ ਪਾ ਕੇ ਬੈਠ ਗਏ। ਕਾਂਗਰਸ ਵਾਲੇ ਭੜਕ ਉਠੇ ਕਿ ਸਦਨ ਵਿਚ ਇੱਕ ਵਿਧਾਇਕ ਕਹਿੰਦਾ ਹੈ ਕਿ 'ਮੈਂ ਅਤਿਵਾਦੀ ਸਾਂ, ਹਾਂ ਤੇ ਰਹਾਂਗਾ', ਇਸ ਵਿਰੁਧ ਕਾਰਵਾਈ ਹੋਣੀ ਚਾਹੀਦੀ ਹੈ। ਵਿਰਸਾ ਸਿੰਘ ਵਲਟੋਹਾ ਨੇ ਮੁੱਖ ਮੰਤਰੀ ਦੀ ਘੂਰੀ ਵੱਟੀ ਹੋਈ ਵੇਖ ਕੇ ਇਹ ਲਫਜ਼ ਵਾਪਸ ਲੈਣ ਅਤੇ ਮੁਆਫੀ ਮੰਗ ਕੇ ਬਚਣ ਦਾ ਚਾਰਾ ਕੀਤਾ, ਪਰ ਜਿਹੜਾ ਤੀਰ ਕਮਾਨ ਤੋਂ ਨਿਕਲ ਗਿਆ ਸੀ, ਉਹ ਵਾਪਸ ਨਹੀਂ ਸੀ ਮੁੜਨਾ। ਉਸ ਦਿਨ ਭਾਜਪਾ ਮੰਤਰੀਆਂ ਅਤੇ ਵਿਧਾਇਕਾਂ ਵਲੋਂ ਉਥੇ ਚੁੱਪ ਬੈਠੇ ਰਹਿਣ ਦੀ ਲੋਕਾਂ ਵਿਚ ਨੁਕਤਾਚੀਨੀ ਹੋਈ ਤਾਂ ਅਗਲੇ ਦਿਨ ਉਹ ਵੀ ਬੋਲ ਪਏ।

ਅਗਲੇ ਦਿਨ ਭਾਜਪਾ ਲੀਡਰਾਂ ਨੂੰ ਚੁੱਪ ਤੋੜਨ ਲਈ ਮੌਕਾ ਵੀ ਵਿਰਸਾ ਸਿੰਘ ਨੇ ਦਿੱਤਾ। ਉਹ ਪਿਛਲੇ ਦਿਨ ਦੀ ਆਪਣੀ ਭੁੱਲ ਦਾ ਕਾਰਨ ਦੱਸਣ ਲੱਗ ਪਿਆ ਕਿ ਤੀਹ ਸਾਲ ਪਹਿਲਾਂ ਹਾਲਾਤ ਹੋਰ ਸਨ, ਜਿਹੜਾ ਕੋਈ ਲੋਕਾਂ ਦੇ ਹਿੱਤ ਦੀ ਗੱਲ ਕਰਦਾ ਸੀ, ਪੁਲਿਸ ਵਾਲੇ ਉਸ ਨੂੰ ਅਤਿਵਾਦੀ ਬਣਾ ਦਿੰਦੇ ਸਨ। ਭਾਜਪਾ ਦੇ ਮੰਤਰੀ ਅਨਿਲ ਜੋਸ਼ੀ ਨੇ ਉਠ ਕੇ ਕਹਿ ਦਿੱਤਾ ਕਿ ਔਹ ਮੁੱਖ ਮੰਤਰੀ ਬਾਦਲ ਬੈਠੇ ਹਨ, ਉਨ੍ਹਾਂ ਸਾਰੀ ਉਮਰ ਲੋਕਾਂ ਦੇ ਹਿੱਤਾਂ ਦੀ ਗੱਲ ਕੀਤੀ ਹੈ, ਕਿਸੇ ਨੇ ਅੱਜ ਤੱਕ ਕਦੇ ਉਨ੍ਹਾਂ ਨੂੰ ਅਤਿਵਾਦੀ ਨਹੀਂ ਕਿਹਾ। ਮੰਤਰੀ ਇਹ ਉਹੋ ਸੀ, ਜਿਸ ਦੇ ਪਿਤਾ ਦਾ ਕਤਲ ਉਨ੍ਹਾਂ ਦਿਨਾਂ ਵਿਚ ਕੀਤਾ ਗਿਆ ਸੀ ਤੇ ਉਸ ਕਤਲ ਦੀ ਪੀੜ ਅਜੇ ਗਈ ਨਹੀਂ ਸੀ। ਇਸ ਨਾਲ ਹਾਲਾਤ ਇਹੋ ਜਿਹੇ ਬਣ ਗਏ ਕਿ ਜਿਹੜੇ ਬਾਦਲ ਸਾਹਿਬ ਆਪਣੇ ਭਾਸ਼ਣ ਵਿਚ ਟੋਟਕੇ ਤੇ ਟਿੱਚਰਾਂ ਜੋੜ ਕੇ ਵਿਰੋਧੀ ਧਿਰ ਨੂੰ ਠਿੱਠ ਕਰਿਆ ਕਰਦੇ ਸਨ, ਇਸ ਵਾਰੀ ਉਹ ਉਨ੍ਹਾਂ ਲਫਜ਼ਾਂ ਦੀ ਚੋਣ ਕਰਨ ਵਿਚ ਹੀ ਉਲਝ ਗਏ, ਜਿਹੜੇ ਬੋਲੇ ਜਾ ਸਕਦੇ ਸਨ।

ਵਿਧਾਨ ਸਭਾ ਦਾ ਸਮਾਗਮ ਮੁੱਕਦੇ ਸਾਰ ਜਲੰਧਰ ਵਿਚ ਬਿਕਰਮ ਸਿੰਘ ਮਜੀਠੀਏ ਦੀ ਇਨਫੋਰਸਮੈਂਟ ਅੱਗੇ ਪੇਸ਼ੀ ਦੀ ਤਰੀਕ ਆ ਗਈ। ਇਥੇ ਆ ਕੇ ਅਕਾਲੀ-ਭਾਜਪਾ ਗੱਠਜੋੜ ਸਰੇ-ਬਾਜ਼ਾਰ 'ਅਕਾਲੀ ਬਨਾਮ ਭਾਜਪਾ' ਬਣਦਾ ਵੇਖਿਆ ਗਿਆ। ਮਜੀਠੀਏ ਦੀ ਪੇਸ਼ੀ ਵੇਲੇ ਵਿਰੋਧੀ ਧਿਰ ਕਾਂਗਰਸ ਦੇ ਆਗੂਆਂ ਅਤੇ ਵਰਕਰਾਂ ਨੇ ਤਾਂ ਮੌਕਾ ਵਰਤਣਾ ਹੀ ਸੀ, ਅਤੇ ਉਹ ਮੁਜ਼ਾਹਰਾ ਕਰਨ ਆਏ ਵੀ, ਹੈਰਾਨੀ ਦੀ ਗੱਲ ਇਹ ਕਿ ਪੁਲਿਸ ਤੇ ਸੂਹੀਆ ਏਜੰਸੀਆਂ ਦੀ ਚੌਕਸੀ ਦੇ ਬਾਵਜੂਦ ਗਲੀਆਂ ਵਿਚੋਂ ਦੀ ਹੁੰਦੇ ਭਾਜਪਾ ਦੇ ਵਿਦਿਆਰਥੀ ਆਗੂ ਵੀ ਪਹੁੰਚ ਗਏ। ਭਾਜਪਾ ਦੀ ਇਸ ਜਥੇਬੰਦੀ ਦੇ ਬਹੁਤੇ ਆਗੂ ਆਪ ਵੀ ਭਾਜਪਾ ਆਗੂਆਂ ਦੇ ਪੁੱਤਰ ਹਨ। ਉਨ੍ਹਾਂ ਨੇ ਮਜੀਠੀਏ ਦੇ ਵਿਰੋਧ ਵਿਚ ਸਿਰਫ ਮੁਜ਼ਾਹਰਾ ਹੀ ਨਹੀਂ ਕੀਤਾ, ਉਥੇ ਉਸ ਦਾ ਪੁਤਲਾ ਵੀ ਸਾੜਿਆ। ਪੰਜਾਬ ਦੇ ਲੋਕਾਂ ਨੇ ਪਹਿਲੀ ਵਾਰ ਵੇਖਿਆ ਕਿ ਰਾਜ ਕਰਦੇ ਗੱਠਜੋੜ ਦੀ ਅਗਵਾਈ ਕਰਦੀ ਧਿਰ ਦੇ ਇੱਕ ਕੈਬਨਿਟ ਮੰਤਰੀ,



ਵਿਰਸਾ ਸਿੰਘ ਵਲਟੋਹਾ



ਅਮਰਿੰਦਰ ਸਿੰਘ ਰਾਜਾ ਵੜਿੰਗ

ਤੇ ਉਹ ਵੀ ਡਿਪਟੀ ਮੁੱਖ ਮੰਤਰੀ ਦੇ ਸਾਲਾ ਸਾਹਿਬ, ਦਾ ਪੁਤਲਾ ਗੱਠਜੋੜ ਦੀ ਦੂਸਰੀ ਪਾਰਟੀ ਦੇ ਵਰਕਰ ਉਦੋਂ ਬਾਜ਼ਾਰ ਵਿਚ ਸਾੜ ਰਹੇ ਹੋਣ, ਜਦੋਂ ਉਹ ਔਕੜ ਦਾ ਸਾਹਮਣਾ ਕਰ ਰਿਹਾ ਹੈ। ਮੁੱਖ ਮੰਤਰੀ ਨੇ ਵਿਧਾਨ ਸਭਾ ਵਿਚ ਇਹ ਕਿਹਾ ਸੀ ਕਿ 'ਸੁਖਬੀਰ ਨੂੰ ਮੈਂ ਕਹਿ ਦਿੱਤਾ ਹੈ ਕਿ ਉਹ ਭਾਜਪਾ ਨਾਲ ਸਾਂਝ ਨਿਭਾਈ ਜਾਵੇ', ਪਰ ਦੂਸਰੀ ਧਿਰ ਨੇ ਇਸ ਸਾਂਝ ਦੀ ਤੰਦ ਹੀ ਟੁੱਕ ਦਿੱਤੀ। ਜੇ ਇਸ ਦੇ ਬਾਵਜੂਦ ਅਕਾਲੀ ਆਗੂ ਇਹ ਆਖਦੇ ਹਨ ਕਿ ਸਾਂਝ ਕਾਇਮ ਹੈ ਤਾਂ ਇਹ ਇੱਕ ਖੋਖਲੀ ਦਾਅਵੇਦਾਰੀ ਜਾਪਦੀ ਹੈ।

ਅਗਲੀ ਗੱਲ ਇਹ ਹੈ ਕਿ ਭਾਜਪਾ ਦੀ ਨੀਤੀ ਸਿਰਫ ਇਹੋ ਨਹੀਂ ਕਿ ਅਕਾਲੀ ਦਲ ਉਤੇ ਨਿਰਭਰਤਾ ਖਤਮ ਕਰਨੀ ਹੈ, ਸਗੋਂ ਇਹ ਵੀ ਹੈ ਕਿ ਇਹ ਕੰਮ ਛੇਤੀ ਸਿਰੇ ਲਾ ਲੈਣਾ ਹੈ। ਇਸ ਹਫਤੇ ਹੀ ਉਨ੍ਹਾਂ ਨੇ ਦਿੱਲੀ ਵਿਚ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਹੋਏ ਕਤਲੇਆਮ ਦੇ ਸਿੱਖ ਪੀੜਤਾਂ ਨੂੰ ਮਾਇਕ ਸਹਾਇਤਾ ਦੇਣ ਦਾ ਪ੍ਰੋਗਰਾਮ ਕੀਤਾ ਹੈ, ਜਿਸ ਵਿਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਆਪ ਪੁੱਜੇ ਸਨ। ਕਿਸੇ ਇੱਕ ਵੀ ਅਕਾਲੀ ਆਗੂ ਨੂੰ ਉਸ ਪ੍ਰੋਗਰਾਮ ਵਿਚ ਸਟੇਜ ਉਤੇ ਨਹੀਂ ਸੱਦਿਆ ਗਿਆ ਤੇ ਅਕਾਲੀ ਦਲ ਦਾ ਜ਼ਿਕਰ ਵੀ ਕਿਸੇ ਇਸ਼ਤਿਹਾਰ ਜਾਂ ਬੈਨਰ ਵਿਚ ਨਹੀਂ ਕੀਤਾ ਗਿਆ, ਸਗੋਂ ਅਕਾਲੀਆਂ ਨੂੰ ਲਾਂਭੇ ਰੱਖ ਕੇ ਦਿੱਲੀ ਦੇ ਸਿੱਖਾਂ ਤੱਕ ਪਹੁੰਚਣ ਦਾ ਯਤਨ ਕੀਤਾ ਗਿਆ ਹੈ। ਫਰਵਰੀ ਵਿਚ ਉਥੇ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਅਤੇ ਭਾਜਪਾ ਉਸ ਮੌਕੇ ਅਕਾਲੀ ਦਲ ਦੀ ਪਹਿਲਾਂ ਵਾਲੀ ਚੌਧਰ ਝੱਲਣ ਦੀ ਥਾਂ ਅਜਿਹੇ ਹਾਲਾਤ ਬਣਾ ਦੇਣਾ ਚਾਹੁੰਦੀ ਹੈ ਕਿ ਅਕਾਲੀ ਪਿਛਲੱਗ ਬਣ ਕੇ ਚੱਲਣ ਨੂੰ ਮਜਬੂਰ ਹੋ ਜਾਣ। ਪੰਜਾਬ ਵਿਚ ਵੀ ਭਾਜਪਾ ਦੀ ਇਸੇ ਨੀਤੀ ਦੇ ਚਰਚੇ ਹਨ ਅਤੇ ਇਸੇ ਲਈ ਹਰ ਹਫਤੇ ਕੋਈ ਨਾ ਕੋਈ ਅਕਾਲੀ ਵਰਕਰ ਆਪਣੇ ਪਿਓ-ਦਾਦੇ ਦੇ ਵਕਤ ਦੀ 'ਪੰਥ ਨਾਲ ਵਫਾਦਾਰੀ' ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਦਾ ਐਲਾਨ ਕਰੀ ਜਾ ਰਿਹਾ ਹੈ।

ਸਵਾਲ ਇਹ ਉਠਦਾ ਹੈ ਕਿ ਭਾਜਪਾ ਨੂੰ ਇਸ ਕੰਮ ਵਿਚ ਏਨੀ ਕਾਹਲੀ ਕਿਉਂ ਹੈ? ਇਸ ਦਾ ਕਾਰਨ ਇਹ ਹੈ ਕਿ ਭਾਜਪਾ ਦਾ ਪਾਣੀ ਲੱਥਦਾ ਜਾ ਰਿਹਾ ਹੈ। ਜਿਹੜੀ ਗੱਲ ਆਮ ਲੋਕਾਂ ਤੱਕ ਨਹੀਂ ਪਹੁੰਚੀ ਜਾਂ ਪਹੁੰਚਣ ਨਹੀਂ ਦਿੱਤੀ ਜਾਂਦੀ, ਉਸ ਬਾਰੇ ਭਾਜਪਾ ਖੁਦ ਸੁਚੇਤ ਹੈ। ਪਹਿਲਾਂ ਉਤਰਾਖੰਡ ਵਿਚ ਚਾਰ ਸੀਟਾਂ ਲਈ ਉਪ ਚੋਣ ਹੋਈ ਤਾਂ ਜਿੱਥੇ ਭਾਜਪਾ ਨੇ ਪੰਜ ਦੀਆਂ ਪੰਜ ਲੋਕ ਸਭਾ ਸੀਟਾਂ ਜਿੱਤੀਆਂ ਸਨ, ਉਥੇ ਉਪ ਚੋਣ ਵੇਲੇ ਇੱਕ ਵੀ ਸੀਟ ਨਾ ਜਿੱਤ ਸਕੀ। ਫਿਰ ਬਿਹਾਰ ਵਿਚ ਉਸ ਨੂੰ ਠਿੱਬੀ ਲੱਗ ਗਈ, ਜਿੱਥੇ ਦਸਾਂ ਸੀਟਾਂ ਦੀ ਉਪ ਚੋਣ ਵਿਚ ਉਹ ਅੱਧ ਤੋਂ ਹੇਠਾਂ ਡਿੱਗ ਪਈ ਅਤੇ ਆਪਣੀਆਂ ਜਿੱਤੀਆਂ ਹੋਈਆਂ ਦੋ ਸੀਟਾਂ ਵੀ ਗੁਆ ਬੈਠੀ। ਹੁਣ ਜੰਮੂ-ਕਸ਼ਮੀਰ ਤੇ ਝਾਰਖੰਡ ਵਿਚ ਵਿਧਾਨ ਸਭਾ ਚੋਣਾਂ ਹੋਈਆਂ ਹਨ ਤਾਂ ਉਤਲਾ ਪ੍ਰਭਾਵ ਇਹ ਹੈ ਕਿ ਭਾਜਪਾ ਅੱਗੇ ਵਧ ਕੇ ਇੱਕ ਥਾਂ ਸਰਕਾਰ ਬਣਾ ਕੇ ਦੂਸਰੀ ਥਾਂ ਸਰਕਾਰ ਬਣਾਉਣ ਦੇ ਨੇੜੇ ਜਾ ਪਹੁੰਚੀ ਹੈ। ਅੰਕੜੇ ਇਸ ਚੋਣ ਨਤੀਜੇ ਦੇ ਅੰਦਰਲੀ ਗੱਲ ਜ਼ਾਹਰ ਕਰੀ ਜਾ ਰਹੇ ਹਨ।

ਝਾਰਖੰਡ ਵਿਚ ਸੱਤ ਮਹੀਨੇ ਪਹਿਲਾਂ ਭਾਜਪਾ ਨੇ ਇਕੱਲੇ ਰਹਿ ਕੇ ਚੋਣ ਲੜੀ ਤੇ ਕੁੱਲ ਚੌਦਾਂ ਪਾਰਲੀਮੈਂਟ ਸੀਟਾਂ ਵਿਚੋਂ ਬਾਰਾਂ ਜਿੱਤ ਲਈਆਂ ਸਨ। ਉਦੋਂ ਇਕਾਸੀ ਵਿਧਾਨ ਸਭਾ ਹਲਕਿਆਂ ਵਿਚੋਂ ਉਹ ਛਪੰਜਾ ਵਿਚ ਅੱਗੇ ਸੀ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਸ ਦੀ ਲੀਡਰਸ਼ਿਪ ਨੂੰ ਪਾਣੀ ਲਹਿੰਦਾ ਦਿਸਿਆ ਤਾਂ ਆਲ ਝਾਰਖੰਡ ਸਟੂਡੈਂਟਸ ਯੂਨੀਅਨ ਦੇ ਨਾਲ ਚੋਣ ਸਮਝੌਤਾ ਕਰ ਲਿਆ। ਬਾਹਰ ਇਹ ਕਿਹਾ ਜਾ ਰਿਹਾ ਹੈ ਕਿ ਉਥੇ ਭਾਜਪਾ ਬਹੁ-ਸੰਮਤੀ ਲਈ ਚਾਹੀਦੀਆਂ ਬਤਾਲੀ ਸੀਟਾਂ ਲੈ ਗਈ ਹੈ, ਪਰ ਸੱਚਾਈ ਇਹ ਹੈ ਕਿ ਉਸ ਦੀਆਂ ਸੈਂਤੀ ਹਨ, ਬਾਕੀ ਪੰਜ ਭਾਈਵਾਲ ਧਿਰ ਵਾਲੀਆਂ ਹਨ। ਲੋਕ ਸਭਾ ਚੋਣਾਂ ਵਿਚ ਸੱਤ ਮਹੀਨੇ ਪਹਿਲਾਂ ਛਪੰਜਾ ਵਿਧਾਨ ਸਭਾ ਖੇਤਰਾਂ ਵਿਚ ਅੱਗੇ ਰਹਿ ਚੁੱਕੀ ਭਾਜਪਾ ਹੁਣ ਆਪ ਮਸਾਂ ਸੈਂਤੀ ਸੀਟਾਂ ਜਿੱਤ ਸਕੀ ਹੈ। ਉਦੋਂ ਉਸ ਨੇ 40.71% ਵੋਟਾਂ ਲਈਆਂ ਸਨ, ਹੁਣ ਉਸ ਦੀਆਂ ਵੋਟਾਂ ਵੀ ਘਟ ਕੇ 31.30% ਰਹਿ ਗਈਆਂ ਹਨ। ਫਿਰ ਵੀ ਭਾਜਪਾ ਅੱਗੇ ਵਧਣ ਦਾ ਦਾਅਵਾ ਕਰਦੀ ਹੈ।

ਜੰਮੂ-ਕਸ਼ਮੀਰ ਵਿਚ ਵੀ ਤਸਵੀਰ ਵੱਖਰੀ ਨਹੀਂ। ਉਹ ਰਾਜ ਤਿੰਨ ਮੁੱਖ ਖੇਤਰਾਂ ਵਿਚ ਵੰਡਿਆ ਹੈ। ਕਸ਼ਮੀਰ, ਜੰਮੂ ਅਤੇ ਲੱਦਾਖ ਦੇ ਤਿੰਨ ਖੇਤਰਾਂ ਵਿਚੋਂ ਭਾਜਪਾ ਦੀਆਂ ਪੰਝੀ ਸੀਟਾਂ ਜੰਮੂ ਵਿਚੋਂ ਹਨ, ਕਸ਼ਮੀਰ ਅਤੇ ਲੱਦਾਖ ਖੇਤਰ ਦੀ ਇੱਕ ਵੀ ਸੀਟ ਨਹੀਂ ਜਿੱਤ ਸਕੀ। ਪਾਰਲੀਮੈਂਟ ਚੋਣਾਂ ਵਿਚ ਹਾਲੇ ਸੱਤ ਮਹੀਨੇ ਪਹਿਲਾਂ ਜਿਹੜੀ ਲੱਦਾਖ ਸੀਟ ਉਸ ਨੇ ਜਿੱਤੀ ਸੀ, ਉਸ ਵਿਚਲੀਆਂ ਵਿਧਾਨ ਸਭਾ ਸੀਟਾਂ ਵਿਚੋਂ ਇੱਕ ਵੀ ਭਾਜਪਾ ਹੁਣ ਨਹੀਂ ਜਿੱਤ ਸਕੀ। ਪਿਛਲੇ ਦਿਨਾਂ ਵਿਚ ਜਦੋਂ ਇਹ ਮੁਹਿੰਮ ਚੱਲੀ ਕਿ ਕਈ ਸਦੀਆਂ ਪਹਿਲਾਂ ਹਿੰਦੂ ਧਰਮ ਵਿਚੋਂ ਮੁਸਲਮਾਨ ਬਣ ਗਏ ਲੋਕ ਹੁਣ ਵਾਪਸ ਹਿੰਦੂ ਧਰਮ ਵਿਚ ਲਿਆਉਣੇ ਹਨ, ਇਸ ਨਾਲ ਜੰਮੂ ਵਾਲੇ ਖੇਤਰ ਵਿਚ ਹਿੰਦੂ ਭਾਈਚਾਰੇ ਵਿਚ ਕਤਾਰਬੰਦੀ ਹੋ ਗਈ ਤੇ ਭਾਜਪਾ ਨੂੰ ਪੰਝੀ ਸੀਟਾਂ ਹਾਸਲ ਹੋ ਗਈਆਂ, ਪਰ ਗੱਲ ਸੀਟਾਂ ਨਾਲ ਇਹ ਪੱਖ ਵੀ ਵੇਖਣ ਦੀ ਹੈ ਕਿ ਸੱਤ ਮਹੀਨੇ ਪਹਿਲਾਂ ਜਿਸ ਜੰਮੂ-ਕਸ਼ਮੀਰ ਸਮੁੱਚੇ ਰਾਜ ਵਿਚ ਭਾਜਪਾ ਦੀਆਂ 32.65 ਫੀਸਦੀ ਵੋਟਾਂ ਸਨ, ਉਸ ਸਮੁੱਚੇ ਰਾਜ ਵਿਚ ਹੁਣ ਉਸ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਮਸਾਂ 23.0 ਫੀਸਦੀ ਵੋਟਾਂ ਰਹਿ ਗਈਆਂ ਹਨ। ਬਾਹਰ ਤਾਂ ਇਹ ਪ੍ਰਭਾਵ ਹੈ ਕਿ ਭਾਜਪਾ ਅੱਗੇ ਵਧਦੀ ਜਾ ਰਹੀ ਹੈ, ਪਰ ਭਾਜਪਾ ਇਹ ਖੋਰਾ ਲੱਗਣ ਬਾਰੇ ਆਪ ਜਾਣਦੀ ਹੈ।

ਇਹ ਸਮਝ ਲੱਗਣ ਪਿੱਛੋਂ ਕਿ ਮੁੱਠੀ ਵਿਚ ਭਰੇ ਹੋਏ ਤਿਲ ਕਿਰਦੇ ਜਾਂਦੇ ਹਨ, ਭਾਜਪਾ ਲੀਡਰਸ਼ਿਪ ਆਪਣੇ ਟੀਚੇ ਪੂਰੇ ਕਰਨ ਵੱਲ ਵਧਣ ਦੀ ਕਾਹਲ ਵਿਚ ਹੈ। ਜਿਹੜੀ ਭਾਜਪਾ ਹੁਣ ਤੱਕ ਅਕਾਲੀ ਆਗੂਆਂ ਦੇ ਅੱਗੇ ਸਿਰ ਨਹੀਂ ਚੁੱਕ ਸਕੀ ਅਤੇ ਪੰਜਾਬ ਦਾ ਪ੍ਰਧਾਨ ਵੀ ਉਸ ਬੰਦੇ ਨੂੰ ਬਣਾ ਦਿੱਤਾ ਸੀ, ਜਿਹੜਾ ਮੁੱਖ ਮੰਤਰੀ ਬਾਦਲ ਅੱਗੇ ਆਫੀਸਰ ਆਨ ਸਪੈਸ਼ਲ ਡਿਊਟੀ ਵਜੋਂ ਇੱਕ ਕਾਰਿੰਦੇ ਦੀ ਹੈਸੀਅਤ ਰੱਖਦਾ ਸੀ, ਉਹੋ ਭਾਜਪਾ ਹੁਣ ਬਾਦਲ ਪਰਿਵਾਰ ਦੇ ਇੱਕ ਜੀਅ ਦੀ ਇਨਫੋਰਸਮੈਂਟ ਅੱਗੇ ਪੇਸ਼ੀ ਮੌਕੇ ਉਸ ਦੇ ਪੁਤਲੇ ਸਾੜਨ ਤੁਰ ਪਈ ਹੈ। ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਰਾਜਨੀਤਕ ਪਹੁੰਚ ਨਾਲ ਕੋਈ ਸਹਿਮਤ ਹੋਵੇ ਜਾਂ ਨਾ, ਉਨ੍ਹਾਂ ਦੀ ਰਾਜਸੀ ਜੋੜ-ਤੋੜ ਦੀ ਤਿਕੜਮੀ ਯੋਗਤਾ ਹਰ ਕੋਈ ਮੰਨ ਲੈਂਦਾ ਹੈ। ਇਹ ਵੀ ਸਾਰਿਆਂ ਨੂੰ ਪਤਾ ਹੈ ਕਿ ਨਰਿੰਦਰ ਮੋਦੀ ਪੁਰਾਣੀ ਕਿਸੇ ਕਿੜ ਨੂੰ ਭੁੱਲਣ ਵਾਲਾ ਨਹੀਂ ਤੇ ਇਸੇ ਲਈ ਇਹ ਗੱਲ ਉਸ ਨੂੰ ਨਹੀਂ ਭੁੱਲ ਸਕਦੀ ਕਿ ਇੱਕ ਵਾਰੀ ਹਰਿਆਣੇ ਦੀ ਭਾਜਪਾ ਦਾ ਇੰਚਾਰਜ ਹੁੰਦਿਆਂ ਚੋਣਾਂ ਦੀ ਗੱਲ ਕਰਨ ਵਾਸਤੇ ਕਾਰ ਵਿਚ ਬਿਠਾ ਕੇ ਓਮ ਪ੍ਰਕਾਸ਼ ਚੌਟਾਲਾ ਨੇ ਅੱਧੇ ਰਾਹ ਵਿਚ ਉਸ ਨੂੰ ਕਾਰ ਵਿਚੋਂ ਲਾਹ ਦਿੱਤਾ ਸੀ ਅਤੇ ਅਗਲੇ ਦਿਨ ਤੱਕ ਹਰਿਆਣੇ ਤੋਂ ਕੱਢਵਾ ਦਿੱਤਾ ਸੀ। ਜਿਹੜੇ ਚੌਟਾਲੇ ਨਾਲ ਉਸ ਦਾ ਪੁਰਾਣਾ ਖਾਤਾ ਹਾਲੇ ਬਰਾਬਰ ਕਰਨ ਵਾਲਾ ਪਿਆ ਹੈ, ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਉਸ ਦੇ ਨਾਲ ਖੜੋਣ ਵਾਲੇ ਅਕਾਲੀ ਆਗੂਆਂ ਬਾਰੇ ਮੋਦੀ ਸਾਹਿਬ ਕੀ ਕਰ ਸਕਦੇ ਹਨ, ਇਹ ਗੱਲ ਨਵੇਂ ਚੜ੍ਹੇ ਸਾਲ ਵਿਚ ਸਭ ਨੂੰ ਪਤਾ ਲੱਗ ਜਾਵੇਗੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 3 ਜਨਵਰੀ 2015*

## ਪੰਜਾਬ ਟਾਈਮਜ਼ ਦੀ ਪੁਲਾਂਘ

ਇਸ ਅੰਕ ਨਾਲ 'ਪੰਜਾਬ ਟਾਈਮਜ਼' ਨੇ ਆਪਣੀ ਹੋਂਦ ਦਾ ਡੇਢ ਦਹਾਕਾ ਮੁਕੰਮਲ ਕਰ ਲਿਆ ਹੈ। ਡੇਢ ਦਹਾਕੇ ਦੇ ਇਸ ਸਫਰ ਉਤੇ ਪੰਛੀ ਝਾਤੀ ਮਾਰਦਿਆਂ ਤਸੱਲੀ ਦਾ ਅਹਿਸਾਸ ਤਾਂ ਹੁੰਦਾ ਹੀ ਹੈ, ਨਾਲ ਹੀ ਇਸ ਸਮੇਂ ਦੌਰਾਨ ਜ਼ਿੰਮੇਵਾਰੀ ਵਾਲਾ ਜਿਹੜਾ ਅਹਿਸਾਸ ਪਿਆਰੇ ਪਾਠਕਾਂ ਨੇ ਸਫਰ ਦੇ ਹਰ ਮੋੜ 'ਤੇ ਕਰਵਾਇਆ ਹੈ, ਉਸ ਦਾ ਦੇਣਾ ਸ਼ਾਇਦ ਕਦੀ ਦਿੱਤਾ ਨਹੀਂ ਜਾ ਸਕਦਾ। ਅਸਲ ਵਿਚ ਇਹ ਪਾਠਕਾਂ ਦੇ ਭਰਪੂਰ ਹੁੰਗਾਰੇ ਅਤੇ ਸੱਜਣਾਂ-ਮਿੱਤਰਾਂ ਦੀ ਹੱਲਾਸ਼ੇਰੀ ਦਾ ਹੀ ਨਤੀਜਾ ਹੈ ਕਿ 'ਪੰਜਾਬ ਟਾਈਮਜ਼' ਇੰਨਾ ਲੰਮਾ ਪੈਂਡਾ ਮਾਰ ਸਕਿਆ ਹੈ। ਸ਼ਬਦਾਂ ਰਾਹੀਂ ਸੁਨੇਹਾ ਆਮ ਕਰ ਕੇ ਜਿੰਨਾ ਸੌਖਾ ਤੇ ਸੁਖਾਲਾ ਲੱਗਦਾ ਹੈ, ਇਹ ਕਾਰਜ ਉਨਾ ਹੀ ਔਖਾ ਅਤੇ ਮੁਸ਼ਕਿਲਾਂ ਭਰਿਆ ਹੈ। ਮੁੱਢ ਤੋਂ ਹੀ ਪੱਤਰਕਾਰੀ ਦਾ ਰਿਸ਼ਤਾ-ਨਾਤਾ ਮਿਸ਼ਨ ਨਾਲ ਰਿਹਾ ਹੈ। ਮਿਸ਼ਨ ਦੀ ਇਸ ਲੜੀ ਦਾ ਇਕ ਸਿਰਾ ਸਹਿਜ-ਸੁਭਾਅ ਹੀ ਅਮਰੀਕਾ ਦੀ ਧਰਤੀ ਉਤੇ ਆਏ ਉਨ੍ਹਾਂ ਪੰਜਾਬੀ ਜਿਊੜਿਆਂ ਨਾਲ ਜਾ ਜੁੜਦਾ ਹੈ ਜਿਨ੍ਹਾਂ ਨੇ ਮੁਢਲੇ ਸਾਲਾਂ ਦੌਰਾਨ ਅੰਤਾਂ ਦੀਆਂ ਦੁਸ਼ਵਾਰੀਆਂ ਤੇ ਮੁਸੀਬਤਾਂ ਝੱਲੀਆਂ; ਪਰ ਉਨ੍ਹਾਂ ਦੇ ਹਠ ਨੂੰ ਸਲਾਮ ਕਰਨਾ ਬਣਦਾ ਹੈ ਜਿਨ੍ਹਾਂ ਨੇ ਇਨ੍ਹਾਂ ਔਕੜਾਂ ਨਾਲ ਜੂਝਦਿਆਂ ਆਪਣੇ ਵਤਨ ਨੂੰ ਪਈਆਂ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਬਾਰੇ ਸੋਚਿਆ। ਇਹ ਉਸ ਸਮੇਂ ਦੀਆਂ ਗੱਲਾਂ ਹਨ ਜਦੋਂ ਲੋਕ ਆਪਣੀ ਆਰਥਿਕ ਹਾਲਤ ਨੂੰ ਪੈਰਾਂ ਸਿਰ ਕਰਨ ਲਈ ਪਰਦੇਸੀ ਹੋ ਰਹੇ ਸਨ ਅਤੇ ਆਪਣਾ ਘਰ-ਬਾਰ ਜੀਆ-ਜੰਤ ਛਡ ਕੇ ਇਕ ਤਰ੍ਹਾਂ ਨਾਲ ਸਵੈ-ਜਲਾਵਤਨ ਹੋ ਰਹੇ ਸਨ। ਇਹ ਜਿਊੜੇ ਅੱਜ ਗਦਰੀਆਂ ਵਜੋਂ ਸੰਸਾਰ ਦੇ ਇਤਿਹਾਸ ਦਾ ਸੁਨਿਹਰੀ ਪੰਨਾ ਬਣੇ ਹੋਏ ਹਨ। ਇਨ੍ਹਾਂ ਜਿਊੜਿਆਂ ਦੇ ਦੁੱਖ-ਤਕਲੀਫ ਜਾਣ ਕੇ ਆਪਣੀਆਂ ਔਕੜਾਂ ਅਤੇ ਤਕਲੀਫਾਂ ਬਹੁਤ ਛੋਟੀਆਂ ਲੱਗਣ ਲਗਦੀਆਂ ਹਨ। ਇਸ ਤੋਂ ਵੀ ਵੱਡੀ ਗੱਲ ਅਤੇ ਮੱਲ ਇਹ ਹੈ ਕਿ ਇਨ੍ਹਾਂ ਗਦਰੀਆਂ ਨੇ ਜਿਸ ਢੰਗ ਨਾਲ ਪੱਤਰਕਾਰੀ ਦੇ ਮਿਸ਼ਨ ਨਾਲ, ਆਪਣੇ ਮਿਸ਼ਨ ਨੂੰ ਦੂਣ-ਸਵਾਇਆ ਕਰਨ ਲਈ ਵਾਹ ਲਾਈ, ਉਸ ਬਾਰੇ ਤਾਂ ਜਿੰਨੀ ਵੀ ਚਰਚਾ ਕੀਤੀ ਜਾਵੇ, ਥੋੜ੍ਹੀ ਹੈ। ਪੱਤਰਕਾਰੀ ਨੂੰ ਪੁੰਨ ਨਾਲ ਇਸ ਕਦਰ ਸ਼ਾਇਦ ਉਦੋਂ ਤੱਕ ਕਿਸੇ ਨੇ ਨਾ ਜੋੜਿਆ ਹੋਵੇ। ਇਹ 'ਗਦਰ' ਦੇ ਵਰਕਿਆਂ ਉਤੇ ਦਿੱਤੇ ਸੁਨੇਹੇ ਹੀ ਸਨ, ਜੋ ਸੁੱਤੇ ਪਏ ਜ਼ਿਹਨਾਂ ਨੂੰ ਝੰਜੋੜਨ ਦਾ ਮਾਦਾ ਰੱਖਦੇ ਸਨ। ਗਦਰੀਆਂ ਦਾ ਇਹੀ ਉਹ ਤਹੱਈਆ ਸਾਨੂੰ ਇਸ ਬਿਖੜੇ ਰਾਹ ਉਤੇ ਤੁਰਨ ਦੀ ਤਾਕਤ ਦਿੰਦਾ ਰਿਹਾ ਹੈ।

ਪਰਦੇਸਾਂ ਵਿਚ ਪੱਤਰਕਾਰੀ ਦਾ ਆਪਣਾ ਮੁਕਾਮ ਹੈ; ਪੰਜਾਬੀ ਪੱਤਰਕਾਰੀ ਦਾ ਤਾਂ ਕਈ ਪੱਖਾਂ ਤੋਂ ਸਗੋਂ ਆਪਣਾ, ਵੱਖਰਾ ਅਤੇ ਨਿਵੇਕਲਾ ਮੁਕਾਮ ਹੈ। ਇਸ ਮੁਕਾਮ ਦਾ ਸਿੱਧਾ ਸਬੰਧ ਪੰਜਾਬੀ ਭਾਈਚਾਰੇ ਨਾਲ ਹੈ। ਪਿਛਲੇ ਸਮੇਂ ਦੌਰਾਨ ਬਹੁਤ ਸਾਰੇ ਪੰਜਾਬੀ ਅਖਬਾਰ ਨਿਕਲੇ ਹਨ, ਇਹ ਸਮੁੱਚੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਪੱਤਰਕਾਰੀ ਦੇ ਇਸ ਮਿਸ਼ਨ ਨਾਲ ਮਾਅਰਕਾ ਅਤੇ ਪੇਸ਼ੇ ਦੀ ਥਾਂ ਪੈਸਾ ਜੁੜਨ ਨਾਲ ਇਸ ਦੇ ਸਰੋਕਾਰਾਂ ਉਤੇ ਵੱਡਾ ਅਸਰ ਵੀ ਪਿਆ ਹੈ। ਉਂਜ ਇਹ ਕੋਈ ਇੰਨੀ ਅਲੋਕਾਰੀ ਗੱਲ ਵੀ ਨਹੀਂ ਹੈ। ਇਸ ਦੇ ਨਾਲ ਹੀ ਤਸੱਲੀ ਵਾਲੀ ਗੱਲ ਇਹ ਵੀ ਹੈ ਕਿ ਅੱਜ ਦਾ ਚੇਤੰਨ ਪਾਠਕ ਇਨ੍ਹਾਂ ਤੱਥਾਂ ਤੋਂ ਭਲੀ-ਭਾਂਤ ਵਾਕਿਫ ਹੈ ਅਤੇ ਸਦਾ ਹੀ ਇਸੇ ਹਿਸਾਬ ਨਾਲ ਹੁੰਗਾਰਾ ਭਰਦਾ ਰਿਹਾ ਹੈ। ਇਹ ਤੱਥ ਜੱਗ-ਜ਼ਾਹਿਰ ਹੈ ਕਿ ਮਿਸ਼ਨ ਨਾਲ ਇਕ ਮੋੜ ਉਤੇ ਜਦੋਂ ਕਾਰੋਬਾਰ ਜਾਂ ਨਿੱਜੀ ਹਿਤ ਜੁੜਦੇ ਹਨ ਤਾਂ ਲੱਖ ਲੁਕੋਅ ਰੱਖਣ ਦੇ ਬਾਵਜੂਦ ਇਹ ਉਜਾਗਰ ਹੋ ਹੀ ਜਾਂਦੇ ਹਨ। ਖੁਸ਼ੀ ਦੀ ਗੱਲ ਇਹ ਵੀ ਹੈ ਕਿ ਇਸ ਸੁੱਚੇ ਕਾਰਜ ਬਾਰੇ ਦੋ ਟੁੱਕ ਫੈਸਲਾ ਵੀ ਖੁਦ ਪਾਠਕ ਹੀ ਕਰਦੇ ਹਨ। 'ਪੰਜਾਬ ਟਾਈਮਜ਼' ਨੂੰ ਮਾਣ ਹੈ ਕਿ ਇਸ ਨੇ ਪੈਸੇ ਦੀ ਖਾਤਰ ਆਪਣੇ ਅਸੂਲਾਂ ਨੂੰ ਨਹੀਂ ਤਿਆਗਿਆ। ਪਾਠਕਾਂ ਨਾਲ ਇਸ ਦਾ ਰਿਸ਼ਤਾ 'ਇਕ ਤਰਫਾ' ਨਹੀਂ ਸਗੋਂ 'ਦੋ ਤਰਫਾ' ਰਿਹਾ ਹੈ। ਇਹ ਖੁਦ ਪਾਠਕਾਂ ਦੀ ਉਂਗਲ ਫੜ ਕੇ ਆਪਣੇ ਸਫਰ ਉਤੇ ਅੱਗੇ ਵਧਿਆ ਹੈ ਅਤੇ ਪਾਠਕਾਂ ਨੂੰ ਉਂਗਲ ਫੜਾ ਸਕਣ ਦੇ ਯੋਗ ਹੋ ਸਕਿਆ ਹੈ। ਡੇਢ ਦਹਾਕੇ ਦੌਰਾਨ ਇਸ ਰਿਸ਼ਤੇ ਵਿਚ ਆਏ ਦਿਨ ਮਜ਼ਬੂਤੀ ਹੀ ਆਈ ਹੈ। ਸਾਡੇ ਲਈ ਇਹ ਤਸੱਲੀ ਵਾਲੀ ਗੱਲ ਹੈ ਕਿ ਪਾਠਕਾਂ ਅਤੇ ਖਾਸ ਕਰ ਸੁਜੱਗ ਪਾਠਕਾਂ ਨੇ ਹਮੇਸ਼ਾਂ ਪੰਜਾਬ ਟਾਈਮਜ਼ ਵਲੋਂ ਅਪਨਾਏ ਮਿਆਰਾਂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਪਾਠਕਾਂ ਦੀ ਇਹ ਸ਼ਿੱਦਤ ਹੀ ਅਸਲ 'ਚ ਅਗਾਂਹ ਪੈਂਡਾ ਮਾਰਨ ਵਿਚ ਸਹਾਈ ਹੁੰਦੀ ਹੈ।

ਦਰਅਸਲ ਇਹ ਪਾਠਕਾਂ ਦਾ ਭਰਪੂਰ ਹੁੰਗਾਰਾ ਹੀ ਹੈ ਕਿ 'ਪੰਜਾਬ ਟਾਈਮਜ਼' ਇਸ ਮੁਕਾਮ ਤੱਕ ਅੱਪੜ ਸਕਿਆ ਹੈ। ਸਫਰ ਸ਼ੁਰੂ ਕਰਨ ਵੇਲੇ ਕਾਫਲੇ ਵਿਚ ਚੰਦ ਮਿੱਤਰ-ਪਿਆਰੇ ਹੀ ਸਨ, ਪਰ ਹੁਣ ਮਿੱਤਰ-ਪਿਆਰਿਆਂ ਦਾ ਵੱਡਾ ਕਾਫਲਾ ਇਸ ਸਫਰ ਦਾ ਸਾਥੀ ਬਣ ਗਿਆ ਹੈ। 'ਪੰਜਾਬ ਟਾਈਮਜ਼' ਦੀ ਸਮੁੱਚੀ ਟੀਮ ਦੀ ਕੋਸ਼ਿਸ਼ ਸਦਾ ਇਹੀ ਰਹੀ ਹੈ ਕਿ ਪਾਠਕਾਂ ਵਲੋਂ ਜਿਸ ਜ਼ਿੰਮੇਵਾਰੀ ਦੀ ਤਵੱਕੋ ਕੀਤੀ ਜਾ ਰਹੀ ਹੈ, ਉਸ ਉਤੇ ਪੂਰਾ ਉਤਰਿਆ ਜਾਵੇ। ਇਸੇ ਅਹਿਸਾਸ ਵਿਚੋਂ ਹੀ ਸ਼ਾਇਦ ਪਰਚੇ ਦੇ ਪੰਨਿਆਂ ਉਤੇ ਗੰਭੀਰ ਮਸਲਿਆਂ ਉਤੇ ਬਹਿਸਾਂ ਦਾ ਸਿਲਸਿਲਾ ਚੱਲ ਸਕਿਆ ਹੈ। ਜਦੋਂ ਵੀ ਕੋਈ ਪਾਠਕ ਅਜਿਹੀਆਂ ਬਹਿਸਾਂ ਬਾਰੇ ਗੱਲਾਂ ਛੇੜਦਾ ਹੈ ਤਾਂ ਅਹਿਸਾਸ ਜਾਗਦਾ ਹੈ ਕਿ ਪਾਠਕਾਂ ਦਾ ਕੁਝ-ਕੁਝ ਰਿਣ ਤਾਂ ਚੁਕਾਇਆ ਹੀ ਜਾ ਸਕਿਆ ਹੈ। ਅੱਜ 'ਪੰਜਾਬ ਟਾਈਮਜ਼' ਦੇ ਮਾਣਮੱਤੇ 16ਵੇਂ ਵਰ੍ਹੇ ਵਿਚ ਪੈਰ ਧਰਦਿਆਂ ਆਪਣੇ ਪਾਠਕਾਂ ਨਾਲ ਇਕ ਵਾਰ ਫਿਰ ਵਾਅਦਾ ਕਰ ਰਹੇ ਹਾਂ ਕਿ ਜਿਨ੍ਹਾਂ ਮਿਆਰਾਂ ਦੀ ਪਾਠਕਾਂ ਵਲੋਂ ਇਸ ਪਰਚੇ ਤੋਂ ਤਵੱਕੋ ਕੀਤੀ ਜਾਂਦੀ ਹੈ, ਉਨ੍ਹਾਂ ਮਿਆਰਾਂ 'ਤੇ ਪੂਰਾ ਉਤਾਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਪਰਚੇ ਦਾ ਮੂਲ ਮਕਸਦ ਆਪਣੇ ਪਾਠਕਾਂ ਦੇ ਦਿਲਾਂ ਅੰਦਰ ਨਰੋਈ ਅਤੇ ਨਵੀਂ ਸੋਚ ਦੀ ਚਿਣਗ ਬਾਲੀ ਰੱਖਣਾ ਹੈ। ਇਹ ਚਿਣਗ ਹੀ ਪਰਚੇ ਦੀ ਬੇਲਾਗ, ਬੇਬਾਕ ਅਤੇ ਜ਼ਿੰਮੇਵਾਰੀ ਵਾਲੀ ਪੱਤਰਕਾਰੀ ਦਾ ਆਧਾਰ ਹੈ। ਚਾਹਨਾ ਇਹੀ ਹੈ ਕਿ ਇਹ ਆਧਾਰ ਹੋਰ ਚੌੜੇਰਾ ਹੋਵੇ। 'ਪੰਜਾਬ ਟਾਈਮਜ਼' ਦੀ ਇਸ ਵਰ੍ਹੇਗੰਢ ਮੌਕੇ ਅਸੀਂ ਆਪਣੇ ਪਾਠਕਾਂ, ਸਨੇਹੀਆਂ, ਪ੍ਰੇਮੀਆਂ ਪਿਆਰਿਆਂ ਨੂੰ ਨਵਾਂ ਵਰ੍ਹਾ ਮੁਬਾਰਕ ਆਖਦੇ ਹਾਂ ਅਤੇ ਨਾਲ ਹੀ ਸਾਬਤ ਕਦਮੀਂ ਤੁਰਦੇ ਰਹਿਣ ਦਾ ਤਹੱਈਆ ਕਰਦੇ ਹਾਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਨ ਹੋਰ ਮੁੱਖ ਹੋਰ?*

ਬੋਤਲ ਚਾੜ੍ਹ ਕੇ ਸ਼ਾਇਰ ਨੇ ਗਜ਼ਲ ਆਖੀ, ਨਸ਼ਾਖੋਰੀ ਦਾ ਫਸਤਾ ਵੱਢੀਏ ਜੀ।
ਅਣਜੰਮੀਆਂ ਧੀਆਂ ਨੂੰ ਮਾਰ ਕਹਿੰਦੇ, ਕੁੜੀ-ਮੁੰਡੇ ਦੇ ਫਰਕ ਨੂੰ ਛੱਡੀਏ ਜੀ।
ਮੂੰਹੋਂ ਮੰਗ ਕੇ ਦਾਜ ਲੈ ਕਰਨ ਗੱਲਾਂ, ਲੈਣ-ਦੇਣ ਲਈ ਹੱਥ ਨਾ ਅੱਡੀਏ ਜੀ।
ਬੇ-ਹਯਾਈ ਦੇ ਗੀਤ ਗਾ ਕੇ ਕਹੇ ਗਾਇਕ, ਝੰਡੇ ਸੱਭਿਆਚਾਰ ਦੇ ਗੱਡੀਏ ਜੀ।
ਹੱਥ ਛੁਰੀ ਕਸਾਈ ਉਪਦੇਸ਼ ਦਿੰਦਾ, ਰਹਿਮ ਜੀਆਂ 'ਤੇ ਕਰੋ ਹਮੇਸ਼ ਯਾਰੋ।
ਆਗੂ ਸਿਰੇ ਦਾ ਭ੍ਰਿਸ਼ਟ ਵੀ ਕਹਿੰਦਾ, ਬੇਈਮਾਨੀ ਨੇ ਡੋਬ'ਤਾ ਦੇਸ਼ ਯਾਰੋ!

# ਸਮਾਜਕ ਤਬਦੀਲੀ ਅਤੇ ਗੁਰੂ ਗੋਬਿੰਦ ਸਿੰਘ

ਡਾ. ਜਸਪਾਲ ਸਿੰਘ

ਅਦੁੱਤੀ ਸ਼ਖ਼ਸੀਅਤ ਦੇ ਮਾਲਕ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਹਰ ਪਹਿਲੂ ਵੱਡੇ ਇਤਿਹਾਸਕ ਮਹੱਤਵ ਵਾਲਾ ਹੈ। ਹਰ ਪਹਿਲੂ ਦੀ ਆਪਣੀ ਨਿਵੇਕਲੀ ਅਹਿਮੀਅਤ ਹੈ। ਸਮਾਜਕ ਤਬਦੀਲੀ ਦੀ ਮੁਹਿੰਮ ਦੇ ਸੂਤਰਧਾਰ ਦੇ ਰੂਪ ਵਿਚ ਵੀ ਗੁਰੂ ਸਾਹਿਬ ਦੀ ਭੂਮਿਕਾ ਦਾ ਇਤਿਹਾਸ ਵਿਚ ਖ਼ਾਸ ਮੁਕਾਮ ਹੈ। ਭਾਰਤੀ ਸਮਾਜ ਦੀ ਬਣਤਰ ਵਿਚ ਇਨਕਲਾਬੀ ਤਬਦੀਲੀ ਲਿਆਉਣ ਅਤੇ ਉਸ ਦੀ ਨਵੀਂ ਨੁਹਾਰ ਸਿਰਜਣ ਦਾ ਅਧਿਆਇ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੇ ਅੱਖਰਾਂ ਵਿਚ ਦਰਜ ਹੈ। ਸਮਾਜਕ ਤਬਦੀਲੀ ਦੇ ਇਸੇ ਅਮਲ ਦੀ ਚਰਚਾ, ਇਥੇ ਰਤਾ ਤਫ਼ਸੀਲ ਨਾਲ ਕਰਨਾ ਚਾਹੁੰਦਾ ਹਾਂ।

ਜਿਹੜਾ ਪਹਿਲਾ ਨੁਕਤਾ ਇਸ ਪ੍ਰਸੰਗ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਲੋਕਾਂ ਨੂੰ ਭੈਅ-ਮੁਕਤ ਹੋ ਜਾਣ ਦੇ ਰਾਹ 'ਤੇ ਤੋਰਿਆ ਸੀ। ਇਤਿਹਾਸ ਸਾਖੀ ਹੈ ਕਿ ਸਿੱਖ ਪਰੰਪਰਾ ਆਪਣੇ ਮੁਢਲੇ ਦੌਰ ਤੋਂ ਹੀ ਮਨੁੱਖ ਨੂੰ ਭੈਅ-ਮੁਕਤ ਹੋਣ ਦਾ ਉਪਦੇਸ਼ ਦਿੰਦੀ ਰਹੀ ਹੈ। ਬੇਖੌਫ਼ ਹੋ ਕੇ ਸੱਚ ਕਹਿਣ ਅਤੇ ਸੱਚ 'ਤੇ ਪਹਿਰਾ ਦੇਣ ਦਾ ਸੰਦੇਸ਼ ਦਿੰਦੀ ਰਹੀ ਹੈ।

ਮੌਤ ਤੋਂ ਡਰਨਾ ਤੇ ਉਸ ਦੇ ਭੈਅ ਕਾਰਨ ਸੱਚ ਦੀ ਰਾਹ ਤੋਂ ਉਖੜ ਜਾਣਾ ਸਿੱਖੀ ਦੇ ਮਾਰਗ ਵਿਚ ਕਦਾਚਿਤ ਪ੍ਰਵਾਨ ਨਹੀਂ ਸੀ। ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਭੈਅ ਨੂੰ ਦੂਰ ਕਰਨ ਲਈ ਵੱਡੀ ਜਥੇਬੰਦਕ ਮੁਹਿੰਮ ਦਾ ਆਗਾਜ਼ ਕੀਤਾ ਸੀ।

ਦਰਅਸਲ, ਇਹ ਇਕ ਕੌੜੀ ਸੱਚਾਈ ਹੈ ਕਿ ਮਨੁੱਖ, ਸਰੀਰ ਦੇ ਮੋਹ ਕਾਰਨ ਗੁਲਾਮੀ ਸਹਿੰਦਾ ਹੈ, ਮਜ਼ਲੂਮ ਬਣ ਕੇ ਤਰਸਯੋਗ ਹਾਲਾਤ ਵਿਚ ਜਿਉਂਦਾ ਹੈ ਅਤੇ ਸ਼ੋਸ਼ਣ ਦਾ ਕਸ਼ਟ ਭੋਗਦਾ ਹੈ; ਪਰ ਜੇ ਉਸ ਨੂੰ ਆਪਾ ਵਾਰਨ ਦੀ ਜਾਚ ਆ ਜਾਵੇ ਤਾਂ ਅਣਖ ਨਾਲ ਜਿਉਣਾ ਵੀ ਆ ਜਾਂਦਾ ਹੈ। ਉਸ ਨੂੰ ਸਮਝ ਆ ਜਾਂਦਾ ਹੈ ਕਿ ਰੋਜ਼ ਮਰਨ ਨਾਲੋਂ ਇਕ ਵਾਰ ਮਰਨਾ ਚੰਗਾ ਹੈ। ਫਿਰ ਇਸ ਤਰ੍ਹਾਂ ਦਾ ਇਕ ਵਾਰ ਮਰਨਾ ਸਦੀਵੀ ਜੀਵਨ ਬਣ ਜਾਂਦਾ ਹੈ ਅਤੇ ਹਜ਼ਾਰਾਂ-ਲੱਖਾਂ ਹੋਰਨਾਂ ਨੂੰ ਸੁਤੰਤਰ ਜ਼ਿੰਦਗੀ ਦੇ ਜਾਂਦਾ ਹੈ। ਨਿਰਸੰਦੇਹ, ਇਹੋ ਸਾਰ ਤੱਤ ਸੀ, ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਤਰਬੀਅਤ ਦਾ।

ਇਤਿਹਾਸ ਦਾ ਘਟਨਾਕ੍ਰਮ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਅੰਤਰ-ਮਨ ਵਿਚ ਇਕ ਵਿਚਾਰ ਬਹੁਤ ਡੂੰਘਾ ਉਤਰਿਆ ਹੋਇਆ ਸੀ ਅਤੇ ਇਹ ਵਿਚਾਰ ਸੀ ਸਦੀਆਂ ਤੋਂ ਸ਼ੋਸ਼ਣ ਤੇ ਵਿਤਕਰਿਆਂ ਦੀ ਸ਼ਿਕਾਰ ਆਮ ਜਨਤਾ ਨੂੰ ਸੱਤਾ ਦੇ ਸਿੰਘਾਸਨ 'ਤੇ ਪਹੁੰਚਾਉਣ ਦਾ। ਉਨ੍ਹਾਂ ਦੀ ਪਾਤਸ਼ਾਹੀ ਸਥਾਪਤ ਕਰਨ ਦਾ ਜਿਨ੍ਹਾਂ ਨੇ ਰਾਜਨੀਤਕ ਸੱਤਾ ਵਿਚ ਭਾਈਵਾਲੀ ਦਾ ਸੁਖ ਤਾਂ ਕੀ ਭੋਗਣਾ ਸੀ, ਕਦੇ ਸਮਾਜ ਵਿਚ ਸਮਾਨਤਾ ਦੇ ਅਹਿਸਾਸ ਦਾ ਸੁਖ ਵੀ ਨਹੀਂ ਸੀ ਭੋਗਿਆ। ਤ੍ਰਿਸਕਾਰ ਤੇ ਬੇਪਤੀ ਜਿਨ੍ਹਾਂ ਦੇ ਜੀਵਨ ਦੀ ਜ਼ਰੂਰੀ ਸ਼ਰਤ ਬਣ ਚੁੱਕੀ ਸੀ। ਆਪਣੇ ਨਾਲ ਹੋ ਰਹੇ ਅਨਿਆਂ ਨੂੰ ਜਿਨ੍ਹਾਂ ਨੇ ਆਪਣੀ ਕਿਸਮਤ ਤੇ ਰੱਬੀ ਇੱਛਾ ਕਰ ਕੇ ਮੰਨ ਲਿਆ ਸੀ। ਗੁਲਾਮੀ ਜਿਨ੍ਹਾਂ ਨੂੰ ਓਪਰੀ ਨਹੀਂ ਸੀ ਜਾਪਦੀ।

ਕੁਇਰ ਸਿੰਘ ਦੇ ਗੁਰ ਬਿਲਾਸ ਨੇ ਉਸ ਸੋਚ ਦਾ ਜ਼ਿਕਰ ਕੀਤਾ ਹੈ ਜਿਹੜੀ ਗੁਰੂ ਸਾਹਿਬ ਦੇ ਦ੍ਰਿੜ੍ਹ ਸੰਕਲਪ ਦੇ ਪਿਛੋਕੜ ਵਿਚ ਕਾਰਜਸ਼ੀਲ ਸੀ। ਉਸ ਦੇ ਸ਼ਬਦਾਂ ਵਿਚ ਇਹ ਸੋਚ ਸੀ- ਜੇ ਬਾਜ ਚਿੜੀ ਨੂੰ ਮਾਰੇ ਤਾਂ ਇਹ ਕੋਈ ਪ੍ਰਭੁਤਾ ਵਾਲੀ ਗੱਲ ਨਹੀਂ, ਮੇਰਾ ਇਰਾਦਾ ਤਾਂ ਚਿੜੀਆਂ ਪਾਸੋਂ ਬਾਜ ਤੁੜਾਉਣ ਦਾ ਹੈ:

ਮੈ ਅਸਪਾਨਿਜ ਤਬ ਲਖੋ ਕਰੋ
ਐਸ ਯੋ ਕਾਮ।
ਚਿੜੀਅਨ ਬਾਜ ਤੁਰਾਯ ਹੋ
ਸਸੇਂ ਕਰੋਂ ਸਿੰਘ ਸਾਮ।
ਬਾਜ ਚਿੜੀ ਕਹੁ ਮਾਰ ਹੈ
ਏ ਪ੍ਰਭੁਤ ਕਛੁ ਨਾਹ।
ਤਾਤੇ ਕਾਜ ਕੀਓ ਇਹੈ
ਬਾਜ ਹਨੈ ਚਿੜੀਆਹ।

ਸਪਸ਼ਟ ਹੈ, ਸਾਰੀ ਕਵਾਇਦ ਦਾ ਮੁੱਖ ਮਕਸਦ ਨਵੇਂ ਸਮਾਜ ਦੀ ਸਿਰਜਣਾ ਕਰਨਾ ਸੀ। ਸਾਰੀ ਯੋਜਨਾ ਦਾ ਕੇਂਦਰੀ ਵਿਚਾਰ ਸਮਾਜਕ ਤਬਦੀਲੀ ਸੀ। ਇਸ ਮਕਸਦ ਦੀ ਪ੍ਰਾਪਤੀ ਲਈ ਮਨੁੱਖ ਦਾ ਭੈਅ-ਮੁਕਤ ਹੋਣਾ ਅਤੇ ਉਸ ਦਾ ਜਾਤੀ ਮੁਫਾਦਾਂ ਤੋਂ ਉਪਰ ਉਠ ਕੇ ਸਮਾਜੀ ਪੱਧਰ 'ਤੇ ਸਰਗਰਮ ਹੋਣਾ ਲਾਜ਼ਮੀ ਸੀ। ਗੁਰੂ ਸਾਹਿਬ ਚਾਹੁੰਦੇ ਸਨ ਕਿ ਉਨ੍ਹਾਂ ਦੇ ਸਿੱਖ ਪੁਰਾਣੇ ਸਮਾਜੀ ਨਿਜ਼ਾਮ ਅਤੇ ਬਣਤਰ ਨਾਲੋਂ ਮੁਕੰਮਲ ਤੌਰ 'ਤੇ ਨਾਤਾ ਤੋੜ ਲੈਣ ਅਤੇ ਅਜਿਹੇ ਨਵੇਂ ਆਦਰਸ਼ ਸਮਾਜ ਦੇ ਰੂਪ ਵਿਚ ਜਥੇਬੰਦ ਹੋ ਜਾਣ ਜਿਹੜਾ ਜਾਤ-ਪਾਤ ਅਤੇ ਹੋਰ ਹਰ ਤਰ੍ਹਾਂ ਦੇ ਵਿਤਕਰਿਆਂ ਤੋਂ ਪੂਰੀ ਤਰ੍ਹਾਂ ਮੁਕਤ ਹੋਵੇ।

ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਅਨੁਸਾਰ ਪੰਜ ਪਿਆਰਿਆਂ ਦੇ ਅੰਮ੍ਰਿਤ ਸੰਚਾਰ ਤੋਂ ਬਾਅਦ ਆਪਣੇ ਇਰਾਦੇ ਨੂੰ ਸ਼ਬਦ ਦਿੰਦਿਆਂ ਗੁਰੂ ਸਾਹਿਬ ਨੇ ਫਰਮਾਇਆ ਸੀ:

ਗੁਰ ਘਰ ਜਨਮ ਤੁਮਾਰੇ ਹੋਏ।
ਪਿਛਲੇ ਜਾਤਿ ਵਰਣ ਸਬ ਖੋਏ।
ਜਨਮ ਕੇਸਗੜ੍ਹ ਵਾਸਿ ਅਨੰਦਪੁਰ।
ਹੋਏ ਪੂਤ ਜਾਤਿ ਤੁਮ ਸਤਿਗੁਰ।
ਚਾਰ ਵਰਣ ਕੇ ਏਕੋ ਭਾਈ।
ਧਰਮ ਖ਼ਾਲਸਾ ਪਦਵੀ ਪਾਈ।
ਹਿੰਦੂ ਤੁਰਕ ਤੈ ਯਾਹਿ ਨਿਆਰਾ।
ਸਿੰਘ ਮਜਬ ਅਬ ਤੁਮਨੇ ਧਾਰਾ।

ਇਸ ਸਾਰੇ ਪ੍ਰਸੰਗ ਵਿਚ ਇਕ ਹੋਰ ਨੁਕਤਾ ਸਾਂਝਾ ਕਰਨਾ ਚਾਹੁੰਦਾ ਹਾਂ। ਕਈ ਵਾਰ ਕਿਹਾ ਜਾਂਦਾ ਹੈ ਕਿ ਧਰਮ ਦੇ ਆਗੂਆਂ ਨੂੰ ਧਰਮ ਦੇ ਸਾਤਵਿਕ ਤੇ ਪਰਮਾਰਥੀ ਆਚਰਨ ਤੱਕ ਆਪਣੇ ਆਪ ਨੂੰ ਸੀਮਤ ਰੱਖਣਾ ਚਾਹੀਦਾ ਹੈ ਅਤੇ ਰਾਜ ਤੇ ਸਮਾਜ ਦੇ ਖੇਤਰ ਵਿਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ, ਪਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੀ ਵਿਚਾਰਧਾਰਾ ਧਰਮ ਦੀ ਇਸ ਵਿਆਖਿਆ ਨਾਲ ਸਹਿਮਤ ਨਹੀਂ। 'ਸ੍ਰੀ ਗੁਰੂ ਸੋਭਾ' ਦੇ ਰਚਨਾਕਾਰ ਕਵੀ ਸੈਨਾਪਤੀ ਅਨੁਸਾਰ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਸੰਤਾਂ ਦੀ ਰੱਖਿਆ ਕਰਨਾ ਅਤੇ ਧਰਮੀ ਨਿਜ਼ਾਮ ਦੀ ਕਾਇਮੀ ਦੀ ਰਾਹ ਵਿਚ ਰੁਕਾਵਟ ਪਾਉਣ ਵਾਲੇ ਦੁਸ਼ਟਾਂ ਦਾ ਨਾਸ ਕਰਨਾ, ਦੋਵੇਂ ਪੱਖ, ਗੁਰੂ ਗੋਬਿੰਦ ਸਿੰਘ ਜੀ ਦੇ ਕਾਰਜ ਖੇਤਰ ਵਿਚ ਸ਼ਾਮਿਲ ਸਨ:

> ***ਰਾਜ ਦੇ ਨਾਲ-ਨਾਲ ਸਮਾਜ ਦੇ ਪ੍ਰਸੰਗ ਵਿਚ ਵੀ ਗੁਰੂ ਸਾਹਿਬ ਦੇ ਸਾਹਮਣੇ ਦੋ ਰਾਹ ਸਨ। ਇਕ ਇਹ ਕਿ ਸਮਾਜ ਵਿਚ ਪਸਰੇ ਜਾਤੀਵਾਦ ਅਤੇ ਉਸ ਜਾਤੀਵਾਦ ਦੀ ਸ਼ਿਕਾਰ ਮਜ਼ਲੂਮ, ਆਮ ਜਨਤਾ ਦੇ ਸੰਤਾਪ ਪ੍ਰਤੀ ਉਦਾਸੀਨ ਹੋ ਜਾਣ। ਉਸ ਧਰਮ-ਵਿਵਸਥਾ ਪ੍ਰਤੀ, ਜਿਹੜੀ ਜਾਤ-ਭੇਦ ਦੀ ਸਰਪ੍ਰਸਤੀ ਕਰਦੀ ਹੈ, ਚੁੱਪ ਅਖ਼ਤਿਆਰ ਕਰ ਲੈਣ; ਜਾਂ ਫਿਰ ਦੂਜਾ ਰਾਹ ਇਹ ਸੀ ਕਿ ਉਹ ਉਸ ਸਮਾਜੀ ਵਿਵਸਥਾ ਦਾ ਵਿਰੋਧ ਕਰਨ ਅਤੇ ਉਨ੍ਹਾਂ ਧਰਮ ਆਗੂਆਂ ਦਾ ਪਰਦਾ ਉਘੇੜ ਦੇਣ, ਜਿਹੜੇ ਜਾਤ-ਭੇਦ ਦੀ ਵਿਵਸਥਾ ਰਾਹੀਂ ਆਪਣੇ ਸਵਾਰਥ ਦੀ ਪੂਰਤੀ ਵਿਚ ਲੱਗੇ ਹੋਏ ਸਨ। ਇਥੇ ਵੀ ਗੁਰੂ ਸਾਹਿਬ ਨੇ ਦੂਜਾ ਰਾਹ ਅਪਨਾਇਆ ਅਤੇ ਜਾਤ-ਭੇਦ ਵਾਲੀ ਸਮਾਜੀ ਵਿਵਸਥਾ ਦਾ ਪੁਰਜ਼ੋਰ ਖੰਡਨ ਕੀਤਾ।***

ਦੁਸਟ ਬਿਡਾਰਣ ਸੰਤ ਉਬਾਰਣ,
ਸਭ ਜਗ ਤਾਰਣ ਭਵ ਹਰਣੰ।
ਜੈ ਜੈ ਜੈ ਦੇਵ ਕਰੈ ਸਭ ਹੀ,
ਤਿਹ ਆਨ ਪਰੇ ਗੁਰ ਕੀ ਸਰਣੰ।

ਇਹ ਵੀ ਕਿਸੇ ਤੋਂ ਲੁਕਿਆ ਨਹੀਂ ਕਿ ਇਸ ਮਹਾਨ ਪਵਿੱਤਰ ਉਦੇਸ਼ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਨੇ ਸਾਰਾ ਜੀਵਨ ਸੰਘਰਸ਼ ਕੀਤਾ ਅਤੇ ਅਤਿ ਦੀ ਅਡੋਲਤਾ, ਦ੍ਰਿੜ੍ਹਤਾ ਅਤੇ ਪਰਪੱਕਤਾ ਦਾ ਪ੍ਰਗਟਾਵਾ ਕਰਦਿਆਂ ਆਪਣੇ ਨਿਸ਼ਾਨੇ ਵੱਲ ਵਧੀ ਚਲੇ ਗਏ। ਅਕਾਲ ਪੁਰਖ ਨਾਲ ਕੀਤੇ ਅਹਿਦ ਉਪਰ ਕਿਸ ਤਰ੍ਹਾਂ ਪ੍ਰਵਾਨ ਚੜ੍ਹੇ ਹਨ ਗੁਰੂ ਗੋਬਿੰਦ ਸਿੰਘ ਜੀ, ਇਸ ਦੀ ਜਿਉਂਦੀ ਜਾਗਦੀ ਮਿਸਾਲ ਪਟਨਾ ਸਾਹਿਬ ਵਿਚ ਪ੍ਰਕਾਸ਼ ਤੋਂ ਲੈ ਕੇ ਅਨੰਦਪੁਰ ਸਾਹਿਬ ਤੱਕ ਅਤੇ ਅਨੰਦਪੁਰ ਸਾਹਿਬ ਤਿਆਗਣ ਤੋਂ ਲੈ ਕੇ ਹਜ਼ੂਰ ਸਾਹਿਬ ਤੱਕ ਦੀ ਉਨ੍ਹਾਂ ਦੀ ਜੀਵਨ ਯਾਤਰਾ ਹੈ।

ਸਾਰੀ ਸਥਿਤੀ ਨੂੰ ਇਕ ਹੋਰ ਦ੍ਰਿਸ਼ਟੀ ਤੋਂ ਵੀ ਘੋਖਿਆ ਜਾ ਸਕਦਾ ਹੈ। ਅਸਲ ਵਿਚ, ਦੋ ਰਸਤੇ ਸਨ ਗੁਰੂ ਸਾਹਿਬਾਨ ਕੋਲ। ਇਕ ਇਹ ਕਿ ਉਹ ਵੇਲੇ ਦੀ ਹਕੂਮਤ ਦੇ ਅਨਿਆਈ ਤੇ ਅੱਤਿਆਚਾਰੀ ਵਤੀਰੇ ਪ੍ਰਤੀ ਉਦਾਸੀਨ ਹੋ ਜਾਣ ਅਤੇ ਆਮ ਆਦਮੀ ਨੂੰ ਸੱਤਾਧਾਰੀਆਂ ਦੇ ਪੈਰਾਂ ਥੱਲੇ ਰੁਲਣ ਦੇਣ, ਉਨ੍ਹਾਂ ਦਾ ਸ਼ੋਸ਼ਣ ਹੋਣ ਦੇਣ। ਦੂਜਾ ਇਹ ਕਿ ਆਮ ਆਦਮੀ ਦੇ ਦੁੱਖ-ਦਰਦ ਦੇ ਭਾਈਵਾਲ ਬਣ ਕੇ ਉਨ੍ਹਾਂ ਨੂੰ ਰਾਜ ਦੇ ਤਸ਼ੱਦਦ ਤੋਂ ਨਿਜਾਤ ਦੁਆਉਣ ਲਈ, ਉਸ ਦੇ ਟਾਕਰੇ ਲਈ ਜਥੇਬੰਦਕ ਯਤਨ ਕਰਨ। ਜਨਤਾ ਵਿਚ ਉਹ ਜੁਰਅਤ ਪੈਦਾ ਕਰਨ ਕਿ ਉਹ ਰਾਜਸੀ ਨਿਜ਼ਾਮ ਦੇ ਅਨਿਆਂ ਵਿਰੁਧ ਆਵਾਜ਼ ਬੁਲੰਦ ਕਰੇ। ਗੁਰੂ ਸਾਹਿਬ ਨੇ ਦੂਜਾ ਰਸਤਾ ਚੁਣਿਆ ਅਤੇ ਆਪਣੇ ਪੈਰੋਕਾਰਾਂ ਨੂੰ ਰਾਜਸੀ ਆਲੇ-ਦੁਆਲੇ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਰਹਿਣ ਦਾ ਆਦੇਸ਼ ਦਿੱਤਾ। ਉਨ੍ਹਾਂ ਨੂੰ ਸਿਰਫ ਵਿਚਾਰਧਾਰਕ ਪੱਧਰ 'ਤੇ ਹੀ ਨਹੀਂ, ਸਗੋਂ ਜਥੇਬੰਦਕ ਤੌਰ 'ਤੇ ਵੀ ਠੁੱਕ ਬੰਨ੍ਹ ਕੇ ਮਾੜੀ ਰਾਜਸੀ ਵਿਵਸਥਾ ਦਾ ਵਿਰੋਧ ਕਰਨ ਲਈ ਤਤਪਰ ਕੀਤਾ।

ਰਾਜ ਦੇ ਨਾਲ-ਨਾਲ ਸਮਾਜ ਦੇ ਪ੍ਰਸੰਗ ਵਿਚ ਵੀ ਗੁਰੂ ਸਾਹਿਬ ਦੇ ਸਾਹਮਣੇ ਦੋ ਰਾਹ ਸਨ। ਇਕ ਇਹ ਕਿ ਸਮਾਜ ਵਿਚ ਪਸਰੇ ਜਾਤੀਵਾਦ ਅਤੇ ਉਸ ਜਾਤੀਵਾਦ ਦੀ ਸ਼ਿਕਾਰ ਮਜ਼ਲੂਮ, ਆਮ ਜਨਤਾ ਦੇ ਸੰਤਾਪ ਪ੍ਰਤੀ ਉਦਾਸੀਨ ਹੋ ਜਾਣ। ਉਸ ਧਰਮ-ਵਿਵਸਥਾ ਪ੍ਰਤੀ, ਜਿਹੜੀ ਜਾਤ-ਭੇਦ ਦੀ ਸਰਪ੍ਰਸਤੀ ਕਰਦੀ ਹੈ, ਚੁੱਪ ਅਖ਼ਤਿਆਰ ਕਰ ਲੈਣ; ਜਾਂ ਫਿਰ ਦੂਜਾ ਰਾਹ ਇਹ ਸੀ ਕਿ ਉਹ ਉਸ ਸਮਾਜੀ ਵਿਵਸਥਾ ਦਾ ਵਿਰੋਧ ਕਰਨ ਅਤੇ ਉਨ੍ਹਾਂ ਧਰਮ ਆਗੂਆਂ ਦਾ ਪਰਦਾ ਉਘੇੜ ਦੇਣ, ਜਿਹੜੇ ਜਾਤ-ਭੇਦ ਦੀ ਵਿਵਸਥਾ ਰਾਹੀਂ ਆਪਣੇ ਸਵਾਰਥ ਦੀ ਪੂਰਤੀ ਵਿਚ ਲੱਗੇ ਹੋਏ ਸਨ। ਇਥੇ ਵੀ ਗੁਰੂ ਸਾਹਿਬ ਨੇ ਦੂਜਾ ਰਾਹ ਅਪਨਾਇਆ ਅਤੇ ਜਾਤ-ਭੇਦ ਵਾਲੀ ਸਮਾਜੀ ਵਿਵਸਥਾ ਦਾ ਪੁਰਜ਼ੋਰ ਖੰਡਨ ਕੀਤਾ। ਨਿਰਾ ਖੰਡਨ ਹੀ ਨਹੀਂ ਕੀਤਾ, ਸਗੋਂ ਵਿਤਕਰਿਆਂ ਵਾਲੀ ਸਮਾਜੀ ਵਿਵਸਥਾ ਤੋਂ ਬਾਹਰ ਨਵੀਂ ਸਮਾਜੀ ਵਿਵਸਥਾ ਦੀ ਸਿਰਜਨਾ ਵੀ ਕਰ ਦਿੱਤੀ। ਅਸੀਂ ਵੇਖ ਸਕਦੇ ਹਾਂ ਕਿ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੇ ਰੂਪ ਵਿਚ ਵਿਤਕਰਿਆਂ ਤੋਂ ਮੁਕਤ, ਸੁਤੰਤਰ ਹਸਤੀ ਰੱਖਣ ਵਾਲੇ ਜਾਗ੍ਰਿਤ ਮਨੁੱਖਾਂ ਦੀ ਨਵੀਂ ਜਥੇਬੰਦੀ ਕਾਇਮ ਕਰ ਦਿੱਤੀ। ਇਸ ਜਥੇਬੰਦੀ ਨੇ ਗੁਰੂਆਂ ਦੀ ਵਿਚਾਰਧਾਰਾ ਨੂੰ ਅਗਾਂਹ ਤੋਰਿਆ ਅਤੇ ਫਿਰ ਇਹੋ ਜਥੇਬੰਦੀ ਫਿਰ ਖ਼ੁਦ ਵੱਡੀ ਸਮਾਜਕ ਤਬਦੀਲੀ ਦਾ ਵਸੀਲਾ ਬਣ ਗਈ।

ਅੰਤ ਵਿਚ, ਦਸਮ ਪਿਤਾ ਨੂੰ ਆਪਣੀ ਅਕੀਦਤ ਭੇਟ ਕਰਦਿਆਂ, ਹਕੀਮ ਅੱਲਾ ਯਾਰ ਖਾਂ ਜੋਗੀ ਦੇ ਇਸ ਬਿਆਨ ਨਾਲ ਮੈਂ ਆਪਣੀ ਗੱਲ ਸਮਾਪਤ ਕਰਨੀ ਚਾਹੁੰਦਾ ਹਾਂ- 'ਬੇਸ਼ਕ ਮੇਰੇ ਹੱਥ ਵਿਚ ਪੁਰਜ਼ੋਰ ਕਲਮ ਹੈ, ਪਰ ਗੁਰੂ ਸਾਹਿਬ ਦੀ ਸਿਫ਼ਤ ਦਰਜ ਕਰ ਸਕਾਂ, ਇੰਨੀ ਸਮਰੱਥਾ ਮੇਰੇ ਵਿਚ ਕਿੱਥੇ ਹੈ? ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਗੱਲ ਕਰਨਾ ਬਿਲਕੁਲ ਇੱਦਾਂ ਹੈ, ਜਿੱਦਾਂ ਸਮੁੰਦਰ ਦੀ ਸਤਹਿ 'ਤੇ ਉਠਿਆ ਬੁਲਬੁਲਾ ਇਹ ਦੱਸਣ ਦੀ ਕੋਸ਼ਿਸ਼ ਕਰੇ ਕਿ ਸਮੁੰਦਰ ਦਾ ਪਾਸਾਰ ਕਿੰਨਾ ਵੱਡਾ ਹੈ। ਉਹ ਵਿਚਾਰਾ ਸਮੁੰਦਰ ਦਾ ਸਾਹਿਲ ਵੇਖੇਗਾ, ਮੰਝਧਾਰ ਦਾ ਅੰਦਾਜ਼ਾ ਲਗਾਏਗਾ, ਕਿ ਉਸ ਵਿਚ ਉਠਦੀਆਂ ਲਹਿਰਾਂ ਦੀ ਗਿਣਤੀ-ਮਿਣਤੀ ਕਰੇਗਾ?' ਉਸ ਦੀਆਂ ਸਤਰਾਂ ਇਸ ਤਰ੍ਹਾਂ ਹਨ:

ਹਰ ਚੰਦ ਮਿਰੇ ਹਾਥ ਮੇਂ,
ਪੁਰਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ਼,
ਕਹਾਂ ਤਾਬਿ-ਰਕਮ ਹੈ।
ਇਕ ਆਂਖ ਸੇ ਕਿਆ ਬੁਲਬੁਲਾ,
ਕੁਲ ਬਹਿਰ ਕੋ ਦੇਖੇ।
ਸਾਹਿਲ ਕੋ ਯਾ ਮੰਝਧਾਰ ਕੋ,
ਯਾ ਲਹਿਰ ਕੋ ਦੇਖੇ?

# ਚੋਣ ਫਤਵਾ ਅਤੇ ਕਸ਼ਮੀਰੀ ਆਵਾਮ ਦੀ ਰਜ਼ਾ ਦਾ ਸਵਾਲ

**ਜੰਮੂ ਕਸ਼ਮੀਰ ਦੇ ਚੋਣ ਨਤੀਜਿਆਂ ਤੋਂ ਇਹ ਸਾਫ਼ ਹੈ ਕਿ ਕਸ਼ਮੀਰੀ ਆਵਾਮ ਦਾ ਰੁਝਾਨ ਕਿਸੇ 'ਕੌਮੀ' ਪਾਰਟੀ ਦੀ ਬਜਾਏ ਖੇਤਰੀ ਕਸ਼ਮੀਰੀ ਧਿਰਾਂ ਨੂੰ ਜਿਤਾਉਣ ਦਾ ਰਿਹਾ ਹੈ। ਕਸ਼ਮੀਰ ਵਾਦੀ ਵਿਚ ਭਾਜਪਾ ਵਲੋਂ ਧਾਰਾ 370 ਨੂੰ ਖ਼ਤਮ ਕਰਨ ਦੀ ਆਪਣੀ ਮੂੰਹ-ਫਟ ਨੀਤੀ ਦਾ ਜ਼ਿਕਰ ਤਕ ਨਾ ਕਰਨ ਤੋਂ ਵੀ ਜ਼ਾਹਿਰ ਹੈ ਕਿ ਕਸ਼ਮੀਰੀ ਆਵਾਮ ਦੇ ਤੇਵਰਾਂ ਦੇ ਮੱਦੇਨਜ਼ਰ ਉਸ ਨੂੰ ਉਥੇ ਕਿਵੇਂ ਬੋਚ-ਬੋਚ ਕੇ ਚੱਲਣਾ ਪੈ ਰਿਹਾ ਹੈ। ਜੰਮੂ ਖੇਤਰ ਵਿਚ ਇਸ ਨੇ ਆਪਣਾ ਹਿੰਦੂ ਚਿਹਰਾ ਅੱਗੇ ਰੱਖਿਆ, ਕਿਉਂਕਿ ਕਸ਼ਮੀਰੀ ਪੰਡਤਾਂ ਦੀਆਂ ਵੋਟਾਂ ਦਾ ਸਵਾਲ ਸੀ, ਜਦਕਿ ਵਾਦੀ ਵਿਚ 'ਧਰਮ ਨਿਰਪੱਖ' ਮੁਖੌਟਾ ਇਸਤੇਮਾਲ ਕੀਤਾ ਗਿਆ, ਕਿਉਂਕਿ ਉਥੇ ਭਾਰੂ ਬਹੁ-ਗਿਣਤੀ ਕਸ਼ਮੀਰੀ ਮੁਸਲਮਾਨਾਂ ਨੂੰ ਭਰਮਾਉਣਾ ਦਰਕਾਰ ਸੀ। ਦੂਜੇ ਲਫ਼ਜ਼ਾਂ ਵਿਚ, ਕਿਸੇ ਵੀ ਲਿਹਾਜ਼ ਨਾਲ ਹਾਲੀਆ ਚੋਣ ਨਤੀਜੇ ਨਾ ਤਾਂ ਮੋਦੀ ਤੇ ਭਾਜਪਾ ਦੀ ਹਿੰਦੂਤਵੀ ਸਿਆਸਤ ਦੇ ਹੱਕ ਵਿਚ ਫਤਵਾ ਹਨ ਅਤੇ ਨਾ ਹੀ ਬਾਈਕਾਟ ਨੂੰ ਤਿਲਾਂਜਲੀ ਦੇ ਕੇ ਕਸ਼ਮੀਰੀ ਆਵਾਮ ਵਲੋਂ ਹਿੰਦੁਸਤਾਨ ਦੀ 'ਮੁੱਖਧਾਰਾ' ਨੂੰ ਗਲੇ ਲਗਾਉਣ ਦੇ ਸੂਚਕ ਹਨ।**

ਜੰਮੂ ਕਸ਼ਮੀਰ ਦੇ ਹਾਲੀਆ ਚੋਣ ਨਤੀਜਿਆਂ ਦੀ ਅਸਲ ਰਮਜ਼ ਕੀ ਹੈ? ਜੋ 'ਮੁੱਖਧਾਰਾ' ਮੀਡੀਆ ਪੇਸ਼ ਕਰ ਰਿਹਾ ਹੈ, ਉਹੀ ਹੈ ਜਾਂ ਕੁਝ ਹੋਰ? ਕਸ਼ਮੀਰ ਦੇ ਸਵਾਲ ਬਾਰੇ ਹਿੰਦੁਸਤਾਨੀ ਸਟੇਟ ਦੇ ਰਵੱਈਏ ਅਤੇ ਕਸ਼ਮੀਰੀ ਲੋਕਾਂ ਦੇ ਸਵੈ-ਨਿਰਣੇ ਲਈ ਜਾਨ-ਹੂਲਵੇਂ ਸੰਘਰਸ਼ ਦੇ ਮੱਦੇਨਜ਼ਰ ਇਹ ਸਵਾਲ ਬਹੁਤ ਅਹਿਮ ਹੈ।

ਮੋਦੀ ਟੀਮ ਨੂੰ ਉਮੀਦ ਸੀ ਕਿ ਸੱਤ ਮਹੀਨੇ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਵਿਚ ਜਿਵੇਂ ਉਨ੍ਹਾਂ ਨੇ ਜੰਮੂ ਕਸ਼ਮੀਰ ਦੀਆਂ 6 ਵਿਚੋਂ 3 ਸੀਟਾਂ ਹਥਿਆ ਲਈਆਂ ਸਨ, ਹੁਣ ਵੀ ਉਹ ਸੱਤਾਧਾਰੀ ਨੈਸ਼ਨਲ ਕਾਨਫਰੰਸ ਅਤੇ ਹਿੰਦੁਸਤਾਨੀ ਕਾਂਗਰਸ ਪਾਰਟੀ ਪ੍ਰਤੀ ਕਸ਼ਮੀਰੀ ਆਵਾਮ ਦੀ ਬਦਜ਼ਨੀ ਨੂੰ ਆਪਣੇ ਵੋਟ ਬੈਂਕ ਵਿਚ ਢਾਲ ਲੈਣਗੇ। ਉਨ੍ਹਾਂ ਨੇ ਕੁਲ 87 ਸੀਟਾਂ ਵਿਚੋਂ 44+ ਜਿੱਤਣ ਦਾ ਮਿਸ਼ਨ ਮਿਥਿਆ ਸੀ। 'ਮੁੱਖਧਾਰਾ' ਮੀਡੀਆ ਦਾ ਮੰਨਣਾ ਹੈ ਕਿ 25 ਸੀਟਾਂ ਤਕ ਮਹਿਦੂਦ ਰਹਿ ਜਾਣ ਕਾਰਨ

**ਬੂਟਾ ਸਿੰਘ**
**ਫੋਨ: 91-94634-74342**

ਨਰੇਂਦਰ ਮੋਦੀ ਦਾ ਮਿਸ਼ਨ 44+ ਭਾਵੇਂ ਨਾ-ਕਾਮਯਾਬ ਰਿਹਾ ਪਰ ਨਿਸ਼ਚੇ ਹੀ ਭਾਜਪਾ ਇਸ ਰਿਆਸਤ ਦੀ ਸਿਆਸਤ ਅੰਦਰ ਚੋਖਾ ਵੱਢ ਮਾਰਨ ਵਿਚ ਕਾਮਯਾਬ ਹੋਈ ਹੈ। ਭਾਜਪਾ ਨੂੰ ਬੇਸ਼ੱਕ ਉਹ ਬਹੁਮਤ ਨਹੀਂ ਮਿਲਿਆ ਜਿਸ ਦੀ ਇਸ ਦੇ ਚੋਣ ਮੈਨੇਜਰਾਂ ਨੂੰ ਉਮੀਦ ਸੀ, ਪਰ ਜੰਮੂ ਖੇਤਰ ਵਿਚ ਇਹ ਫਿਰਕੂ ਪੱਤਾ ਖੇਡ ਕੇ ਤਿੱਖੀ ਫਿਰਕੂ ਸਫਬੰਦੀ ਜ਼ਰੀਏ ਕਾਫੀ ਸੀਟਾਂ ਜਿੱਤਣ ਵਿਚ ਸਫਲ ਰਹੀ ਹੈ।

ਹੁਣ ਜੇ ਵੋਟ ਫੀਸਦ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਕੁਲ ਮਿਲਾ ਕੇ ਇਸ ਨੂੰ ਲੋਕ ਸਭਾ ਚੋਣਾਂ ਨਾਲੋਂ 10 ਫੀਸਦੀ ਘੱਟ ਵੋਟ ਹੀ ਮਿਲੇ ਹਨ। ਬਹੁਤ ਖਰਚੀਲੀ ਅਤੇ ਵਿਆਪਕ ਚੋਣ ਮੁਹਿੰਮ ਦੇ ਬਾਵਜੂਦ ਭਾਜਪਾ ਕਸ਼ਮੀਰ ਘਾਟੀ ਵਿਚ ਇਸ ਨੂੰ ਇਕ ਵੀ ਸੀਟ ਨਹੀਂ ਮਿਲੀ। ਚੇਤੇ ਰਹੇ, ਇਹੀ ਫਿਰਕੂ ਪੱਤਾ ਪਹਿਲਾਂ ਇੰਦਰਾ ਗਾਂਧੀ ਨੇ 1983 ਦੀਆਂ ਚੋਣਾਂ ਵਿਚ ਜੰਮੂ-ਕਸ਼ਮੀਰ ਦੀ ਸਿਆਸਤ ਉਪਰੋਂ ਕਸ਼ਮੀਰੀ ਗਲਬੇ ਨੂੰ ਤੋੜਨ ਦੇ ਮਨੋਰਥ ਨਾਲ ਖੇਡ ਕੇ ਜੰਮੂ ਖੇਤਰ ਦੀਆਂ 25 ਸੀਟਾਂ ਜਿੱਤੀਆਂ ਸਨ, ਪਰ ਉਸ ਨੂੰ ਵੀ ਉਦੋਂ ਇਸੇ ਤਰ੍ਹਾਂ ਦੇ ਹਾਲਾਤ ਵਿਚੋਂ ਗੁਜ਼ਰਨਾ ਪਿਆ ਸੀ ਜਿਸ ਤਰ੍ਹਾਂ ਦੇ ਸਿਆਸੀ ਸਮੀਕਰਨ ਹੁਣ ਉਭਰੇ ਹਨ।

ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਪਾਰਟੀ ਦੀਆਂ ਹਕੂਮਤਾਂ ਦੀ ਕਾਰਗੁਜ਼ਾਰੀ ਦੇ ਮੱਦੇਨਜ਼ਰ ਇਨ੍ਹਾਂ ਦੋਵਾਂ ਦੀ ਹਾਲੀਆ ਹਾਰ ਅਣਕਿਆਸੀ ਨਹੀਂ। ਜੰਮੂ ਕਸ਼ਮੀਰ ਵਿਚ ਉਮਰ ਅਬਦੁੱਲਾ ਦੀ ਹਕੂਮਤ ਅਤੇ ਹਿੰਦੁਸਤਾਨ ਵਿਚ ਕਾਂਗਰਸ ਪਾਰਟੀ ਦੇ ਰਾਜ, ਦੋਵਾਂ ਨੇ ਮਿਲ ਕੇ ਕਸ਼ਮੀਰੀ ਆਵਾਮ ਦੀਆਂ ਆਜ਼ਾਦੀ ਤੇ ਸੱਚੀ ਜਮਹੂਰੀਅਤ ਦੀਆਂ ਰੀਝਾਂ ਨੂੰ ਫੌਜੀ ਤਾਕਤ ਨਾਲ ਕੁਚਲਣ, ਉਨ੍ਹਾਂ ਉਪਰ ਹਿੰਦੁਸਤਾਨੀ ਸਟੇਟ ਦਾ ਕਬਜ਼ਾ ਬਣਾਈ ਰੱਖਣ ਲਈ ਬੇਸ਼ੁਮਾਰ ਨੌਜਵਾਨਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਕਤਲ ਕਰਨ ਤੇ ਕਸ਼ਮੀਰੀ ਆਵਾਮ ਉਪਰ ਬੇਤਹਾਸ਼ਾ ਜ਼ੁਲਮ ਢਾਹੁਣ, ਹਿੰਦੁਸਤਾਨੀ ਫੌਜ ਦੀਆਂ ਮਨਮਾਨੀਆਂ ਤੇ ਜੁਰਮਾਂ ਨੂੰ ਅਫਸਪਾ ਕਾਨੂੰਨ ਨਾਲ ਹਰ ਜਵਾਬਦੇਹੀ ਤੋਂ ਮਹਿਫ਼ੂਜ਼ ਬਣਾਈ ਰੱਖਣ, ਫੌਜ ਦੇ ਘਿਨਾਉਣੇ ਜ਼ੁਲਮਾਂ ਨੂੰ ਜਾਇਜ਼ ਠਹਿਰਾਉਣ, ਇੱਥੋਂ ਤਕ ਕਿ ਕਸ਼ਮੀਰੀ ਆਵਾਮ ਦੀ ਪੂਰੀ ਤਰ੍ਹਾਂ ਸ਼ਾਂਤਮਈ ਹੱਕ-ਜਤਾਈ ਨੂੰ ਕੁਚਲਣ ਲਈ ਵੀ ਪੁਲਿਸ ਤੇ ਫੌਜ ਦਾ ਬਦਰੇਗ ਇਸਤੇਮਾਲ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਇਹ ਕੁਦਰਤੀ ਸੀ ਕਿ ਕਸ਼ਮੀਰੀ ਆਵਾਮ ਇਨ੍ਹਾਂ ਨੂੰ ਸਬਕ ਸਿਖਾਉਂਦੇ, ਪਰ ਕਸ਼ਮੀਰੀ ਆਵਾਮ ਅੱਗੇ ਇਸ ਤੋਂ ਵੀ ਵੱਡਾ ਸਵਾਲ ਇਹ ਸੀ ਕਿ ਇਨ੍ਹਾਂ ਦੋਵਾਂ ਸੱਤਾਧਾਰੀ ਪਾਰਟੀਆਂ ਦੀ ਹਾਰ ਹੋਣ ਦੀ ਸੂਰਤ ਵਿਚ ਭਾਜਪਾ ਵਰਗੀ ਘੋਰ ਹਿੰਦੂਤਵੀ ਤਾਕਤ ਜੇ ਚੋਣਾਂ ਜਿੱਤ ਕੇ ਸਰਕਾਰ ਬਣਾਉਂਦੀ ਹੈ ਤਾਂ ਹਿੰਦੁਸਤਾਨੀ ਫੌਜ ਦੇ ਹੋਰ ਤਿੱਖੇ ਦਮਨਕਾਰੀ ਹਮਲਿਆਂ ਦੇ ਨਾਲ-ਨਾਲ ਹਮਲਾਵਰ ਹਿੰਦੂਤਵੀ ਫਾਸ਼ੀਵਾਦ ਦਾ ਸਾਹਮਣਾ ਵੀ ਕਰਨਾ ਪਵੇਗਾ। ਭਾਜਪਾ ਆਗੂ ਜਗਮੋਹਨ ਵਲੋਂ ਜੰਮੂ ਕਸ਼ਮੀਰ ਦਾ ਗਵਰਨਰ ਹੋਣ ਸਮੇਂ ਕਸ਼ਮੀਰੀ ਪੰਡਤਾਂ ਦੀ ਜਬਰੀ ਹਿਜਰਤ ਕਰਵਾ ਕੇ ਕਸ਼ਮੀਰੀ ਕੌਮੀਅਤ ਵਿਚ ਪਾਏ ਫਿਰਕੂ ਪਾਟਕ ਦੇ ਅਜੇ ਤਾਈਂ ਰਿਸਦੇ ਜ਼ਖ਼ਮ ਉਨ੍ਹਾਂ ਲਈ ਅਭੁੱਲ ਇਤਿਹਾਸਕ ਸਬਕ ਸਨ। ਇਸ ਗੰਭੀਰ ਖਤਰੇ ਨੂੰ ਦੇਖਦਿਆਂ ਕਸ਼ਮੀਰ ਵਾਦੀ ਦਾ ਚੋਣ ਬਾਈਕਾਟ ਦਾ ਰਵਾਇਤੀ ਸਿਆਸੀ ਪੈਂਤੜਾ ਤਿਆਗ ਕੇ ਵੱਡੀ ਤਾਦਾਦ ਵਿਚ ਵੋਟਾਂ ਪਾਉਣਾ, ਬਾਈਕਾਟ ਕਰਨ ਵਾਲਿਆਂ ਧਿਰਾਂ ਦਾ ਚੋਣ ਬਾਈਕਾਟ ਦੀ ਸਰਗਰਮ ਸਿਆਸੀ ਮੁਹਿੰਮ ਚਲਾਉਣ ਦੀ ਬਜਾਏ ਮੁਕਾਮੀ ਕਸ਼ਮੀਰੀ ਪਾਰਟੀਆਂ ਦੇ ਹੱਕ ਵਿਚ ਭੁਗਤਣਾ ਅਤੇ ਪੀਪਲਜ਼ ਡੈਮੋਕਰੇਟਿਕ ਪਾਰਟੀ (ਪੀ.ਡੀ.ਪੀ.) ਦਾ 28 ਸੀਟਾਂ ਜਿੱਤ ਲੈਣਾ ਮੋਦੀ ਦੀ ਹਰਮਨਪਿਆਰਤਾ ਨਹੀਂ, ਸਗੋਂ ਵਾਦੀ ਦੀਆਂ ਬਾਰਸੂਖ਼ ਸਿਆਸੀ ਧਿਰਾਂ ਦੀ ਸੋਚੀ-ਸਮਝੀ ਰਣਨੀਤੀ ਦਾ ਨਤੀਜਾ ਹੈ। ਇਹ ਵੀ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ 10 ਹੋਰ ਸੀਟਾਂ ਐਸੀਆਂ ਹਨ ਜਿਨ੍ਹਾਂ ਉਪਰ ਹਰ ਸੀਟ 'ਤੇ ਪੀ.ਡੀ.ਪੀ. ਮਹਿਜ਼ 1500 ਤੋਂ ਘੱਟ ਵੋਟਾਂ ਦੇ ਫਰਕ ਨਾਲ ਹਾਰੀ ਹੈ। ਕੁੱਪਵਾੜਾ ਸੀਟ ਉਪਰ ਮਹਿਜ਼ 151 ਵੋਟਾਂ, ਪੰਜ ਹੋਰ ਸੀਟਾਂ ਉਪਰ 1000 ਤੋਂ ਘੱਟ ਵੋਟਾਂ ਦਾ ਫਰਕ ਹੈ, ਜਦਕਿ ਚਾਰ ਸੀਟਾਂ ਉਪਰ 1000 ਤੋਂ 1500 ਵੋਟਾਂ ਦਾ ਫਰਕ ਰਿਹਾ ਹੈ।

ਕੁਲ ਨਤੀਜਿਆਂ ਤੋਂ ਇਹ ਸਾਫ ਹੈ ਕਿ ਕਸ਼ਮੀਰੀ ਆਵਾਮ ਦਾ ਰੁਝਾਨ ਕਿਸੇ 'ਕੌਮੀ' ਪਾਰਟੀ ਦੀ ਬਜਾਏ ਖੇਤਰੀ ਕਸ਼ਮੀਰੀ ਧਿਰਾਂ ਨੂੰ ਜਿਤਾਉਣ ਦਾ ਰਿਹਾ ਹੈ। ਕਸ਼ਮੀਰ ਵਾਦੀ ਵਿਚ ਭਾਜਪਾ ਵਲੋਂ ਧਾਰਾ 370 ਨੂੰ ਖ਼ਤਮ ਕਰਨ ਦੀ ਆਪਣੀ ਮੂੰਹ-ਫਟ ਨੀਤੀ ਦਾ ਜ਼ਿਕਰ ਤਕ ਨਾ ਕਰਨ ਤੋਂ ਵੀ ਜ਼ਾਹਿਰ ਹੈ ਕਿ ਕਸ਼ਮੀਰੀ ਆਵਾਮ ਦੇ ਤੇਵਰਾਂ ਦੇ ਮੱਦੇਨਜ਼ਰ ਉਸ ਨੂੰ ਉਥੇ ਕਿਵੇਂ ਬੋਚ-ਬੋਚ ਕੇ ਚੱਲਣਾ ਪੈ ਰਿਹਾ ਹੈ। ਜੰਮੂ ਖੇਤਰ ਵਿਚ ਇਸ ਨੇ ਆਪਣਾ ਹਿੰਦੂ ਚਿਹਰਾ ਅੱਗੇ ਰੱਖਿਆ, ਕਿਉਂਕਿ ਕਸ਼ਮੀਰੀ ਪੰਡਤਾਂ ਦੀਆਂ ਵੋਟਾਂ ਦਾ ਸਵਾਲ ਸੀ, ਜਦਕਿ ਵਾਦੀ ਵਿਚ 'ਧਰਮ ਨਿਰਪੱਖ' ਮੁਖੌਟਾ ਇਸਤੇਮਾਲ ਕੀਤਾ ਗਿਆ, ਕਿਉਂਕਿ ਉਥੇ ਭਾਰੂ ਬਹੁ-ਗਿਣਤੀ ਕਸ਼ਮੀਰੀ ਮੁਸਲਮਾਨਾਂ ਨੂੰ ਭਰਮਾਉਣਾ ਦਰਕਾਰ ਸੀ। ਦੂਜੇ ਲਫ਼ਜ਼ਾਂ ਵਿਚ, ਕਿਸੇ ਵੀ ਲਿਹਾਜ਼ ਨਾਲ ਹਾਲੀਆ ਚੋਣ ਨਤੀਜੇ ਨਾ ਤਾਂ ਮੋਦੀ ਤੇ ਭਾਜਪਾ ਦੀ ਹਿੰਦੂਤਵੀ ਸਿਆਸਤ ਦੇ ਹੱਕ ਵਿਚ ਫਤਵਾ ਹਨ ਅਤੇ ਨਾ ਹੀ ਬਾਈਕਾਟ ਨੂੰ ਤਿਲਾਂਜਲੀ ਦੇ ਕੇ ਕਸ਼ਮੀਰੀ ਆਵਾਮ ਵਲੋਂ ਹਿੰਦੁਸਤਾਨ ਦੀ 'ਮੁੱਖਧਾਰਾ' ਨੂੰ ਗਲੇ ਲਗਾਉਣ ਦੇ ਸੂਚਕ ਹਨ।

ਇਹ ਲਾਜ਼ਮੀ ਚੇਤੇ ਰੱਖਣਾ ਹੋਵੇਗਾ ਕਿ ਚੋਣ ਨਤੀਜੇ ਕੁਝ ਵੀ ਹੋਣ ਤੇ ਉਕਤ ਸਿਆਸੀ ਹਾਲਤ ਵਿਚ ਪੋਲਿੰਗ ਫੀਸਦੀ ਕੁਝ ਵੀ ਹੋਵੇ, ਇਹ ਹਿੰਦੁਸਤਾਨ ਨਾਲ ਕਸ਼ਮੀਰ ਦੇ ਇਲਹਾਕ ਦੇ ਹੱਕ ਵਿਚ ਆਵਾਮੀ ਫਤਵਾ ਨਾ ਹੋ ਕੇ ਹਿੰਦੁਸਤਾਨੀ ਫੌਜ ਵਲੋਂ ਕੁਚਲੀ ਜਾ ਰਹੀ ਕਸ਼ਮੀਰੀ ਕੌਮੀਅਤ ਦੀ ਮਜਬੂਰੀ ਹੈ ਜੋ ਇਥੇ ਵੋਟਾਂ ਵਿਚ ਢਲਦੀ ਹੈ। ਸਵੈ-ਨਿਰਣੇ ਲਈ ਸਿਆਸੀ ਤਹਿਰੀਕ ਦੀ ਮਾੜੀ ਹਾਲਤ, ਪੌਣੇ ਚਾਰ ਲੱਖ ਫ਼ੌਜ ਦੇ ਬੂਟਾਂ ਹੇਠ ਢਾਈ ਦਹਾਕਿਆਂ ਤੋਂ ਲਗਾਤਾਰ ਕੁਚਲੀ ਜਾ ਰਹੀ ਕੌਮੀਅਤ ਦੀ ਬੇਵਸੀ, ਹਿੰਦੁਸਤਾਨੀ ਸੱਤਾ ਦੇ ਜ਼ੁਲਮਾਂ ਦੇ ਟਾਕਰੇ ਲਈ ਮਜ਼ਬੂਤ ਸਿਆਸੀ ਅਗਵਾਈ ਦੀ ਅਣਹੋਂਦ, ਐਸੀ ਹਾਲਤ 'ਚ ਬਾਈਕਾਟ ਕਰ ਕੇ ਹੋਰ ਵਿਆਪਕ ਜ਼ੁਲਮਾਂ ਨੂੰ ਸੱਦਾ ਦੇਣ ਨਾਲੋਂ ਭਾਜਪਾ ਤੇ ਕਾਂਗਰਸ ਵਰਗੀਆਂ ਤਾਕਤਾਂ ਨੂੰ ਹਰਾਉਣ ਲਈ ਵੋਟ ਪਾਉਣਾ ਉਨ੍ਹਾਂ ਦੇ ਰੋਹ ਦਾ ਵੱਖਰੀ ਤਰ੍ਹਾਂ ਦਾ ਇਜ਼ਹਾਰ ਸੀ।

ਸੰਯੁਕਤ ਰਾਸ਼ਟਰ ਵਲੋਂ ਜੰਮੂ ਕਸ਼ਮੀਰ ਬਾਰੇ ਆਪਣੇ 30 ਮਾਰਚ 1951 ਦੇ ਮਤੇ ਵਿਚ ਦਿੱਤੀ ਗਈ ਬੁਨਿਆਦੀ ਅਹਿਮੀਅਤ ਵਾਲੀ ਦਲੀਲ ਅੱਜ ਕਿੰਨੀ ਪ੍ਰਸੰਗਕ ਨਜ਼ਰ ਆਉਂਦੀ ਹੈ। ਸੰਯੁਕਤ ਰਾਸ਼ਟਰ ਨੇ ਕਿਹਾ ਸੀ ਕਿ ਜੰਮੂ ਕਸ਼ਮੀਰ ਵਿਚ ਚੋਣਾਂ ਸਵੈ-ਨਿਰਣੇ ਦਾ ਬਦਲ ਨਹੀਂ ਹੋਣਗੀਆਂ। ਇਲਹਾਕ ਬਾਰੇ ਕਸ਼ਮੀਰੀ ਆਵਾਮ ਦੇ ਸਪਸ਼ਟ ਫਤਵੇ ਲਈ ਰਾਇ-ਸ਼ੁਮਾਰੀ ਕਰਾਉਣੀ ਹੋਵੇਗੀ। ਇਸ ਕੌਮਾਂਤਰੀ ਆਮ-ਸਹਿਮਤੀ ਅਤੇ 1948 ਤੋਂ ਲੈ ਕੇ 1952 ਤਕ ਦੇ ਚਾਰ ਸਾਲਾਂ ਵਿਚ ਪ੍ਰਧਾਨ ਮੰਤਰੀ ਨਹਿਰੂ ਦੇ ਹਿੰਦੁਸਤਾਨੀ ਸੰਸਦ ਅੰਦਰ ਤੇ ਹੋਰ ਥਾਂਈਂ ਦਿੱਤੇ ਬਿਆਨਾਂ ਨੂੰ ਦੇਖ ਕੇ ਹਰ ਕੋਈ ਸਮਝ ਸਕਦਾ ਹੈ ਕਿ ਆਰਜ਼ੀ ਇਲਹਾਕ ਨਾਲ ਠੱਗੀ ਗਈ ਕਸ਼ਮੀਰੀ ਕੌਮੀਅਤ ਨੂੰ 'ਅਖੰਡ ਭਾਰਤ' ਦਾ ਅਨਿੱਖੜ ਅੰਗ ਬਣਨਾ ਕਿਉਂ ਪ੍ਰਵਾਨ ਨਹੀਂ ਹੈ। ਜਬਰੀ ਇਲਹਾਕ ਤੇ ਜਬਰੀ ਏਕਤਾ ਵਿਰੁਧ ਦਲੀਲਾਂ ਦੇਣ ਵਾਲਾ ਨਹਿਰੂ ਖ਼ੁਦ ਹੀ ਆਪਣੇ ਰਾਇ-ਸ਼ੁਮਾਰੀ ਦੇ ਵਾਇਦੇ ਤੋਂ ਮੁਕਰੇਗਾ ਅਤੇ ਧਾਰਾ 370 ਦੇ 'ਵਿਸ਼ੇਸ਼ ਦਰਜੇ' ਜ਼ਰੀਏ ਜੰਮੂ ਕਸ਼ਮੀਰ ਨੂੰ ਹਿੰਦੁਸਤਾਨ ਦਾ ਹਿੱਸਾ ਬਣਾਏਗਾ।

ਦਰਅਸਲ ਅਖੌਤੀ ਖੱਬੀ ਧਿਰ ਸਮੇਤ ਹਿੰਦੁਸਤਾਨ ਦੀ ਮੁੱਖਧਾਰਾ ਸਿਆਸਤ ਦੀ ਨਿਹਾਇਤ ਗ਼ੈਰ-ਇਮਾਨਦਾਰੀ ਹੀ ਇਥੇ ਮੌਜੂਦ ਹੈ ਕਿ ਇਹ ਕਸ਼ਮੀਰੀਆਂ ਨੂੰ ਉਨ੍ਹਾਂ ਦਾ ਸਵੈ-ਨਿਰਣੇ ਦਾ ਜਾਇਜ਼ ਹੱਕ ਦੇਣ ਤੋਂ ਕੰਨੀ ਕਤਰਾਉਂਦੇ ਹਨ। ਉਹ ਆਵਾਮ ਦੀ ਰਜ਼ਾ ਦੇ ਆਧਾਰ 'ਤੇ ਇਸ ਬੁਨਿਆਦੀ ਸਵਾਲ ਦਾ ਜਮਹੂਰੀ ਨਿਬੇੜਾ ਕਰਨਾ ਹੀ ਨਹੀਂ ਚਾਹੁੰਦੇ। ਸਾਰੀਆਂ ਹੀ ਪਾਰਟੀਆਂ ਕਸ਼ਮੀਰ ਨੂੰ 'ਅਖੰਡ' ਹਿੰਦੁਸਤਾਨ ਦਾ ਅਨਿੱਖੜ ਅੰਗ ਮੰਨ ਕੇ ਕਸ਼ਮੀਰੀਆਂ ਨੂੰ ਹਿੰਦੁਸਤਾਨੀ ਸੱਤਾ ਅੱਗੇ ਗੋਡੇ ਟੇਕ ਦੇਣ ਅਤੇ ਗੁਆਂਢੀ ਪਾਕਿਸਤਾਨ ਨੂੰ ਆਪਣਾ ਦੁਸ਼ਮਣ ਮੰਨ ਲੈਣ ਦੀਆਂ ਨਸੀਹਤਾਂ ਦੇਣਾ ਆਪਣਾ 'ਰਾਜ ਧਰਮ' ਸਮਝਦੀਆਂ ਹਨ। ਸਵੈ-ਨਿਰਣਾ ਤਾਂ ਬਹੁਤ ਦੂਰ ਦੀ ਗੱਲ ਹੈ, ਉਹ ਤਾਂ ਫੌਜ ਦੇ ਜ਼ੁਲਮਾਂ ਦੀ ਨਿਰਪੱਖ ਜਾਂਚ ਕਰਵਾ ਕੇ ਕਸ਼ਮੀਰੀਆਂ ਨੂੰ ਮੁੱਢਲਾ ਜਮਹੂਰੀ ਇਨਸਾਫ ਦੇਣ ਅਤੇ ਅਫਸਪਾ ਦੀ ਸ਼ਕਲ ਵਿਚ ਜੰਮੂ ਤੇ ਕਸ਼ਮੀਰ ਉਪਰ ਥੋਪੀਆਂ ਫੌਜ ਦੀਆਂ ਮਨਮਾਨੀਆਂ ਨੂੰ ਨਕੇਲ ਪਾਉਣ ਲਈ ਵੀ ਤਿਆਰ ਨਹੀਂ। ਅਜਿਹੀ ਹਾਲਤ ਵਿਚ ਚੋਣ ਨਤੀਜਿਆਂ ਨੂੰ ਆਵਾਮ ਦੀ ਰਜ਼ਾ ਕਿਵੇਂ ਮੰਨਿਆ ਜਾ ਸਕਦਾ ਹੈ ਅਤੇ ਅਖੌਤੀ 'ਵਿਕਾਸ' ਦਾ ਛੁਣਛੁਣਾ ਉਨ੍ਹਾਂ ਦੀਆਂ ਜਮਹੂਰੀ ਰੀਝਾਂ ਦਾ ਬਦਲ ਕਿਵੇਂ ਹੋ ਸਕਦਾ ਹੈ?

ਇਨ੍ਹਾਂ ਹਾਲਾਤ ਵਿਚ ਚੋਣਾਂ ਜਾਂ ਚੋਣ ਨਤੀਜਿਆਂ ਨਾਲ ਕੁਝ ਵੀ ਬਦਲਣ ਵਾਲਾ ਨਹੀਂ ਹੈ। ਹਾਲੀਆ ਚੋਣ ਨਤੀਜਿਆਂ ਦੇ ਸਿਆਸੀ ਸਮੀਕਰਨ ਨੂੰ ਦੇਖਦਿਆਂ ਭਵਿੱਖੀ ਸਿਆਸੀ ਅਰਥ-ਸੰਭਾਵਨਾਵਾਂ ਸਹਿਜੇ ਹੀ ਸਮਝੀਆਂ ਜਾ ਸਕਦੀਆਂ ਹਨ। ਬਹੁ-ਗਿਣਤੀ ਹਾਸਲ ਕਰ ਲੈਣ ਦੀ ਸੂਰਤ ਵਿਚ ਭਾਜਪਾ ਦਾ ਇਰਾਦਾ ਜੰਮੂ ਕਸ਼ਮੀਰ ਦੀ ਵਿਧਾਨ ਸਭਾ ਅੰਦਰ ਮਤਾ ਪੁਆ ਕੇ ਧਾਰਾ 370 ਦਾ ਭੋਗ ਪਾਉਣ ਦਾ ਸੀ। ਇੰਜ ਕਰਨਾ ਹੁਣ ਸੁਖਾਲਾ ਨਹੀਂ ਹੋਵੇਗਾ। ਭਾਜਪਾ ਦੀ ਹਮਾਇਤ ਲੈ ਕੇ ਬਣਨ ਵਾਲੀ ਕੋਈ ਵੀ ਗੱਠਜੋੜ ਸਰਕਾਰ ਮੁਕੰਮਲ ਤੌਰ 'ਤੇ ਮੋਦੀ ਹਕੂਮਤ ਦੇ ਰਹਿਮੋ-ਕਰਮ ਦੀ ਮੁਹਤਾਜ ਹੋਵੇਗੀ। ਦੂਜੀ ਚੋਣ ਵਜੋਂ ਭਾਜਪਾ ਤੋਂ ਬਗ਼ੈਰ ਬਣਨ ਵਾਲੀ ਸਰਕਾਰ ਪੂਰੀ ਤਰ੍ਹਾਂ ਡਾਵਾਂਡੋਲ ਅਤੇ ਸਿਆਸੀ ਤੌਰ 'ਤੇ ਅਸਥਿਰ ਹੋਵੇਗੀ ਜਿਸ ਉਪਰ ਕੇਂਦਰ ਦੀ ਤਲਵਾਰ ਔੜ ਲਟਕਦੀ ਰਹੇਗੀ।

ਭਾਜਪਾ ਵਲੋਂ ਦੂਜੀਆਂ ਪਾਰਟੀਆਂ ਦੇ ਜਿੱਤੇ ਹੋਏ ਵਿਧਾਇਕਾਂ ਨੂੰ ਖ਼ਰੀਦ ਕੇ ਆਪਣੀ ਸਪਸ਼ਟ ਬਹੁ-ਗਿਣਤੀ ਬਣਾਉਣ ਲਈ ਜੋੜਾਂ-ਤੋੜਾਂ ਦਾ ਖ਼ਤਰਾ ਵੱਖਰਾ ਬਣਿਆ ਰਹੇਗਾ। ਜੋ ਪੈਂਤੜਾ ਇੰਦਰਾ ਗਾਂਧੀ ਨੇ ਬਹੁ-ਗਿਣਤੀ ਸੀਟਾਂ ਨਾ ਜਿੱਤ ਸਕਣ ਦੀ ਸੂਰਤ ਵਿਚ 1983 ਦੀਆਂ ਚੋਣਾਂ ਪਿੱਛੋਂ ਅਖ਼ਤਿਆਰ ਕੀਤਾ ਸੀ, ਉਸ ਨੇ ਇਕ ਸਾਲ ਦੇ ਅੰਦਰ ਹੀ ਨੈਸ਼ਨਲ ਕਾਨਫਰੰਸ ਅੰਦਰਲੇ ਵਿਰੋਧਾਂ ਦਾ ਲਾਹਾ ਲੈ ਕੇ ਫ਼ਾਰੂਕ ਅਬਦੁੱਲਾ ਦੇ ਕਰੀਬੀ ਰਿਸ਼ਤੇਦਾਰ ਗੁਲਾਮ ਮੁਹੰਮਦ ਸ਼ਾਹ ਨੂੰ ਹੀ ਉਸ ਦੇ ਵਿਰੋਧ ਵਿਚ ਖੜ੍ਹਾ ਕਰ ਦਿੱਤਾ ਸੀ। ਨੈਸ਼ਨਲ ਕਾਨਫਰੰਸ ਨੂੰ ਦੋਫਾੜ ਕਰਵਾ ਕੇ ਜੁਲਾਈ 1984 ਵਿਚ ਆਪਣੇ ਇਸੇ ਹੱਥਠੋਕੇ ਨੂੰ ਮੁੱਖ ਮੰਤਰੀ ਥਾਪ ਲਿਆ ਸੀ।

ਲਿਹਾਜ਼ਾ, ਕੋਈ ਵੀ ਬੁਨਿਆਦੀ ਮਸਲਾ ਹੱਲ ਹੋਣ ਦੀ ਗੁੰਜਾਇਸ਼ ਨਾ ਹੋਣ ਕਾਰਨ ਕਸ਼ਮੀਰੀ ਆਵਾਮ ਅੱਗੇ ਪਹਿਲਾਂ ਵਾਲੀਆਂ ਚੁਣੌਤੀਆਂ ਬਰਕਰਾਰ ਰਹਿਣਗੀਆਂ, ਸਰਕਾਰ ਚਾਹੇ ਕੋਈ ਵੀ ਬਣੇ।

# ਪੰਜਾਬ ਦੀਆਂ ਸਿਹਤ ਸੇਵਾਵਾਂ

ਸਾਲ 2014 ਦੌਰਾਨ ਪੰਜਾਬ ਦੀਆਂ ਸਿਹਤ ਅਤੇ ਮੈਡੀਕਲ ਸਿੱਖਿਆ ਖੇਤਰ ਦੀਆਂ ਸੇਵਾਵਾਂ ਸੁਰਖੀਆਂ ਵਿਚ ਰਹੀਆਂ ਹਨ। ਲੱਖਾਂ ਨਸ਼ੇੜੀਆਂ ਦਾ ਇਲਾਜ ਤੇ ਫੜ-ਫੜਾਈ, ਸੀ.ਬੀ.ਆਈ. ਜਾਂਚ ਤੋਂ ਬਾਅਦ ਪੰਜਾਬ ਮੈਡੀਸਿਨਲ ਪਲਾਂਟ ਬੋਰਡ ਦੇ ਆਯੁਰਵੇਦ ਵਿਭਾਗ ਦੇ ਚਾਰ ਅਧਿਕਾਰੀਆਂ ਅਤੇ ਕਰਮਚਾਰੀਆਂ ਵਿਰੁਧ ਗਬਨ ਦੇ ਕੇਸ ਦਰਜ ਕਰਨ ਦੀ ਪ੍ਰਵਾਨਗੀ ਦੀ ਮੰਗ, ਆਯੁਰਵੇਦ ਵਿਭਾਗ ਘੁਟਾਲਾ, ਪੰਜਾਬ ਵਿਚ ਕੈਂਸਰ, ਕਾਲਾ ਪੀਲੀਆ ਅਤੇ ਹੋਰ ਰੋਗਾਂ ਦਾ ਪ੍ਰਕੋਪ, ਇਕ ਸਿਵਲ ਸਰਜਨ ਵਲੋਂ ਖ਼ੁਦਕੁਸ਼ੀ ਪਰ ਡਾਇਰੈਕਟਰ ਵਲੋਂ

**ਡਾ. ਪਿਆਰਾ ਲਾਲ ਗਰਗ**

ਇਸ ਨੂੰ ਦਿਲ ਦਾ ਦੌਰਾ ਪੇਸ਼ ਕਰਨਾ, ਐਮ.ਬੀ.ਬੀ.ਐਸ. ਦੀ ਫ਼ੀਸ ਵੀਹ ਲੱਖ ਤੋਂ ਵਧਾ ਕੇ 40 ਲੱਖ ਤੋਂ ਵੱਧ ਕਰਨੀ ਅਤੇ ਇਸ ਕਾਰਨ ਐਮ.ਬੀ.ਬੀ.ਐਸ. ਦਾਖ਼ਲੇ ਵਿਚ ਮੈਰਿਟ ਦਾ ਟੁੱਟਣਾ ਅਤੇ 50 ਤੋਂ ਵੱਧ ਸੀਟਾਂ ਦਾ ਖ਼ਾਲੀ ਰਹਿ ਜਾਣਾ, ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਦੇ ਸੇਵਾ ਕਾਲ ਵਿਚ ਵਾਧੇ ਨੂੰ ਸਹਿਮਤੀ ਦੇਣ ਦਾ ਦੋਸ਼ ਆਦਿ ਘਟਨਾਵਾਂ ਸਿਹਤ ਵਿਭਾਗ ਦੇ ਇਤਿਹਾਸ ਵਿਚ ਇਸ ਸਾਲ ਪਹਿਲੀ ਵਾਰ ਵਾਪਰੀਆਂ ਹਨ। ਪ੍ਰਸ਼ਾਸਨ ਵਲੋਂ ਸਾਰੀ ਜ਼ਿੰਮੇਵਾਰੀ ਡਾਕਟਰਾਂ ਅਤੇ ਬਾਕੀ ਅਮਲੇ ਉਤੇ ਸੁੱਟ ਦੇਣ ਕਾਰਨ ਇੱਕ ਸੀਨੀਅਰ ਡਾਕਟਰ, ਇਕ ਨਰਸ ਤੇ ਇਕ ਦਰਜਾ ਚਾਰ ਕਰਮਚਾਰੀ ਨੂੰ ਹੁਣੇ-ਹੁਣੇ ਸਜ਼ਾ ਹੋਣਾ ਵੀ ਪੰਜਾਬ ਦੇ ਮੈਡੀਕਲ ਖੇਤਰ ਵਿਚ ਪਹਿਲੀ ਉਦਾਹਰਨ ਹੈ।

ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਚੰਡੀਗੜ੍ਹ ਦੇ ਬੱਚੇ ਜੋ ਪੰਜਾਬ ਦੇ ਵਾਸੀ ਹੋਣ, ਚੰਡੀਗੜ੍ਹ ਪੜ੍ਹਦੇ ਹੋਣ, ਪੰਜਾਬ ਦੇ ਮੈਡੀਕਲ ਕਾਲਜਾਂ ਵਿਚ ਦਾਖਲਾ ਲੈ ਸਕਦੇ ਹਨ ਪਰ ਉਸੇ ਰਾਜਧਾਨੀ ਚੰਡੀਗੜ੍ਹ ਦੇ ਮੈਡੀਕਲ ਕਾਲਜ ਵਿਚ ਪੰਜਾਬ ਦੇ ਬੱਚਿਆਂ ਨੂੰ ਦਾਖ਼ਲਾ ਨਹੀਂ ਮਿਲ ਸਕਦਾ ਜੋ 2014 ਵਿਚ ਜਾਰੀ ਕੀਤੀ ਗਈ ਗ਼ਲਤ ਨੋਟੀਫਿਕੇਸ਼ਨ ਕਾਰਨ ਹੋਇਆ। ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਨੇ ਇਸ ਸਾਲ ਇਨ੍ਹਾਂ ਦਾਖਲਿਆਂ ਲਈ ਲਗਪਗ ਛੇ ਨੋਟੀਫਿਕੇਸ਼ਨਾਂ ਸਰਕਾਰ ਕੋਲੋਂ ਕਰਵਾਈਆਂ ਜੋ ਲਗਪਗ ਸਾਰੀਆਂ ਹੀ ਹਾਈ ਕੋਰਟ ਵਿਚ ਰੱਦ ਹੋ ਗਈਆਂ। ਇਸ ਤਰ੍ਹਾਂ ਸੀਨੀਅਰ ਸਿਟੀਜ਼ਨਾਂ ਦੀਆਂ 139 ਅਸਾਮੀਆਂ ਪਹਿਲਾਂ ਹੀ ਸਨ ਜਿਨ੍ਹਾਂ ਵਿਚੋਂ ਸਿਰਫ਼ 62 ਭਰੀਆਂ ਹੋਈਆਂ ਸਨ ਅਤੇ ਦੋ ਸੌ ਸੀਟਾਂ ਲਈ ਸਿਰਫ਼ 13 ਹੋਰ ਅਸਾਮੀਆਂ ਦੀ ਲੋੜ ਸੀ, ਪਰ 327 ਨਵੀਆਂ ਅਸਾਮੀਆਂ ਦੀ ਰਚਨਾ ਕਰਵਾ ਕੇ 29 ਕਰੋੜ ਸਾਲਾਨਾ ਦਾ ਵਿੱਤੀ ਬੋਝ ਪਾ ਦਿੱਤਾ ਗਿਆ। ਇਸ ਗ਼ਲਤ ਤੇ ਤਰਕਹੀਣ ਫ਼ੈਸਲੇ ਨਾਲ ਪੰਜਾਬ ਦੇ ਬਾਕੀ ਹਸਪਤਾਲਾਂ ਵਿਚ ਮਿਲਦੀਆਂ ਮਾਹਿਰਾਂ ਦੀਆਂ ਨਿਗੂਣੀਆਂ ਸੇਵਾਵਾਂ ਵੀ ਖੁੱਸ ਜਾਣਗੀਆਂ, ਕਿਉਂਕਿ ਮਾਹਿਰ ਸਿਵਲ ਹਸਪਤਾਲਾਂ ਦੀ ਥਾਂ ਮੈਡੀਕਲ ਕਾਲਜਾਂ ਵਿਚ ਚਲੇ ਜਾਣਗੇ ਜਿੱਥੇ ਉਨ੍ਹਾਂ ਦੇ ਭੱਤੇ ਵੀ ਵੱਧ ਹੋਣਗੇ ਤੇ ਕੰਮ ਦੇ ਹਾਲਾਤ ਵੀ ਕੁਝ ਬਿਹਤਰ ਹੋਣਗੇ। ਸੀਨੀਅਰ ਸਿਟੀਜ਼ਨਾਂ ਲਈ ਉਮਰ ਦਾ ਫ਼ੈਸਲਾ ਵੀ ਬਦਲਣਾ ਪਿਆ ਕਿਉਂਕਿ ਇਸੇ ਸਾਲ ਹੋਏ ਪਹਿਲੇ ਫ਼ੈਸਲੇ ਅਨੁਸਾਰ ਹਾਈ ਕੋਰਟ ਵਿਚ ਇਨ੍ਹਾਂ ਦੀ ਭਰਤੀ 'ਤੇ ਰੋਕ ਲੱਗ ਗਈ ਸੀ। ਸਾਰੇ ਪੱਖਾਂ ਨੂੰ ਵਿਚਾਰੇ ਬਿਨਾਂ ਅਤੇ ਮੁਹਾਰਤ ਤੋਂ ਬਗ਼ੈਰ ਕਾਹਲੀ ਵਿਚ ਕੀਤੇ ਕੰਮਾਂ ਕਰ ਕੇ ਲੋਕ ਹਿੱਤਾਂ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ।


ਬਿਨਾਂ ਸਾਜ਼ੋ-ਸਾਮਾਨ ਦੇ ਹਸਪਤਾਲਾਂ ਦਾ ਉਦਘਾਟਨ, ਛੇ ਵੱਡੇ ਆਪਰੇਸ਼ਨ ਇੱਕੋ ਦਿਨ ਵਿਚ ਕਰਨ ਦੇ ਬਾਵਜੂਦ, ਤਰਨਤਾਰਨ ਦੀ ਗਾਇਨੀ ਦੀ ਡਾਕਟਰ ਦੀ ਮੁਅੱਤਲੀ ਤੇ ਬਹਾਲੀ, ਡਾਇਰੈਕਟਰ ਸਿਹਤ ਸੇਵਾਵਾਂ 'ਤੇ ਪਿਛਲੇ ਬਦਲੇ ਲੈਣ ਦਾ ਦੋਸ਼, ਲੁਧਿਆਣਾ ਦੇ ਜ਼ਿਲ੍ਹਾ ਹਸਪਤਾਲ ਵਿਖੇ ਛੇ ਨਵਜਾਤਾਂ ਦੀ ਇੱਕੋ ਦਿਨ ਮੌਤ, ਡਾਕਟਰਾਂ 'ਤੇ ਕਾਰਵਾਈ ਵਿਰੁੱਧ ਮਾਹਿਰ ਡਾਕਟਰਾਂ ਵੱਲੋਂ ਹੜਤਾਲ ਦੀਆਂ ਧਮਕੀਆਂ, ਗੁਰਦਾਸਪੁਰ, ਘੁਮਾਨ ਵਿਖੇ ਅੱਖਾਂ ਦੇ ਕੈਂਪ ਵਿਚ 34 ਮਰੀਜ਼ਾਂ ਦੀਆਂ ਅੱਖਾਂ ਨੂੰ ਨੁਕਸਾਨ ਅਤੇ ਦਰਜਨ ਤੋਂ ਵੱਧ ਦੀ ਨਜ਼ਰ ਦਾ ਖੁੱਸਣਾ, ਉਸੇ ਘਟੀਆ ਤਰਲ ਕਾਰਨ ਪਠਾਨਕੋਟ ਵਿਚ ਕਈ ਮਰੀਜ਼ਾਂ ਦੀਆਂ ਅੱਖਾਂ ਦੀ ਜੋਤ ਚਲੀ ਜਾਣ ਦੀਆਂ ਖ਼ਬਰਾਂ, ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਅਧੀਨ ਚੱਲ ਰਹੇ ਨਸ਼ਾ ਛੁਡਾਊ ਕੇਂਦਰ ਦੀ ਮਹਿਲਾ ਮਨੋਚਿਕਿਤਸਕ ਦੀ ਨਸ਼ਿਆਂ ਦੀਆਂ ਦਵਾਈਆਂ ਵੇਚਣ ਦੇ ਦੋਸ਼ ਤਹਿਤ ਗ੍ਰਿਫ਼ਤਾਰੀ, ਨਸ਼ੇੜੀਆਂ ਵਲੋਂ ਦਵਾਈਆਂ ਨਾ ਮਿਲਣ 'ਤੇ ਸਿਵਲ ਸਰਜਨ ਬਰਨਾਲਾ ਨੂੰ ਕਮਰੇ ਵਿਚ ਬੰਦ ਕਰਨਾ, ਕਪੂਰਥਲਾ, ਗੜ੍ਹਸ਼ੰਕਰ ਤੇ ਤਰਨਤਾਰਨ ਵਿਚ ਨਸ਼ੇੜੀਆਂ ਵਲੋਂ ਹੱਲਾ-ਗੁੱਲਾ, ਅੰਮ੍ਰਿਤਸਰ ਦੇ ਜ਼ਿਲ੍ਹਾ ਹਸਪਤਾਲ ਵਿਚ ਐਸ.ਐਮ.ਓ. ਵਲੋਂ ਘਟੀਆ ਦਸਤਾਨਿਆਂ ਦੀ ਖ਼ਰੀਦ ਦੇ ਦੋਸ਼ ਅਤੇ ਕਰੋੜਾਂ ਰੁਪਏ ਦੇ ਸਾਜ਼ੋ-ਸਾਮਾਨ ਦੇ ਬਾਵਜੂਦ ਟਰਾਮਾ ਸੈਂਟਰ ਦਾ ਨਾ ਚੱਲਣਾ, ਪੰਜਾਬ ਵਿਚ ਦਿੱਲੀ ਦੇ ਮੁਕਾਬਲੇ ਸੜਕ ਹਾਦਸਿਆਂ ਵਿਚ ਮੌਤਾਂ ਦਾ ਦੁੱਗਣਾ ਖ਼ਤਰਾ, ਰੋਜ਼ਾਨਾ 10-15 ਮੌਤਾਂ ਸੜਕ ਹਾਦਸਿਆਂ ਕਾਰਨ ਹੋਣ ਦੇ ਬਾਵਜੂਦ ਜਲੰਧਰ, ਪਠਾਨਕੋਟ ਤੇ ਖੰਨੇ ਦੇ ਟਰਾਮਾ ਸੈਂਟਰਾਂ ਦੇ ਕੰਮ-ਕਾਜ 'ਤੇ ਸਵਾਲੀਆ ਨਿਸ਼ਾਨ ਅਤੇ ਕੈਗ ਦੀ ਰਿਪੋਰਟ ਦੇ ਬਾਵਜੂਦ ਸਰਕਾਰੀ ਮੈਡੀਕਲ ਕਾਲਜ ਹਸਪਤਾਲਾਂ ਵਿਚ ਨਿਊਰੋ ਸਰਜਰੀ ਵਿਭਾਗ ਸਥਾਪਤ ਨਾ ਕਰਨੇ, ਆਂਗਨਵਾੜੀਆਂ ਵਿਚ ਮਾਸੂਮਾਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਤੇ ਸਿਹਤ ਨਾਲ ਜੁੜੇ ਸਾਜ਼ੋ-ਸਾਮਾਨ ਦੀ ਕੁਆਲਿਟੀ ਉਪਰ ਪ੍ਰਸ਼ਨ ਚਿੰਨ੍ਹ ਅਤੇ ਕਰੋੜਾਂ ਦੇ ਘਪਲੇ ਦੇ ਦੋਸ਼ ਵੀ ਇਸ ਸਾਲ ਚਰਚਾ ਵਿਚ ਰਹੇ।

ਸਰਕਾਰ ਵਲੋਂ ਸਾਲ ਦੇ ਸ਼ੁਰੂ ਵਿਚ ਹੀ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਦਵਾਈਆਂ ਦੇਣ ਲਈ ਦਵਾਈਆਂ ਦੀ ਸੂਚੀ ਜਾਰੀ ਕਰਨਾ, ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਦੀ ਵੰਡ ਵਿਚ ਸੁਧਾਰ ਲਈ ਯਤਨ, ਕੈਂਸਰ ਦੀਆਂ ਦਵਾਈਆਂ ਲਈ ਮਨਜ਼ੂਰਸ਼ੁਦਾ ਸੂਚੀਬੱਧ ਹਸਪਤਾਲ, ਸਰਕਾਰ ਵੱਲੋਂ ਨਿਰਧਾਰਤ ਕੀਮਤ 'ਤੇ ਆਪ ਖ਼ਰੀਦ ਕੇ ਵਰਤਣ ਦਾ ਉਪਬੰਧ ਲਾਗੂ ਕਰਨ ਦੇ ਸਾਰਥਕ ਯਤਨ ਹੋਏ। ਸਰਕਾਰੀ ਮੈਡੀਕਲ ਕਾਲਜਾਂ ਦੇ ਹਸਪਤਾਲਾਂ ਨੂੰ ਪੇਸ਼ਗੀ ਪੈਸਾ ਦਿੱਤਾ ਗਿਆ ਤਾਂ ਕਿ ਕੈਂਸਰ ਦੇ ਮਰੀਜ਼ਾਂ ਨੂੰ ਜਾਂਚ ਹੋ ਜਾਣ 'ਤੇ ਪਹਿਲੇ ਦਿਨ ਤੋਂ ਹੀ ਕੋਲੋਂ ਖ਼ਰਚਾ ਨਾ ਕਰਨਾ ਪਵੇ।

ਪੂਰੇ ਸਾਲ ਦੀਆਂ ਘਟਨਾਵਾਂ ਤੋਂ ਸਪਸ਼ਟ ਹੈ ਕਿ ਵਿਭਾਗ ਵਿਚ ਅਫ਼ਸਰਸ਼ਾਹੀ ਭਾਰੂ ਹੈ। ਡਾਇਰੈਕਟਰ, ਸਿਵਲ ਸਰਜਨ ਤੇ ਐਸ.ਐਮ.ਓ. ਦੇ ਕੋਲ ਕੋਈ ਵਿਸ਼ੇਸ਼ ਸ਼ਕਤੀਆਂ ਨਹੀਂ। ਪੇਂਡੂ ਖੇਤਰ ਵਿਚ ਸਿਹਤ ਸੇਵਾਵਾਂ ਦੇ ਢਾਂਚੇ ਨੂੰ ਸੁਧਾਰਨ ਦੀ ਲੋੜ ਹੈ।

# ਰਾਖਿਆਂ ਦੀ ਮਾਰ ਦਾ ਸ਼ਿਕਾਰ ਨਾਨਕਸ਼ਾਹੀ ਕੈਲੰਡਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਸਿੱਖ ਜਗਤ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਦੇ ਪਾਵਨ ਨਾਮ 'ਤੇ ਬਣਾਏ ਹੋਏ ਨਾਨਕਸ਼ਾਹੀ ਕੈਲੰਡਰ ਦੀ ਗਾਥਾ, ਇਸ ਦੇ ਤਿਆਰ-ਕਰਤਾ ਸ. ਪਾਲ ਸਿੰਘ ਪੁਰੇਵਾਲ ਤੋਂ ਸ਼ੁਰੂ ਕਰਦੇ ਹਾਂ। ਸ. ਪੁਰੇਵਾਲ ਦਾ ਜੱਦੀ ਪਿੰਡ ਸ਼ੰਕਰ (ਸ਼ਰੀਹ-ਸ਼ੰਕਰ) ਜ਼ਿਲ੍ਹਾ ਜਲੰਧਰ ਵਿਚ ਪੈਂਦਾ ਹੈ। ਅਨੇਕਾਂ ਹੋਰਾਂ ਪੰਜਾਬੀਆਂ ਵਾਂਗ ਉਹ ਵੀ ਚੰਗੇਰੇ ਭਵਿੱਖ ਦੀ ਕਾਮਨਾ ਅਧੀਨ ਕੈਨੇਡਾ ਆ ਵਸੇ। ਸਿੱਖ ਧਰਮ ਇਤਿਹਾਸ ਦੀ ਡੂੰਘੀ ਜਾਣਕਾਰੀ ਰੱਖਣ ਵਾਲੇ ਧਰਮੀ ਜਿਊੜੇ ਸ. ਪੁਰੇਵਾਲ ਨੇ ਜੀਵਨ ਨਿਰਬਾਹ ਲਈ ਕਿਰਤ ਕਰਦਿਆਂ ਖਗੋਲ ਤੇ ਭੂਗੋਲ ਵਿਸ਼ਿਆਂ ਬਾਰੇ ਨਿੱਠ ਕੇ ਅਧਿਐਨ ਕੀਤਾ। ਦੁਨੀਆਂ ਭਰ ਦੇ ਵੱਖ-ਵੱਖ ਕੈਲੰਡਰਾਂ ਦਾ ਤੁਲਨਾਤਮਿਕ ਅਧਿਐਨ ਕਰਦਿਆਂ ਉਨ੍ਹਾਂ ਨੋਟ ਕੀਤਾ ਕਿ ਚੰਦਰਮਾ ਪ੍ਰਣਾਲੀ ਨਾਲੋਂ ਸੂਰਜੀ ਪ੍ਰਣਾਲੀ ਕੈਲੰਡਰ ਹੀ ਦੋਸ਼-ਰਹਿਤ ਹਨ ਅਤੇ ਸੰਸਾਰ ਭਰ ਵਿਚ ਸੂਰਜੀ ਕੈਲੰਡਰ ਹੀ ਪ੍ਰਚਲਿਤ ਤੇ ਸਰਬ ਪ੍ਰਵਾਨਿਤ ਹਨ।

ਉਨ੍ਹਾਂ ਇਹ ਵੀ ਦੇਖਿਆ ਕਿ ਭਾਰਤ ਵਿਚ ਚੱਲਦਾ ਬਿਕ੍ਰਮੀ ਕੈਲੰਡਰ, ਚੰਦਰਮਾ ਦੀ ਗਤੀ ਦੇ ਆਧਾਰਤ ਹੈ ਜਿਸ ਕਾਰਨ ਸਾਲ ਦੇ ਦਿਨ ਵਧਦੇ-ਘਟਦੇ ਰਹਿੰਦੇ ਹਨ। ਇਸੇ ਕਰ ਕੇ ਬਿਕ੍ਰਮੀ ਕੈਲੰਡਰ ਹਰ ਸਾਲ ਤਿਆਰ ਕਰਨਾ ਪੈਂਦਾ ਹੈ ਤੇ ਗੁਰਪੁਰਬ ਵੀ ਅਲੱਗ-ਅਲੱਗ ਤਰੀਕਾਂ ਨੂੰ ਹੀ ਆਉਂਦੇ ਹਨ। ਇਸੇ ਵਜ੍ਹਾ ਕਰ ਕੇ ਸੰਨ 1999 ਵਿਚ ਜਦੋਂ ਸਮੁੱਚਾ ਸਿੱਖ ਪੰਥ, ਖਾਲਸੇ ਦਾ ਤਿੰਨ ਸੌ ਸਾਲਾ ਸਿਰਜਣਾ ਦਿਵਸ ਮਨਾ ਰਿਹਾ ਸੀ, ਤਦ ਉਸ ਸਾਲ ਵਿਚ ਦਸਮ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਆਉਂਦਾ ਹੀ ਨਹੀਂ ਸੀ; ਜਦਕਿ ਅਗਲੇ ਸਾਲ ਵਿਚ ਦੋ ਪ੍ਰਕਾਸ਼ ਦਿਹਾੜੇ ਸਨ। ਅਜਿਹੀਆਂ ਊਣਤਾਈਆਂ ਨੂੰ ਦੇਖਦਿਆਂ ਸ. ਪੁਰੇਵਾਲ ਦੇ ਦਿਲ ਵਿਚ ਇਹ ਰੀਝ ਪੈਦਾ ਹੋਈ ਕਿ ਕਿਉਂ ਨਾ ਸਿੱਖ ਪੰਥ ਦੀ ਵਿਲੱਖਣ ਹਸਤੀ ਦਰਸਾਉਂਦਾ ਤੇ ਪ੍ਰਗਟਾਉਂਦਾ ਵਿਸ਼ੇਸ਼ ਕੈਲੰਡਰ ਤਿਆਰ ਕੀਤਾ ਜਾਏ।

ਕੌਮੀ ਸੇਵਾ ਵਾਲੇ ਇਹ ਪ੍ਰਾਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਉਹ ਵਿਚਾਰ-ਵਟਾਂਦਰੇ ਹਿੱਤ ਦੇਸ਼-ਵਿਦੇਸ਼ ਦੇ ਸਿੱਖ ਵਿਦਵਾਨਾਂ, ਚਿੰਤਕਾਂ, ਲਿਖਾਰੀਆਂ ਅਤੇ ਖਗੋਲ ਮਾਹਰਾਂ ਨੂੰ ਆਪਣੇ ਖਰਚੇ 'ਤੇ ਕਈ-ਕਈ ਵਾਰ ਮਿਲਣ ਗਏ। ਸਾਰਿਆਂ ਨੇ ਹਾਂ-ਪੱਖੀ ਹੁੰਗਾਰਾ ਭਰਦਿਆਂ ਸਿੱਖ ਪੰਥ ਦਾ ਨਿਆਰਾ ਕੈਲੰਡਰ ਬਣਾਉਣ ਦੀ ਅਹਿਮੀਅਤ ਪ੍ਰਗਟਾਈ। ਅੰਤ ਕਈ ਸਾਲਾਂ ਦੀ ਸਖਤ ਘਾਲਣਾ ਘਾਲ ਕੇ ਸ. ਪੁਰੇਵਾਲ ਨੇ ਕੈਲੰਡਰ ਦਾ ਖਰੜਾ ਤਿਆਰ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਟ ਕੀਤਾ। ਸ਼੍ਰੋਮਣੀ ਕਮੇਟੀ ਨੇ ਖਰੜੇ ਦੀ ਪਰਖ ਪੜਚੋਲ ਕਰਨ ਲਈ ਵੱਖ-ਵੱਖ ਥਾਂਈਂ ਸੈਮੀਨਾਰ ਜਾਂ ਵਿਚਾਰ-ਗੋਸ਼ਟੀਆਂ ਕਰਵਾਈਆਂ। ਇਹ ਖਰੜਾ ਸਿੱਖ ਸਕਾਲਰਾਂ, ਵਿਸ਼ਾ ਮਾਹਰਾਂ, ਨਾਮੀ ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ ਨੂੰ ਭੇਜਿਆ, ਤਾਂ ਕਿ ਉਨ੍ਹਾਂ ਦੇ ਸੁਝਾਅ ਲਏ ਜਾ ਸਕਣ।

ਆਖਰ ਕਈ ਪੜਾਵਾਂ ਵਿਚੋਂ ਲੰਘਦਾ ਹੋਇਆ ਇਹ ਖਰੜਾ ਕੈਲੰਡਰ ਦੇ ਰੂਪ ਵਿਚ ਪ੍ਰਕਾਸ਼ਨ ਲਈ ਤਿਆਰ ਹੋ ਗਿਆ ਅਤੇ ਉਸ ਵਰ੍ਹੇ ਪਹਿਲੀ ਵਾਰ ਨਾਨਕਸ਼ਾਹੀ ਕੈਲੰਡਰ ਮੁਤਾਬਕ 5 ਜਨਵਰੀ ਨੂੰ ਦਸਵੇਂ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਵੀ ਗਿਆ, ਪਰ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਸ ਦੀ ਪ੍ਰਕਾਸ਼ਨਾ ਰੋਕ ਕੇ ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਜੇ ਕਿਸੇ ਸਿੱਖ ਸਭਾ ਸੁਸਾਇਟੀ ਜਾਂ ਕਿਸੇ ਹੋਰ ਮਾਈ ਭਾਈ ਨੂੰ, ਇਸ ਕੈਲੰਡਰ 'ਤੇ ਕੋਈ ਸ਼ੰਕੇ, ਕੋਈ ਇਤਰਾਜ਼ ਹੋਣ, ਤਾਂ ਲਿਖਤੀ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਭੇਜੇ ਜਾਣ। ਇਸ ਤੋਂ ਬਾਅਦ ਫਿਰ ਵਿਚਾਰ-ਗੋਸ਼ਟੀਆਂ ਅਤੇ ਸੈਮੀਨਾਰਾਂ ਦੀ ਲੜੀ ਚੱਲੀ। ਥਾਂ-ਥਾਂ ਖੁਦ ਹਾਜ਼ਰ ਹੋ ਕੇ ਸ. ਪੁਰੇਵਾਲ ਨੇ ਉਠੇ ਸਵਾਲਾਂ ਦੇ ਜਵਾਬ ਦਿੱਤੇ। ਇਸ ਪ੍ਰਕਿਰਿਆ ਦੌਰਾਨ ਸ. ਪੁਰੇਵਾਲ ਵੱਖ-ਵੱਖ ਪ੍ਰਬੰਧਕ ਕਮੇਟੀਆਂ, ਸਿੰਘ ਸਭਾਵਾਂ, ਧਾਰਮਿਕ ਆਗੂਆਂ, ਟਕਸਾਲਾਂ ਤੇ ਸੰਤਾਂ-ਬਾਬਿਆਂ ਨੂੰ ਮਿਲਦੇ-ਗਿਲਦੇ ਰਹੇ ਅਤੇ ਸ਼ੰਕੇ ਨਵਿਰਤ ਕਰਦੇ ਰਹੇ।

ਇਸ ਪੰਥਕ ਕਾਰਜ ਨੂੰ ਬੂਰ ਪਿਆ ਸੰਨ 2003 ਵਿਚ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸਮੁੱਚੀਆਂ ਸਿੱਖ ਸੁਸਾਇਟੀਆਂ, ਸਿੱਖ ਵਿਦਵਾਨਾਂ ਅਤੇ ਸੰਤਾਂ-ਬਾਬਿਆਂ ਦੀ ਵਿਸ਼ੇਸ਼ ਇਕੱਤਰਤਾ ਸ੍ਰੀ ਅੰਮ੍ਰਿਤਸਰ ਵਿਖੇ ਬੁਲਾ ਕੇ ਨਾਨਕਸ਼ਾਹੀ ਕੈਲੰਡਰ ਦੀ ਪ੍ਰਵਾਨਗੀ ਲਈ। ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਸਕੱਤਰ ਸ. ਮਨਜੀਤ ਸਿੰਘ ਕਲਕੱਤਾ ਅਨੁਸਾਰ ਇਹ ਕੈਲੰਡਰ, ਪੰਥਕ ਰਵਾਇਤਾਂ ਅਤੇ ਸ਼੍ਰੋਮਣੀ ਕਮੇਟੀ ਦੇ ਕਾਇਦੇ ਕਾਨੂੰਨ ਮੁਤਾਬਕ, ਅੰਤ੍ਰਿੰਗ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਜਨਰਲ ਇਜਲਾਸ ਵਲੋਂ ਪਾਸ ਹੋਣ ਉਪਰੰਤ ਛਪਣ ਲਈ ਭੇਜਿਆ ਗਿਆ। ਸ. ਪੁਰੇਵਾਲ ਦੀ ਇਸ ਮਹਾਨ ਕਿਰਤ ਨੂੰ ਫਿਰ ਇਸੇ ਵਰ੍ਹੇ 2003 ਵਿਚ, ਉਦੋਂ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸ. ਪ੍ਰਕਾਸ਼ ਸਿੰਘ ਬਾਦਲ ਕੋਲੋਂ ਰਿਲੀਜ਼ ਕਰਵਾਇਆ। ਇਨ੍ਹਾਂ ਸਤਰਾਂ ਦਾ ਲੇਖਕ ਉਦੋਂ ਸ਼੍ਰੋਮਣੀ ਕਮੇਟੀ ਦਾ ਚੁਣਿਆ ਹੋਇਆ ਮੈਂਬਰ ਸੀ, ਜਦੋਂ ਪੂਰੀਆਂ ਪੰਥਕ ਪਰੰਪਰਾਵਾਂ ਦੀ ਪਾਲਣਾ ਕਰਦਿਆਂ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ ਸੀ। ਇਸ ਕਰ ਕੇ ਇਸ ਕੈਲੰਡਰ ਸਬੰਧੀ ਹੋਏ-ਬੀਤੇ ਘਟਨਾਕ੍ਰਮ ਨੇੜਿਓਂ ਦੇਖਣ ਦਾ ਮੌਕਾ ਮਿਲਦਾ ਰਿਹਾ ਹੈ।

ਸੰਨ 2003 ਤੋਂ ਲੈ ਕੇ 2010 ਤੱਕ, ਇਹ ਕੈਲੰਡਰ ਨਿਰਵਿਵਾਦ ਲਾਗੂ ਰਿਹਾ। ਉਸ ਵੇਲੇ (2003 ਵਿਚ) ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸੀ ਮੁੱਖ ਮੰਤਰੀ ਹੁੰਦਿਆਂ ਵੀ, ਬਿਨਾਂ ਕਿਸੇ ਹੀਲ-ਹੁੱਜਤ ਤੋਂ ਨਾਨਕਸ਼ਾਹੀ ਕੈਲੰਡਰ ਨੂੰ ਸਰਕਾਰੀ ਪ੍ਰਵਾਨਗੀ ਦੇ ਦਿੱਤੀ। ਸਰਕਾਰੀ ਛੁੱਟੀਆਂ ਵੀ ਇਸੇ ਕੈਲੰਡਰ ਮੁਤਾਬਕ ਸੂਚੀਬੱਧ ਕੀਤੀਆਂ ਗਈਆਂ। ਕੇਂਦਰ ਸਰਕਾਰ ਵਲੋਂ ਵੀ ਇਹ ਪ੍ਰਵਾਨਿਆ ਗਿਆ। ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਖਾਲਸਈ ਜੋਸ਼ੋ-ਖਰੋਸ਼ ਨਾਲ ਇਸ ਦਾ ਸਵਾਗਤ ਕੀਤਾ ਗਿਆ। ਇਥੋਂ ਤੱਕ ਕਿ ਦਿੱਲੀ ਸਥਿਤ ਵਿਦੇਸ਼ੀ ਅੰਬੈਸੀਆਂ ਵਲੋਂ ਵੀ ਇਸ ਕੈਲੰਡਰ ਨੂੰ ਮਾਨਤਾ ਮਿਲ ਗਈ ਸੀ। ਕਿਤਿਉਂ ਵੀ ਇਸ ਦਾ ਵਿਰੋਧ ਨਾ ਹੋਇਆ। ਇੰਜ ਇਹ ਕੈਲੰਡਰ ਸਿੱਖ ਕੌਮ ਵੀ ਵਿਲੱਖਣ ਹੋਂਦ-ਹਸਤੀ ਦਾ ਪ੍ਰਤੀਕ, ਸੰਸਾਰ ਭਰ ਦੇ ਸਿੱਖਾਂ ਦਾ ਆਪਣਾ ਕੈਲੰਡਰ ਬਣ ਗਿਆ।



ਸ. ਪੁਰੇਵਾਲ (ਖੱਬਿਓਂ ਦੂਜੇ) ਨਾਲ ਲੇਖਕ ਦੁਪਾਲਪੁਰ (ਸੱਜਿਓਂ ਦੂਜੇ) ਅਤੇ ਹੋਰ ਸੱਜਣ

ਦੇਸ਼-ਵਿਦੇਸ਼ ਦੇ ਸਿੱਖਾਂ ਵਲੋਂ ਬੇਸ਼ੱਕ ਇਸ ਕੌਮੀ ਕੈਲੰਡਰ ਨੂੰ ਵੱਡੇ ਚਾਅਵਾਂ ਤੇ ਉਮੰਗਾਂ ਨਾਲ ਅਪਨਾ ਲਿਆ ਗਿਆ ਸੀ ਪਰ ਬਿਕ੍ਰਮੀ ਪ੍ਰਣਾਲੀ ਤੋਂ ਖਹਿੜਾ ਛੁਡਾ ਕੇ ਬਣਾਇਆ ਗਿਆ ਇਹ 'ਨਾਨਕ ਨਾਮ' ਵਾਲਾ ਕੈਲੰਡਰ ਹਿੰਦੂ ਅਤੇ ਹਿੰਦੁਸਤਾਨ ਦਾ ਪ੍ਰਚਾਰ ਕਰਦੀ ਆਰ.ਐਸ.ਐਸ. ਅਤੇ ਸੰਘ ਪਰਿਵਾਰ ਨਾਲ ਜੁੜੀਆਂ ਸੰਸਥਾਵਾਂ ਨੂੰ ਹਜ਼ਮ ਨਹੀਂ ਸੀ ਹੋ ਰਿਹਾ। ਇਨ੍ਹਾਂ ਜਮਾਤਾਂ ਨੇ ਉਚੀ ਸੁਰ ਵਿਚ ਝੂਠਾ ਪ੍ਰਾਪੇਗੰਡਾ ਸ਼ੁਰੂ ਕਰ ਦਿੱਤਾ; ਅਖੇ, ਇਹ ਕੈਲੰਡਰ ਹਿੰਦੂ ਸਿੱਖਾਂ ਵਿਚ ਦੁਫੇੜ ਪੈਦਾ ਕਰ ਰਿਹਾ ਹੈ, ਹਕੀਕਤ ਵਿਚ ਨਾਨਕਸ਼ਾਹੀ ਕੈਲੰਡਰ ਦੇ ਲਾਗੂ ਹੋਣ ਦੇ ਸੱਤਾਂ ਸਾਲਾਂ ਦੌਰਾਨ, ਕੈਲੰਡਰ ਦੀ ਵਜ੍ਹਾ ਕਾਰਨ, ਹਿੰਦੂ ਸਿੱਖਾਂ ਵਿਚਕਾਰ ਕਿਤੇ ਵੀ ਕੋਈ ਲੜਾਈ-ਝਗੜਾ ਨਹੀਂ ਸੀ ਹੋਇਆ। ਸਿੱਖ ਫਲਸਫੇ ਨੂੰ ਆਪਣੀਆਂ ਅੱਖਾਂ ਦਾ ਰੋੜਾ ਸਮਝਣ ਵਾਲੀਆਂ ਇਨ੍ਹਾਂ ਤਾਕਤਾਂ ਨੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਉਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਇਸ 'ਵੱਖਰੇ ਕੈਲੰਡਰ' ਨੂੰ ਰੱਦ ਕਰ ਦੇਣ। ਗਿਆਨੀ ਵੇਦਾਂਤੀ ਵਲੋਂ ਸਪਸ਼ਟ ਇਨਕਾਰ ਕਰਨ 'ਤੇ ਇਨ੍ਹਾਂ ਲੋਕਾਂ ਨੇ ਆਪਣੇ ਰਾਜਸੀ ਪ੍ਰਭਾਵ ਰਾਹੀਂ ਸ. ਪ੍ਰਕਾਸ਼ ਸਿੰਘ ਬਾਦਲ ਪਾਸੋਂ ਗਿਆਨੀ ਵੇਦਾਂਤੀ ਨੂੰ ਜਬਰਨ 'ਸੇਵਾ ਮੁਕਤ' ਕਰਵਾ ਕੇ ਘਰੇ ਬਿਠਾ ਦਿੱਤਾ। ਬਿਪਰਵਾਦੀਆਂ ਦੇ ਗੁਲਾਮਾਂ ਦੀ ਗੁਲਾਮ ਬਣੀ ਸ਼੍ਰੋਮਣੀ ਕਮੇਟੀ ਨੇ 'ਅਖਬਾਰੀ ਰੌਲਾ' ਇਹ ਪਾਇਆ ਕਿ ਗਿਆਨੀ ਵੇਦਾਂਤੀ 'ਸਿਹਤ ਕਮਜ਼ੋਰ' ਹੋਣ ਕਾਰਨ 'ਸਵੈ-ਇੱਛਤ' ਸੇਵਾ ਮੁਕਤ ਹੋਏ ਨੇ; ਜਦਕਿ ਗਿਆਨੀ ਵੇਦਾਂਤੀ ਨੇ ਸ਼ਰ੍ਹੇਆਮ ਪ੍ਰੈਸ ਦੇ ਸਾਹਮਣੇ ਖੁਦ ਨਾਲ ਹੋਈ ਧੱਕੇਸ਼ਾਹੀ ਦਾ ਸੱਚ ਬਿਆਨਦਿਆਂ ਇਹ ਪ੍ਰਗਟਾਵਾ ਵੀ ਕੀਤਾ ਕਿ ਹੁਣ 2010 ਵਿਚ ਹੀ ਨਹੀਂ, ਸਗੋਂ ਸੰਨ 2003 ਵਿਚ (ਕੈਲੰਡਰ ਲਾਗੂ ਹੋਣ ਦੇ ਅਰੰਭ ਵਿਚ) ਵੀ ਉਨ੍ਹਾਂ ਉਤੇ ਆਰ.ਐਸ.ਐਸ. ਵਲੋਂ ਭਾਰੀ ਦਬਾਅ ਪਾਇਆ ਗਿਆ ਸੀ ਕਿ ਉਹ (ਗਿਆਨੀ ਵੇਦਾਂਤੀ) ਕੈਲੰਡਰ ਜਾਰੀ ਨਾ ਕਰਨ।

ਗਿਆਨੀ ਵੇਦਾਂਤੀ ਵਲੋਂ ਪ੍ਰੈਸ ਕਾਨਫਰੰਸਾਂ ਵਿਚ ਦੱਸੇ ਜਾ ਰਹੇ 'ਅੰਦਰਲੇ ਸੱਚ' ਦਾ ਰੌਲਾ ਪੈਂਦਿਆਂ-ਕਰਦਿਆਂ ਹੀ ਨਵੇਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ 'ਤਾਜਪੋਸ਼ੀ' ਕਰ ਦਿੱਤੀ ਗਈ। ਬੱਸ, ਉਸ ਦਿਨ ਤੋਂ ਹੀ ਨਾਨਕਸ਼ਾਹੀ ਕੈਲੰਡਰ ਦੀ ਹੋਂਦ-ਹਸਤੀ ਨੂੰ ਖਤਮ ਕਰਨ ਦਾ ਮੁੱਢ ਬੱਝ ਗਿਆ। ਗਿਆਨੀ ਵੇਦਾਂਤੀ 'ਤੇ ਦਬਾਅ ਪਾਉਣ ਵਾਲਿਆਂ ਲਈ ਹੁਣ ਵਿਹੜਾ ਮੋਕਲਾ ਹੋ ਗਿਆ, ਤੇ ਉਨ੍ਹਾਂ ਨੇ ਸਿੱਖ ਡੇਰੇਦਾਰਾਂ ਨੂੰ ਕੈਲੰਡਰ ਦੇ ਵਿਰੋਧ ਲਈ ਤਿਆਰ ਕਰ ਲਿਆ। ਕੌਮੀ ਹਿੱਤਾਂ ਬਾਬਤ ਬਿਨਾਂ ਸੋਚਿਆਂ-ਵਿਚਾਰਿਆਂ ਇਹ ਡੇਰੇਦਾਰ, ਨਾਨਕਸ਼ਾਹੀ ਕੈਲੰਡਰ ਦੀ ਨੁਕਤਾਚੀਨੀ ਕਰਨ ਲੱਗ ਪਏ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਹ ਡੇਰੇਦਾਰ ਸੰਤ ਬਾਬੇ ਉਹੀ ਸਨ ਤੇ ਹਨ, ਜੋ 1925-30 ਤੋਂ ਲਾਗੂ ਹੋਈ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਨੂੰ ਮੰਨਣ ਤੋਂ ਇਨਕਾਰੀ ਹਨ। ਇਨ੍ਹਾਂ ਦੇ ਆਲੀਸ਼ਾਨ ਡੇਰਿਆਂ ਵਿਚ ਸ੍ਰੀ ਅਕਾਲ ਤਖਤ ਤੋਂ ਪ੍ਰਵਾਨਿਤ ਮਰਿਆਦਾ ਦੀ ਥਾਂ, ਆਪੋ-ਆਪਣੀਆਂ ਰਹੁ-ਰੀਤਾਂ ਚਲਦੀਆਂ ਹਨ। ਉਥੇ ਗੁਰਪੁਰਬ ਘੱਟ, ਪਰ ਅਗਲੇ-ਪਿਛਲੇ ਬਾਬਿਆਂ ਦੀਆਂ ਬਰਸੀਆਂ ਬਿਨਾਂ ਨਾਗਾ ਮਨਾਈਆਂ ਜਾਂਦੀਆਂ ਹਨ।

ਡੇਰਿਆਂ ਨਾਲ ਜੁੜੀਆਂ ਗੁਰੂ-ਡੰਮੀਏ ਸ਼ਰਧਾਲੂਆਂ ਦੀਆਂ ਭੀੜਾਂ ਨੂੰ ਆਪਣੀਆਂ ਵੋਟਾਂ ਬਣਾਉਣ ਦੇ ਲੋੜਵੰਦ ਬਾਦਲ ਦਲ ਨੇ ਸਦਾ ਵਾਂਗ ਸਿਆਸੀ ਪੈਂਤੜੇ ਖੇਡਣੇ ਸ਼ੁਰੂ ਕਰ ਦਿੱਤੇ। ਨਵੇਂ ਜਥੇਦਾਰ ਸਾਹਿਬ ਨੇ ਆਪਣੀ ਪਹਿਲੀ ਦੀਵਾਲੀ ਵਾਲੇ ਦਿਨ ਹੀ ਕੈਲੰਡਰ ਵਿਚ ਸੋਧਾਂ ਕਰਨ ਲਈ, ਅਚਾਨਕ ਸਿੰਘ ਸਾਹਿਬਾਨ ਦੀ ਮੀਟਿੰਗ ਸੱਦ ਲਈ। ਅਤਿਅੰਤ ਕਾਹਲੀ ਨਾਲ ਸੱਦੀ ਇਸ ਮੀਟਿੰਗ ਲਈ, ਰਵਾਇਤ ਅਨੁਸਾਰ ਬਾਕੀ ਦੇ ਜਥੇਦਾਰਾਂ ਨੂੰ ਕੋਈ ਏਜੰਡਾ ਹੀ ਨਹੀਂ ਭੇਜਿਆ ਗਿਆ। ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਹਲਕਿਆਂ ਅਨੁਸਾਰ ਇਸ ਹੰਗਾਮੀ ਮੀਟਿੰਗ ਵਿਚ ਹੱਥ-ਲਿਖਤ ਖਰੜਾ ਪੇਸ਼ ਕੀਤਾ ਗਿਆ ਜਿਸ ਉਤੇ ਸਿੰਘ ਸਾਹਿਬਾਨ ਨੇ ਦਸਤਖਤ ਕਰ ਕੇ ਉਸ ਨੂੰ ਪ੍ਰਵਾਨਗੀ ਦੇਣੀ ਸੀ। ਇਹ ਖਰੜਾ ਕੁਝ ਪੱਤਰਕਾਰਾਂ ਅਤੇ ਸਿੱਖ ਆਗੂਆਂ ਦੇ ਹੱਥ ਲੱਗ ਗਿਆ। ਖਰੜੇ ਵਿਚ 'ਧਰਮ ਸੰਸਦ ਦੀ ਇਕੱਤਰਤਾ' ਅਤੇ ਅਜਿਹੀ ਹੋਰ ਸ਼ਬਦਾਬਲੀ ਤੋਂ ਸਾਫ ਹੋ ਗਿਆ ਕਿ ਸਿੰਘ ਸਾਹਿਬਾਨ ਦੀ ਪ੍ਰਵਾਨਗੀ ਲਈ ਇਹ ਖਰੜਾ ਕਿਸੇ ਹਿੰਦੂ ਸੰਗਠਨ ਵਲੋਂ ਲਿਖਿਆ ਹੋਇਆ ਹੈ। ਕੁਝ ਸਿੰਘ ਸਾਹਿਬਾਨ ਵਲੋਂ ਇਨਕਾਰ ਕਰਨ 'ਤੇ ਸੋਧਾਂ ਇਹ ਵਾਲਾ ਖਰੜਾ ਪ੍ਰਵਾਨ ਨਾ ਹੋਇਆ। ਕੁਝ ਮਹੀਨਿਆਂ ਬਾਅਦ ਦੁਬਾਰਾ ਮੀਟਿੰਗ ਰੱਖੀ ਗਈ, ਪਰ ਨਾਨਕਸ਼ਾਹੀ ਕੈਲੰਡਰ ਦੇ ਪੱਕੇ ਹਮਾਇਤੀ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੇ ਯਤਨਾਂ ਸਦਕਾ ਸੋਧਾਂ ਨਾ ਹੋ ਸਕੀਆਂ।

ਸਿੰਘ ਸਾਹਿਬਾਨ ਨੇ ਸੋਧਾਂ ਵਾਲਾ ਮਾਮਲਾ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤਾ। ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੇ ਨਾਮ ਲਿਫਾਫਿਆਂ ਵਿਚ ਪਾਉਣ ਵਾਲੇ ਸਿਆਸੀ ਆਗੂ ਦੇ ਹੁਕਮਾਂ ਮੁਤਾਬਕ 72 ਘੰਟੇ ਦੇ ਨੋਟਿਸ 'ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਸੱਦੀ ਗਈ। ਇਸ ਮੀਟਿੰਗ ਵਿਚ ਜਦੋਂ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਮੈਂਬਰਾਂ ਅੱਗੇ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਵਾਲਾ ਮਤਾ ਰੱਖਿਆ ਤਾਂ ਸਾਰੇ ਮੈਂਬਰ ਹੈਰਾਨ ਹੋ ਕੇ ਇਕ-ਦੂਜੇ ਵੱਲ ਝਾਕਣ ਲੱਗ ਪਏ। ਦਸਤਖਤ ਕਰਨ ਤੋਂ ਆਨਾਕਾਨੀ ਕਰ ਰਹੇ ਮੈਂਬਰਾਂ ਵੱਲ ਨਜ਼ਰ ਮਾਰ ਕੇ ਮੱਕੜ ਸਾਹਿਬ ਬੋਲੇ, "ਵੇਖ ਲਓ ਫੇ'... 'ਪ੍ਰਧਾਨ ਸਾਹਿਬ' ਦਾ ਹੁਕਮ ਆਇਆ ਹੋਇਐ?" ਇਸ ਵਾਕ ਨੂੰ ਖੁਦਾਈ ਹੁਕਮ ਮੰਨ ਕੇ ਬਾਕੀ ਦਿਆਂ ਮੈਂਬਰਾਂ ਨੇ ਤਾਂ ਦਾੜ੍ਹੀਆਂ ਖੁਰਕਦਿਆਂ ਮਤੇ ਉਪਰ ਘੁੱਗੀਆਂ ਮਾਰ ਦਿੱਤੀਆਂ, ਪਰ ਦੋਹ ਮੈਂਬਰਾਂ ਦੀਆਂ ਜ਼ਮੀਰਾਂ ਜਾਗ ਪਈਆਂ ਤੇ ਉਹ ਦੋਵੇਂ ਮੀਟਿੰਗ ਵਿਚੋਂ ਵਾਕ-ਆਊਟ ਕਰ ਗਏ। ਮੀਟਿੰਗ-ਰੂਮ ਵਿਚੋਂ ਬਾਹਰ ਵੱਲ ਤੁਰੇ ਜਾਂਦਿਆਂ ਨੂੰ ਉਨ੍ਹਾਂ ਦੋਹਾਂ ਨੂੰ ਮੱਕੜ ਸਾਹਿਬ ਨੇ ਪਿੱਛਿਓਂ ਆਵਾਜ਼ ਮਾਰ ਕੇ ਚਿਤਾਵਨੀ ਵਰਗੀ ਲੇਲ੍ਹੜੀ ਵੀ ਕੱਢੀ, "...ਸਾਹਿਬ, ਦੋਸਤੀ ਦਾ ਵਾਸਤਾ ਐ...ਬਾਹਰ ਜਾ ਕੇ ਅੰਦਰਲੀਆਂ ਗੱਲਾਂ ਨਾ ਦੱਸਿਓ!"

ਇਸ ਕੁਲਹਿਣੀ ਮੀਟਿੰਗ ਵਿਚ ਪਾਸ ਹੋਏ ਸੋਧਾਂ ਵਾਲੇ ਮਤੇ ਨੂੰ ਫੌਰਨ ਸ੍ਰੀ ਅਕਾਲ ਤਖਤ 'ਤੇ ਪਹੁੰਚਾਇਆ ਗਿਆ। ਸਿਰਫ ਅਠਾਰਾਂ ਘੰਟਿਆਂ ਬਾਅਦ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ, ਬਾਕੀ ਦੇ ਸਿੰਘ ਸਾਹਿਬਾਨ ਦੀ ਕਿਸੇ ਪ੍ਰਵਾਨਗੀ ਤੋਂ ਬਗੈਰ ਹੀ (ਜ਼ਾਬਤਾ ਪੂਰਾ ਕਰਨ ਲਈ ਸ੍ਰੀ ਹਰਿਮੰਦਿਰ ਸਾਹਿਬ ਦੇ ਕੁਝ ਗ੍ਰੰਥੀ ਸਿੰਘ ਨਾਲ ਬਿਠਾ ਲਏ ਸਨ) ਚਾਰ ਜਨਵਰੀ 2010 ਨੂੰ ਨਾਨਕਸ਼ਾਹੀ ਕੈਲੰਡਰ ਦੀ ਸੂਰਤ ਵਿਗਾੜਨ ਦਾ ਐਲਾਨ ਕਰ ਦਿੱਤਾ। ਇੰਜ ਸ. ਪਾਲ ਸਿੰਘ ਪੁਰੇਵਾਲ ਦੀ ਵਰ੍ਹਿਆਂ ਦੀ ਸਖਤ ਘਾਲਣਾ ਨੂੰ ਕੁਝ ਘੰਟਿਆਂ ਵਿਚ ਹੀ ਬਦਰੰਗ ਕਰ ਦਿੱਤਾ ਗਿਆ। ਸਿਆਸੀ ਇਸ਼ਾਰਿਆਂ 'ਤੇ ਹੋਇਆ ਇਹ ਸਾਰਾ ਡਰਾਮਾ, ਭਾਵੇਂ ਮੀਡੀਏ ਨੇ ਦੂਰ-ਦੂਰ ਤੱਕ ਪਹੁੰਚਾ ਦਿੱਤਾ, ਪਰ ਸਿੰਘ ਸਾਹਿਬ (ਗਿਆਨੀ ਗੁਰਬਚਨ ਸਿੰਘ) ਹਮੇਸ਼ਾਂ ਵਾਂਗ ਇਹੀ ਕਹਿੰਦੇ ਆ ਰਹੇ ਨੇ, "ਦੇਸ਼-ਵਿਦੇਸ਼ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਵਲੋਂ ਕੀਤੀ ਗਈ ਭਾਰੀ ਮੰਗ ਮੁਤਾਬਕ ਕੈਲੰਡਰ ਵਿਚ ਸੋਧਾਂ ਕੀਤੀਆਂ ਗਈਆਂ ਹਨ।" ਉਨ੍ਹਾਂ ਦੇ ਇਹ 'ਬਚਨ' ਸੁਣ ਕੇ ਫਾਰਸੀ ਦੀ ਕਹਾਵਤ ਯਾਦ ਆਉਂਦੀ ਹੈ,

ਚਿ: ਕੁਫਰ ਅਜ਼ ਕਾਬਾ ਬਰਖੇਜ਼ਦ
ਕੁਜਾ ਮਾਨਦ ਮੁਸਲਮਾਨੀ?

ਭਾਵ, ਜੇ ਮੱਕੇ ਵਿਚ ਹੀ ਕੁਫਰ ਆ ਵੜੇ ਤਾਂ ਇਸਲਾਮ ਕਿੱਥੇ ਰਹੇਗਾ?

ਸਿੱਖ ਪੰਥ ਦੇ ਕੇਂਦਰੀ ਪ੍ਰਬੰਧ ਉਪਰ ਪਏ ਸਿਆਸੀ ਗਲਬੇ ਕਾਰਨ ਨਾਨਕਸ਼ਾਹੀ ਕੈਲੰਡਰ ਦੀ ਰੂਹ ਦੇ ਕੀਤੇ ਗਏ ਕਤਲ ਵਿਰੁਧ, ਦੁਨੀਆਂ ਭਰ ਦੇ ਸਿੱਖਾਂ ਵਿਚ ਰੋਹ ਫੈਲ ਗਿਆ। ਸੰਨ 2010 ਵਿਚ ਹੀ ਉਸ ਵੇਲੇ ਦੀ ਦਿੱਲੀ ਗੁਰਦੁਆਰਾ ਕਮੇਟੀ ਨੇ ਵਿਸ਼ਵ ਸਿੱਖ ਕਨਵੈਨਸ਼ਨ ਕਰ ਕੇ ਕਥਿਤ ਸੋਧਾਂ ਵਿਰੁਧ ਆਵਾਜ਼ ਬੁਲੰਦ ਕੀਤੀ। ਦੇਸ਼ ਵਿਚ ਵੀ ਅਤੇ ਪਰਦੇਸਾਂ ਦੀਆਂ ਜਾਗਰੂਕ ਸਿੰਘ ਸਭਾਵਾਂ ਤੇ ਹੋਰ ਅਨੇਕਾਂ ਧਾਰਮਿਕ ਜਥੇਬੰਦੀਆਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਮਨਾਉਣ ਦੇ ਐਲਾਨ ਕਰਨੇ ਸ਼ੁਰੂ ਕਰ ਦਿੱਤੇ। ਮੂਲ ਕੈਲੰਡਰ ਦੇ ਹੱਕ ਵਿਚ ਹੁਣ ਤੱਕ ਕਈ ਦਰਜਨਾਂ ਸੈਮੀਨਾਰ ਅਤੇ ਵਿਚਾਰ-ਗੋਸ਼ਟੀਆਂ ਹੋ ਚੁੱਕੀਆਂ ਹਨ ਅਤੇ ਇਹ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ। ਇਹ ਮੂਲ ਕੈਲੰਡਰ ਨਾਲ ਕੀਤੀ ਛੇੜ-ਛਾੜ ਦਾ ਹੀ ਨਤੀਜਾ ਸੀ ਕਿ 2014 ਦੇ ਅਖੀਰ ਵਿਚ ਦਸਵੇਂ ਗੁਰੂ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੀਆਂ ਤਰੀਕਾਂ 'ਸਿੰਘ ਸਾਹਿਬ' ਨੂੰ ਤਿੰਨ ਵਾਰ ਬਦਲਨੀਆਂ ਪਈਆਂ।

ਫਿਲਹਾਲ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਆਸੀ ਜੂਲਾ ਲਹਿਣ ਦੇ ਇਮਕਾਨ ਬੇਸ਼ੱਕ ਨਜ਼ਰ ਨਹੀਂ ਆ ਰਹੇ, ਪਰ ਹੁਣ ਜਾਗਰੂਕ ਸੰਗਤਾਂ ਜਥੇਦਾਰ ਨੰਦਗੜ੍ਹ ਵਾਂਗ ਨਾਨਕਸ਼ਾਹੀ ਕੈਲੰਡਰ ਲਈ ਸਿਰ-ਧੜ ਦੀ ਬਾਜ਼ੀ ਲਾਉਣ ਲਈ ਤਿਆਰ-ਬਰ-ਤਿਆਰ ਹਨ। ਦੇਰ-ਸਵੇਰ ਮੂਲ ਨਾਨਕਸ਼ਾਹੀ ਕੈਲੰਡਰ ਹੀ ਲਾਗੂ ਹੋ ਕੇ ਰਹੇਗਾ।


---

## ਪੁਸਤਕ ਚਰਚਾ

# 'ਜਾਗਦੇ ਰਹੋ ਦਾ ਹੋਕਾ'

ਲਿਖਣ ਦਾ ਝੱਸ ਤਾਂ ਬੇਸ਼ੱਕ ਬਹੁਤ ਸਾਰੇ ਲੋਕਾਂ ਨੂੰ ਹੁੰਦਾ ਹੈ ਪਰ ਕਲਮ ਪ੍ਰਤੀ ਆਪਣੇ ਫਰਜ਼ ਨੂੰ ਬਹੁਤ ਘੱਟ ਲੋਕ ਪਛਾਣਦੇ ਹਨ ਜਾਂ ਇੰਜ ਕਹਿ ਲਵੋ ਕਿ ਸੱਚ ਦੀ ਅੱਖ ਵਿਚ ਅੱਖ ਪਾ ਕੇ ਲਿਖਣਾ ਬਹੁਤ ਔਖਾ ਹੁੰਦਾ ਹੈ ਜੋ ਹਰ ਇਕ ਕਲਮ ਦੇ ਹਿੱਸੇ ਨਹੀਂ ਆਉਂਦਾ ਹੈ ਪਰ ਪਰਦੇਸਾਂ ਵਿਚ ਵੱਸਦੇ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ 'ਤੇ ਇਹ ਗੱਲ ਨਹੀਂ ਢੁੱਕਦੀ। ਕਿਸੇ ਦੇ ਨਾਮ ਖੁੱਲ੍ਹਾ ਖੱਤ ਲਿਖਣਾ- ਉਹ ਇਨਸਾਨ ਚਾਹੇ ਕੋਈ ਘਾਗ ਸਿਆਸਤਦਾਨ ਹੋਵੇ ਜਾਂ ਮਨੋਰੰਜਨ ਦੀ ਦੁਨੀਆਂ ਦਾ ਕੋਈ ਚਮਕਦਾ ਸਿਤਾਰਾ, ਇਹ ਕੋਈ ਸੌਖੀ ਗੱਲ ਨਹੀਂ। ਬਹੁਤੀਆਂ ਕਲਮਾਂ ਵੱਡੇ ਲੋਕਾਂ ਦੀਆਂ ਚਾਪਲੂਸੀਆਂ ਤੱਕ ਹੀ ਸੀਮਤ ਰਹਿ ਜਾਂਦੀਆਂ ਹਨ।

ਕਿਤਾਬ 'ਜਾਗਦੇ ਰਹੋ ਦਾ ਹੋਕਾ' ਵਿਚ ਗੁਰਿੰਦਰਜੀਤ ਸਿੰਘ ਨੇ ਸਮਾਜ ਦੀਆਂ ਉਨ੍ਹਾਂ ਬੁਰਾਈਆਂ ਦੀ ਗੱਲ ਕੀਤੀ ਹੈ ਜਿਨ੍ਹਾਂ ਬਾਰੇ ਗੱਲ ਕਰਨੀ ਅੱਜ ਸਮੇਂ ਦੀ ਵੱਡੀ ਲੋੜ ਹੈ। ਧਰਮ ਤੋਂ ਲੈ ਕੇ ਪਾਖੰਡੀ ਬਾਬਿਆਂ ਅਤੇ ਕੁੱਖਾਂ 'ਚ ਮਾਰੀਆਂ ਜਾ ਰਹੀਆਂ ਧੀਆਂ ਦੀ ਗੱਲ, ਪੰਜਾਬ ਵਿਚ ਸਰਾਪ ਬਣ ਕੇ ਉਭਰੀ ਨਸ਼ਿਆਂ ਦੀ ਗੱਲ, ਸਾਡੇ ਵਿਸਰਦੇ ਜਾ ਰਹੇ ਸਭਿਆਚਾਰ ਦਾ ਦਰਦ, ਪੰਜਾਬ ਵਿਚ ਅਸ਼ਲੀਲ ਗਾਇਕੀ ਦੀ ਗੱਲ, ਪੰਜਾਬ ਦੇ ਵਿਗੜੇ ਰਾਜਨੀਤਕ ਸਿਸਟਮ ਦੀ ਗੱਲ, ਪਰਦੇਸਾਂ ਵਿਚ ਪੰਜਾਬੀਆਂ ਦੀਆਂ ਮੁਸ਼ਕਿਲਾਂ- ਯਾਨਿ ਕੋਈ ਅਜਿਹਾ ਵਿਸ਼ਾ ਨਹੀਂ ਜਿਸ 'ਤੇ ਨਾ ਲਿਖਿਆ ਹੋਵੇ। ਇੰਨੇ ਸਾਲਾਂ ਤੋਂ ਪੰਜਾਬ ਤੋਂ ਰਹਿ ਕੇ ਵੀ ਆਪਣੀ ਮਿੱਟੀ ਆਪਣੇ ਵਤਨ ਦੇ ਦਰਦ ਨੂੰ ਐਨੇ ਸ਼ਿੱਦਤ ਨਾਲ ਮਹਿਸੂਸ ਕਰਨਾ ਹੀ ਨੀਟਾ ਮਾਛੀਕੇ ਨੂੰ ਹੋਰ ਲੇਖਕਾਂ ਤੋਂ ਵੱਖ ਕਰਦਾ ਹੈ। ਪਰਦੇਸਾਂ ਵਿਚ ਰਹਿ ਕੇ ਬੇਸ਼ੱਕ ਅਸੀਂ ਸਾਰੇ ਇਸ ਦਰਦ ਨੂੰ ਮਹਿਸੂਸ ਕਰਦੇ ਹਾਂ ਪਰ ਉਸ ਦਰਦ ਨੂੰ ਸ਼ਬਦਾਂ ਦਾ ਰੂਪ ਦੇਣਾ ਮਾਛੀਕੇ ਦੇ ਹਿੱਸੇ ਆਇਆ ਹੈ।




ਪਰਦੇਸਾਂ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਵਕਤ ਕੱਢ ਕੇ ਲਿਖਣਾ ਤੇ ਉਸ ਨੂੰ ਕਿਤਾਬ ਦੇ ਰੂਪ ਵਿਚ ਸਾਡੇ ਸਾਰਿਆਂ ਨੂੰ ਸਮਰਪਿਤ ਕਰਨਾ ਇਕ ਸਿਰੜ ਦਾ ਕੰਮ ਹੈ ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ। ਭਾਈਚਾਰੇ ਦੇ ਲੋਕਾਂ ਨੂੰ ਕਿਤਾਬ 'ਜਾਗਦੇ ਰਹੋ ਦਾ ਹੋਕਾ' ਜ਼ਰੂਰ ਪੜ੍ਹਨੀ ਚਾਹੀਦੀ ਹੈ। ਸੱਚ ਲਿਖਣ ਵਾਲੇ ਅਤੇ ਸਾਡੇ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਦੀ ਗੱਲ ਕਰਦੇ ਗੁਰਿੰਦਰਜੀਤ ਸਿੰਘ ਵਰਗੇ ਲੇਖਕਾਂ ਦਾ ਵੱਧ ਤੋਂ ਵੱਧ ਮਾਣ-ਸਤਿਕਾਰ ਕਰੀਏ।

-ਦੀਪ ਮੰਗਲੀ, ਨਿਊ ਯਾਰਕ
ਫੋਨ: 917-254-6768

# ਆਸਟਰੇਲੀਆ ਵਿਚ ਕਾਨੂੰਨਨ ਪਹੁੰਚੇ ਲੋਕਾਂ ਵਿਚੋਂ ਭਾਰਤੀ ਅੱਵਲ

**ਸਿਡਨੀ (ਬਿਊਰੋ):** ਆਸਟਰੇਲੀਆ ਵਿਚ ਆਏ ਪਰਵਾਸੀਆਂ 'ਚ ਭਾਰਤੀ ਪਹਿਲੇ ਨੰਬਰ ਉਤੇ ਹਨ। ਭਾਰਤੀਆਂ ਨੇ ਆਪਣੇ ਗੁਆਂਢੀ ਮੁਲਕ ਚੀਨ ਤੇ ਯੂਰਪੀ ਦੇਸ਼ਾਂ ਨੂੰ ਵੀ ਪਛਾੜ ਦਿੱਤਾ ਹੈ। ਆਸਟਰੇਲੀਆ 'ਚ ਗੈਰ-ਕਾਨੂੰਨੀ ਵੀਜ਼ਿਆਂ ਉਪਰ ਰਹਿਣ ਵਾਲਿਆਂ 'ਚ ਚੀਨ ਮੂਲ ਦੇ ਬਾਸ਼ਿੰਦੇ ਪਹਿਲੇ ਨੰਬਰ 'ਤੇ ਹਨ।

'ਇੰਟਰਨੈਸ਼ਨਲ ਮਾਈਗਰੇਸ਼ਨ ਆਊਟ ਲੁੱਕ' ਰਿਪੋਰਟ ਅਨੁਸਾਰ ਕਾਨੂੰਨੀ ਢੰਗ-ਤਰੀਕਿਆਂ ਨਾਲ ਆਸਟਰੇਲੀਆ 'ਚ ਪੱਕੀ ਨਾਗਰਿਕਤਾ ਲਈ ਕਰੀਬ ਇਕ ਲੱਖ 23 ਹਜ਼ਾਰ 400 ਅਰਜ਼ੀਆਂ ਦਾਖਲ ਹੋਈਆਂ ਹਨ। ਇਨ੍ਹਾਂ 'ਚੋਂ 40 ਹਜ਼ਾਰ 100 ਭਾਰਤ, 27 ਹਜ਼ਾਰ 300 ਚੀਨ ਤੇ 21 ਹਜ਼ਾਰ 700 ਬਰਤਾਨੀਆ ਦੇ ਨਾਗਰਿਕ ਹਨ। ਬਾਕੀ ਹੋਰਨਾਂ ਮੁਲਕਾਂ ਦੇ ਮੂਲ ਬਾਸ਼ਿੰਦੇ ਹਨ। ਜ਼ਿਕਰਯੋਗ ਹੈ ਕਿ ਆਸਟਰੇਲੀਆ ਕਰੀਬ ਚਾਰ ਸਾਲ ਦੀ ਪੱਕੀ ਰੈਜੀਡੈਂਸੀ ਤੇ ਇਸ ਦੌਰਾਨ ਚੰਗੇ ਆਚਰਨ ਦੇ ਆਧਾਰ 'ਤੇ ਨਾਗਰਿਕਤਾ ਦਿੰਦਾ ਹੈ। ਆਸਟਰੇਲੀਆ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਉਪਰ ਆਪਣਾ ਸ਼ਿਕੰਜਾ ਕੱਸ ਰਿਹਾ ਹੈ।

ਇਮੀਗਰੇਸ਼ਨ ਵਿਭਾਗ ਨੇ ਅਜਿਹੇ ਕਰੀਬ 62 ਹਜ਼ਾਰ 100 ਵਿਅਕਤੀਆਂ ਦੀ ਸੂਚੀ ਤਿਆਰ ਕੀਤੀ ਹੈ ਜਿਹੜੇ ਵੀਜ਼ਾ ਖਤਮ ਹੋਣ ਬਾਅਦ ਵਿਭਾਗ ਕੋਲ ਨਹੀਂ ਪੁੱਜੇ। ਸਾਲ 2012-13 'ਚ ਵਿਜ਼ਟਰ ਵੀਜ਼ੇ ਉਪਰ 44 ਹਜ਼ਾਰ 800 ਤੇ ਵਿਦਿਆਰਥੀ ਵੀਜ਼ੇ ਉਪਰ 10 ਹਜ਼ਾਰ 720 ਵਿਅਕਤੀ ਗੈਰ-ਕਾਨੂੰਨੀ ਆਸਟਰੇਲੀਆ 'ਚ ਰਹਿ ਰਹੇ ਹਨ। ਇਨ੍ਹਾਂ ਦਾ ਪਿਛੋਕੜ ਚੀਨ (7690), ਮਲੇਸ਼ੀਆ (6420), ਅਮਰੀਕਾ (5220), ਯੂ.ਕੇ. (3780) ਅਤੇ ਹੋਰਨਾਂ ਦੇਸ਼ਾਂ ਨਾਲ ਹੈ।

## ਜੋਤਸ਼ੀ ਮਾਸਟਰ ਦੀਪਕ ਉਤੇ ਔਰਤ ਨਾਲ ਛੇੜ-ਛਾੜ ਦੇ ਦੋਸ਼

**ਯੂਨੀਅਨ ਸਿਟੀ:** ਇਕ ਸਥਾਨਕ ਜੋਤਸ਼ੀ ਦੀਪਕ ਕੁਮਾਰ ਉਰਫ ਮਾਸਟਰ ਦੀਪਕ ਉਤੇ ਇਕ ਔਰਤ ਨਾਲ ਛੇੜ-ਛਾੜ ਦੇ ਦੋਸ਼ ਲਗਾਏ ਗਏ ਹਨ। ਛੇੜਖਾਨੀ ਦਾ ਸ਼ਿਕਾਰ ਹੋਈ ਔਰਤ ਦੀ ਵਕੀਲ ਦਾ ਕਹਿਣਾ ਹੈ ਕਿ ਜਿਊਰੀ ਨੇ ਉਸ ਦੀ ਮੁਵੱਕਿਲ ਦੇ ਦੋਸ਼ਾਂ ਨੂੰ ਸਹੀ ਮੰਨਿਆ ਹੈ।

ਅਟਾਰਨੀ ਕੈਟਰੀਨਾ ਸਲੀਨ ਦਾ ਕਹਿਣਾ ਹੈ ਕਿ ਜਿਊਰੀ ਇਸ ਨਤੀਜੇ 'ਤੇ ਪਹੁੰਚੀ ਕਿ 'ਮਾਸਟਰ ਦੀਪਕਜੀ ਸੈਂਟਰ ਆਫ ਵੈਦਿਕ ਐਸਟਰੋਲੋਜੀ' ਦੇ ਦੀਪਕ ਕੁਮਾਰ ਉਰਫ ਮਾਸਟਰ ਦੀਪਕ ਨੇ ਪੀੜਤ ਔਰਤ ਨੂੰ ਭਰੋਸਾ ਦਿੱਤਾ ਕਿ ਜੇ ਉਹ ਵੈਂਡੀ ਕੋਰਟ, ਯੂਨੀਅਨ ਸਿਟੀ ਵਿਚ ਉਸ ਦੇ ਦਫਤਰ ਆ ਜਾਵੇ ਤਾਂ ਉਹ ਉਸ ਦੀਆਂ ਸਭ ਸਮੱਸਿਆਵਾਂ ਦਾ ਹੱਲ ਕਰ ਦੇਵੇਗਾ। ਅਟਾਰਨੀ ਸਲੀਨ ਨੇ ਜਿਊਰੀ ਨੂੰ ਦੱਸਿਆ ਕਿ ਮਾਸਟਰ ਦੀਪਕ ਨੇ ਉਸ ਦੀ ਮੁਵੱਕਿਲ ਦੀ ਸਿਤਾਰਿਆਂ ਰਾਹੀਂ ਮਦਦ ਕਰਨ ਦੀ ਥਾਂ ਉਸ ਦੀ ਸਹਿਮਤੀ ਤੋਂ ਬਿਨਾ ਉਸ ਦੀ ਛਾਤੀ ਅਤੇ ਗੁਪਤ ਅੰਗਾਂ ਨਾਲ ਛੇੜ-ਛਾੜ ਕੀਤੀ। ਵਕੀਲ ਦਾ ਕਹਿਣਾ ਹੈ ਕਿ ਜਿਊਰੀ ਨੇ ਪਿਛਲੇ ਸ਼ੁੱਕਰਵਾਰ ਨੂੰ ਆਪਣਾ ਫੈਸਲਾ ਓਕਲੈਂਡ ਦੀ ਅਦਾਲਤ ਨੂੰ ਭੇਜ ਦਿੱਤਾ ਹੈ ਪਰ ਅਜੇ ਫੈਸਲੇ ਦੇ ਵੇਰਵੇ ਦੱਸੇ ਨਹੀਂ ਗਏ। ਉਨ੍ਹਾਂ ਕਿਹਾ ਕਿ ਜਿਊਰੀ ਦਾ ਫੈਸਲਾ ਨਾ ਸਿਰਫ ਉਸ ਦੀ ਮੁਵੱਕਿਲ ਦੀ ਜਿੱਤ ਹੈ ਸਗੋਂ ਪੂਰੇ ਭਾਈਚਾਰੇ ਦੀ ਜਿੱਤ ਹੈ ਜਿਸ ਨੂੰ ਕਿ ਇਸ ਕੇਸ ਰਾਹੀਂ ਕਥਿਤ ਜੋਤਸ਼ੀ ਮਾਸਟਰ ਦੀਪਕ ਬਾਰੇ ਸੱਚ ਸਾਹਮਣੇ ਆ ਗਿਆ ਹੈ।

## ਬੱਚਾ ਮੰਗਵਾਉਣ ਲਈ ਆਵਾਸ ਮੰਤਰੀ ਤੱਕ ਪਹੁੰਚ ਕਰਨਗੇ ਕੈਨੇਡੀਅਨ ਮਾਪੇ

**ਟੋਰਾਂਟੋ:** ਇਥੇ ਵਸਦਾ ਇੰਡੋ-ਕੈਨੇਡੀਅਨ ਜੋੜਾ ਆਪਣੇ ਉਸ ਬੱਚੇ ਨੂੰ ਮੰਗਵਾਉਣ ਵਾਸਤੇ ਕੈਨੇਡਿਆਈ ਆਵਾਸ ਮਹਿਕਮੇ ਕੋਲ ਗੁਹਾਰ ਲਾ ਰਿਹਾ ਹੈ, ਜੋ ਇਮੀਗਰੇਸ਼ਨ ਦੀ ਅਰਜ਼ੀ ਭਰਨ ਵੇਲੇ ਹੋਈ ਕੋਤਾਹੀ ਕਾਰਨ ਭਾਰਤ ਵਿਚ ਹੀ ਫਸ ਕੇ ਰਹਿ ਗਿਆ ਹੈ। ਇਸ ਬੱਚੇ ਨੂੰ ਆਪਣੇ ਪਰਿਵਾਰ ਨਾਲ ਮਿਲਾਉਣ ਦੀ ਤਾਕਤ ਸਿਰਫ ਕੈਨੇਡਿਆਈ ਆਵਾਸ ਮੰਤਰੀ ਕੋਲ ਹੀ ਹੈ। ਇਹ ਜੋੜਾ ਹੁਣ ਮੰਤਰੀ ਕ੍ਰਿਸ ਅਲੈਗਜਾਂਦਰ ਨੂੰ ਮਸਲਾ ਹੱਲ ਕਰਨ ਲਈ ਜਨਤਕ ਬੇਨਤੀ ਕਰ ਰਿਹਾ ਹੈ। ਜਦੋਂ ਭਾਵਨਾ ਬਜਾਜ ਤੇ ਅਮਨ ਸੂਦ ਨੇ 2011 ਕੈਨੇਡਾ ਦੀ ਪੀ.ਆਰ. (ਪਰਮਾਨੈਂਟ ਰੈਜ਼ੀਡੈਂਸੀ) ਵਾਸਤੇ ਦਰਖਾਸਤ ਭਰੀ ਸੀ, ਉਸ ਵੇਲੇ ਭਾਵਨਾ ਗਰਭਵਤੀ ਸੀ।

ਪਿਛਲੇ ਸਾਲ ਜਦ ਤੱਕ ਆਵਾਸ ਮਹਿਕਮੇ ਵੱਲੋਂ ਹਰੀ ਝੰਡੀ ਮਿਲੀ ਤਦ ਤੱਕ ਉਨ੍ਹਾਂ ਦੇ ਘਰ ਬੇਟਾ (ਦਖਸ਼) ਪੈਦਾ ਹੋ ਗਿਆ ਸੀ।

# ਲਖਵੀ ਨੂੰ ਹਿਰਾਸਤ 'ਚ ਰੱਖਣ ਦੇ ਹੁਕਮ ਮੁਅੱਤਲ

**ਇਸਲਾਮਾਬਾਦ:** ਪਾਕਿਸਤਾਨ ਦੀ ਅਦਾਲਤ ਨੇ ਮੁੰਬਈ ਹਮਲਿਆਂ ਦੇ ਮੁੱਖ ਸਾਜ਼ਿਸ਼ਘਾੜੇ ਜ਼ਕੀ-ਉਰ-ਰਹਿਮਾਨ ਲਖਵੀ ਨੂੰ ਸਰਕਾਰ ਵੱਲੋਂ ਹਿਰਾਸਤ 'ਚ ਰੱਖਣ ਦੇ ਹੁਕਮਾਂ ਨੂੰ ਮੁਅੱਤਲ ਕਰ ਦਿੱਤਾ। ਉਂਜ ਗ੍ਰਹਿ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਲਖਵੀ ਨੂੰ ਕਿਸੇ ਹੋਰ ਕੇਸ 'ਚ ਅੰਦਰ ਕਰ ਸਕਦੀ ਹੈ। ਅਦਾਲਤ ਦੇ ਫੈਸਲੇ ਨਾਲ ਲਖਵੀ ਜੇਲ੍ਹ 'ਚੋਂ ਜ਼ਮਾਨਤ 'ਤੇ ਰਿਹਾਅ ਹੋ ਸਕਦਾ ਹੈ।

ਇਸਲਾਮਾਬਾਦ ਹਾਈ ਕੋਰਟ ਦੇ ਜੱਜ ਨੂਰ-ਉਲ-ਹੱਕ ਕੁਰੈਸ਼ੀ ਨੇ ਲਖਵੀ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਉਸ ਨੂੰ ਸ਼ਾਂਤੀ ਭੰਗ ਹੋਣ ਦੇ ਕੇਸ ਮੈਂਟੀਨੈਂਸ ਆਫ ਪਬਲਿਕ ਆਰਡਰ (ਐਮ.ਪੀ.ਓ.) ਤਹਿਤ ਹਿਰਾਸਤ 'ਚ ਰੱਖਣ ਦੇ ਹੁਕਮਾਂ 'ਤੇ ਰੋਕ ਲਾ ਦਿੱਤੀ। ਹੈਰਾਨੀ ਦੀ ਗੱਲ ਹੈ ਕਿ ਸਰਕਾਰੀ ਵਕੀਲ ਸੁਣਵਾਈ ਮੌਕੇ ਹਾਜ਼ਰ ਹੀ ਨਹੀਂ ਹੋਏ। ਅਦਾਲਤ ਨੇ ਹੁਣ ਸਰਕਾਰ ਨੂੰ 15 ਜਨਵਰੀ ਨੂੰ ਜਵਾਬ ਦਾਖਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਚੇਤੇ ਰਹੇ ਕਿ ਇਸਲਾਮਾਬਾਦ ਦੀ ਅਤਿਵਾਦ ਵਿਰੋਧੀ ਅਦਾਲਤ ਨੇ 18 ਦਸੰਬਰ ਨੂੰ ਲਖਵੀ ਖਿਲਾਫ ਅਹਿਮ ਸਬੂਤਾਂ ਦੀ ਘਾਟ ਕਰ ਕੇ ਉਸ ਨੂੰ ਜ਼ਮਾਨਤ ਦੇ ਦਿੱਤੀ ਸੀ ਪਰ ਜੇਲ੍ਹ 'ਚੋਂ ਰਿਹਾਅ ਹੋਣ ਤੋਂ ਪਹਿਲਾਂ ਹੀ ਸਰਕਾਰ ਨੇ ਭਾਰਤ ਦੇ ਦਬਾਅ ਹੇਠ ਉਸ ਨੂੰ ਇਕ ਹੋਰ ਮਾਮਲੇ 'ਚ ਤਿੰਨ ਮਹੀਨਿਆਂ ਲਈ ਹਿਰਾਸਤ 'ਚ ਲੈ ਲਿਆ ਸੀ।










ੴ ਸਤਿਗੁਰ ਪ੍ਰਸਾਦਿ॥

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲੱਸਤ ਬੁਦਨ ਬ ਸ਼ਮਸ਼ੀਰ ਦਸਤ॥

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਸਮੂਹ ਸਿੱਖ ਜਗਤ ਨੂੰ


# ਕੋਟਾਨਿ ਕੋਟਿ ਵਧਾਈ

## ਨਵਾਂ ਸਾਲ 2015 ਬਹੁਤ ਬਹੁਤ ਮੁਬਾਰਕ


ਸ. ਪ੍ਰਕਾਸ਼ ਸਿੰਘ ਬਾਦਲ
ਮੁਖ ਮੰਤਰੀ, ਪੰਜਾਬ


ਸ. ਸੁਖਬੀਰ ਸਿੰਘ ਬਾਦਲ
ਉਪ ਮੁਖ ਮੰਤਰੀ, ਪੰਜਾਬ


ਸ. ਸੁਰਜੀਤ ਸਿੰਘ ਰਖੜਾ
ਕੈਬਨਿਟ ਮੰਤਰੀ, ਪੰਜਾਬ


ਸ. ਦਰਸ਼ਨ ਸਿੰਘ
ਧਾਲੀਵਾਲ


ਮਨਜੀਤ ਸਿੰਘ ਦਸੂਹਾ
ਸੀਨੀਅਰ ਅਕਾਲੀ ਆਗੂ


ਬਲਦੇਵ ਸਿੰਘ ਸੱਲ੍ਹਾਂ
ਸੀਨੀਅਰ ਅਕਾਲੀ ਆਗੂ


ਜਸਕਰਨ ਸਿੰਘ ਧਾਲੀਵਾਲ
ਸੀਨੀਅਰ ਅਕਾਲੀ ਆਗੂ



ਹਰਵਿੰਦਰ ਸਿੰਘ ਘੋਤੜਾ
ਸੀਨੀਅਰ ਅਕਾਲੀ ਆਗੂ


ਅਮਰੀਕ ਸਿੰਘ-ਅਮਰ ਕਾਰਪੈਟਸ
ਸੀਨੀਅਰ ਅਕਾਲੀ ਆਗੂ


ਗੁਰਮੀਤ ਸਿੰਘ ਭੋਲਾ
ਸੀਨੀਅਰ ਅਕਾਲੀ ਆਗੂ


ਲਖਵੰਤ ਸਿੰਘ ਕੋਮਲ
ਸੀਨੀਅਰ ਅਕਾਲੀ ਆਗੂ


ਹੈਪੀ ਹੀਰ
ਸੀਨੀਅਰ ਅਕਾਲੀ ਆਗੂ


ਬਚਨ ਸਿੰਘ ਗਿੱਲ
ਸੀਨੀਅਰ ਅਕਾਲੀ ਆਗੂ


ਯਾਦਵਿੰਦਰ ਸਿੰਘ
ਗਰੇਵਾਲ
ਸੀਨੀਅਰ ਅਕਾਲੀ ਆਗੂ



ਇੰਦਰਜੀਤ ਸਿੰਘ
ਸੀਨੀਅਰ ਅਕਾਲੀ
ਆਗੂ


ਪਾਲ ਸਿੰਘ ਖਲੀਲ
ਸੀਨੀਅਰ ਅਕਾਲੀ
ਆਗੂ



ਕਿੱਟੂ ਬਾਵਾ
ਸੀਨੀਅਰ ਅਕਾਲੀ
ਆਗੂ


ਮਨਮਿੰਦਰ ਸਿੰਘ
ਹੀਰ
ਯੂਥ ਅਕਾਲੀ ਆਗੂ


ਪ੍ਰਭਜੋਤ ਸਿੰਘ
ਯੂਥ ਅਕਾਲੀ ਆਗੂ



ਕਾਲਾ ਪੱਡਾ
ਯੂਥ ਅਕਾਲੀ ਆਗੂ


ਬਲਜੀਤ ਸਿੰਘ
ਮੰਗੀ
ਯੂਥ ਅਕਾਲੀ ਆਗੂ


ਰਾਜਾ ਤੱਲ੍ਹਣ
ਯੂਥ ਅਕਾਲੀ ਆਗੂ

# ਸ਼੍ਰੋਮਣੀ ਅਕਾਲੀ ਦਲ, ਮਿਡਵੈਸਟ (ਅਮਰੀਕਾ)

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਕਲਗੀਧਰ ਪਾਤਸ਼ਾਹ ਸਰਬੰਸਦਾਨੀ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2015 ਦੀ

# ਲੱਖ-ਲੱਖ ਵਧਾਈ

## ਪਰਮਾਤਮਾ ਕਰੇ ਨਵਾਂ ਸਾਲ ਸਭਨਾਂ ਲਈ ਖੁਸ਼ੀਆਂ ਲੈ ਕੇ ਆਵੇ



ਬਲਵਿੰਦਰ (ਬੌਬ) ਸਿੰਘ ਸੰਧੂ



ਕਿਰਪਾਲ ਸਿੰਘ ਰੰਧਾਵਾ



ਜਸਵਿੰਦਰ (ਜੱਸੀ) ਸਿੰਘ ਸੰਧੂ



ਸੋਨੀ ਜੱਜ

# ਬਲਦੇ ਦਿਲ ਨਾਲ ਮਹਿਕਾਂ ਵੰਡਦਾ ਸ਼ਾਇਰ ਜਸਵਿੰਦਰ

## ਗਜ਼ਲਾਂ ਦੀ ਪੋਥੀ 'ਅਗਰਬੱਤੀ' ਦੀ ਸਾਹਿਤ ਅਕਾਦਮੀ ਇਨਾਮ ਲਈ ਉਡਾਣ

*ਸਾਹਿਤ ਅਕਾਦਮੀ ਦਾ ਇਨਾਮ ਇਸ ਵਾਰ ਸ਼ਾਇਰ ਜਸਵਿੰਦਰ ਨੂੰ ਦਿੱਤਾ ਗਿਆ ਹੈ। ਉਸ ਨੂੰ ਇਹ ਇਨਾਮ ਮਿਲਣ 'ਤੇ ਸਭ ਪੰਜਾਬੀ ਪਿਆਰਿਆਂ ਨੇ ਜਸ਼ਨ ਮਨਾਏ ਹਨ। ਅਸਲ ਵਿਚ ਇਹ ਇਨਾਮ ਹਾਸਲ ਕਰਨ ਲਈ ਕੁਝ ਸਾਹਿਤਕਾਰਾਂ ਵਲੋਂ ਕੀਤੀ ਜਾਂਦੀ ਦੌੜ-ਭੱਜ ਨਾਲ ਇਹ ਸਦਾ ਵਿਵਾਦਾਂ ਵਿਚ ਘਿਰਦਾ ਰਿਹਾ ਹੈ, ਪਰ ਜਦੋਂ ਅਜਿਹੇ ਇਨਾਮ ਦਾ ਗੁਣਾ ਜਸਵਿੰਦਰ ਵਰਗੇ ਸ਼ਾਇਰ 'ਤੇ ਪੈਂਦਾ ਹੈ, ਤਾਂ ਲਗਦਾ ਹੈ ਕਿ ਇਸ ਨਾਲ ਸਗੋਂ ਇਨਾਮ ਦਾ ਹੀ ਮਾਣ ਵਧਿਆ ਹੈ। ਜਸਵਿੰਦਰ ਨੇ ਮੁੱਖ ਰੂਪ ਵਿਚ ਗਜ਼ਲਾਂ ਹੀ ਲਿਖੀਆਂ ਹਨ ਅਤੇ ਆਪਣੇ ਸ਼ਿਅਰਾਂ ਵਿਚ ਨਵੀਆਂ ਉਡਾਣਾਂ ਭਰੀਆਂ ਹਨ। ਇਹ ਉਡਾਣ ਪਹਿਲਾਂ ਉਸ ਨੂੰ ਪਾਠਕਾਂ ਦੇ ਦਿਲਾਂ ਤੱਕ ਲੈ ਕੇ ਗਈ ਅਤੇ ਹੁਣ ਉਸ ਦੀ ਝੋਲੀ ਸਾਹਿਤ ਅਕਾਦਮੀ ਦੇ ਇਨਾਮ ਨਾਲ ਭਰ ਦਿੱਤੀ ਹੈ। ਆਸ ਹੀ ਨਹੀਂ ਯਕੀਨ ਹੈ ਕਿ ਜਸਵਿੰਦਰ ਆਪਣੀ ਸ਼ਾਇਰੀ ਨਾਲ ਪੰਜਾਬੀ ਸਾਹਿਤ ਦਾ ਵਿਹੜਾ ਪਹਿਲਾਂ ਵਾਂਗ ਹੀ ਮਹਿਕਾਈ ਰੱਖੇਗਾ। -ਸੰਪਾਦਕ*

### ਸ਼ਾਇਰ ਜਸਵਿੰਦਰ ਦੀਆਂ ਗਜ਼ਲਾਂ

ਕਲਾ ਪਰਿਕਰਮਾ



(1)

ਬਾਰੀਂ ਬਰਸੀਂ ਖੱਟਣ ਗਿਆ ਸੀ,
ਖੱਟਣ ਗਿਆ ਨਾ ਆਇਆ।
ਮਾਂ ਵੀ ਭੁੱਲਿਆ,
ਮਾਂ-ਬੋਲੀ ਵੀ ਭੁੱਲਿਆ ਮਾਂ ਦਾ ਜਾਇਆ।
ਪੈਰਾਂ ਹੇਠਾਂ ਅੱਗ ਸੀ ਏਨੀ
ਦਿਲ ਤੱਕ ਛਾਲੇ ਹੋਏ,
ਆਖ਼ਰ ਤਪਦੀ ਮਿੱਟੀ ਛੱਡ ਕੇ
ਬਰਫ਼ਾਂ ਵੱਲ ਉਹ ਧਾਇਆ।
ਸੂਲ਼ੀ ਚੜ੍ਹ ਪਰਦੇਸੀ ਰੁੱਖ ਤੋਂ ਪੌਂਡ ਬਥੇਰੇ ਤੋੜੇ,
ਰੂਹ ਨੂੰ ਚੜ੍ਹਿਆ ਤਾਪ ਨਾ ਟੁੱਟਿਆ,
ਹੋਇਆ ਦੂਣ ਸਵਾਇਆ।
ਵਤਨੋਂ ਆਈ ਚਿੱਠੀ ਸੌਵੀਂ ਵਾਰ ਪੜ੍ਹਨ ਤੋਂ ਪਿਛੋਂ,
ਅੱਥਰੂ ਪੀ ਕੇ ਉਸ ਨੇ
ਕੌੜਾ ਪਾਣੀ ਮੂੰਹ ਨੂੰ ਲਾਇਆ।
ਯਾਦ ਬੜਾ 'ਹੈਰੀ' ਨੂੰ ਆਇਆ
ਉਹ 'ਹਰਦੇਵ' ਨਿਆਣਾ,
ਸੁਫ਼ਨੇ ਵਿਚ ਜਦ ਲਾਡ ਲਡਾਉਂਦਾ
ਦਿਸਿਆ ਅਰਜਣ ਤਾਇਆ।
ਤਨ ਦੀ ਪਿਆਸ ਬੁਝੀ, ਮਨ ਤੜਪੇ,
ਜੜ੍ਹ ਉਖੜੀ, ਪੱਤ ਪੀਲੇ,
ਰੋਜ਼ ਹਿਸਾਬ ਕਰੇ ਉਹ ਉੱਠ ਕੇ
ਕੀ ਖੋਇਆ ਕੀ ਪਾਇਆ।

(2)

ਅਸੀਂ ਦਿਲ ਛੱਡ ਗਏ ਹੋਈਏ
ਅਜੇਹਾ ਵੀ ਨਹੀਂ ਲਗਦਾ,
ਪਤਾ ਨਈਂ ਫੇਰ ਕਿਉਂ ਸਾਡਾ
ਕਿਤੇ ਵੀ ਜੀ ਨਹੀਂ ਲਗਦਾ।
ਕਦੇ ਲਗਦੇ ਨੇ ਤਾਰੇ, ਫੁੱਲ,
ਪੰਛੀ ਆਪਣੇ ਵਰਗੇ,
ਕਦੇ ਸ਼ੀਸ਼ੇ 'ਚ ਆਪਣਾ ਅਕਸ
ਆਪਣਾ ਹੀ ਨਹੀਂ ਲਗਦਾ।
ਕਿਵੇਂ ਇਕ ਨਾਮ ਦੇਈਏ ਇਸ 'ਚ
ਸਭ ਰਿਸ਼ਤੇ ਸਮੋਏ ਨੇ,
ਲਹੂ ਵਿਚ ਦਰਦ ਜੋ ਘੁਲਿਆ ਹੈ,
ਸਾਡਾ ਕੀ ਨਹੀਂ ਲਗਦਾ।
ਕਿਸੇ ਨੂੰ ਜਗ ਰਹੀ ਹਰ ਚੀਜ਼ 'ਚੋਂ
ਸੂਰਜ ਨਜ਼ਰ ਆਵੇ,
ਕਿਸੇ ਨੂੰ ਪੁੰਨਿਆਂ ਦਾ ਚੰਨ ਵੀ
ਅਸਲੀ ਨਹੀਂ ਲਗਦਾ।
ਜਦੋਂ ਤਕ ਹੋਸ਼ ਆਉਂਦੀ
ਕੁਝ ਨਹੀਂ ਬਚਦਾ ਸੰਭਾਲਣ ਨੂੰ,
ਪਤਾ ਮੁੱਠੀ 'ਚੋਂ ਕਿਰਦੀ ਰੇਤ ਦਾ
ਛੇਤੀ ਨਹੀਂ ਲਗਦਾ।
ਛਿੜੇ ਜਦ ਕੰਬਣੀ ਖ਼ਾਬਾਂ 'ਚ
ਉਸ ਵੇਲੇ ਸਮਝ ਆਉਂਦੀ,
ਕਿ ਪਾਲ਼ਾ ਸਿਰਫ ਖੁੱਲ੍ਹੀਆਂ ਬਾਰੀਆਂ
ਵਿਚਦੀ ਨਹੀਂ ਲਗਦਾ।
ਘੜੀ ਵਿਚ ਨੁਕਸ ਹੈ ਜਾਂ
ਵਕਤ ਹੀ ਬੇਵਕਤ ਹੋ ਚੱਲਿਆ,
ਸਵੇਰਾ ਹੋ ਗਿਆ ਪਰ
ਦਿਨ ਤਾਂ ਚੜ੍ਹਿਆ ਹੀ ਨਹੀਂ ਲਗਦਾ।

(3)

ਅੱਗ ਹੈ, ਪਾਣੀ ਹੈ,
ਇਹ ਆਕਾਸ਼ ਹੈ ਜਾਂ ਪੌਣ ਹੈ।
ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ।
ਮਨ ਦੀਆਂ ਰੁੱਤਾਂ ਦੇ ਇਸ ਕੋਲਾਜ ਨੂੰ
ਕੀ ਨਾਂ ਦਿਆਂ,
ਮੇਰੀਆਂ ਅੱਖਾਂ 'ਚ ਅੱਧਾ ਹਾੜ੍ਹ ਅੱਧਾ ਸੌਣ ਹੈ।
ਪੈਲ ਪਾ ਕੇ ਨੱਚਣਾ ਤੈਨੂੰ ਬੜਾ ਮਹਿੰਗਾ ਪਿਆ,
ਨੱਚਦੀਆਂ ਛੁਰੀਆਂ 'ਚ ਹੁਣ
ਮੋਰਾ ਵੇ ਤੇਰੀ ਧੌਣ ਹੈ।
ਤੇਰੇ ਜਤ ਸਤ ਤੋਂ ਜ਼ਿਆਦਾ,
ਤੇਰੇ ਤਰਲੇ ਤੋਂ ਵਧੀਕ,
ਪੂਰਨਾ ਇਸ ਕਲਯੁਗੀ ਖੂਹ ਦੀ
ਉਚੇਰੀ ਮੌਣ ਹੈ।
ਸਾੜ ਕੇ ਮੇਰਾ ਲਹੂ ਮਹਿਕਾਂ ਫ਼ਿਜ਼ਾ ਵਿਚ ਵੰਡਦੀ,
ਮੇਰੇ ਅੰਦਰ ਧੁਖ਼ ਰਹੀ
ਇਹ ਅਗਰਬੱਤੀ ਕੌਣ ਹੈ।

(4)

ਮੰਚ ਤੋਂ ਕੇਹੋ ਜਿਹਾ ਨਾਟਕ
ਦਿਖਾਇਆ ਜਾ ਰਿਹਾ ਹੈ।
ਜ਼ਖ਼ਮ ਦਾ ਕਿਰਦਾਰ ਖ਼ੰਜਰ ਤੋਂ
ਨਿਭਾਇਆ ਜਾ ਰਿਹਾ ਹੈ।
ਇਕ ਸੁਰੀਲੀ ਤਾਨ ਦਾ ਵਾਅਦਾ ਸੀ
ਫਿਰ ਇਹ ਸ਼ੋਰ ਕਾਹਦਾ,
ਕੀ ਸੁਣਨ ਆਇਆ ਸੀ ਮੈਂ
ਇਹ ਕੀ ਸੁਣਾਇਆ ਜਾ ਰਿਹਾ ਹੈ।
ਕਿਸ ਤਰ੍ਹਾਂ ਦੀ ਜੰਗ ਹੈ ਦੋਨੋਂ ਤਰਫ਼
ਮੈਂ ਆਪ ਹੀ ਹਾਂ,
ਮੈਨੂੰ ਮੇਰੇ ਨਾਲ ਕਿਸ ਗੱਲੋਂ
ਲੜਾਇਆ ਜਾ ਰਿਹਾ ਹੈ।
ਖੌਫ਼ ਦੀ ਲਿੱਪੀ 'ਚ ਇਕ ਦਰਵੇਸ਼
ਜੰਗਲ ਦੇ ਸਫ਼ੇ 'ਤੇ,
ਤਰਜਮਾ ਅੱਗ ਦਾ ਦਰਖਤਾਂ ਤੋਂ
ਕਰਾਇਆ ਜਾ ਰਿਹਾ ਹੈ।
ਪਾੜਨੇ ਪਾਣੀ
ਪੜ੍ਹਾਇਆ ਜਾ ਰਿਹਾ ਹੈ ਪੱਥਰਾਂ ਨੂੰ,
ਸ਼ੀਸ਼ਿਆਂ ਨੂੰ ਢੰਗ ਤਿੜਕਣ ਦਾ
ਸਿਖਾਇਆ ਜਾ ਰਿਹਾ ਹੈ।
ਰੱਤ ਕਲੀਆਂ ਦੀ
ਪਿਲਾਈ ਜਾ ਰਹੀ ਹੈ ਭੰਵਰਿਆਂ ਨੂੰ,
ਤਿਤਲੀਆਂ ਨੂੰ ਮਾਸ ਫੁੱਲਾਂ ਦਾ
ਖਵਾਇਆ ਜਾ ਰਿਹਾ ਹੈ।
ਸੁਲਗਦਾ ਲਾਵਾ, ਨਦੀ ਤੇਜ਼ਾਬ ਦੀ,
ਅੱਗ ਦਾ ਜਜ਼ੀਰਾ,
ਮੇਰੀਆਂ ਨੀਂਦਾਂ 'ਚ ਇਹ ਕੀ ਕੀ
ਛੁਪਾਇਆ ਜਾ ਰਿਹਾ ਹੈ।
ਦੀਵਿਆ ਤੂੰ ਸੋਚ ਤੇਰੇ ਹੁੰਦਿਆਂ
ਸੂਰਜ ਤੋਂ ਚੋਰੀ,
ਕਾਫ਼ਲਾ ਕਿਰਨਾਂ ਦਾ ਕਿੱਧਰ ਨੂੰ
ਲਿਜਾਇਆ ਜਾ ਰਿਹਾ ਹੈ।
ਦਰਦ ਦੀ ਡੂੰਘੀ ਨਦੀ ਵਿਚ
ਰੋਜ਼ ਡੁਬਦੇ ਹਾਂ ਅਸੀਂ ਤਾਂ,
ਰੋਜ਼ ਸੁਣਦੇ ਹਾਂ ਕਿ ਇਸ 'ਤੇ
ਪੁਲ ਬਣਾਇਆ ਜਾ ਰਿਹਾ ਹੈ।

### ਮੈਂ ਤੇ ਮੇਰੀ ਗਜ਼ਲ

ਮੈਂ ਸਮੁੱਚੀ ਕਾਵਿ-ਪ੍ਰੰਪਰਾ ਨੂੰ ਆਪਣੀ ਉਸਤਾਦ ਮੰਨਦਾ ਹਾਂ। ਬਚਪਨ ਤੋਂ ਹੀ ਸਰੋਦੀ ਕਵਿਤਾ ਪ੍ਰਤੀ ਖਿੱਚ ਨੇ ਅਰੂਜ਼ੀ ਬਾਰੀਕੀਆਂ ਸਮਝਣੀਆਂ ਮੇਰੇ ਲਈ ਆਸਾਨ ਕਰ ਦਿੱਤੀਆਂ। ਬਹਿਰਾਂ ਵਿਚ ਨਵੇਂ ਤੇ ਓਪਰੇ ਤਜਰਬੇ ਕਰਨੇ ਮੈਨੂੰ ਪਸੰਦ ਨਹੀਂ, ਕਿਉਂਕਿ ਬਹਿਰ ਮੇਰੇ ਲਈ ਅਹਿਸਾਸ ਦੇ ਪ੍ਰਗਟਾਵੇ ਦਾ ਮਾਧਿਅਮ ਮਾਤਰ ਹੈ। ਮਹਿਜ਼ ਸ਼ਿਲਪਕਾਰੀ ਦੀ ਉਧੇੜ-ਬੁਣ ਨਾਲ ਖ਼ਿਆਲ ਦੀ ਸ਼ਿੱਦਤ ਪੇਤਲੀ ਪੈਣ ਦਾ ਤੌਖ਼ਲਾ ਬਣਿਆ ਰਹਿੰਦਾ ਹੈ। ਆਪਣੀ ਗ਼ਜ਼ਲ ਦਾ ਪਹਿਲਾ ਆਲੋਚਕ ਮੈਂ ਆਪ ਹੁੰਦਾ ਹਾਂ। ਵਿਚਾਰ ਦੀ ਸਪਸ਼ਟਤਾ, ਸੰਚਾਰਮੁੱਖਤਾ, ਭਾਸ਼ਾ ਦੀ ਤਾਜ਼ਗੀ ਅਤੇ ਮੌਲਿਕਤਾ ਦਾ ਖ਼ਿਆਲ ਰੱਖਦਾ ਹਾਂ। ਗ਼ਜ਼ਲ ਪੂਰੀ ਹੋਣ ਉਪਰੰਤ ਉਕਾਈਆਂ 'ਤੇ ਨਜ਼ਰਸਾਨੀ ਕਰਦਾ ਹਾਂ। ਦੋਸਤਾਂ ਦੀ ਨੇਕ ਰਾਇ ਦੀ ਕਦਰ ਕਰਦਾ ਹਾਂ। ਫਿਰ ਵੀ ਸੰਪੂਰਨਤਾ ਦਾ ਕੋਈ ਦਾਅਵਾ ਨਹੀਂ। ਗ਼ਜ਼ਲ ਸਿਰਜਣਾ ਦੇ ਪੂਰੇ ਸਫ਼ਰ ਦੌਰਾਨ ਮੈਂ ਕਦੇ ਕਾਹਲੀ ਨਹੀਂ ਕੀਤੀ। ਜੋ ਵੀ ਲਿਖਿਆ, ਆਪਣੀ ਸਹਿਜ ਚਾਲ ਕਾਇਮ ਰੱਖਦਿਆਂ ਹੀ ਲਿਖਿਆ। ਸ਼ਾਇਰੀ ਦਾ ਕੋਈ ਇਲਹਾਮ ਨਹੀਂ ਹੁੰਦਾ ਅਤੇ ਆਮਦ ਵੀ ਰੋਜ਼-ਰੋਜ਼ ਨਹੀਂ ਹੁੰਦੀ। ਮੈਨੂੰ ਸਹਿਜ ਅੰਦਾਜ਼ ਵਿਚ ਗ਼ਜ਼ਲ ਲਿਖ ਕੇ ਸੰਤੁਸ਼ਟੀ ਅਤੇ ਤੜਫ ਬਰਾਬਰ ਮਿਲਦੀਆਂ ਨੇ। -ਜਸਵਿੰਦਰ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਜਨਵਰੀ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-150



**ਕੋਠੀ ਪਾਈ ਰੀਝ ਨਾਲ ਪੁੱਤਾਂ ਪਰਵਾਸੀਆਂ ਨੇ,**
**ਟੌਹਰ ਲਈ ਟੈਂਕੀ ਉਤੇ ਰੱਖਿਆ ਜਹਾਜ ਐ।**
**ਪੁੱਤ-ਪੋਤੇ ਨੂੰਹਾਂ ਸਾਰੇ ਬਾਹਰਲੇ ਮੁਲਕ ਗਏ,**
**ਕੋਠੀ ਵਿਚ ਬਾਪੂ-ਬੇਬੇ ਭਈਆਂ ਦੇ ਮੁਥਾਜ ਐ।**

## ਕੈਪਸ਼ਨ ਮੁਕਾਬਲਾ-148



ਤਿਆਰ ਕਰੇ ਮੈਨੂੰ ਸਕੂਲ ਤੋਰਨ ਲਈ
ਨਾਲੇ ਸੁਪਨੇ ਨਿੱਤ ਨਵੇਂ ਸਜਾਵੇ।
'ਮੇਰੀ ਲਾਡਲੀ ਪੜ੍ਹ ਬਣੇ ਡਾਕਟਰ,
ਇੰਜੀਨੀਅਰ ਜਾਂ ਸਾਇੰਸਦਾਨ ਕਹਾਵੇ।
'ਚਾਵਲਾ' 'ਵਿਲਸਨ' ਵਾਂਗੂੰ ਭਰੇ ਉਡਾਰੀ
ਸਾਰਾ ਅਸਮਾਨ ਪਈ ਗਾਹਵੇ।
ਪਰ ਖੇਡਾਂ ਬਿਨਾਂ ਕੁਝ ਸਮਝ ਨਾ ਆਵੇ
ਮੰਮੀ ਕੀ ਕੀ ਬੁਝਾਰਤਾਂ ਪਾਵੇ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਪਾ ਕੇ ਵਰਦੀ, ਕਰ ਕੇ ਗੁੱਤਾਂ
ਭੋਲੀ ਭਾਲੀ ਲੱਗੇ ਪਿਆਰੀ।
ਦਿਨ ਖੇਡਣ ਦੇ ਜਿੰਦ ਨਿੱਕੀ ਦੇ
ਚੁੱਕਣਾ ਪੈ ਗਿਆ ਬਸਤਾ ਭਾਰੀ।
ਸਾਈਕਲੀ ਛੱਡਣ ਨੂੰ ਦਿਲ ਨੀ ਕਰਦਾ
ਪਰ ਬਸ ਦੇ ਹਾਰਨ ਦੀ ਵੀ ਤਿਆਰੀ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਮੰਮੀ ਮੇਰੀ ਬੜੀ ਪਿਆਰੀ
ਮੈਂ ਮੰਮੀ ਦੀ ਰਾਜ ਦੁਲਾਰੀ।
ਸਵੇਰੇ ਉਠ ਕੇ ਨਹਾਵਾਂ ਮੈਂ
ਛੇਤੀ ਛੇਤੀ ਤਿਆਰ ਹੋ ਜਾਵਾਂ ਮੈਂ।
ਲਾ ਮੋਢਿਆਂ ਉਪਰ ਬਸਤਾ
ਮੇਰੀ ਹੋ ਗਈ ਸਕੂਲ ਦੀ ਤਿਆਰੀ।
ਟਾਈਮ ਹਾਲੇ ਪਿਆ ਸਕੂਲ ਜਾਣ ਦਾ
ਸੋਚਿਆ ਪਹਿਲਾਂ ਕਰ ਲਵਾਂ
ਸਾਈਕਲ ਆਪਣੇ ਦੀ ਸਵਾਰੀ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਚਾਅ ਮੰਮੀ ਮੈਂ ਕਰਨੇ ਪੂਰੇ
ਕਰੂੰ ਪੜ੍ਹਾਈ ਪੂਰੀ ਮੈਂ।
ਖੇਡਣਾ ਵੀ ਬਚਪਨ ਵਿਚ ਪੂਰਾ
ਨਾ ਰੱਖਣੀ ਰੀਝ ਅਧੂਰੀ ਮੈਂ।

*-ਨਿਰੰਜਣ ਸਿੰਘ ਨਿਊ ਯਾਰਕ*

## ਕੈਪਸ਼ਨ ਮੁਕਾਬਲਾ-147

ਅਸੀਂ ਕਰਦੇ ਮਾਲਕ ਨਾਲ
ਵਫਾਦਾਰੀ ਤੇ ਪਿਆਰ।
ਸਾਨੂੰ ਖਾਨਦਾਨੀ ਮਿਲੇ ਹਨ
ਲੋਕੋ ਇਹ ਸੰਸਕਾਰ।
ਮਤਲਬ ਲਈ ਅਸੀਂ
ਯਾਰੀ ਨਹੀਂ ਪਾਉਂਦੇ ਜੀ।
ਜਿਥੇ ਪਾਉਂਦੇ ਯਾਰੀ
ਫਿਰ ਸਿਰੇ ਚੜ੍ਹਾਉਂਦੇ ਜੀ।

*-ਗੋਰਾ ਪ੍ਰਜਾਪਤ, ਨਿਊ ਯਾਰਕ*

# ਸੋਕਾ ਰਾਹਤ ਬਾਰੇ ਵੀ ਪੰਜਾਬ ਨੂੰ ਮਿਲਿਆ ਕੋਰਾ ਜਵਾਬ

**ਬਠਿੰਡਾ:** ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਬਣਨ ਦੇ ਛੇ ਮਹੀਨੇ ਪਿੱਛੋਂ ਵੀ ਭਾਈਵਾਲ ਅਕਾਲੀ ਦਲ ਨੂੰ ਆਰਥਿਕ ਖੁਸ਼ਕੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕ ਸਭਾ ਚੋਣ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਸੀ ਕੇਂਦਰ ਵਿਚ ਭਾਜਪਾ ਸਰਕਾਰ ਆਉਣ ਨਾਲ ਪੰਜਾਬ ਦੇ ਸਾਰੇ ਦੁੱਖ ਕੱਟੇ ਜਾਣਗੇ ਤੇ ਸੂਬੇ ਵਿਚ ਟਰੱਕ ਭਰ-ਭਰ ਕੇ ਪੈਸੇ ਦੇ ਆਉਣਗੇ ਪਰ ਭਾਜਪਾ ਸਰਕਾਰ ਨੇ ਛੇ ਮਹੀਨੇ ਦਾ ਰਾਜ-ਭਾਗ ਭੋਗ ਕੇ ਵੀ ਪੰਜਾਬ ਸਰਕਾਰ ਨੂੰ ਅਗੂੰਠਾ ਵਿਖਾਉਣ ਵਾਲੀ ਨੀਤੀ ਅਪਨਾਈ ਹੋਈ ਹੈ।



ਕੇਂਦਰ ਸਰਕਾਰ ਜਿਥੇ ਪੰਜਾਬ ਨੂੰ ਵਿਸ਼ੇਸ਼ ਵਿੱਤੀ ਪੈਕੇਜ ਤੋਂ ਕੋਰਾ ਜੁਆਬ ਦੇ ਚੁੱਕੀ ਹੈ ਉਥੇ ਸੂਬੇ ਦੀਆਂ ਕਈ ਇਦਾਰੀਆਂ 'ਤੇ ਰੋਕ ਲਾਈ ਹੋਈ ਹੈ। ਹੁਣ ਤਾਜ਼ਾ ਫੈਸਲੇ ਵਿਚ ਪੰਜਾਬ ਸਰਕਾਰ ਨੂੰ ਸੋਕਾ ਰਾਹਤ ਵਜੋਂ ਵਿਸ਼ੇਸ਼ ਪੈਕੇਜ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਕੇਂਦਰੀ ਖੇਤੀ ਮੰਤਰਾਲੇ ਨੇ ਸਪਸ਼ਟ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਨੇ ਸੂਬੇ ਨੂੰ ਸੋਕਾਗ੍ਰਸਤ ਨਹੀਂ ਐਲਾਨਿਆ, ਜਿਸ ਕਰਕੇ ਕੇਂਦਰੀ ਆਫਤ ਪ੍ਰਬੰਧਨ ਫੰਡ ਵਿਚੋਂ ਕੋਈ ਵਿਸ਼ੇਸ਼ ਰਾਹਤ ਨਹੀਂ ਦਿੱਤੀ ਜਾ ਸਕਦੀ ਹੈ। ਪੰਜਾਬ ਸਰਕਾਰ ਨੇ ਤਰਕ ਦਿੱਤਾ ਹੈ ਕਿ ਸੂਬੇ ਨੂੰ ਸਾਲ 2008-09 ਤੇ ਫਿਰ 2012 ਵਿਚ ਸੋਕੇ ਦਾ ਸਾਹਮਣਾ ਕਰਨਾ ਪਿਆ ਸੀ। ਉਦੋਂ ਇਸ ਨੂੰ ਸੋਕਾਗ੍ਰਸਤ ਰਾਜ ਨਹੀਂ ਐਲਾਨਿਆ ਗਿਆ ਸੀ, ਫਿਰ ਵੀ ਕੇਂਦਰੀ ਸਹਾਇਤਾ ਪ੍ਰਾਪਤ ਹੋਈ ਸੀ। ਮੋਦੀ ਸਰਕਾਰ ਨੇ ਇਨ੍ਹਾਂ ਤਰਕਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਕੇਂਦਰੀ ਖੇਤੀ ਮੰਤਰਾਲੇ ਦੀ ਸੂਚਨਾ ਅਨੁਸਾਰ ਕੇਂਦਰੀ ਪੂਲ ਵਿਚ ਪੰਜਾਬ 38.75 ਫੀਸਦੀ ਕਣਕ ਤੇ 32.47 ਫੀਸਦੀ ਝੋਨੇ ਦਾ ਯੋਗਦਾਨ ਪਾਉਂਦਾ ਹੈ। ਮੰਤਰਾਲੇ ਅਨੁਸਾਰ ਕੇਂਦਰੀ ਆਫਤ ਪ੍ਰਬੰਧਨ ਫੰਡ ਮੁਤਾਬਕ ਕਿਸੇ ਵੀ ਸੂਬੇ ਵਿਚ 50 ਫੀਸਦੀ ਜਾਂ ਪੰਜਾਹ ਫੀਸਦੀ ਤੋਂ ਜ਼ਿਆਦਾ ਨੁਕਸਾਨ ਸੋਕੇ ਕਾਰਨ ਹੋਣ ਦੀ ਸੂਰਤ ਵਿਚ ਇਨਪੁੱਟ ਸਬਸਿਡੀ ਦੇ ਰੂਪ ਵਿਚ ਕੇਂਦਰੀ ਸਹਾਇਤਾ ਦਿੱਤੀ ਜਾਂਦੀ ਹੈ। ਮੰਤਰਾਲੇ ਨੇ ਦੱਸਿਆ ਹੈ ਕਿ ਪਹਿਲਾਂ ਪੰਜਾਬ ਸਰਕਾਰ ਰਾਜ ਨੂੰ ਸੋਕਾਗ੍ਰਸਤ ਐਲਾਨਦੀ ਹੈ ਤੇ ਉਸ ਮਗਰੋਂ ਕੇਂਦਰ ਸਰਕਾਰ ਨੂੰ ਰਿਲੀਫ ਮੈਮੋਰੰਡਮ ਤਿਆਰ ਕਰਕੇ ਦਿੱਤਾ ਜਾਂਦਾ ਹੈ।ਮੰਤਰਾਲੇ ਅਨੁਸਾਰ ਪੰਜਾਬ ਸਰਕਾਰ ਨੇ 2014 ਦੀ ਸਾਉਣੀ ਦੌਰਾਨ ਰਾਜ ਨੂੰ ਸੋਕਾਗ੍ਰਸਤ ਐਲਾਨਿਆ ਨਹੀਂ ਹੈ, ਜਿਸ ਕਰਕੇ ਰਾਜ ਸ਼ਰਤਾਂ ਪੂਰੀਆਂ ਨਹੀਂ ਕਰਦਾ ਹੈ। ਕੇਂਦਰੀ ਵਿੱਤ ਮੰਤਰਾਲੇ ਤੋਂ ਪ੍ਰਾਪਤ ਸੂਚਨਾ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 22 ਅਗਸਤ 2014 ਨੂੰ ਇਕ ਵਿਸਥਾਰਤ ਪੱਤਰ ਭੇਜ ਕੇ 2330 ਕਰੋੜ ਰੁਪਏ ਦੀ ਵਿਸ਼ੇਸ਼ ਕੇਂਦਰੀ ਸਹਾਇਤਾ ਮੰਗੀ ਸੀ। ਮੁੱਖ ਮੰਤਰੀ ਨੇ ਤਰਕ ਦਿੱਤਾ ਹੈ ਕਿ ਪੰਜਾਬ ਵਿਚ ਐਤਕੀਂ 51 ਤੋਂ 61 ਫੀਸਦੀ ਬਾਰਸ਼ ਘੱਟ ਪਈ ਹੈ। ਮੁੱਖ ਮੰਤਰੀ ਨੇ ਕੇਂਦਰ ਨੂੰ ਦੱਸਿਆ ਕਿ ਐਤਕੀਂ ਬਾਰਸ਼ਾਂ ਘੱਟ ਹੋਣ ਕਰਕੇ ਡੀਜ਼ਲ ਦਾ 79 ਕਰੋੜ ਰੁਪਏ ਦਾ ਵਾਧੂ ਬੋਝ ਪਿਆ ਤੇ ਟਿਊਬਵੈੱਲ ਡੂੰਘੇ ਕਰਨ ਵਾਸਤੇ ਕਿਸਾਨਾਂ ਨੂੰ 700 ਕਰੋੜ ਰੁਪਏ ਦਾ ਖਰਚਾ ਕਰਨਾ ਪਿਆ। ਇਸੇ ਤਰ੍ਹਾਂ 1500 ਕਰੋੜ ਰੁਪਏ ਬਿਜਲੀ ਖਰਚ ਦੇ ਰੂਪ ਵਿਚ ਮੰਗੇ ਸਨ।

ਮੁੱਖ ਮੰਤਰੀ ਨੇ ਤਾਂ ਝੋਨੇ, ਨਰਮੇ ਤੇ ਮੱਕੀ ਦੀ ਫਸਲ 'ਤੇ ਬੋਨਸ ਦੀ ਮੰਗ ਕੀਤੀ ਸੀ ਪਰ ਉਸ ਤੋਂ ਕੇਂਦਰ ਪਹਿਲਾਂ ਹੀ ਭੱਜ ਗਿਆ ਸੀ। ਪੰਜਾਬ ਨੇ ਬੀਜਾਂ 'ਤੇ ਵੀ ਸਬਸਿਡੀ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਨੇ ਬਾਕਾਇਦਾ ਬਾਰਸ਼ਾਂ ਦੇ ਸਾਰੇ ਤੱਥ ਕੇਂਦਰ ਨੂੰ ਭੇਜੇ ਸਨ। ਇਥੋਂ ਤੱਕ ਕਿ ਪੰਜਾਬ ਸਰਕਾਰ ਨੇ ਯੂ.ਪੀ.ਏ ਸਰਕਾਰ ਸਮੇਂ ਕੇਂਦਰੀ ਵਿੱਤ ਮੰਤਰਾਲੇ ਵੱਲੋਂ 31 ਮਾਰਚ 2010 ਨੂੰ ਖੇਤੀ ਸੈਕਟਰ ਲਈ ਖਰੀਦ ਕੀਤੀ ਬਿਜਲੀ ਵਾਸਤੇ 800 ਕਰੋੜ ਰੁਪਏ ਦਿੱਤੇ ਜਾਣ ਵਾਲੇ ਪੱਤਰ ਦੀ ਨਕਲ ਵੀ ਕੇਂਦਰ ਸਰਕਾਰ ਨੂੰ ਭੇਜੀ ਸੀ।

### ਪੰਜਾਬ ਸਰਕਾਰ ਦੇ ਰਾਹਤ ਬਾਰੇ ਸਾਰੇ ਤਰਕ ਨਜ਼ਰਅੰਦਾਜ਼

ਸੋਕਾ ਰਾਹਤ ਬਾਰੇ ਕੇਂਦਰ ਨੇ ਪੰਜਾਬ ਸਰਕਾਰ ਦੇ ਸਾਰੇ ਤਰਕ ਨਜ਼ਰਅੰਦਾਜ਼ ਕਰ ਦਿੱਤੇ ਹਨ। ਕੇਂਦਰੀ ਖੇਤੀ ਮੰਤਰਾਲੇ ਨੇ ਸਪਸ਼ਟ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਨੇ ਸੂਬੇ ਨੂੰ ਸੋਕਾਗ੍ਰਸਤ ਨਹੀਂ ਐਲਾਨਿਆ, ਜਿਸ ਕਰਕੇ ਕੇਂਦਰੀ ਆਫਤ ਪ੍ਰਬੰਧਨ ਫੰਡ ਵਿਚੋਂ ਕੋਈ ਵਿਸ਼ੇਸ਼ ਰਾਹਤ ਨਹੀਂ ਦਿੱਤੀ ਜਾ ਸਕਦੀ ਹੈ। ਪੰਜਾਬ ਸਰਕਾਰ ਨੇ ਤਰਕ ਦਿੱਤਾ ਹੈ ਕਿ ਸੂਬੇ ਨੂੰ ਸਾਲ 2008-09 ਤੇ ਫਿਰ 2012 ਵਿਚ ਸੋਕੇ ਦਾ ਸਾਹਮਣਾ ਕਰਨਾ ਪਿਆ ਸੀ। ਉਦੋਂ ਇਸ ਨੂੰ ਸੋਕਾਗ੍ਰਸਤ ਰਾਜ ਨਹੀਂ ਐਲਾਨਿਆ ਗਿਆ ਸੀ, ਫਿਰ ਵੀ ਕੇਂਦਰੀ ਸਹਾਇਤਾ ਪ੍ਰਾਪਤ ਹੋਈ ਸੀ। ਮੋਦੀ ਸਰਕਾਰ ਨੇ ਇਨ੍ਹਾਂ ਤਰਕਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ।

### ਕਿਸਾਨਾਂ ਨੂੰ ਮਹਿੰਗੀ ਪਈ ਸਰਕਾਰ ਦੀ ਘੇਸਲ

ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸੋਕਾਗ੍ਰਸਤ ਨਾ ਐਲਾਨਣ ਕਾਰਨ ਸੂਬੇ ਦੇ ਕਿਸਾਨ ਕੇਂਦਰੀ ਰਾਹਤ ਤੋਂ ਵਾਂਝੇ ਰਹਿ ਗਏ ਹਨ। ਕਿਸੇ ਵੀ ਰਾਹਤ ਤੋਂ ਕੋਰਾ ਜਵਾਬ ਦਿੰਦਿਆਂ ਕੇਂਦਰ ਨੇ ਸਾਫ ਕਰ ਦਿੱਤਾ ਹੈ ਕਿ ਜੇਕਰ ਸਰਕਾਰ ਵੱਲੋਂ ਆਪਣੇ ਸੂਬੇ ਨੂੰ ਸੋਕਾਗ੍ਰਸਤ ਐਲਾਨਿਆਂ ਜਾਂਦਾ ਹੈ ਤਾਂ ਹੀ ਉਹ ਕੇਂਦਰੀ ਮਦਦ ਦਾ ਹੱਕਦਾਰ ਹੈ। ਪੰਜਾਬ ਸਰਕਾਰ ਇਹ ਮੌਕਾ ਖੁੰਝ ਚੁੱਕੀ ਹੈ ਜਿਸ ਦਾ ਖਮਿਆਜ਼ਾ ਸੂਬੇ ਦੇ ਕਿਸਾਨਾਂ ਨੂੰ ਭੁਗਤਣਾ ਪਿਆ ਹੈ ਹਾਲਾਂਕਿ ਗੁਆਂਢੀ ਸੂਬਾ ਹਰਿਆਣਾ ਇਹ ਮਦਦ ਪਹਿਲਾਂ ਹੀ ਹਾਸਲ ਕਰ ਚੁੱਕਾ ਹੈ ਕਿਉਂਕਿ ਪਿਛਲੀ ਹੁੱਡਾ ਸਰਕਾਰ ਨੇ ਸੂਬੇ ਨੂੰ ਸੋਕਾਗ੍ਰਸਤ ਐਲਾਨ ਕੇ ਕੇਂਦਰ ਕੋਲੋਂ ਮਦਦ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਨੇ ਉਸ ਸਮੇਂ ਘੇਸਲ ਵੱਟੀ ਰੱਖੀ ਸੀ।

# ਥੈਚਰ ਨੂੰ ਸਿੱਖਾਂ ਦੇ ਸਾਊਥਾਲ ਵਿਚ ਝੰਡਾ ਲਹਿਰਾਉਣ ਦਾ ਸੀ ਡਰ

**ਲੰਡਨ:** ਬਰਤਾਨੀਆ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਰਾਜਕਾਲ ਮੌਕੇ ਦੇ ਜਨਤਕ ਹੋਏ ਹੋਰ ਸਰਕਾਰੀ ਦਸਤਾਵੇਜ਼ ਸਿੱਖ ਭਾਈਚਾਰੇ ਵਿਚ ਫਿਰ ਚਰਚਾ ਦਾ ਵਿਸ਼ਾ ਬਣ ਸਕਦੇ ਹਨ, ਕਿਉਂਕਿ ਇਨ੍ਹਾਂ ਦਸਤਾਵੇਜ਼ਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਨੇ ਘੱਟ ਗਿਣਤੀ ਭਾਈਚਾਰੇ ਵਿਚੋਂ ਸਿੱਖਾਂ ਦਾ ਤੇ ਖਾਸ ਤੌਰ ਉਤੇ ਸਾਊਥਾਲ ਦੇ ਸਿੱਖਾਂ ਦਾ ਜ਼ਿਕਰ ਕੀਤਾ ਹੈ। 30 ਸਾਲਾਂ ਬਾਅਦ ਸਰਕਾਰੀ ਦਸਤਾਵੇਜ਼ਾਂ ਨੂੰ ਜਨਤਕ ਕਰਨ ਵਾਲੇ ਕਾਨੂੰਨ ਤਹਿਤ ਜਾਰੀ ਹੋਏ ਆਇਰਿਸ਼ ਨੈਸ਼ਨਲ ਆਰਚਵ ਬਾਰੇ ਦਸਤਾਵੇਜ਼ਾਂ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਪ੍ਰਧਾਨ ਮੰਤਰੀ ਥੈਚਰ ਡਰਦੀ ਸੀ ਕਿ ਕਦੇ ਸਿੱਖ ਸਾਊਥਾਲ ਵਿਚ ਆਪਣਾ ਝੰਡਾ ਲਹਿਰਾਉਣ ਲਈ ਨਾ ਕਹਿ ਦੇਣ।

ਸਿੱਖਾਂ ਬਾਰੇ ਇਹ ਉਦਾਹਰਣ ਸਾਬਕਾ ਪ੍ਰਧਾਨ ਮੰਤਰੀ ਥੈਚਰ ਨੇ ਨੌਰਦਨ ਆਇਰਲੈਂਡ ਦੇ ਆਜ਼ਾਦੀ ਪਸੰਦ ਲੋਕਾਂ ਵੱਲੋਂ ਆਇਰਿਸ਼ ਝੰਡਾ ਲਹਿਰਾਉਣ ਦੀ ਮੰਗ ਤੋਂ ਬਾਅਦ ਦਿੱਤੀ ਗਈ। ਥੈਚਰ ਨੂੰ ਡਰ ਸੀ ਕਿ ਨੌਰਦਨ ਆਇਰਲੈਂਡ ਦੇ ਝੰਡੇ ਬਾਰੇ ਬਦਲੇ ਨਿਯਮਾਂ ਨਾਲ ਘੱਟ ਗਿਣਤੀ ਏਸ਼ੀਅਨ ਲੋਕਾਂ 'ਤੇ ਵੀ ਅਸਰ ਪੈ ਸਕਦਾ ਹੈ। ਪੱਛਮੀ ਲੰਡਨ ਦਾ ਇਲਾਕਾ ਸਾਊਥਾਲ ਏਸ਼ੀਅਨ ਲੋਕਾਂ ਦਾ 1970 ਵਿਚ ਅਜਿਹਾ ਗੜ੍ਹ ਸੀ ਜਿਥੇ ਨਸਲਵਾਦ ਦੀ ਸਭ ਤੋਂ ਵੱਡੀ ਪ੍ਰੇਸ਼ਾਨੀ ਸੀ। ਸਾਊਥਾਲ ਵਿਚ ਹੋਈ ਹਿੰਸਾ ਵਿਚ ਨੈਸ਼ਨਲ ਫਰੰਟ ਖਿਲਾਫ ਨਸਲਵਾਦ ਵਿਰੁੱਧ ਸੰਘਰਸ਼ ਕਰ ਰਹੇ ਬਲੇਅਰ ਪੀਚ ਨਾਂ ਦੇ ਇਕ ਸਮਾਜ ਸੇਵੀ ਦੀ ਰੋਸ ਪ੍ਰਦਰਸ਼ਨ ਦੌਰਾਨ ਮੌਤ ਹੋ ਗਈ ਸੀ। ਸਾਬਕਾ ਪ੍ਰਧਾਨ ਮੰਤਰੀ ਥੈਚਰ ਨੇ ਇਹ ਵਿਚਾਰ ਆਇਰਿਸ਼ ਪ੍ਰਧਾਨ ਮੰਤਰੀ ਗਰਿਟ ਫਿਟਜ਼ਰਲਡ ਨਾਲ ਨਵੰਬਰ 1984 ਵਿਚ ਬੰਦ ਦਰਵਾਜ਼ਾ ਹੋਈ ਮੀਟਿੰਗ ਦੌਰਾਨ ਪ੍ਰਗਟ ਕੀਤੇ ਸਨ, ਜੋ ਹੁਣ ਜਨਤਕ ਹੋਏ ਹਨ।

ਦੱਸਣਯੋਗ ਹੈ ਕਿ ਨਵੰਬਰ, 1984 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ 18 ਨਵੰਬਰ 1984 ਨੂੰ ਕੱਢੇ ਜਾਣ ਵਾਲੇ ਨਗਰ ਕੀਰਤਨ ਨੂੰ ਬੰਦ ਕਰਵਾਉਣ ਲਈ ਵੀ ਥੈਚਰ ਸਰਕਾਰ 'ਤੇ ਭਾਰਤ ਸਰਕਾਰ ਵੱਲੋਂ ਦਬਾਅ ਪਾਇਆ ਗਿਆ ਸੀ। ਸੂਤਰਾਂ ਅਨੁਸਾਰ 15 ਨਵੰਬਰ, 1984 ਨੂੰ ਵਿਦੇਸ਼ ਮੰਤਰੀ ਜਫਰੀ ਹਾਓ ਨੇ ਕੈਬਨਿਟ ਮੀਟਿੰਗ ਵਿਚ ਕਿਹਾ ਸੀ ਕਿ ਜੇਕਰ 18 ਨਵੰਬਰ ਨੂੰ ਧਾਰਮਿਕ ਜਲੂਸ ਹੁੰਦਾ ਹੈ ਤਾਂ ਇਸ ਨਾਲ ਯੂ.ਕੇ. ਵਿਚ ਭਾਈਚਾਰਕ ਹਿੰਸਾ ਦਾ ਖਤਰਾ ਹੋ ਸਕਦਾ ਹੈ। ਇਸ ਨਾਲ ਭਾਰਤ ਤੇ ਬਰਤਾਨੀਆ ਦੇ ਸਬੰਧਾਂ ਵਿਚ ਤਰੇੜਾਂ ਆ ਸਕਦੀਆਂ ਹਨ। ਸਿੱਖ ਫੈਡਰੇਸ਼ਨ ਯੂ.ਕੇ. ਦੇ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਹੈ ਕਿ ਨਵੰਬਰ, 1984 ਵਿਚ ਸੈਂਟਰਲ ਲੰਡਨ ਵਿਚ ਕੱਢੇ ਜਾਣ ਵਾਲੇ ਇਸ ਨਗਰ ਕੀਰਤਨ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। 22 ਨਵੰਬਰ, 1984 ਦੀ ਕੈਬਨਿਟ ਮੀਟਿੰਗ ਵਿਚ ਵਿਦੇਸ਼ ਮੰਤਰੀ ਦੇ ਹਵਾਲੇ ਨਾਲ ਸਰਕਾਰੀ ਦਸਤਾਵੇਜ਼ਾਂ ਵਿਚ ਇਹ ਵੀ ਸਪੱਸ਼ਟ ਲਿਖਿਆ ਹੈ ਕਿ ਭਾਰਤ ਸਰਕਾਰ ਵੱਲੋਂ ਬਰਤਾਨਵੀ ਹਾਈ ਕਮਿਸ਼ਨ, ਦਿੱਲੀ 'ਤੇ ਦਬਾਅ ਪਾਇਆ ਜਾ ਰਿਹਾ ਸੀ ਤੇ ਵਪਾਰਕ ਸਬੰਧਾਂ ਦਾ ਬਾਈਕਾਟ ਕਰਨ ਦੀ ਧਮਕੀ ਦਿੱਤੀ ਗਈ ਸੀ, ਜਿਸ ਨਾਲ ਪੰਜ ਬਿਲੀਅਨ ਪਾਂਡ ਵਪਾਰਕ ਘਾਟਾ ਪੈ ਸਕਦਾ ਸੀ। ਉਸ ਵੇਲੇ ਦੀ ਸਰਕਾਰ ਤੇ ਪੁਲਿਸ ਦੇ ਸਹਿਯੋਗ ਨਾਲ ਅਖੀਰ ਇਸ ਨਗਰ ਕੀਰਤਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ।

### ਆਇਰਿਸ਼ ਦਸਤਾਵੇਜ਼ਾਂ ਵਿਚ ਹੋਇਆ ਖੁਲਾਸਾ



# ਨਾਥੂਰਾਮ ਗੋਡਸੇ ਦੇ ਨਾਂ 'ਤੇ ਮੰਦਰ ਤੋਂ ਵਿਵਾਦ

**ਮੇਰਠ:** ਅਖਿਲ ਭਾਰਤੀ ਹਿੰਦੂ ਮਹਾਂਸਭਾ ਨੇ ਮਹਾਤਮਾ ਗਾਂਧੀ ਦੇ ਹਤਿਆਰੇ ਨਾਥੂਰਾਮ ਗੋਡਸੇ ਦੇ ਨਾਂ ਉੱਤੇ ਮੰਦਰ ਬਣਾਉਣ ਲਈ ਭੂਮੀ ਪੂਜਨ ਕੀਤਾ। ਇਹ ਮੰਦਰ ਇਥੇ ਸ਼ਾਰਦਾ ਰੋਡ 'ਤੇ ਬਣਾਇਆ ਜਾ ਰਿਹਾ ਹੈ। ਕਾਰਜਕਾਰੀ ਜ਼ਿਲ੍ਹਾ ਮੈਜਿਸਟਰੇਟ ਨਵਨੀਤ ਸਿੰਘ ਚਾਹਲ ਨੇ ਦੱਸਿਆ ਕਿ ਪ੍ਰਸ਼ਾਸਨ ਨੇ ਸਖਤ ਨੋਟਿਸ ਲੈਂਦਿਆਂ ਮਹਾਂਸਭਾ ਦੇ ਕੌਮੀ ਜਨਰਲ ਸਕੱਤਰ ਅਚਾਰੀਆ ਮਦਨ ਖਿਲਾਫ ਕੇਸ ਦਰਜ ਕਰ ਲਿਆ ਹੈ।

# ਅਮਿਤ ਸ਼ਾਹ ਦਾ ਘਿਰਾਓ ਕਰੇਗੀ ਪੰਜਾਬ ਕਾਂਗਰਸ

**ਚੰਡੀਗੜ੍ਹ:** ਪੰਜਾਬ ਭਾਜਪਾ ਵੱਲੋਂ ਵਿਧਾਨ ਸਭਾ ਸੈਸ਼ਨ ਦੌਰਾਨ ਨਸ਼ਿਆਂ ਦੇ ਮੁੱਦੇ ਉਪਰ ਦੋਹਰੀ ਭੂਮਿਕਾ ਨਿਭਾਉਣ ਕਾਰਨ ਕਾਂਗਰਸ ਨੇ ਫੈਸਲਾ ਲਿਆ ਹੈ ਕਿ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦਾ 12 ਜਨਵਰੀ ਨੂੰ ਰਾਜ ਵਿਚ ਆਉਣ 'ਤੇ ਘਿਰਾਓ ਕੀਤਾ ਜਾਵੇਗਾ। ਕਾਂਗਰਸ ਵਿਧਾਇਕਾਂ ਦਾ ਕਹਿਣਾ ਹੈ ਕਿ ਇਕ ਪਾਸੇ ਭਾਜਪਾ ਨੇ 12 ਜਨਵਰੀ ਨੂੰ ਪੰਜਾਬ ਵਿਚ ਨਸ਼ਿਆਂ ਖਿਲਾਫ ਮੁਹਿਮ ਸ਼ੁਰੂ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ ਤੇ ਦੂਜੇ ਪਾਸੇ ਇਕ ਅਕਾਲੀ ਮੰਤਰੀ ਦੇ ਨਸ਼ਾ ਸਮਗਲਰਾਂ ਨਾਲ ਸਬੰਧਾਂ ਤੇ ਕੁਝ ਦਹਿਸ਼ਤਗਰਦਾਂ ਦੇ ਭਾਜਪਾ ਦੇ ਸੂਬਾਈ ਸੀਨੀਅਰ ਆਗੂ ਦੇ ਸਟਾਫ ਨਾਲ ਸਬੰਧਾਂ ਬਾਰੇ ਵੱਖ-ਵੱਖ ਸਟੈਂਡ ਹਨ।

ਕਾਂਗਰਸੀ ਆਗੂਆਂ ਵੱਲੋਂ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਦੇ ਨਿੱਜੀ ਸਟਾਫ ਦੇ ਸਮਗਲਰਾਂ ਨਾਲ ਸਬੰਧਾਂ ਦਾ ਫਿਰੋਜ਼ਪੁਰ ਦੇ ਇਕ ਡੀ.ਐਸ.ਪੀ. ਨੇ ਰਿਪੋਰਟ ਵਿਚ ਜ਼ਿਕਰ ਕੀਤਾ ਹੈ। ਵਿਧਾਇਕ ਪਰਮਿੰਦਰ ਸਿੰਘ ਨੇ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕੀਤੀ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕਮਲ ਸ਼ਰਮਾ ਦੇ ਪੀਏ ਜਿੰਮੀ ਸੰਧੂ ਤੇ ਉਨ੍ਹਾਂ ਦੇ ਓਐਸਡੀ ਅਮਰਿੰਦਰ ਸਿੰਘ ਨੇ ਸੁਖਵਿੰਦਰ ਸਿੰਘ ਛਿੰਦਾ ਦਾ ਫਿਰੋਜ਼ਪੁਰ ਜੇਲ੍ਹ ਵਿਚੋਂ ਰਿਹਾਅ ਹੋਣ ਸਮੇਂ ਸਵਾਗਤ ਕੀਤਾ ਸੀ।

# ਨਸ਼ਾ ਤਸਕਰੀ: ਪੰਜਾਬ ਨੂੰ ਰਾਜਸਥਾਨ ਵਾਲੇ ਪਾਸਿਓਂ ਰਾਹਤ ਦੇ ਆਸਾਰ

**ਅਬੋਹਰ:** ਰਾਜਸਥਾਨ ਤੋਂ ਪੰਜਾਬ ਵਿਚ ਪੋਸਤ ਦੇ ਨਸ਼ੇ ਦੀ ਸਪਲਾਈ ਲਾਈਨ ਟੁੱਟਣ ਦੇ ਆਸਾਰ ਬਣ ਗਏ ਹਨ। ਕੇਂਦਰ ਸਰਕਾਰ ਨੇ ਰਾਜਸਥਾਨ ਵਿਚ 2015-16 ਲਈ ਪੋਸਤ ਦੇ ਠੇਕਿਆਂ ਦੀ ਨਿਲਾਮੀ ਲਈ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਹੈ, ਜਿਸ ਦਾ ਸਿੱਧਾ ਅਸਰ ਪੰਜਾਬ 'ਤੇ ਪਵੇਗਾ ਜਦੋਂ ਰਾਜਸਥਾਨ ਵਿਚ ਪੋਸਤ ਦੇ ਠੇਕੇ ਬੰਦ ਹੋ ਜਾਣਗੇ ਤਾਂ ਉਥੋਂ ਬਲੈਕ ਵਿਚ ਪੰਜਾਬ ਨੂੰ ਸਪਲਾਈ ਹੋਣ ਵਾਲਾ ਪੋਸਤ ਬੰਦ ਹੋ ਜਾਵੇਗਾ। ਇਸ ਦੀ ਪੁਸ਼ਟੀ ਰਾਜਸਥਾਨ ਦੇ ਇਕ ਆਬਕਾਰੀ ਵਿਭਾਗ ਦੇ ਅਧਿਕਾਰੀ ਨੇ ਵੀ ਕੀਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਨਸ਼ਿਆਂ ਖਿਲਾਫ ਸਖਤੀ ਨਾਲ ਚੱਲ ਰਹੀ ਹੈ। ਪੋਸਤ ਦੀ ਖੇਤੀ ਤੇ ਇਸ ਦੀ ਵਿੱਕਰੀ ਇਕ ਦਵਾਈ ਵਜੋਂ ਚੱਲ ਰਹੀ ਹੈ ਪਰ ਮਾਹਿਰ ਡਾਕਟਰਾਂ ਦੀ ਟੀਮ ਨੇ ਇਕ ਰਿਪੋਰਟ ਵਿਚ ਕਿਹਾ ਕਿ ਇਹ ਦਵਾਈ ਨਹੀਂ ਇਕ ਨਸ਼ਾ ਹੀ ਹੈ। ਇਸ 'ਤੇ ਕਾਰਵਾਈ ਕਰਦਿਆਂ ਕੇਂਦਰ ਸਰਕਾਰ ਨੇ ਰਾਜਸਥਾਨ ਵਿਚ ਸਾਲ 2015-16 ਲਈ ਪੋਸਤ ਦੀ ਖੇਤੀ ਤੇ ਠੇਕਿਆਂ ਦੀ ਨਿਲਾਮੀ ਕਰਨ ਦੀ ਪ੍ਰਵਾਨਗੀ ਰਾਜਸਥਾਨ ਸਰਕਾਰ ਨੂੰ ਨਹੀਂ ਦਿੱਤੀ ਹੈ, ਜਿਸ ਕਾਰਨ ਪੰਜਾਬ ਵਿਚ ਪੋਸਤ ਦੇ ਨਸ਼ੇ ਦੀ ਸਪਲਾਈ ਬੰਦ ਹੋਵੇਗੀ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਇਹ ਮੁੱਦਾ ਕੇਂਦਰ ਤੱਕ ਚੁੱਕਿਆ ਸੀ ਕਿ ਭਾਜਪਾ ਦੀਆਂ ਸਰਕਾਰਾਂ ਵਾਲੇ ਸੂਬਿਆਂ ਵਿਚ ਪੋਸਤ ਦਾ ਉਤਪਾਦਨ ਤੇ ਵਿੱਕਰੀ ਬੰਦ ਕੀਤੀ ਜਾਣੀ ਚਾਹੀਦੀ ਹੈ।

ਇਸ ਤੋਂ ਇਲਾਵਾ 'ਮਨ ਕੀ ਬਾਤ' ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਨਸ਼ਿਆਂ ਦੀ ਰੋਕਥਾਮ ਦੀ ਗੱਲ ਕੀਤੀ ਸੀ। ਨਿਯਮਾਂ ਅਨੁਸਾਰ ਰਾਜਸਥਾਨ ਵਿਚ ਪੋਸਤ ਦੀ ਵਿਕਰੀ ਸਿਰਫ ਪਰਮਿਟ ਧਾਰੀਆਂ ਨੂੰ ਹੀ ਹੋਣੀ ਚਾਹੀਦੀ ਹੈ ਪਰ ਪੰਜਾਬ ਵਿਚ ਪੋਸਤ ਦੇ ਨਸ਼ੇ ਦੀ ਬਲੈਕ ਵੱਡੇ ਪੱਧਰ 'ਤੇ ਹੁੰਦੀ ਹੈ। ਪੰਜਾਬੀਆਂ ਦੀਆਂ ਲੰਬੀਆਂ ਲਾਈਨਾਂ ਵੀ ਪੋਸਤ ਠੇਕਿਆਂ 'ਤੇ ਆਮ ਵੇਖੀਆਂ ਜਾ ਸਕਦੀਆਂ ਹਨ। ਮਿਲੀ ਜਾਣਕਾਰੀ ਅਨੁਸਾਰ ਰਾਜਸਥਾਨ ਸਰਕਾਰ ਨੇ ਹਰ ਸਾਲ ਦੀ ਤਰ੍ਹਾਂ ਪੋਸਤ ਦੇ ਠੇਕਿਆਂ ਦੀ ਨਿਲਾਮੀ ਤੇ ਖੇਤੀ ਦੇ ਪਟੇ ਦੇਣ ਦੀ ਪ੍ਰਵਾਨਗੀ ਲੈਣ ਲਈ ਕੇਂਦਰ ਤੱਕ ਪਹੁੰਚ ਕੀਤੀ ਤਾਂ ਕੇਂਦਰ ਸਰਕਾਰ ਨੇ ਇਨਕਾਰ ਕਰ ਦਿੱਤਾ, ਜਿਸ ਕਾਰਨ ਇਕ ਅਪ੍ਰੈਲ ਤੋਂ ਰਾਜਸਥਾਨ ਵਿਚ ਪੋਸਤ ਦੇ ਠੇਕਿਆਂ ਤੋਂ ਪੋਸਤ ਮਿਲਣਾ ਬੰਦ ਹੋ ਜਾਵੇਗਾ ਪਰ ਪਤਾ ਲੱਗਾ ਹੈ ਕਿ ਰਾਜਸਥਾਨ ਸਰਕਾਰ ਹਾਲੇ ਵੀ ਇਸ ਦੀ ਪ੍ਰਵਾਨਗੀ ਦੀ ਕੋਸ਼ਿਸ਼ ਕਰ ਰਹੀ ਹੈ।

ਰਾਜਸਥਾਨ ਵਿਚ ਅੱਧੀ ਦਰਜਨ ਜ਼ਿਲ੍ਹਿਆਂ ਵਿਚ ਪੋਸਤ ਦੀ ਖੇਤੀ ਹੁੰਦੀ ਹੈ ਤੇ ਸਰਕਾਰ ਲਈ ਇਹ ਆਮਦਨ ਦਾ ਵੀ ਸਾਧਨ ਹੈ ਪਰ ਕੇਂਦਰ ਦੀ ਸਖਤੀ ਰੰਗ ਲਿਆਉਂਦੀ ਨਜ਼ਰ ਆ ਰਹੀ ਹੈ ਤੇ ਇਸ ਦਾ ਸਭ ਤੋਂ ਵੱਡਾ ਅਸਰ ਪੰਜਾਬ 'ਤੇ ਪੈਣ ਦੀ ਸੰਭਾਵਨਾ ਹੈ ਕਿਉਂਕਿ ਪੋਸਤ ਦੇ ਨਸ਼ੇ ਦੀ ਬਲੈਕ ਬੰਦ ਹੋ ਜਾਵੇਗੀ। ਉਧਰ ਇਹ ਵੀ ਪਤਾ ਲੱਗਾ ਹੈ ਕਿ ਰਾਜਸਥਾਨ ਸਰਕਾਰ ਨੇ ਤਾਂ ਆਪਣੇ ਰਾਜ ਦੇ ਪਰਮਿਟ ਧਾਰੀ ਨਸ਼ੇੜੀਆਂ ਦੀ ਸਿਹਤ ਦਾ ਖਿਆਲ ਰੱਖਣ ਲਈ ਤੇ ਉਨ੍ਹਾਂ ਦਾ ਇਲਾਜ ਕਰਵਾਉਣ ਦੀ ਤਿਆਰੀ ਵੀ ਹੁਣ ਤੋਂ ਹੀ ਸ਼ੁਰੂ ਕਰ ਦਿੱਤੀ ਹੈ ਤੇ ਪੋਸਤ ਖਾਣ ਵਾਲਿਆਂ ਨੂੰ ਸੂਬੇ ਦੇ ਸਿਹਤ ਕੇਂਦਰਾਂ ਵਿਚ ਨਸ਼ਾ ਛਡਾਇਆ ਜਾਵੇਗਾ।

### ਕੇਂਦਰ ਵਲੋਂ ਪੋਸਤ ਦੇ ਠੇਕਿਆਂ ਦੀ ਨਿਲਾਮੀ ਲਈ ਪ੍ਰਵਾਨਗੀ ਤੋਂ ਨਾਂਹ



# ਤਨ ਦੇ ਨਾਲ ਮਨ ਦੀ ਖੂਬਸੂਰਤੀ ਵੀ ਜ਼ਰੂਰੀ

**ਘਰ ਪਰਿਵਾਰ**

ਹਰ ਇਨਸਾਨ ਸੁੰਦਰ ਲੱਗਣਾ ਚਾਹੁੰਦਾ ਹੈ। ਸੁੰਦਰਤਾ ਨੂੰ ਰੱਬ ਦਿੱਤੀ ਸੌਗਾਤ ਸਮਝਿਆ ਜਾਂਦਾ ਹੈ। ਜੇ ਉਸ ਦੀ ਸੰਭਾਲ ਨਾ ਕੀਤੀ ਜਾਵੇ, ਠੀਕ ਦੇਖ-ਭਾਲ ਨਾ ਕੀਤੀ ਜਾਵੇ ਤਾਂ ਹੌਲੀ-ਹੌਲੀ ਸੁੰਦਰਤਾ ਖਤਮ ਹੋ ਜਾਂਦੀ ਹੈ। ਜਨਮ ਸਮੇਂ ਸਾਰੇ ਬੱਚੇ ਸੁੰਦਰ ਹੁੰਦੇ ਹਨ। ਕੋਮਲ ਚਮੜੀ, ਕੂਲੇ ਵਾਲ, ਚਮਕਦਾਰ ਅੱਖਾਂ ਸਭ ਨੂੰ ਮਿਲਦੀਆਂ ਹਨ। ਉਸ ਤੋਂ ਬਾਅਦ ਜਿਸ ਤਰ੍ਹਾਂ ਦੀ ਕਿਸੇ ਬੱਚੇ ਦੀ ਪਰਵਰਿਸ਼ ਹੁੰਦੀ ਹੈ, ਉਸ ਨੂੰ ਜਿੰਨੀ ਕੁ ਪੌਸ਼ਟਿਕ ਖੁਰਾਕ ਮਿਲਦੀ ਹੈ, ਉਨਾ ਹੀ ਉਹ ਵੱਡਾ ਹੁੰਦਾ ਹੈ। ਉਸ ਦੀ ਖੁਰਾਕ, ਵਾਤਾਵਰਨ, ਪਰਵਰਿਸ਼ ਦਾ ਉਸ ਦੀ ਚਮੜੀ, ਵਾਲਾਂ ਅਤੇ ਸੁੰਦਰਤਾ 'ਤੇ ਅਸਰ ਪੈਂਦਾ ਹੈ।

ਇਕ ਮਜ਼ਦੂਰ ਔਰਤ ਜੋ ਸੜਕ 'ਤੇ ਰੋੜੀ ਕੁੱਟਦੀ ਹੈ, ਉਸ ਦਾ ਬੱਚਾ ਵੀ ਉਸ ਨਾਲ ਧੁੱਪ ਵਿਚ ਸੜਦਾ ਹੈ, ਮਿੱਟੀ ਵਿਚ ਰੁਲਦਾ ਹੈ ਅਤੇ ਉਸ ਨੂੰ ਲੋੜੀਂਦੀ ਖੁਰਾਕ ਦੁੱਧ, ਫਲ ਵੀ ਚੰਗੀ ਤਰ੍ਹਾਂ ਨਹੀਂ ਮਿਲਦੇ। ਦੂਜੇ ਪਾਸੇ ਇਕ ਬੱਚਾ ਵਧੀਆ ਖੁਰਾਕ ਦੁੱਧ, ਫਲ, ਆਂਡੇ ਖਾਂਦਾ ਹੈ, ਬੱਚਿਆਂ ਦੇ ਵਿਸ਼ੇਸ਼ ਸਾਬਣ ਨਾਲ ਨਹਾਉਂਦਾ ਹੈ, ਮਾਲਸ਼ਾਂ ਕਰਵਾਉਂਦਾ ਹੈ, ਘਰ ਦੇ ਅੰਦਰ ਮਿੱਟੀ, ਧੂੜ, ਧੁੱਪ ਤੋਂ ਬਚ ਕੇ ਰਹਿੰਦਾ ਹੈ ਤਾਂ ਨਿਸਚੇ ਹੀ ਦੋਵਾਂ ਦੀ ਸਰੀਰਕ ਦਿੱਖ ਅਤੇ ਚਮੜੀ ਵਿਚ ਫਰਕ ਹੋਵੇਗਾ। ਮਜ਼ਦੂਰ ਔਰਤ ਦੇ ਬੱਚੇ ਦੀ ਚਮੜੀ ਰੁੱਖੀ, ਕਾਲੀ, ਖੁਸ਼ਕ, ਬੇਜਾਨ ਹੋਵੇਗੀ ਅਤੇ ਘਰ ਦੇ ਅੰਦਰ ਰਹਿਣ ਵਾਲੇ ਬੱਚੇ ਦੀ ਚਮੜੀ ਨਰਮ, ਕੋਮਲ, ਮੁਲਾਇਮ ਹੋਵੇਗੀ। ਭਾਵੇਂ ਕਿ ਮਜ਼ਦੂਰ ਔਰਤ ਦਾ ਬੱਚਾ ਪੀਡੀ ਹੱਡੀ ਦਾ ਬਲਵਾਨ ਹੋਵੇਗਾ ਕਿਉਂਕਿ ਹਰ ਵਕਤ ਔਖੇ ਵਾਤਾਵਰਨ ਦੀ ਔਖਿਆਈ ਨੂੰ ਸਹਿੰਦਾ ਹੈ, ਭੁੱਖ, ਤੇਹ ਵੀ ਬਰਦਾਸ਼ਤ ਕਰਦਾ ਹੈ।

ਖੈਰ, ਅਸੀਂ ਗੱਲ ਸੁੰਦਰਤਾ ਦੀ ਕਰ ਰਹੇ ਹਾਂ। ਸੁੰਦਰਤਾ ਸਿਹਤ ਨਾਲ ਸਬੰਧ ਰੱਖਦੀ ਹੈ। ਜੇ ਤੁਹਾਡੀ ਸਿਹਤ ਠੀਕ ਹੈ, ਕਬਜ਼ ਨਹੀਂ ਹੈ, ਤੁਸੀਂ ਭੁੱਖ ਮਹਿਸੂਸ ਕਰਦੇ ਹੋ, ਖੁੱਲ੍ਹਾ ਪਾਣੀ ਪੀਂਦੇ ਹੋ, ਤੁਹਾਨੂੰ ਨੀਂਦ ਠੀਕ ਆਉਂਦੀ ਹੈ, ਸੌਂ ਕੇ ਉਠਣ ਤੋਂ ਬਾਅਦ ਤੁਸੀਂ ਤਰੋਤਾਜ਼ਾ ਮਹਿਸੂਸ ਕਰਦੇ ਹੋ ਤਾਂ ਇਹ ਚੰਗੀ ਸਿਹਤ ਤੁਹਾਡੀ ਸੁੰਦਰਤਾ ਵੀ ਬਰਕਰਾਰ ਰੱਖੇਗੀ। ਇਹ ਅੰਦਰੂਨੀ ਸਿਹਤ ਹੀ ਤੁਹਾਡੇ ਚਿਹਰੇ 'ਤੇ ਨੂਰ ਬਣ ਕੇ ਝਲਕਦੀ ਹੈ।

ਇਸ ਦੇ ਨਾਲ ਜੇ ਤੁਹਾਡੇ ਵਿਚਾਰ ਵੀ ਖੂਬਸੂਰਤ ਹੋਣ, ਤੁਹਾਡੇ ਵਿਚ ਦੂਜਿਆਂ ਦੀ ਖੁਸ਼ੀ ਵਿਚ ਖੁਸ਼ ਹੋਣ, ਦੂਜੇ ਦੇ ਦੁੱਖ ਨਾਲ ਹਮਦਰਦੀ ਕਰਨ, ਦੁੱਖ ਵੰਡਣ ਦਾ ਜਜ਼ਬਾ ਹੋਵੇ ਤਾਂ ਇਹ ਹੋਰ ਵੀ ਵਧੀਆ ਗੱਲ ਹੈ ਕਿਉਂਕਿ ਖੂਬਸੂਰਤੀ ਮਨ ਦੀ ਹੁੰਦੀ ਹੈ। ਹਰ ਵਕਤ ਦੂਜੇ ਨੂੰ ਦੁੱਖ ਦੇਣ ਬਾਰੇ ਸੋਚਣਾ, ਦੂਜੇ ਦੀ ਬੁਰਾਈ ਕਰਨੀ, ਹਰ ਵਕਤ ਕੁੜ੍ਹਦੇ ਰਹਿਣਾ, ਨਾਂਹ-ਪੱਖੀ ਵਤੀਰਾ ਧਾਰਨ ਕਰੀ ਰੱਖਣਾ, ਬਿਨਾਂ ਵਜ੍ਹਾ ਲੜਨ ਲਈ ਤਿਆਰ ਰਹਿਣਾ ਸੁਭਾਅ ਨੂੰ ਚਿੜਚਿੜਾ ਬਣਾ ਦਿੰਦਾ ਹੈ। ਫੇਰ ਤੁਹਾਡੀ ਸਰੀਰਕ ਖੂਬਸੂਰਤੀ ਵੀ ਕਿਸੇ ਨੂੰ ਆਕਰਸ਼ਿਤ ਨਹੀਂ ਕਰਦੀ। ਚਿਹਰੇ 'ਤੇ ਘੁਮੰਡ, ਗੁੱਸੇ, ਕਰੋਧ ਦੇ ਹਾਵ-ਭਾਵ ਦੂਜੇ ਨੂੰ ਦੂਰੋਂ ਹੀ ਖਤਰੇ ਦੇ ਸਿਗਨਲ ਦਿੰਦੇ ਹਨ। ਇਸ ਲਈ ਤਨ ਤੇ ਮਨ ਦੋਹਾਂ ਦੀ ਖੂਬਸੂਰਤੀ ਦਾ ਸੰਯੋਗ ਹੀ ਤੁਹਾਡੀ ਚਾਹਤ ਹੋਣਾ ਚਾਹੀਦਾ ਹੈ। ਮਨ ਦੀ ਖੂਬਸੂਰਤੀ ਲਈ ਚੰਗੀਆਂ ਕਿਤਾਬਾਂ ਪੜ੍ਹੋ, ਮਹਾਂਪੁਰਸ਼, ਸੰਤਾਂ ਭਗਤਾਂ ਦੇ ਪ੍ਰਵਚਨ ਸੁਣੋ, ਸਮਝੋ ਅਤੇ ਚੰਗੀਆਂ ਗੱਲਾਂ ਨੂੰ ਗ੍ਰਹਿਣ ਕਰੋ। ਚੰਗਾ ਸੋਚੋ, ਕਿਸੇ ਲਈ ਚੰਗਾ ਨਹੀਂ ਸੋਚ ਸਕਦੇ ਨਾ ਸੋਚੋ ਪਰ ਮਾੜਾ ਵੀ ਨਾ ਸੋਚੋ। ਕਿਸੇ ਦਾ ਫਾਇਦਾ ਨਹੀਂ ਕਰ ਸਕਦੇ ਨਾ ਕਰੋ ਪਰ ਨੁਕਸਾਨ ਵੀ ਨਾ ਕਰੋ।




ਜੇ ਤੁਸੀਂ ਆਪਣੇ ਫਾਇਦੇ ਲਈ ਕਿਸੇ ਦਾ ਨੁਕਸਾਨ ਕਰਦੇ ਹੋ ਤਾਂ ਤੁਸੀਂ ਵਕਤੀ ਤੌਰ 'ਤੇ ਫਾਇਦਾ ਤਾਂ ਜ਼ਰੂਰ ਲੈ ਲਿਆ ਪਰ ਤੁਸੀਂ ਗੁਨਾਹ ਦੀ ਭਾਵਨਾ ਵਿਚ ਗ੍ਰਸੇ ਜਾਵੋਗੇ ਅਤੇ ਮਨ ਦੀ ਸ਼ਾਂਤੀ ਗਵਾ ਬੈਠੋਗੇ। ਮਨ ਦੀ ਸ਼ਾਂਤੀ ਫਿਰ ਤੁਸੀਂ ਬਾਜ਼ਾਰੋਂ ਖਰੀਦ ਨਹੀਂ ਸਕੋਗੇ ਕਿਉਂਕਿ ਮਨ ਦੀ ਸ਼ਾਂਤੀ ਤਾਂ ਤੁਹਾਨੂੰ ਆਪਣੇ ਅੰਦਰੋਂ ਮਿਲਦੀ ਹੈ। ਛੱਤੀ ਪਦਾਰਥ ਸਾਹਮਣੇ ਪਏ ਬੇਕਾਰ ਹਨ ਜੇ ਤੁਹਾਨੂੰ ਭੁੱਖ ਨਹੀਂ ਲੱਗਦੀ, ਰੇਸ਼ਮੀ ਬਿਸਤਰ ਬੇਕਾਰ ਹੈ, ਜੇ ਨੀਂਦ ਨਹੀਂ ਆਉਂਦੀ।

ਚਲੋ ਇਹ ਤਾਂ ਹੋਇਆ ਮਨ ਦੀ ਖੂਬਸੂਰਤੀ ਲਈ। ਤਨ ਦੀ ਖੂਬਸੂਰਤੀ ਲਈ ਇਕ ਗੱਲ ਵੱਲ ਧਿਆਨ ਦਿਓ। ਆਪਣੇ ਚੌਗਿਰਦੇ ਵਿਚ ਕਿਸੇ ਬੱਚੇ ਨੂੰ ਦੇਖੋ। ਬੱਚਾ ਦੁੱਧ ਪੀਂਦਾ ਹੈ, ਜੋ ਵੀ ਖਾਂਦਾ ਹੈ ਸੇਰੇਲਕ, ਫਰੂਟ ਜਾਂ ਕੁਝ ਵੀ ਉਸ ਨਾਲ ਉਸ ਦਾ ਮੂੰਹ ਲਿੱਬੜ ਜਾਂਦਾ ਹੈ। ਇਹ ਬੱਚੇ ਦੀ ਕੋਮਲ ਤਵਚਾ ਦਾ ਰਾਜ਼ ਹੈ। ਇਹ ਸਭ ਕੁਦਰਤੀ ਚੀਜ਼ਾਂ ਦੇ ਫੇਸ ਪੈਕ ਦਾ ਕੰਮ ਕਰਦੀਆਂ ਹਨ। ਇਹ ਮਿਰਚ ਮਸਾਲੇ ਵੀ ਜ਼ਿਆਦਾ ਨਹੀਂ ਖਾਂਦਾ ਅਤੇ ਤਲੀਆਂ ਚੀਜ਼ਾਂ ਵੀ ਨਹੀਂ। ਉਹ ਸਿਰਫ ਕੁਦਰਤੀ ਚੀਜ਼ਾਂ ਖਾਂਦਾ ਹੈ, ਦੁੱਧ ਪੀਂਦਾ ਹੈ। ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਹੈ ਉਹ ਕੁਦਰਤੀ ਖੁਰਾਕ ਘੱਟ ਲੈਂਦਾ ਹੈ, ਦੂਜੀਆਂ ਚੀਜ਼ਾਂ ਮਿਰਚ ਮਸਾਲੇ, ਤਲੀਆਂ ਚੀਜ਼ਾਂ ਦੀ ਵਰਤੋਂ ਵੱਧ ਕਰਦਾ ਹੈ। ਇਹ ਸਭ ਉਸ ਦੀ ਚਮੜੀ 'ਤੇ ਅਸਰ ਪਾਉਂਦੀਆਂ ਹਨ। ਜਿਵੇਂ ਜਿਵੇਂ ਉਮਰ ਵਧਦੀ ਹੈ, ਚਮੜੀ ਦੀ ਕੋਮਲਤਾ ਘਟਦੀ ਹੈ। ਸਕੂਲ ਜਾਣਾ, ਖੇਡਣਾ, ਬਾਹਰਲੇ ਵਾਤਾਵਰਣ ਵਿਚ ਧੁੱਪ, ਧੂੜ ਮਿੱਟੀ ਦਾ ਅਸਰ ਚਮੜੀ 'ਤੇ ਪੈਂਦਾ ਹੈ। ਅਸੀਂ ਬਾਹਰ ਆਉਣਾ-ਜਾਣਾ ਤਾਂ ਬੰਦ ਨਹੀਂ ਕਰ ਸਕਦੇ ਪਰ ਚਮੜੀ ਦੀ, ਵਾਲਾਂ ਦੀ ਦੇਖਭਾਲ ਵੱਲ ਧਿਆਨ ਜ਼ਰੂਰ ਦੇ ਸਕਦੇ ਹਾਂ।

ਖੂਬਸੂਰਤੀ ਲਈ ਪੇਟ ਸਾਫ ਹੋਣਾ ਜ਼ਰੂਰੀ ਹੈ। ਕਬਜ਼ ਹੈ, ਪੇਟ ਸਾਫ ਨਹੀਂ ਤਾਂ ਇਹ ਕਈ ਤਕਲੀਫਾਂ ਦਾ ਕਾਰਨ ਬਣਦਾ ਹੈ ਜਿਵੇਂ ਮੂੰਹ 'ਤੇ ਕਿੱਲ, ਮੁਹਾਸੇ ਨਿਕਲਣਾ, ਮੂੰਹ ਪੱਕਣਾ। ਇਸ ਲਈ ਸਵੇਰੇ ਉਠ ਕੇ ਸਭ ਤੋਂ ਪਹਿਲਾਂ ਰਾਤ ਦਾ ਭਰ ਕੇ ਰੱਖਿਆ ਪਾਣੀ (ਕਮਰੇ ਦੇ ਤਾਪਮਾਨ ਵਾਲਾ, ਫਰਿੱਜ ਦਾ ਨਹੀਂ) ਦੋ ਗਿਲਾਸ ਪੀਓ। ਰਾਤ ਨੂੰ ਤਾਂਬੇ ਦੇ ਜੱਗ/ਬਰਤਨ ਵਿਚ ਪਾ ਕੇ ਰੱਖਿਆ ਪਾਣੀ ਹੋਵੇ ਤਾਂ ਹੋਰ ਵੀ ਚੰਗਾ ਹੈ। ਜਿਹੜੇ ਸਵੇਰੇ ਖਾਲੀ ਪੇਟ ਪਾਣੀ ਨਹੀਂ ਪੀ ਸਕਦੇ, ਉਹ ਕੋਸੇ ਪਾਣੀ ਵਿਚ ਨਿੰਬੂ ਅਤੇ ਸ਼ਹਿਦ ਮਿਲਾ ਕੇ ਪੀਣ। ਇਕ ਗਲਾਸ ਪਾਣੀ, ਇਕ ਨਿੰਬੂ ਅਤੇ ਦੋ ਚਮਚ ਸ਼ਹਿਦ ਇਕ ਤਰ੍ਹਾਂ ਦਾ ਹੈਲਥ ਟੌਨਿਕ ਹੈ। ਫਿਰ ਥੋੜ੍ਹੀ ਸੈਰ ਕਰੋ। ਸੈਰ ਕਰਦੇ ਹੋਏ ਫੁੱਲਾਂ, ਪੌਦਿਆਂ, ਦਰਖਤਾਂ ਨੂੰ ਵੇਖੋ ਅਤੇ ਪਰਮਾਤਮਾ ਦਾ ਇਸ ਖੂਬਸੂਰਤੀ ਲਈ ਧੰਨਵਾਦ ਕਰੋ।

ਦਹੀਂ ਵਿਚ ਵੇਸਣ ਪਾ ਕੇ ਰਗੜ ਕੇ ਮਲੋ ਅਤੇ ਤਾਜ਼ੇ ਪਾਣੀ ਨਾਲ ਨਹਾ ਲਵੋ। ਦਹੀਂ ਵੇਸਣ ਰਗੜ ਕੇ ਲਾਉਣ ਨਾਲ ਸਰੀਰ 'ਤੇ ਅਣਚਾਹੇ ਵਾਲ ਵੀ ਨਹੀਂ ਹੁੰਦੇ। ਇਹ ਲੇਪ ਦੁੱਧ ਵਿਚ ਛੋਲਿਆਂ ਦੀ ਦਾਲ/ਮਸਰੀ ਦੀ ਦਾਲ ਰਾਤ ਨੂੰ ਭਿਉਂ ਕੇ ਵੀ ਬਣਾ ਸਕਦੇ ਹੋ। ਦੁੱਧ ਵਿਚ ਰਾਤ ਨੂੰ ਦਾਲ ਭਿਉਂ ਦਿਓ। ਸਵੇਰੇ ਰਗੜ ਕੇ ਪੇਸਟ ਬਣਾ ਕੇ ਇਸ ਨੂੰ ਪਿੰਡੇ 'ਤੇ ਰਗੜ ਕੇ ਮਲੋ। ਦੋ ਤਿੰਨ ਦਾਲਾਂ ਨੂੰ ਮਿਕਸੀ ਵਿਚ ਰਗੜ ਕੇ ਪਾਊਡਰ ਬਣਾਇਆ ਜਾ ਸਕਦਾ ਹੈ। ਜੇ ਚਮੜੀ ਖੁਸ਼ਕ ਹੈ ਤਾਂ ਦੁੱਧ ਦੀ ਵਰਤੋਂ ਕਰੋ। ਜੇ ਤੇਲ ਵਾਲੀ ਚਮੜੀ ਹੈ ਤਾਂ ਦਹੀਂ ਦੀ। ਤੁਸੀਂ ਟੀ.ਵੀ. 'ਤੇ ਸਾਬਣਾਂ, ਕਰੀਮਾਂ ਦੀ ਮਸ਼ਹੂਰੀ ਵੇਖਦੇ ਹੋ ਕਿ ਇਹ ਸਾਬਣ ਵਰਤੋ ਤਾਂ ਚਮੜੀ ਖੂਬਸੂਰਤ ਹੋ ਜਾਂਦੀ ਹੈ। ਤੁਸੀਂ ਇਥੇ ਧੋਖਾ ਖਾ ਰਹੇ ਹੋ, ਸਾਬਣ ਦੀ ਵਰਤੋਂ ਨਾਲ ਚਮੜੀ ਖੂਬਸੂਰਤ ਨਹੀਂ ਹੁੰਦੀ, ਕਿਉਂਕਿ ਟੀ.ਵੀ. 'ਤੇ ਜੋ ਮਾਡਲ ਦਿਖਾਈ ਜਾ ਰਹੀ ਹੈ, ਉਸ ਦੀ ਚਮੜੀ ਪਹਿਲਾਂ ਹੀ ਖੂਬਸੂਰਤ ਹੈ ਕਿਉਂਕਿ ਕੰਪਨੀ ਵਾਲੇ ਖੂਬਸੂਰਤ ਮਾਡਲ ਹੀ ਚੁਣਦੇ ਹਨ। ਇਹ ਸੁੰਦਰਤਾ ਉਸ ਮਾਡਲ ਦੀ ਮਾਂ ਦੀ ਬਦੌਲਤ ਹੁੰਦੀ ਹੈ ਜਿਸ ਨੇ ਉਸ ਦੀ ਵਧੀਆ ਪਰਵਰਿਸ਼ ਕੀਤੀ ਹੁੰਦੀ ਹੈ।

ਗੈਰਕੁਦਰਤੀ ਸਾਬਣਾਂ ਅਤੇ ਕਰੀਮਾਂ ਤੋਂ ਬਚੋ। ਇਨ੍ਹਾਂ ਦਾ ਫਾਇਦਾ ਘੱਟ ਅਤੇ ਨੁਕਸਾਨ ਜ਼ਿਆਦਾ ਹੁੰਦਾ ਹੈ। ਕੁਦਰਤੀ ਚੀਜ਼ਾਂ ਨੂੰ ਵਰਤੋ ਅਤੇ ਆਪਣੀ ਚਮੜੀ ਨੂੰ ਸੁੰਦਰ ਬਣਾਓ। ਗੈਰਕੁਦਰਤੀ ਚੀਜ਼ਾਂ ਦੇ ਰਸਾਇਣਕ ਤੱਤ ਸਰੀਰ ਵਿਚ ਜਾ ਕੇ ਨੁਕਸਾਨ ਕਰਦੇ ਹਨ।

ਇਕ ਸਰਵੇਖਣ ਮੁਤਾਬਕ ਅਸੀਂ ਖਾਣ ਵਾਲੀਆਂ ਚੀਜ਼ਾਂ ਵਿਚ ਵਰਤੀਆਂ ਰਸਾਇਣਕ ਖਾਦਾਂ, ਦਵਾਈਆਂ, ਸੁੰਦਰਤਾ ਪ੍ਰਸਾਧਨਾਂ ਵਿਚ ਵਰਤੇ ਰਸਾਇਣਾਂ ਆਦਿ ਰਾਹੀਂ ਹਰ ਸਾਲ 4 ਕਿਲੋ ਰਸਾਇਣ ਆਪਣੇ ਸਰੀਰ 'ਚ ਲੈ ਜਾਂਦੇ ਹਾਂ। ਇਨ੍ਹਾਂ ਤੋਂ ਬਚਣ ਲਈ ਕੁਦਰਤੀ ਚੀਜ਼ਾਂ ਵੱਲ ਮੋੜਾ ਪਾਓ।

**-ਸਤਵਿੰਦਰ ਕੌਰ**

# ਬੱਚਿਆਂ ਨੂੰ ਵਿਗਾੜਨ-ਸੰਵਾਰਨ ਵਿਚ ਮਾਪਿਆਂ ਦਾ ਰੋਲ

ਬੱਚਿਆਂ ਨੂੰ ਵਿਗਾੜਨਾ ਜਾਂ ਸੰਵਾਰਨਾ ਸਾਡੇ ਆਪਣੇ ਹੱਥ ਵਿਚ ਹੀ ਹੁੰਦਾ ਹੈ। ਬੱਚਿਆਂ ਨੂੰ ਜਿਸ ਤਰ੍ਹਾਂ ਦੀਆਂ ਗੱਲਾਂ ਅਸੀਂ ਸਿਖਾਉਂਦੇ ਹਾਂ ਉਸੇ ਤਰ੍ਹਾਂ ਦੇ ਹੀ ਉਹ ਬਣ ਜਾਂਦੇ ਹਨ। ਅਸੀਂ ਜਿਵੇਂ ਰੋਜ਼ਾਨਾ ਵਿਚਰਦੇ ਹਾਂ, ਕੁਝ ਗੱਲਾਂ ਬੱਚਿਆਂ ਦੀ ਜ਼ਿੰਦਗੀ 'ਤੇ ਬਹੁਤ ਹੀ ਗਲਤ ਅਤੇ ਬੁਰਾ ਅਸਰ ਪਾਉਂਦੀਆਂ ਹਨ। ਉਦਾਹਰਣ ਦੇ ਤੌਰ 'ਤੇ ਅਸੀਂ ਆਮ ਕਰਕੇ ਆਪਣੇ ਬੱਚਿਆਂ ਨੂੰ ਤਾਂ ਇਹੀ ਸਿਖਾਉਂਦੇ ਹਾਂ ਕਿ ਝੂਠ ਬੋਲਣਾ ਪਾਪ ਹੈ ਪਰ ਕਈ ਵਾਰ ਅਸੀਂ ਖੁਦ ਹੀ ਆਪਣੇ ਬੱਚਿਆਂ ਨੂੰ ਇਹ ਝੂਠ ਬੋਲਣ ਲਈ ਮਜਬੂਰ ਕਰ ਦਿੰਦੇ ਹਾਂ ਕਿ ਜੇਕਰ ਫਲਾਣਾ ਮਿਲਣ ਵਾਲਾ ਘਰ ਆਵੇ ਤਾਂ ਉਹ ਇਹ ਕਹਿ ਦੇਣ ਕਿ ਮੈਂ ਘਰ ਨਹੀਂ ਹਾਂ। ਇਸ ਤਰ੍ਹਾਂ ਅਸੀਂ ਆਪਣੇ ਹਿੱਤਾਂ ਲਈ ਆਪਣੇ ਬੱਚਿਆਂ ਤੋਂ ਆਪ ਹੀ ਝੂਠ ਬੁਲਵਾ ਲੈਂਦੇ ਹਾਂ ਤੇ ਉਨ੍ਹਾਂ ਨੂੰ ਇਹ ਝੂਠ ਬੋਲਣ ਲਈ ਮਜਬੂਰ ਕਰ ਦਿੰਦੇ ਹਾਂ ਜਿਸ ਦਾ ਉਸ ਬੱਚੇ 'ਤੇ ਬਹੁਤ ਹੀ ਬੁਰਾ ਅਸਰ ਪੈਂਦਾ ਹੈ।

ਕਦੇ ਵੀ ਕਿਸੇ ਸਾਹਮਣੇ ਆਪਣੇ ਬੱਚੇ ਦੀ ਹੱਤਕ ਜਾਂ ਬੇਇੱਜ਼ਤੀ ਨਾ ਕਰੋ। ਉਸ ਦੀ ਕਿਸੇ ਵੀ ਬੁਰਾਈ ਜਾਂ ਕਮਜ਼ੋਰੀ ਬਾਰੇ ਆਪਣੇ ਕਿਸੇ ਰਿਸ਼ਤੇਦਾਰ ਜਾਂ ਉਸ ਦੇ ਕਿਸੇ ਦੋਸਤ ਮਿੱਤਰ ਨੂੰ ਨਾ ਦੱਸੋ, ਸਗੋਂ ਉਨ੍ਹਾਂ ਦੇ ਸਾਹਮਣੇ ਆਪਣੇ ਬੱਚੇ ਨੂੰ ਇਹੀ ਕਿਹਾ ਜਾਣਾ ਚਾਹੀਦਾ ਹੈ ਕਿ ਉਹ ਤਾਂ ਬਹੁਤ ਹੀ ਸਿਆਣਾ, ਆਗਿਆਕਾਰ ਅਤੇ ਗੁਣਵਾਨ ਹੈ। ਇਸ ਤਰ੍ਹਾਂ ਕਰਨ ਨਾਲ ਬੱਚਾ ਖੁਸ਼ ਤਾਂ ਹੁੰਦਾ ਹੀ ਹੈ ਸਗੋਂ ਉਸ ਵਿਚ ਇਹ ਸਭ ਕੁਝ ਗ੍ਰਹਿਣ ਕਰਨ ਦੀ ਇੱਛਾ ਸ਼ਕਤੀ ਹੀ ਜਾਗ੍ਰਿਤ ਹੁੰਦੀ ਹੈ। ਜੇਕਰ ਅਸੀਂ ਆਪਣੇ ਬੱਚੇ ਦੀ ਦੂਜਿਆਂ ਸਾਹਮਣੇ ਬੇਇੱਜ਼ਤੀ ਕਰਾਂਗੇ ਤਾਂ ਉਸ ਵਿਚ ਹੀਣਤਾ ਦੀ ਭਾਵਨਾ ਆ ਜਾਂਦੀ ਹੈ। ਉਹ ਵੱਡਿਆਂ ਤੋਂ ਨਜ਼ਰਾਂ ਚੁਰਾਉਣ ਲੱਗ ਪੈਂਦਾ ਹੈ। ਜੋ ਕਿ ਉਸ ਦੇ ਵਿਗੜਨ ਵਿਚ ਸਹਾਈ ਹੁੰਦਾ ਹੈ।

ਕਈ ਘਰਾਂ ਵਿਚ ਇਹ ਆਮ ਸੁਣਨ 'ਚ ਆਉਂਦਾ ਹੈ ਕਿ ਸਾਡੇ ਬੱਚੇ ਸਾਡਾ ਕਹਿਣਾ ਨਹੀਂ ਮੰਨਦੇ ਪਰ ਕਿਉਂ? ਇਹ ਇਕ ਸੋਚਣ ਵਾਲੀ ਗੱਲ ਹੈ। ਬੱਚਾ ਜਨਮ ਤੋਂ ਹੀ ਕੁਝ ਸਿੱਖ ਕੇ ਨਹੀਂ ਆਉਂਦਾ, ਜੋ ਵੀ ਅਸੀਂ ਉਸ ਨੂੰ ਸਿਖਾਉਂਦੇ ਹਾਂ ਉਹ ਸਿੱਖਣ ਲੱਗ ਪੈਂਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਅਸੀਂ ਆਪਣੇ ਘਰ 'ਚ ਪੰਜਾਬੀ ਬੋਲਦੇ ਹਾਂ ਤਾਂ ਬੱਚਾ ਪੰਜਾਬੀ ਭਾਸ਼ਾ ਬੋਲਣੀ ਸ਼ੁਰੂ ਕਰ ਦਿੰਦਾ ਹੈ। ਜੇਕਰ ਹਿੰਦੀ ਜਾਂ ਕੋਈ ਹੋਰ ਭਾਸ਼ਾ ਬੋਲਾਂਗੇ ਬੱਚਾ ਵੀ ਉਹੀ ਭਾਸ਼ਾ ਸਿੱਖ ਜਾਂਦਾ ਹੈ। ਅਸੀਂ ਆਪਣੇ ਬੱਚਿਆਂ ਨੂੰ ਚਾਅ ਅਤੇ ਲਾਡ ਨਾਲ ਹੀ ਘਰ ਵਾਲਿਆਂ ਨੂੰ ਗਾਲ੍ਹਾਂ ਆਦਿ ਕੱਢਣੀਆਂ ਸਿਖਾ ਦਿੰਦੇ ਹਾਂ। ਕਿਸੇ ਆਏ ਹੋਏ ਮਹਿਮਾਨ ਦੇ ਸਾਹਮਣੇ ਅਸੀਂ ਮਾਣ ਨਾਲ ਤੇ ਖੁਸ਼ੀ ਮਹਿਸੂਸ ਕਰਦੇ ਹੋਏ ਆਪਣੇ ਬੱਚੇ ਨੂੰ ਗਾਲ੍ਹ ਕੱਢ ਕੇ ਦਿਖਾਉਣ ਲਈ ਕਹਿੰਦੇ ਹਾਂ ਅਤੇ ਜੇਕਰ ਉਹ ਗਾਲ੍ਹ ਕੱਢ ਦੇਵੇ ਤਾਂ ਅਸੀਂ ਸਭ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਹਾਂ ਪਰ ਅਸੀਂ ਜੋ ਕੁਝ ਵੀ ਕਰਦੇ ਹਾਂ ਬਹੁਤ ਹੀ ਗਲਤ ਕਰਦੇ ਹਾਂ।

ਕਈ ਘਰਾਂ 'ਚ ਜਿੱਥੇ ਸ਼ਰਾਬ ਆਦਿ ਦਾ ਸੇਵਨ ਹੁੰਦਾ ਹੈ, ਉਥੇ ਖਾਸ ਕਰਕੇ ਬੱਚੇ ਦੇ ਪਿਓ, ਚਾਚੇ, ਤਾਏ ਆਦਿ ਆਪਣੇ ਬੱਚਿਆਂ ਨੂੰ ਵੀ ਸ਼ਰਾਬ ਆਦਿ ਪਿਆ ਦਿੰਦੇ ਹਨ। ਅਜਿਹੀਆਂ ਹੀ ਕਈ ਛੋਟੀਆਂ ਵੱਡੀਆਂ ਗਲਤੀਆਂ ਅਸੀਂ ਕਰਦੇ ਰਹਿੰਦੇ ਹਾਂ ਜਿਨ੍ਹਾਂ ਨਾਲ ਅਸੀਂ ਆਪਣੇ ਬੱਚੇ ਨੂੰ ਆਪ ਹੀ ਵਿਗਾੜ ਰਹੇ ਹੁੰਦੇ ਹਾਂ।

ਜੇਕਰ ਬੱਚਾ ਸਕੂਲ 'ਚੋਂ ਕੋਈ ਕਿਤਾਬ, ਕਾਪੀ, ਪੈਨ, ਪੈਂਸਿਲ ਆਦਿ ਲੈ ਕੇ ਆਉਂਦਾ ਹੈ ਤਾਂ ਮਾਪਿਆਂ ਨੂੰ ਚਾਹੀਦਾ ਹੈ ਕਿ ਉਸ ਨੂੰ ਪੁੱਛਣ ਕਿ ਇਹ ਚੀਜ਼ ਉਸ ਨੇ ਕਿੱਥੋਂ ਲਈ ਹੈ। ਕਿਤੇ ਤੁਹਾਡਾ ਬੱਚਾ ਸਕੂਲ 'ਚੋਂ ਆਪਣੇ ਕਿਸੇ ਸਾਥੀ ਬੱਚੇ ਦੀਆਂ ਚੀਜ਼ਾਂ ਹੀ ਤਾਂ ਚੁਰਾ ਕੇ ਨਹੀਂ ਲਿਆਇਆ। ਅਸੀਂ ਜੇ ਇਸ ਤਰ੍ਹਾਂ ਦੀਆਂ ਹਰਕਤਾਂ ਪ੍ਰਤੀ ਆਪਣੇ ਬੱਚੇ ਦਾ ਖਿਆਲ ਰੱਖਾਂਗੇ ਤਾਂ ਉਹ ਮਾੜੀਆਂ ਆਦਤਾਂ ਤੋਂ ਬਚਿਆ ਰਹੇਗਾ ਅਤੇ ਜੇਕਰ ਅਸੀਂ ਧਿਆਨ ਨਹੀਂ ਦੇਵਾਂਗੇ ਤਾਂ ਫਿਰ ਉਹ ਗਲਤੀਆਂ ਕਰਦਾ ਰਹੇਗਾ ਜੋ ਕਿ ਉਸ ਦੇ ਭਵਿੱਖ ਦੇ ਸੁਨਹਿਰੀ ਦਿਨਾਂ ਨੂੰ ਧੁੰਦਲਾ ਕਰ ਦੇਣਗੀਆਂ।

ਕਈ ਵਾਰ ਬੱਚੇ ਜ਼ਿਆਦਾ ਕੁੱਟ-ਮਾਰ, ਝਿੜਕਣ ਆਦਿ ਨਾਲ ਵੀ ਆਪਣਾ ਘਰ-ਬਾਰ ਤੱਕ ਛੱਡ ਜਾਂਦੇ ਹਨ। ਅਸੀਂ ਕਈ ਵਾਰ ਆਪਣੇ ਬੱਚਿਆਂ ਨੂੰ ਇਹ ਕਹਿ ਕੇ ਵੀ ਡਰਾਉਂਦੇ ਹਾਂ ਕਿ ਜੇਕਰ ਉਨ੍ਹਾਂ ਨੇ ਗਲਤੀ ਕੀਤੀ ਤਾਂ ਅਸੀਂ ਉਨ੍ਹਾਂ ਨੂੰ ਪੁਲੀਸ ਕੋਲ ਫੜਾ ਦੇਵਾਂਗੇ। ਸਾਡੇ ਵੱਲੋਂ ਕੀਤੀਆਂ ਇਸ ਤਰ੍ਹਾਂ ਦੀਆਂ ਕਈ ਗੱਲਾਂ ਵੀ ਬੱਚੇ ਦੇ ਭਵਿੱਖ ਲਈ ਠੀਕ ਨਹੀਂ ਹੁੰਦੀਆਂ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਅਜਿਹੇ ਡਰ ਨਾ ਪਾਈਏ। ਕਈ ਬੱਚੇ ਪਿਆਰ ਨਾਲ ਹੀ ਕਾਬੂ ਆ ਜਾਂਦੇ ਹਨ। ਅਜਿਹੇ ਬੱਚੇ ਗੁੱਸੇ ਨਾਲ ਕਦੀ ਵੀ ਕੋਈ ਗੱਲ ਨਹੀਂ ਮੰਨਦੇ। ਪਿਆਰ ਨਾਲ ਭਾਵੇਂ ਇਨ੍ਹਾਂ ਤੋਂ ਜੋ ਮਰਜ਼ੀ ਕਰਵਾ ਲਈਏ। ਪਿਆਰ ਨਾਲ ਸਮਝਣ ਵਾਲੇ ਬੱਚੇ ਦਾ ਦਿਮਾਗ ਵੀ ਨਰੋਆ ਹੁੰਦਾ ਹੈ।

**-ਸ਼ਾਮ ਸੁੰਦਰ ਸੰਧੂ**

# ਰੋਲੀ ਪੋਲੀ

**ਜਾਇਕਾ**

**ਸਮੱਗਰੀ:** 150 ਗ੍ਰਾਮ ਮੈਦਾ, ਸੌ ਗ੍ਰਾਮ ਮੱਖਣ, 75 ਗ੍ਰਾਮ ਕੱਦੂਕਸ਼ ਕੀਤਾ ਪਨੀਰ, ਇਕ ਆਂਡਾ, ਦੋ ਵੱਡੇ ਚਮਚ ਨਾਰੀਅਲ ਚਟਣੀ, 50 ਗ੍ਰਾਮ ਨਮਕੀਨ ਮੂੰਗਫਲੀ, ਨਮਕ, ਕਾਲੀ ਮਿਰਚ ਸਵਾਦ ਅਨੁਸਾਰ।

**ਚਟਣੀ ਵਾਸਤੇ:** ਚਾਰ ਵੱਡੇ ਚਮਚ ਕਦੂਕਸ਼ ਕੀਤਾ ਨਾਰੀਅਲ, ਦੋ ਹਰੀਆਂ ਮਿਰਚਾਂ, ਹਰਾ ਧਨੀਆ, ਇਕ ਛੋਟਾ ਚਮਚ ਭੁੰਨੀ ਹੋਈ ਛੋਲਿਆਂ ਦੀ ਦਾਲ, ਛੋਟਾ ਟੁਕੜਾ ਅਦਰਕ,



ਅੱਧਾ ਛੋਟਾ ਚਮਚ ਨਿੰਬੂ ਦਾ ਰਸ, ਨਮਕ।

**ਵਿਧੀ:** ਚਟਣੀ ਦੀ ਸਾਰੀ ਸਮੱਗਰੀ ਨੂੰ ਪੀਹ ਲਵੋ ਅਤੇ ਨਿੰਬੂ ਦਾ ਰਸ ਮਿਲਾ ਲਵੋ। ਇਕ ਬਰਤਨ ਵਿਚ ਮੈਦਾ, ਨਮਕ ਅਤੇ ਕਾਲੀ ਮਿਰਚ ਪਾਓ। ਮੱਖਣ ਕੱਟ ਕੇ ਪਾਓ ਅਤੇ ਹੌਲੀ ਹੌਲੀ ਮਿਲਾਓ। ਹੁਣ ਇਹ ਬਰੈਡ ਕੰਮਬਜ਼ ਵਰਗਾ ਦਿਖਣਾ ਚਾਹੀਦਾ ਹੈ। ਅਤੇ ਕੱਦੂਕਸ਼ ਕੀਤਾ ਪਨੀਰ ਮਿਲਾ ਕੇ ਗੁੰਨੋ ਅਤੇ ਆਟੇ ਵਰਗਾ ਬਣਾ ਲਵੋ ਫੇਰ ਅਇਤਾਕਾਰ ਵੇਲੋ। ਦੋਵੇਂ ਪਾਸਿਆਂ ਤੋਂ ਕੱਟ ਲਵੋ। ਫਿਰ ਇਸ ਨੂੰ ਸਵਿਸ ਰੋਲ ਦੀ ਤਰ੍ਹਾਂ ਰੋਲ ਕਰੋ। ਮੂੰਗਫਲੀ ਮੋਟੀ-ਮੋਟੀ ਕੁੱਟ ਕੇ ਇਕ ਕਾਗਜ਼ 'ਤੇ ਵਿਛਾ ਲਵੋ। ਰੋਲ ਉਤੇ ਫੈਂਟੇ ਹੋਏ ਆਂਡੇ ਦਾ ਘੋਲ ਲਗਾ ਲਵੋ। ਫਿਰ ਇਸੇ ਰੋਲ ਨੂੰ ਕੁੱਟੀ ਹੋਈ ਮੂੰਗਫਲੀ ਉਤੇ ਰੋਲ ਕਰੋ। ਰੋਲ ਨੂੰ ਦੋ ਸੈਂਟੀਮੀਟਰ ਦੇ ਟੁਕੜਿਆਂ ਵਿਚ ਕੱਟ ਲਵੋ। ਓਵਨ ਵਿਚ 20-30 ਮਿੰਟ ਤਕ ਪਕਾਓ ਤੇ ਫਿਰ ਚਟਣੀ ਨਾਲ ਖਾਓ।

### ਜੰਗਲੀ ਵੈਜ ਕੋਰਮਾ

ਤੁਹਾਡੇ ਫਰਿੱਜ ਵਿਚ ਜਿਹੜੀਆਂ ਵੀ ਸਬਜ਼ੀਆਂ ਪਈਆਂ ਹਨ, ਉਨ੍ਹਾਂ ਨੂੰ ਮਿਲਾ ਕੇ ਇਸ ਨੂੰ ਬਣਾਇਆ ਜਾ ਸਕਦਾ ਹੈ।

**ਸਮੱਗਰੀ:** ਦੋ ਵੱਡੇ ਚਮਚ ਤੇਲ, ਇਕ ਕੱਟਿਆ ਹੋਇਆ ਪਿਆਜ਼, ਇਕ ਛੋਟਾ ਚਮਚ ਪੀਸਿਆ ਹੋਇਆ ਧਨੀਆ, ਥੋੜ੍ਹਾ ਜਿਹਾ ਜ਼ੀਰਾ, ਨਮਕ, ਥੋੜ੍ਹੀ ਕੱਟੀ ਹੋਈ ਹਰੀ ਮਿਰਚ, ਸੌ ਗਰਾਮ ਛਿੱਲੀ ਹੋਈ ਗਾਜਰ, 100 ਗ੍ਰਾਮ ਤਾਜ਼ਾ ਮਸ਼ਰੂਮ, 200 ਗਰਾਮ ਘੀਆ, 100 ਗ੍ਰਾਮ ਤਾਜ਼ੇ ਟਮਾਟਰ, 100 ਗ੍ਰਾਮ ਤਾਜ਼ੀ ਫੁੱਲਗੋਭੀ, 100 ਗ੍ਰਾਮ ਦੁੱਧ ਬਿਨਾਂ ਮਲਾਈ ਤੋਂ, ਥੋੜ੍ਹਾ ਜਿਹਾ ਅਦਰਕ ਪੇਸਟ, ਲਸਣ ਦਾ ਪੇਸਟ ਅਤੇ ਇਕ ਵੱਡਾ ਚਮਚ ਕੱਟਿਆ ਹੋਇਆ ਹਰਾ ਧਨੀਆ।

**ਵਿਧੀ:** ਤੇਲ ਗਰਮ ਕਰਕੇ ਕੱਟਿਆ ਹੋਇਆ ਪਿਆਜ਼ ਤਲ ਲਵੋ। ਥੋੜ੍ਹਾ ਜਿਹਾ ਭੂਰਾ ਹੋ ਜਾਣ 'ਤੇ ਗੈਸ ਹੌਲੀ ਕਰੋ। ਪੀਸਿਆ ਹੋਇਆ ਧਨੀਆ, ਜ਼ੀਰਾ, ਨਮਕ, ਮਿਰਚ, ਅਦਰਕ ਅਤੇ ਲਸਣ ਦਾ ਪੇਸਟ ਪਾ ਦਿਓ। ਫਿਰ ਉਸ ਵਿਚ ਸਾਰੀਆਂ ਸਬਜ਼ੀਆਂ ਮਿਲਾ ਦਿਓ ਅਤੇ ਲਗਭਗ ਪੰਜ ਮਿੰਟ ਤਕ ਪਕਾਓ। ਵਿਚੋਂ-ਵਿਚੋਂ ਹਿਲਾਉਂਦੇ ਰਹੋ। ਪਿਛੋਂ ਇਸ ਮਿਸ਼ਰਣ 'ਚ ਦਹੀਂ ਪਾ ਦਿਓ ਅਤੇ ਕੁਝ ਦੇਰ ਵਾਸਤੇ ਪਕਾਓ। ਫੇਰ ਕੱਟਿਆ ਹੋਇਆ ਹਰਾ ਧਨੀਆ ਉਪਰ ਪਾ ਦਿਓ ਅਤੇ ਫੁਲਕੇ ਜਾਂ ਚਾਵਲ ਨਾਲ ਗਰਮ-ਗਰਮ ਖਾਓ।

**-ਰਮਨਦੀਪ ਕੌਰ ਭੁੱਲਰ**

ਖੇਡ ਤੇ ਖਿਡਾਰੀ

# ਵਿਸ਼ਵ ਕਬੱਡੀ ਕੱਪ ਦਾ ਫਾਈਨਲ ਮੈਚ

***ਐਤਕੀਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਖੇਡੇ ਵਿਸ਼ਵ ਕਬੱਡੀ ਕੱਪ ਦਾ ਫਾਈਨਲ ਮੈਚ ਵਿਵਾਦਾਂ ਵਿਚ ਘਿਰ ਗਿਆ। ਮੈਚ ਦੀਆਂ ਦੋਹਾਂ ਟੀਮਾਂ, ਖਾਸ ਕਰ ਕੇ ਪਾਕਿਸਤਾਨ ਦੀ ਟੀਮ ਵੱਲੋਂ ਦੋਸ਼ਾਂ ਦੀ ਵਾਛੜ ਲਗ ਗਈ। ਪ੍ਰਿੰਸੀਪਲ ਸਰਵਣ ਸਿੰਘ ਨੇ ਓਲੰਪੀਅਨ ਪਰਗਟ ਸਿੰਘ ਦੀ ਪ੍ਰਧਾਨਗੀ ਵਿਚ ਬਣੀ ਤਕਨੀਕੀ ਕਮੇਟੀ ਵੱਲੋਂ ਕੱਢੇ ਸਿੱਟਿਆਂ ਦੀ ਪੁਣ-ਛਾਣ ਕਰਦਿਆਂ ਕੁਝ ਤੱਥਾਂ ਉਤੇ ਚਾਨਣਾ ਪਾਇਆ ਹੈ। ਕਬੱਡੀ ਪ੍ਰੇਮੀਆਂ ਦੀ ਪੁਰਜ਼ੋਰ ਮੰਗ 'ਤੇ ਅਸੀਂ ਇਹ ਉਚੇਚਾ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਪੰਜਵੇਂ ਵਿਸ਼ਵ ਕਬੱਡੀ ਕੱਪ ਦਾ ਫਾਈਨਲ ਮੈਚ ਹਾਲੇ ਵੀ ਚਰਚਾ ਵਿਚ ਹੈ। ਟੀ.ਵੀ. ਰਾਹੀਂ ਇਹ ਮੈਚ ਕਰੋੜਾਂ ਲੋਕਾਂ ਨੇ ਵੇਖਿਆ ਤੇ ਯੂ-ਟਿਊਬ ਤੋਂ ਅਜੇ ਵੀ ਵੇਖਿਆ ਜਾ ਰਿਹੈ। ਇਹ ਮੈਚ ਕਾਫੀ ਵਾਦ-ਵਿਵਾਦੀ ਰਿਹਾ। ਓਲੰਪੀਅਨ ਪਰਗਟ ਸਿੰਘ ਦੀ ਪ੍ਰਧਾਨਗੀ ਵਿਚ ਬਣੀ ਤਕਨੀਕੀ ਕਮੇਟੀ ਨੇ ਇਸ ਦੀ ਪੁਣ-ਛਾਣ ਕਰ ਲਈ ਹੈ ਤੇ ਕਈ ਲੁਕਵੇਂ ਤੱਥ ਲੱਭੇ ਹਨ। ਕਬੱਡੀ ਪ੍ਰੇਮੀ ਚਾਹੁੰਦੇ ਹੋਣਗੇ ਕਿ ਉਨ੍ਹਾਂ ਤੱਥਾਂ ਦਾ ਪਤਾ ਲੱਗੇ ਤਾਂ ਕਿ ਫੈਲਾਏ ਜਾ ਰਹੇ ਭਰਮ-ਭੁਲੇਖੇ ਦੂਰ ਹੋਣ। ਦਰਸ਼ਕ ਹਾਰੇ ਖਿਡਾਰੀਆਂ ਦੇ ਹੰਝੂ ਵੇਖ ਕੇ ਗਲਤ ਅਨੁਮਾਨ ਨਾ ਲਾਉਣ। ਵਾਧੂ ਦੀਆਂ ਊਜਾਂ ਦੇ ਸ਼ਿਕਾਰ ਨਾ ਹੋਣ।

ਅਕਸਰ ਵੇਖਿਆ ਜਾਂਦੈ ਕਿ ਖਿਡਾਰੀ ਹਾਰ ਜਾਣ ਪਿੱਛੋਂ ਰੋਂਦੇ ਧੋਂਦੇ ਤੇ ਬੇਇਨਸਾਫ਼ੀ ਦੇ ਇਲਜ਼ਾਮ ਲਾਉਂਦੇ ਹਨ। ਕੁਝ ਐਸਾ ਹੀ ਭਾਰਤ-ਪਾਕਿਸਤਾਨ ਫਾਈਨਲ ਮੈਚ ਪਿੱਛੋਂ ਹੋਇਆ। ਵਿਸ਼ਵ ਕਬੱਡੀ ਕੱਪ ਦਾ ਡਾਇਰੈਕਟਰ ਉੱਘਾ ਕਬੱਡੀ ਖਿਡਾਰੀ, ਪੁਲਿਸ ਅਫਸਰ ਸ਼ਿਵਦੇਵ ਸਿੰਘ ਸੀ ਜਿਸ ਦਾ ਅਕਸ ਨਿਰਪੱਖ, ਈਮਾਨਦਾਰ



**ਪ੍ਰਿੰ. ਸਰਵਣ ਸਿੰਘ, ਕੈਨੇਡਾ**
**ਫੋਨ: 905-799-1661**

ਤੇ ਅਨੁਸ਼ਾਸਨਬੱਧ ਪ੍ਰਬੰਧਕ ਹੋਣ ਦਾ ਬਣਿਆ ਹੋਇਆ ਹੈ। ਉਸ ਦਾ ਖੁਦ ਖੇਡਣ, ਖਿਡਾਉਣ ਤੇ ਖੇਡ ਪ੍ਰਬੰਧਕ ਹੋਣ ਦਾ ਚਾਲੀ ਵਰ੍ਹੇ ਲੰਮਾ ਤਜਰਬਾ ਹੈ। ਉਸ ਨੇ ਮੈਚ ਤੋਂ ਪਹਿਲਾਂ ਭਾਰਤ-ਪਾਕਿਸਤਾਨ ਟੀਮਾਂ ਦੀ ਨਿਗਰਾਨੀ ਲਈ ਨਿਗਰਾਨ ਲਾ ਦਿੱਤੇ ਸਨ, ਤਾਂ ਕਿ ਖਿਡਾਰੀ ਪਿੰਡੇ 'ਤੇ ਤੇਲੀਆ ਸ਼ੈਅ ਜਾਂ ਟੀਕੇ ਆਦਿ ਨਾ ਲਾ ਸਕਣ। ਇਹਦੇ ਬਾਵਜੂਦ ਦੋਹਾਂ ਟੀਮਾਂ ਦੇ ਕੁਝ ਖਿਡਾਰੀਆਂ ਨੇ ਤੇਲੀਆ ਵਸਤੂਆਂ ਪਿੰਡਿਆਂ 'ਤੇ ਲਾ ਲਈਆਂ ਸਨ। ਪਾਕਿਸਤਾਨ ਦੀ ਟੀਮ ਨਾਲ ਲਾਏ ਨਿਗਰਾਨ ਨੇ ਦੱਸਿਆ ਕਿ ਮੈਚ ਤੋਂ ਪਹਿਲਾਂ ਉਸ ਨੂੰ ਇਹ ਕਹਿ ਕੇ ਕਮਰੇ ਤੋਂ ਬਾਹਰ ਭੇਜਿਆ ਗਿਆ, ਪਈ ਉਨ੍ਹਾਂ ਨੇ ਦੁਆ ਕਰਨੀ ਹੈ। ਉਹ ਬਾਹਰ ਨਿਕਲਿਆ ਤਾਂ ਜਿਨ੍ਹਾਂ ਨੇ ਤੇਲ ਲਾਉਣਾ ਸੀ, ਉਹ ਤੇਲ ਦੀ 'ਦੁਆ' ਲਾ ਕੇ ਬਾਹਰ ਨਿਕਲੇ। ਇੰਜ ਹੀ ਕੁਝ ਭਾਰਤੀ ਖਿਡਾਰੀਆਂ ਨੇ 'ਬਾਮ' ਲਾਈ।

ਟੀਮਾਂ ਦਾਇਰੇ ਵਿਚ ਆਈਆਂ ਤਾਂ ਸ਼ਿਵਦੇਵ ਸਿੰਘ ਨੇ ਪਾਕਿਸਤਾਨੀ ਟੀਮ ਦੇ ਕਪਤਾਨ ਸ਼ਫੀਕ ਚਿਸ਼ਤੀ ਦੇ ਲਿਸ਼ਕਦੇ ਪਟੇ ਵੇਖਦਿਆਂ ਉਨ੍ਹਾਂ ਨੂੰ ਹੱਥ ਲਾ ਕੇ ਟੋਹਿਆ। ਉਸ ਦਾ ਕਹਿਣਾ ਹੈ ਕਿ ਉਹਦਾ ਹੱਥ ਤੇਲ ਨਾਲ ਗੱਚ ਹੋ ਗਿਆ। ਚੰਗੀ ਤਰ੍ਹਾਂ ਪੂੰਝਣ ਨਾਲ ਵੀ ਉਸ ਦਾ ਚਿਪਚਿਪਾਪਨ ਕਾਇਮ ਰਿਹਾ। ਨਿਯਮਾਂ ਅਨੁਸਾਰ ਪਿੰਡੇ ਜਾਂ ਵਾਲਾਂ ਨੂੰ ਤੇਲ ਲਾ ਕੇ ਆਏ ਖਿਡਾਰੀਆਂ ਨੂੰ ਲਾਲ ਕਾਰਡ ਵਿਖਾ ਕੇ ਮੈਚ ਖੇਡਣ ਤੋਂ ਬੈਨ ਕਰ ਦੇਣਾ ਬਣਦਾ ਸੀ, ਪਰ ਉਸ ਵੇਲੇ ਤੇਲੀਆ ਖਿਡਾਰੀਆਂ ਨੂੰ ਬੈਨ ਕੀਤਾ ਜਾਂਦਾ ਤਾਂ ਸੰਭਾਵਨਾ ਸੀ ਕਿ ਮੈਚ ਹੁੰਦਾ ਹੀ ਨਾ। ਉਸ ਵੇਲੇ ਪੰਜਾਬ ਤੇ ਹਰਿਆਣੇ ਦੇ ਮੁੱਖ ਮੰਤਰੀ ਸਸ਼ੋਭਿਤ ਸਨ ਅਤੇ ਦਰਸ਼ਕਾਂ ਨਾਲ ਭਰੇ ਹੋਏ ਸਟੇਡੀਅਮ 'ਚ ਮੈਚ ਵੇਖਣ ਦੀ ਤੀਬਰ ਚਾਹਤ ਸੀ। ਕਰੋੜਾਂ ਲੋਕ ਟੀ.ਵੀ. ਤੋਂ ਮੈਚ ਵੇਖਣ ਦੀ ਇੰਤਜ਼ਾਰ ਕਰ ਰਹੇ ਸਨ। ਉਸ ਸਥਿਤੀ ਵਿਚ ਤੌਲੀਆਂ ਨਾਲ ਪਿੰਡੇ ਪੂੰਝੇ ਗਏ, ਪਰ ਤੇਲ ਪੂਰੀ ਤਰ੍ਹਾਂ ਪੂੰਝਿਆ ਨਾ ਜਾ ਸਕਿਆ।

ਟੂਰਨਾਮੈਂਟ ਦੇ ਡਾਇਰੈਕਟਰ ਨੇ ਪਾਕਿਸਤਾਨ ਦੇ ਡਾਇਰੈਕਟਰ ਸਪੋਰਟਸ ਨੂੰ ਕਹਿ ਵੀ ਦਿੱਤਾ ਕਿ ਇਹ ਮੈਚ ਕੋਈ ਮੈਚ ਨਹੀਂ, ਪਰ ਮੈਚ ਖਿਡਾਉਣਾ ਸਮੇਂ ਦੀ ਮਜਬੂਰੀ ਸੀ; ਸੋ, ਮੈਚ ਸ਼ੁਰੂ ਕਰਾਉਣਾ ਪਿਆ। ਤੇਲ ਲੱਗਿਆ ਹੋਣ ਕਾਰਨ ਪਹਿਲੇ ਕੁਆਰਟਰ ਵਿਚ ਦੋਹਾਂ ਟੀਮਾਂ ਤੋਂ ਸਿਰਫ਼ ਇਕ-ਇਕ ਜੱਫਾ ਲੱਗਾ ਤੇ ਅੰਕ 11-11 ਰਹੇ। ਕੁਝ ਰੇਡਰ ਬੁਰੀ ਤਰ੍ਹਾਂ ਫਸ ਕੇ ਵੀ ਜੱਫੇ 'ਚੋਂ ਤਿਲ੍ਹਕ ਜਾਂਦੇ ਰਹੇ। 20 ਦਸੰਬਰ ਦੀ ਦਿਨ ਛਿਪੇ ਦੀ ਠਾਰੀ ਵਿਚ ਜਦੋਂ ਮੁੜ੍ਹਕਾ ਆਉਂਦਾ ਹੀ ਨਹੀਂ, ਰੇਡਰਾਂ ਦੇ ਪਿੰਡੇ ਲਿਸ਼ਕਦੇ ਰਹੇ ਜਿਵੇਂ ਮੁੜ੍ਹਕੇ ਨਾਲ ਲਿਸ਼ਕਦੇ ਹਨ। ਸਪਸ਼ਟ ਸੀ ਕਿ ਤੇਲੀਆ ਵਸਤੂਆਂ ਮਲੀਆਂ ਹੋਈਆਂ ਸਨ। ਪਾਣੀ ਪੀਣ ਦੀ ਬਰੇਕ ਸਮੇਂ ਪਾਕਿਸਤਾਨ ਦੀ ਟੀਮ ਦੇ ਖੇਮੇ ਵਿਚੋਂ ਫੜੀ ਇਕ ਬੋਤਲ ਸ਼ਿਵਦੇਵ ਸਿੰਘ ਨੇ ਤਕਨੀਕੀ ਕਮੇਟੀ ਦੀ ਮੀਟਿੰਗ ਵਿਚ ਪੇਸ਼ ਕੀਤੀ। ਦੱਸਿਆ ਕਿ ਉਸ ਵਿਚ ਨਾਰੀਅਲ ਦਾ ਤੇਲ ਤੇ ਬੇਬੀ ਆਇਲ ਪਾ ਕੇ ਗਰਮ ਪਾਣੀ ਪਾਇਆ ਹੋਇਆ ਸੀ। ਉਹ ਤੇਲੀਆ ਪਾਣੀ ਵੇਖਣ ਨੂੰ ਪਾਣੀ ਹੀ ਲੱਗਦਾ ਸੀ ਜੋ ਪੀਣ ਲਈ ਨਹੀਂ, ਸਿਰ ਦੇ ਪਟਿਆਂ ਨੂੰ ਲਾਉਣ ਲਈ ਸੀ। ਉਥੋਂ ਫਿਰ ਸਹਿਜੇ ਹੀ ਪਿੰਡੇ 'ਤੇ ਲੱਗ ਸਕਦਾ ਸੀ। ਸ਼ਿਵਦੇਵ ਸਿੰਘ ਨੇ ਜਦੋਂ ਉਹ ਬੋਤਲ ਲੈਣੀ ਚਾਹੀ, ਤਾਂ ਬੋਤਲ ਵਾਲਾ ਭੱਜ ਪਿਆ, ਪਰ ਇਕ ਜੁਆਨ ਨੇ ਪਿੱਛੇ ਭੱਜ ਕੇ ਬੋਤਲ ਕਾਬੂ ਕਰ ਲਈ। ਇਕ ਤਿਹਾਈ ਬਚੀ ਬੋਤਲ ਅਸੀਂ ਸੁੰਘੀ ਤਾਂ ਬੇਬੀ ਆਇਲ ਤੇ ਨਾਰੀਅਲ ਦਾ ਮੁਸ਼ਕ ਆਇਆ। ਉਦੋਂ ਤਕ ਨਾਰੀਅਲ ਦਾ ਤੇਲ ਜੰਮ ਕੇ ਥੱਲੇ ਬੈਠ ਚੁੱਕਾ ਸੀ।

ਪਾਕਿਸਤਾਨ ਦੇ ਡਾਇਰੈਕਟਰ ਸਪੋਰਟਸ ਨੂੰ ਉਹ ਬੋਤਲ ਵਿਖਾਈ ਤਾਂ ਉਸ ਨੇ ਕਿਹਾ, ਇਹ ਸ਼ਹਿਦ ਹੈ। ਚਿੱਟੇ ਰੰਗ ਦੇ ਸ਼ਹਿਦ ਦਾ ਪਹਿਲੀ ਵਾਰ ਪਤਾ ਲੱਗਾ। ਵੈਸੇ ਵਾਟਰ ਬਰੇਕ ਵਿਚ ਪਾਣੀ ਤੋਂ ਇਲਾਵਾ ਸ਼ਹਿਦ ਜਾਂ ਕੁਝ ਵੀ ਹੋਰ ਖਾਣ-ਪੀਣ ਲਈ ਦੇਣਾ ਨਿਯਮਾਂ ਦੀ ਉਲੰਘਣਾ ਸੀ। ਕੁਝ ਖਿਡਾਰੀ ਅੰਕ ਲੈਣ ਪਿੱਛੋਂ ਕੁਝ ਵਧੇਰੇ ਹੀ ਬਾਹਾਂ ਉਲਾਰਦੇ ਰਹੇ ਜੋ ਖੇਡ ਭਾਵਨਾ ਦੇ ਉਲਟ ਸੀ। ਅਜਿਹਾ ਕਰਨ ਵਿਚ ਪਾਕਿਸਤਾਨ ਦੇ ਜ਼ਿੰਮੇਵਾਰ ਕਪਤਾਨ ਨੇ ਵੀ ਘੱਟ ਨਹੀਂ ਗੁਜ਼ਾਰੀ। ਉਹ ਅੰਕ ਹਾਸਲ ਕਰ ਕੇ ਵਾਰ-ਵਾਰ ਲੱਤਾਂ ਦਾ ਅਜਿਹਾ ਫਿਟਫਿਟੀਆ ਚਲਾਉਂਦਾ ਕਿ ਹੋਛਾ ਲੱਗਦਾ। ਭਾਰਤ ਦੇ ਜਾਫੀ ਮੰਗੀ ਨੇ ਧੱਕੇ ਦੇਣ ਦੀਆਂ ਦੋ ਕੋਝੀਆਂ ਹਰਕਤਾਂ ਕੀਤੀਆਂ ਜਿਸ ਕਰ ਕੇ ਉਸ ਨੂੰ ਵਾਰਨਿੰਗ ਕਾਰਡ ਵਿਖਾਇਆ ਗਿਆ।

ਮੈਚ ਦੇ ਅੱਧੇ ਸਮੇਂ ਤਕ ਪਾਕਿਸਤਾਨ ਦੀ ਟੀਮ 23-20 ਅੰਕਾਂ ਨਾਲ ਅੱਗੇ ਸੀ। ਤੀਜੇ ਕੁਆਰਟਰ ਵਿਚ ਉਹ 27-21 ਦੀ ਲੀਡ ਲੈ ਕੇ ਕੁਆਰਟਰ ਮੁੱਕਣ ਤਕ 34-31 ਅੰਕਾਂ 'ਤੇ ਆ ਗਈ। ਅਖ਼ੀਰਲੇ ਕੁਆਟਰ ਵਿਚ ਉਹ ਮੈਚ ਜਿੱਤਦੀ-ਜਿੱਤਦੀ 42-45 ਅੰਕਾਂ ਨਾਲ ਮੈਚ ਹਾਰ ਗਈ। 2013 ਦੇ ਫਾਈਨਲ ਮੈਚ ਵਿਚ ਅੱਧੇ ਸਮੇਂ ਤਕ ਭਾਰਤੀ ਟੀਮ ਪਾਕਿਸਤਾਨੀ ਟੀਮ ਤੋਂ 23-21 ਅੰਕਾਂ ਨਾਲ ਅੱਗੇ ਸੀ। ਪਹਿਲੇ ਕੁਆਰਟਰ ਵਿਚ ਭਾਰਤੀ ਟੀਮ 12-11, ਦੂਜੇ ਵਿਚ 11-10, ਤੀਜੇ ਵਿਚ 11-9 ਤੇ ਚੌਥੇ ਵਿਚ 15-8 ਦੀ ਵੱਡੀ ਲੀਡ ਲੈ ਕੇ 49-38 ਅੰਕਾਂ ਨਾਲ ਮੈਚ ਜਿੱਤੀ ਸੀ। ਇਸ ਵਾਰ ਪਾਕਿਸਤਾਨੀ ਟੀਮ ਪਹਿਲੇ ਕੁਆਰਟਰ ਵਿਚ 11-11, ਦੂਜੇ ਵਿਚ 12-9, ਤੀਜੇ ਵਿਚ 11-11 ਤੇ ਚੌਥੇ ਵਿਚ 8-14 ਅੰਕ ਲੈ ਸਕੀ। ਪਾਕਿਸਤਾਨ ਦੇ ਕਬੱਡੀ ਅਧਿਕਾਰੀਆਂ ਤੇ ਕਬੱਡੀ ਕੋਚਾਂ ਨੂੰ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਟੀਮ ਆਖਰੀ ਕੁਆਰਟਰ ਵਿਚ ਹੰਭ ਕਿਉਂ ਜਾਂਦੀ ਹੈ?

2013 ਦੇ ਫਾਈਨਲ ਮੈਚ ਵਿਚ ਹਿੰਦ-ਪਾਕਿ ਦੇ 14+10=24 ਜੱਫੇ ਲੱਗੇ ਸਨ। ਹੁਣ 8+7=15 ਜੱਫੇ ਲੱਗੇ ਹਨ। ਕਿਤੇ 2013 ਨਾਲੋਂ 2014 ਵਿਚ ਤੇਲ ਦੀ ਵਰਤੋਂ ਵੱਧ ਤਾਂ ਨਹੀਂ ਹੋ ਗਈ!

ਮੈਚ ਮੁੱਕਣ ਬਾਅਦ ਪਾਕਿਸਤਾਨ ਦੇ ਖਿਡਾਰੀ ਇਸ ਲਈ ਰੋਏ ਕਿ ਉਹ ਮੈਚ ਜਿੱਤਦੇ-ਜਿੱਤਦੇ ਹਾਰੇ। ਉਨ੍ਹਾਂ ਨੂੰ ਮੈਚ ਜਿੱਤਣ ਦੀ ਪੂਰੀ ਆਸ ਬੱਝ ਗਈ ਸੀ। ਉਨ੍ਹਾਂ ਦੀ ਹਾਰ ਦਾ ਅਸਲ ਕਾਰਨ ਮੈਚ ਖਿਡਾਉਣ ਵਾਲਿਆਂ ਦਾ ਪੱਖਪਾਤੀ ਵਤੀਰਾ ਨਹੀਂ, ਸਗੋਂ ਉਨ੍ਹਾਂ ਦੀਆਂ ਆਪਣੀਆਂ ਗ਼ਲਤੀਆਂ ਸਨ। ਜੇ ਸੱਚਮੁਚ ਹੀ ਪੱਖਪਾਤ ਹੋਇਆ ਹੁੰਦਾ ਤਾਂ ਉਹ ਟਾਈਮ ਆਊਟ ਲੈ ਕੇ ਇਤਰਾਜ਼ ਕਰ ਸਕਦੇ ਸਨ ਜੋ ਉਨ੍ਹਾਂ ਨੇ ਕੀਤਾ ਹੀ ਨਹੀਂ। ਨਿਯਮਾਂ ਅਨੁਸਾਰ ਦੋ ਰੈਫਰਲ ਉਨ੍ਹਾਂ ਨੇ ਮੰਗੇ ਜੋ ਦੇ ਦਿੱਤੇ ਗਏ। ਦੋ ਤੋਂ ਵੱਧ ਰੈਫਰਲ ਉਹ ਲੈ ਨਹੀਂ ਸਨ ਸਕਦੇ। ਬਰਡ ਅੰਪਾਇਰਾਂ ਵਿਚ ਇਕ ਇਰਾਨੀ, ਦੂਜਾ ਭਾਰਤੀ ਤੇ ਤੀਜਾ ਪਾਕਿਸਤਾਨੀ ਸੀ। ਟਾਈਮ ਕੀਪਰ ਰੇਡਰਾਂ ਨੂੰ ਪੰਜ ਸੈਕਿੰਡ ਦੇ ਅੰਦਰ ਰੇਡ ਸ਼ੁਰੂ ਕਰਨ ਲਈ ਹੱਥ ਦਾ ਇਸ਼ਾਰਾ ਕਰਦਾ ਰਿਹਾ। ਜੇ ਕੋਈ ਪੰਜ ਸੈਕਿੰਡ ਅੰਦਰ ਰੇਡ ਸ਼ੁਰੂ ਨਾ ਕਰਦਾ ਤਾਂ ਉਹਦੇ ਖ਼ਿਲਾਫ ਅੰਕ ਦੇਣਾ ਬਣਦਾ ਸੀ। ਇੰਜ ਸੁਸਤ ਖਿਡਾਰੀਆਂ ਦਾ ਬਚਾਅ ਹੁੰਦਾ ਰਿਹਾ।

ਮੈਚ ਮੁੱਕਣ ਪਿੱਛੋਂ ਪਾਕਿਸਤਾਨੀ ਕਪਤਾਨ ਦੇ ਦੋਸ਼ ਕਿ ਉਨ੍ਹਾਂ ਨੂੰ ਪਾਣੀ ਨਹੀਂ ਪੀਣ ਦਿੱਤਾ, ਕਬੱਡੀ ਛੇਤੀ ਪਾਉਣ ਲਈ ਕਿਹਾ ਜਾਂ ਮੈਚ ਪੂਰਾ ਸਮਾਂ ਨਹੀਂ ਖਿਡਾਇਆ ਗਿਆ, ਪੜਤਾਲ ਦੌਰਾਨ ਨਿਰਮੂਲ ਨਿਕਲੇ। ਪਾਣੀ ਪੀਣ ਦੀ ਸ਼ਾਰਟ ਬਰੇਕ ਦੌਰਾਨ ਦੋਹਾਂ ਟੀਮਾਂ ਦੇ ਖੇਮਿਆਂ ਵਿਚ ਖਿਡਾਰੀਆਂ ਜਿੰਨੀਆਂ ਹੀ ਬੋਤਲਾਂ ਮੌਜੂਦ ਸਨ। ਜੇ ਕਿਸੇ ਨੇ ਸ਼ਾਰਟ ਬਰੇਕ ਵਿਚ ਪਾਣੀ ਪੀਣ ਦੀ ਥਾਂ ਪਟਿਆਂ ਨੂੰ ਲਾਉਂਦੇ ਰਹਿਣਾ ਹੈ ਤਾਂ ਉਸ ਦੀ ਮਰਜ਼ੀ। ਹਾਂ, ਜੇ ਇਹ ਦੋਸ਼ ਲੱਗਦਾ ਕਿ 'ਗਰਮ ਪਾਣੀ ਦੀ ਬੋਤਲ' ਕਿਉਂ ਫੜੀ ਤਾਂ ਦੋਸ਼ ਸਹੀ ਸਿੱਧ ਹੋਣਾ ਸੀ।

2010 ਦੇ ਪਹਿਲੇ ਕਬੱਡੀ ਵਿਸ਼ਵ ਕੱਪ ਵਿਚ ਪਾਕਿਸਤਾਨ ਦੀ ਟੀਮ ਭਾਰਤ ਤੋਂ 58-24 ਅੰਕਾਂ ਨਾਲ ਹਾਰੀ ਸੀ, ਯਾਨੀ 82 ਰੇਡਾਂ ਪਈਆਂ ਸਨ। ਦੂਜੇ ਕੱਪ ਵਿਚ ਭਾਰਤ ਨੇ ਕੈਨੇਡਾ ਨੂੰ 59-25 ਅੰਕਾਂ ਨਾਲ ਹਰਾਇਆ, ਯਾਨੀ 84 ਰੇਡਾਂ ਪਈਆਂ। ਤੀਜੇ ਕੱਪ ਵਿਚ ਭਾਰਤ ਨੇ ਪਾਕਿਸਤਾਨ ਨੂੰ 59-22 ਅੰਕਾਂ ਨਾਲ ਹਰਾਇਆ, ਭਾਵ 81 ਰੇਡਾਂ ਪਈਆਂ। ਚੌਥੇ ਕੱਪ ਵਿਚ ਭਾਰਤ ਨੇ ਪਾਕਿਸਤਾਨ ਨੂੰ 48-39 ਅੰਕਾਂ ਨਾਲ ਹਰਾਇਆ, ਤਾਂ 87 ਰੇਡਾਂ ਪਈਆਂ। ਐਤਕੀਂ ਵੀ ਫਾਈਨਲ ਮੈਚ ਵਿਚ 87 ਰੇਡਾਂ ਪਈਆਂ ਹਨ। ਪੁਣ-ਛਾਣ ਵਿਚ ਮੈਚ ਸਮੇਂ ਵਰਤੀਆਂ ਦੋਵੇਂ ਘੜੀਆਂ ਵੇਖੀਆਂ ਗਈਆਂ। ਇਕ ਦਾ ਸਮਾਂ 40 ਮਿੰਟ 3 ਸੈਕਿੰਡ ਉਤੇ ਖੜ੍ਹਾ ਸੀ, ਤੇ ਦੂਜੀ ਦਾ 40 ਮਿੰਟ 5 ਸੈਕਿੰਡ ਉਤੇ। ਜੇ ਮੈਚ ਪੂਰਾ ਸਮਾਂ ਨਾ ਖਿਡਾਇਆ ਜਾਂਦਾ ਤਾਂ 87 ਰੇਡਾਂ ਨਾ ਪੈ ਸਕਦੀਆਂ। ਇਹ ਦੋਸ਼ ਕਿ ਰੇਡਰ ਰੇਡ ਪਾ ਕੇ ਦਾਇਰੇ ਤੋਂ ਬਾਹਰ ਟਰੈਕ ਸੂਟ ਪਾ ਲੈਂਦੇ ਜਾਂ ਪੱਬਾਂ ਭਾਰ ਬੈਠ ਜਾਂਦੇ, ਨਿਯਮਾਂ ਦੀ ਉਲੰਘਣਾ ਨਹੀਂ। ਪੜਤਾਲ ਦੌਰਾਨ ਪਾਇਆ ਗਿਆ ਕਿ ਕਿਸੇ ਵੀ ਖਿਡਾਰੀ ਨੇ ਟਰੈਕ ਸੂਟ ਪਾ ਕੇ ਨਾ ਕੋਈ ਰੇਡ ਪਾਈ ਸੀ, ਤੇ ਨਾ ਕੋਈ ਜੱਫਾ ਲਾਇਆ ਸੀ।

ਇਹ ਦੋਸ਼ ਸਹੀ ਨਿਕਲਿਆ ਕਿ ਭਾਰਤੀ ਟੀਮ ਦਾ ਕੋਚ ਖਿਡਾਰੀਆਂ ਨੂੰ ਖੇਡਣ ਦੇ ਏਰੀਏ ਵਿਚ ਜਾ ਕੇ ਹਦਾਇਤਾਂ ਦਿੰਦਾ ਰਿਹਾ ਜੋ ਨਿਯਮਾਂ ਦੀ ਉਲੰਘਣਾ ਸੀ। ਪਾਕਿਸਤਾਨੀ ਟੀਮ ਦਾ ਮੈਨੇਜਰ ਵੀ ਅਜਿਹੀ ਉਲੰਘਣਾ ਕਰਦਾ ਵੇਖਿਆ ਗਿਆ। ਭਾਰਤ ਦੇ ਕਬੱਡੀ ਅਧਿਕਾਰੀਆਂ ਨੇ ਭਾਰਤੀ ਟੀਮ ਦੇ ਕੋਚ ਨੂੰ ਛੇ ਮਹੀਨੇ ਲਈ ਬੈਨ ਕਰ ਦਿੱਤਾ ਹੈ। ਵੇਖਦੇ ਹਾਂ, ਪਾਕਿਸਤਾਨ ਦੇ ਕਬੱਡੀ ਅਧਿਕਾਰੀ ਆਪਣੀ ਟੀਮ ਦੇ ਮੈਨੇਜਰ ਨੂੰ ਕੀ ਸਜ਼ਾ ਸੁਣਾਉਂਦੇ ਹਨ? ਤੇ ਕਪਤਾਨ ਦੇ ਟੀ.ਵੀ. ਤੋਂ ਬੋਲੇ ਕਬੋਲਾਂ ਦਾ ਕੀ ਨੋਟਿਸ ਲੈਂਦੇ ਹਨ?



*ਪੰਜਵੇਂ ਵਿਸ਼ਵ ਕਬੱਡੀ ਕੱਪ 'ਚ ਦੂਜੇ ਥਾਂ ਰਹੀ ਪਾਕਿਸਤਾਨ ਦੀ ਟੀਮ*

ਕਬੱਡੀ ਮਾਹਿਰ ਸਮਝਦੇ ਹਨ ਕਿ ਪਾਕਿਸਤਾਨ ਦੀ ਟੀਮ ਦੇ ਹਾਰਨ ਦਾ ਮੁੱਖ ਕਾਰਨ ਉਸ ਦੇ ਰੇਡਰਾਂ ਦਾ ਆਖ਼ਰ ਵਿਚ ਹੰਭ ਜਾਣਾ ਸੀ। ਮੈਚ ਜਦੋਂ ਪਾਕਿਸਤਾਨ ਦੇ ਹੱਕ ਵਿਚ 40-39 ਅੰਕਾਂ ਉਤੇ ਸੀ, ਤਾਂ ਆਰਾਮ ਲੈਣ ਲਈ ਪਾਕਿਸਤਾਨ ਦੀ ਟੀਮ ਟਾਈਮ ਆਊਟ ਲੈ ਬੈਠੀ। ਜੇਤੂ ਲੈਅ ਵਿਚ ਚਲਦੀ ਟੀਮ ਲਈ ਇਹ ਘਾਤਕ ਸਿੱਧ ਹੋਇਆ। ਜਦੋਂ ਅੰਕ 42-42 ਹੋਏ ਤਾਂ ਭਾਰਤੀ ਰੇਡਰ ਨੇ ਸਫਲ ਰੇਡ ਪਾ ਕੇ 43-42 ਕਰ ਦਿੱਤੇ। ਮੌਕਾ ਉਦੋਂ ਪਾਕਿਸਤਾਨ ਦੇ ਸਭ ਤੋਂ ਤਕੜੇ ਧਾਵੀ ਟੀਮ ਕਪਤਾਨ ਸ਼ਫੀਕ ਚਿਸ਼ਤੀ ਦੇ ਕਬੱਡੀ ਪਾਉਣ ਦਾ ਸੀ। ਉਸ ਰੇਡ ਨਾਲ ਉਹ ਬੈਸਟ ਰੇਡਰ ਬਣ ਕੇ ਟ੍ਰੈਕਟਰ ਜਿੱਤ ਸਕਦਾ ਸੀ, ਪਰ ਉਹ ਇਕ ਵਾਰ ਡੱਕਿਆ ਜਾਣ ਕਰ ਕੇ ਢੇਰੀ ਢਾਹ ਬੈਠਾ ਸੀ। ਉਸ ਨੇ ਆਪ ਕਬੱਡੀ ਪਾਉਣ ਦੀ ਥਾਂ ਅਬੈਦਉੱਲਾ ਲਾਲੇ ਨੂੰ ਰੇਡ ਪਾਉਣ ਭੇਜ ਦਿੱਤਾ। ਇਹ ਪਾਕਿਸਤਾਨੀ ਟੀਮ ਦੀ ਸਭ ਤੋਂ ਵੱਡੀ ਗਲਤੀ ਸੀ। ਲਾਲਾ ਜੱਫਾ ਖਾ ਗਿਆ ਤੇ ਪਾਕਿਸਤਾਨ ਜਿੱਤਦਾ-ਜਿੱਤਦਾ ਮੈਚ ਹਾਰ ਗਿਆ।

ਮੈਂ ਪਿਛਲੇ ਸਾਲ ਚਾਹਿਆ ਸੀ ਕਿ ਪਾਕਿਸਤਾਨ ਦੀ ਟੀਮ ਕੱਪ ਜਿੱਤੇ, ਤਾਂ ਜੋ ਵਿਸ਼ਵ ਕੱਪ ਤੋਂ ਇਕੋ ਦੇਸ਼ ਦੀ ਮਨਾਪਲੀ ਟੁੱਟੇ। ਐਤਕੀਂ ਫਿਰ ਮੈਂ ਪਾਕਿਸਤਾਨ ਦੀ ਜਿੱਤ ਲੋਚ ਰਿਹਾ ਸਾਂ, ਪਰ ਪਾਕਿਸਤਾਨ ਦੇ ਜ਼ੋਰਾਵਰ ਖਿਡਾਰੀਆਂ ਨੇ ਤਕਨੀਕੀ ਗਲਤੀਆਂ ਕਰ ਕੇ ਮੇਰੀਆਂ ਆਸਾਂ 'ਤੇ ਹੀ ਪਾਣੀ ਨਹੀਂ ਫੇਰਿਆ, ਸਗੋਂ ਦੇਸ-ਪਰਦੇਸ ਵਸਦੇ ਲੱਖਾਂ ਲੋਕਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਹਾਰ ਜਾਣ ਪਿੱਛੋਂ ਰੋਣਾ ਧੋਣਾ ਖੇਡ ਭਾਵਨਾ ਵਾਲੇ ਖਿਡਾਰੀਆਂ ਨੂੰ ਸ਼ੋਭਾ ਨਹੀਂ ਦਿੰਦਾ। ਜਿੱਤ-ਹਾਰ ਖੇਡ ਭਾਵਨਾ ਨਾਲ ਕਬੂਲ ਕਰਨੀ ਚਾਹੀਦੀ ਹੈ।

ਅਸੀਂ ਦੁਆ ਕਰਦੇ ਹਾਂ ਕਿ ਛੇਵੇਂ ਵਿਸ਼ਵ ਕੱਪ ਵਿਚ ਪਾਕਿਸਤਾਨ ਦੀ ਟੀਮ ਤਕਨੀਕੀ ਤੌਰ 'ਤੇ ਤਕੜੀ ਹੋ ਕੇ ਆਵੇ ਤੇ ਛੇਵਾਂ ਵਿਸ਼ਵ ਕੱਪ ਸ਼ਾਨ ਨਾਲ ਜਿੱਤੇ। ਇਹ ਵੀ ਚਾਹੁੰਦੇ ਹਾਂ ਕਿ ਜਿਵੇਂ ਭਾਰਤੀ ਪੰਜਾਬ ਦੀ ਸਰਕਾਰ ਵਿਸ਼ਵ ਕੱਪ ਕਰਵਾ ਰਹੀ ਹੈ, ਉਵੇਂ ਪਾਕਿਸਤਾਨ ਦੀ ਪੰਜਾਬ ਸਰਕਾਰ ਵੀ ਕਬੱਡੀ ਦਾ ਵਰਲਡ ਕੱਪ ਕਰਾਵੇ। ਤਦ ਹੀ ਪਤਾ ਲੱਗੇਗਾ ਕਿ ਕੱਪ ਕਰਵਾਉਣ ਵਿਚ ਕੀ ਮੁਸ਼ਕਿਲਾਂ ਆਉਂਦੀਆਂ ਹਨ?

#

# ਬਰਡ ਫਲੂ : ਸਿਹਤ ਵਿਭਾਗ ਸਰਗਰਮ

23 ਦਸੰਬਰ 2014 ਨੂੰ ਖ਼ਬਰ ਪੜ੍ਹੀ ਜਿਸ ਦੀ ਸੁਰਖੀ ਸੀ-ਮਰੇ ਹੋਏ ਕਾਂ ਪਹਿਲਾਂ ਦੱਬੇ, ਫਿਰ ਕੱਢੇ। ਬੰਦਿਆਂ ਨੇ ਖ਼ਬਰ ਪੜ੍ਹੀ, ਆਈ ਗਈ ਹੋ ਗਈ। ਕਾਂਵਾਂ ਨੇ ਰੋਸ ਵੱਜੋਂ ਪ੍ਰਤੀਕਰਮ ਲਿਖਿਆ-ਮਰਿਆਂ ਹੋਇਆਂ ਨੂੰ ਸਾਨੂੰ ਵੀਹ ਵਾਰ ਦੱਬੋ, ਤੀਹ ਵਾਰ ਕੱਢੋ, ਕੀ ਫਰਕ? ਸੁਰਮਗਤੀ ਉਦੋਂ ਜਾਣਾਂਗੇ ਜਦੋਂ ਜਿਉਂਦਿਆਂ ਨੂੰ ਦੱਬ ਕੇ ਕੱਢ ਕੇ ਦਿਖਾਓ। ਮੁਰਦਿਆਂ ਨੂੰ ਦੱਬਣ-ਕੱਢਣ ਦੀ ਕਰਤੂਤ ਖੇਡ ਖੇਡਦਿਆਂ ਖਰੂਦੀ ਬੱਚਿਆਂ ਨੇ ਕੀਤੀ ਹੁੰਦੀ ਫੇਰ ਵੀ ਗੱਲ ਸਮਝ ਆਉਂਦੀ, ਇਹ ਪੁੰਨ ਕਾਰਜ ਮਾਹਿਰ ਡਾਕਟਰਾਂ ਦੀ ਨਿਗਰਾਨੀ ਵਿਚ ਹੋਇਆ। ਜੰਗਲੀ ਜੀਵ ਸੁਰੱਖਿਆ ਵਿਭਾਗ ਦੀ ਟੀਮ ਨੇ ਪਿੰਜੌਰ ਨੇੜੇ ਮਰੇ ਕਾਵਾਂ ਨੂੰ ਇਸ ਕਰਕੇ ਦਫਨਾ ਦਿੱਤਾ ਕਿ ਸ਼ਾਇਦ ਇਨ੍ਹਾਂ ਨੇ ਮੱਕੀ ਖਾਧੀ ਸੀ ਪਰ ਫਿਰ ਖਿਆਲ ਆਇਆ ਕਿ ਕੀ ਪਤਾ ਚਿਕਨ ਖਾਧਾ ਹੋਵੇ ਜਾਂ ਚਾਕਲੇਟ ਖਾਧੇ ਹੋਣ? ਪੋਸਟ-ਮਾਰਟਮ ਰਿਪੋਰਟ ਤੋਂ ਪਤਾ ਲੱਗੇਗਾ ਕਿ ਕਾਂ ਮਾਸਾਹਾਰੀ ਸਨ ਕਿ ਘਾਸਾਹਾਰੀ।

ਟੈਕਸੀ ਵਿਚ ਸਵਾਰ ਮਾਹਿਰ ਡਾਕਟਰਾਂ ਦੀ ਟੀਮ ਕਿਸੇ ਕੇਸ ਦੀ ਪੜਤਾਲ ਕਰਨ ਜਾ ਰਹੀ ਸੀ ਕਿ ਡਰਾਈਵਰ ਨੇ ਗੱਡੀ ਸੜਕ ਕਿਨਾਰੇ ਰੋਕ ਲਈ। ਦੱਸਿਆ, ਪੈਂਚਰ ਹੋ ਗਿਐ। ਡਾਕਟਰ ਵੀ ਹੇਠ ਉਤਰ ਆਏ, ਅਗਲਾ ਬੱਬਰ ਪਹੀਆ ਫਲੈਟ ਹੋਇਆ ਦੇਖਿਆ ਤਾਂ ਇਕ ਡਾਕਟਰ ਨੇ ਕਿਹਾ, ਲਗਦੈ ਤਾਂ ਇਹੀ ਐ ਜਿਵੇਂ ਪੈਂਚਰ ਹੋਵੇ ਪਰ ਪੰਜ ਸੱਤ ਟੈਸਟ ਫੇਰ ਵੀ ਲਿਖਣੇ ਹੀ ਪੈਣਗੇ।

ਹੱਡੀਆਂ ਦੇ ਮਾਹਿਰ ਦੋ ਡਾਕਟਰ ਧੁੱਪ ਸੇਕਦੇ ਨਵੀਆਂ ਆਈਆਂ ਖੋਜਾਂ ਬਾਰੇ ਗੱਲਾਂ ਕਰ ਰਹੇ ਸਨ, ਦੇਖਿਆ, ਇਕ ਬੰਦਾ ਪੈਰ ਘਸੀਟਦਾ-ਘਸੀਟਦਾ ਮੁਸ਼ਕਿਲ ਨਾਲ ਤੁਰਿਆ ਆ ਰਿਹਾ ਸੀ। ਇਕ ਡਾਕਟਰ ਨੇ ਕਿਹਾ, ਵਿਚਾਰੇ ਦੇ ਗਿੱਟੇ ਦੀ ਹੱਡੀ ਨੂੰ ਜ਼ਰਬ ਆ ਗਈ ਹੈ। ਦੂਜੇ ਨੇ ਅਸਹਿਮਤ ਹੁੰਦਿਆਂ ਕਿਹਾ, ਨਹੀਂ, ਗੋਡੇ ਦੀ ਹੱਡੀ ਵਿਚ ਨੁਕਸ ਹੈ, ਸਾਫ ਦਿਸਦੈ। ਦੋਹਾਂ ਵਿਚ ਤਕਰਾਰ ਹੋ ਗਿਆ ਤਾਂ ਹਜਾਰ-ਹਜਾਰ ਦੀ ਸ਼ਰਤ ਲੱਗ ਗਈ। ਲੰਗੜਾਂਦਾ ਬੰਦਾ ਲਾਗਿਓਂ ਲੰਘਣ ਲੱਗਾ, ਡਾਕਟਰਾਂ ਨੇ ਰੋਕ ਕੇ ਪੁੱਛਿਆ, ਕਿਉਂ ਭਾਈ ਦਰਦ ਗਿੱਟੇ ਵਿਚ ਹੈ ਕਿ ਗੋਡੇ ਵਿਚ? ਰਾਹੀ ਨੇ ਕਿਹਾ, ਜੀ ਕਿਤੇ ਦਰਦ ਨਹੀਂ।-ਫਿਰ ਲੰਗੜਾ ਕੇ ਕਿਉਂ ਤੁਰਦੈਂ? ਮੁਸਾਫਰ ਨੇ ਉਤਰ ਦਿਤਾ, ਜੀ ਆਹ ਦੇਖੋ, ਮੇਰੀ ਚੱਪਲ ਦੀ ਬੱਧਰੀ ਟੁੱਟ ਗਈ ਐ, ਪੈਰ ਨੀ ਚੁਕਿਆ ਜਾਂਦਾ।

ਮਨੀ ਰਾਮ ਦੇ ਗੁਰਦੇ ਵਿਚ ਪਥਰੀ ਸੀ। ਜਹਾਜ ਵਿਚ ਚੜ੍ਹਨ ਜਾ ਰਿਹਾ ਸੀ ਤਾਂ ਪੁਲਿਸ ਚੈਕਿੰਗ ਬੂਹੇ ਵਿਚੋਂ ਲੰਘਿਆ। ਸਿਰ ਤੋਂ ਪੈਰਾਂ ਤੱਕ ਜਾਂਚ ਕਰਨ ਲਈ ਸਿਪਾਹੀ ਟੋਹੂ ਯੰਤਰ ਘੁਮਾਣ ਲੱਗਾ। ਮਨੀ ਰਾਮ ਨੇ ਪੁਛਿਆ, ਇਹ ਕੀ ਕਰਦੈਂ ਭਾਈ? ਸਿਪਾਹੀ ਨੇ ਦੱਸਿਆ, ਕੋਈ ਨਜਾਇਜ਼ ਚੀਜ਼ ਹੋਵੇ ਇਹ ਮਸ਼ੀਨ ਦੱਸ ਦਿੰਦੀ ਐ।-ਕਮਾਲ ਐ ਭਾਈ, ਇਹ ਗੱਲ ਐ ਤਾਂ ਦੱਸੀਂ ਮੇਰੀ ਪਥਰੀ ਕਿਥੇ ਕੁ ਐ ਤੇ ਕਿੱਡੀ ਕੁ ਹੋ ਗਈ ਐ?

ਮੇਰੇ ਗਰਾਈਂ ਜੁਆਨ ਮੁੰਡੇ ਦੇ ਦਿਮਾਗ ਉਪਰ ਕੁਝ ਅਜੀਬ ਅਸਰ ਹੋਇਆ ਜਿਸ ਕਰਕੇ ਪਟਿਆਲੇ ਰਾਜਿੰਦਰਾ ਹਸਪਤਾਲ ਦੇ ਮਨੋਰੋਗ ਡਾਕਟਰ ਦੀ ਓਪੀਡੀ ਵਿਚ ਲੈ ਗਏ। ਬਿਜਲੀਆਂ ਲਾਉਣ ਵਾਸਤੇ ਮੰਜੇ ਤੇ ਲਿਟਾ ਲਿਆ ਤੇ ਸਿਰ ਦੁਆਲੇ ਖੂਬ ਤਾਰਾਂ ਮੜ੍ਹ ਦਿੱਤੀਆਂ। ਇਸ਼ਾਰਾ ਮਿਲਣ 'ਤੇ ਸਹਾਇਕ ਨੇ ਸਵਿਚ ਆਨ ਕਰ ਦਿਤਾ। ਝਟਕੇ ਨਾਲ ਮੁੰਡੇ ਨੇ ਛਾਲ ਮਾਰੀ, ਤਾਰਾਂ ਵਗਾਹ ਕੇ ਪਰੇ ਮਾਰੀਆਂ ਤੇ ਡਾਕਟਰ ਦੇ ਜਬਰਦਸਤ ਚਪੇੜ ਮਾਰ ਕੇ ਕਹੀ ਜਾਵੇ, ਮੇਰੇ ਥੱਪੜ ਕਿਉਂ ਮਾਰਿਐ ਤੈਂ? ਮੈਂ ਇਲਾਜ ਵਾਸਤੇ ਆਇਆਂ ਕਿ ਮਾਰ ਖਾਣ? ਅਸੀਂ ਮੁੰਡਾ ਫੜ ਲਿਆ, ਡਾਕਟਰ ਤੋਂ ਮਾਫੀਆਂ ਵੀ ਮੰਗੀ ਜਾਈਏ ਨਾਲੇ ਪੁੱਛੀ ਜਾਈਏ ਕਿ ਇਹ ਥੱਪੜ ਮਾਰਨ ਦੀ ਗੱਲ ਕਿਉਂ ਕਰਦੈ, ਥੱਪੜ ਤਾਂ ਮਾਰਿਆ ਨੀ? ਡਾਕਟਰ ਨੇ ਦਸਿਆ, ਬਿਜਲੀ ਦੇ ਝਟਕੇ ਦਾ ਅਸਰ ਬਿਲਕੁਲ ਇਉਂ ਹੁੰਦੈ ਜਿਵੇਂ ਥੱਪੜ ਮਾਰਿਆ ਹੋਵੇ। ਜਦੋਂ ਬਿਜਲੀ ਨਾ ਹੋਵੇ ਉਦੋਂ ਅਸੀਂ ਥੱਪੜ ਮਾਰ ਕੇ ਇਲਾਜ ਕਰਿਆ ਕਰਦੇ ਹਾਂ। ਮੇਰਾ ਭਲਵਾਨ ਚਾਚਾ ਧਿਆਨ ਨਾਲ ਗੱਲਾਂ ਸੁਣ ਰਿਹਾ ਸੀ, ਬੋਲਿਆ, ਡਾਕਟਰ ਜੀ, ਤੇਰਾ ਲਾਜ ਤਾਂ ਇਹਨੇ ਫੇਰ ਬਿਨਾ ਬਿਜਲੀ ਤੋਂ ਕਰਤਾ?

ਮੇਰਾ ਦਿਲ ਕੀਤਾ ਕਿਉਂ ਨਾ ਮੈਂ ਚਾਚੇ ਦਾ ਇਲਾਜ ਬਿਨ ਬਿਜਲੀ ਕਰ ਦਿਆਂ ਪਰ ਉਹ ਪਾਇਆ ਪਾਇਆ ਘਿਊ ਪੀ ਪੀ ਵਰਜਿਸ਼ ਕਰਿਆ ਕਰਦਾ ਸੀ। ਡਾਕਟਰ ਵੀ ਚੁੱਪ ਕਰ ਗਿਆ ਮੈਂ ਵੀ।

***-ਹਰਪਾਲ ਸਿੰਘ ਪੰਨੂ***
***ਫੋਨ: 91-94642-51454***

# ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਸ਼ੁਭ ਜਨਮ ਦਿਨ ਆ ਰਿਹਾ ਹੈ। ਭਾਰਤ ਦੀ ਧਰਤੀ ਤੇ ੧੪੬੯ ਈ. ਵਿਚ ਰਾਏ ਭੋਇੰ ਦੀ ਤਲਵੰਡੀ ਵਿਚ ਗੁਰੂ ਨਾਨਕ ਸਾਹਿਬ ਦੇ ਜਨਮ ਨਾਲ ਇੱਕ ਚਾਨਣਮਈ ਨਵੇਂ ਯੁਗ ਦਾ ਅਰੰਭ ਹੁੰਦਾ ਹੈ। ਇੱਕ ਬਿਲਕੁਲ ਹੀ ਨਿਵੇਕਲੇ ਮਿਸ਼ਨ ਦੀ ਨੀਂਹ ਗੁਰੂ ਨਾਨਕ ਸਾਹਿਬ ਦੇ ੧੪੯੯ ਈ. ਵਿਚ 'ਵੇਈਂ ਨਦੀ ਪ੍ਰਵੇਸ਼' ਤੋਂ ਰੱਖੀ ਜਾਂਦੀ ਹੈ। ਇਸ ਮਿਸ਼ਨ ਨੂੰ ਆਪਣੀ ਮੰਜ਼ਿਲ ਵੱਲ ਲੈ ਜਾਣ ਲਈ ਦੂਜੀ ਨਾਨਕ ਜੋਤਿ ਗੁਰੂ ਅੰਗਦ ਦੇਵ ਤੋਂ ਲੈ ਕੇ ਨੌਵੀਂ ਨਾਨਕ ਜੋਤਿ ਗੁਰੂ ਤੇਗ ਬਹਾਦਰ ਸਾਹਿਬ ਤੱਕ ਆਪਣਾ ਆਪਣਾ ਸਾਰੇ ਗੁਰੂ ਸਾਹਿਬਾਨ ਯੋਗਦਾਨ ਪਾਉਂਦੇ ਹਨ। ਇਸ ਮਿਸ਼ਨ ਨੂੰ ਪੂਰਾ ਕਰਨ ਲਈ ਮਾਤਾ ਗੁਜਰੀ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਘਰ ਪਟਨੇ ਵਿਚ ੨੨ ਦਸੰਬਰ ੧੬੬੬ ਨੂੰ ਦਸਵੀਂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਦਾ ਜਨਮ ਹੁੰਦਾ ਹੈ ਜੋ ਇਸ ਮਿਸ਼ਨ ਨੂੰ ਸੰਪੂਰਨਤਾ ੧੬੯੯ ਦੀ ਵਿਸਾਖੀ ਨੂੰ ਖਾਲਸਾ ਸਾਜ ਕੇ ਬਖਸ਼ਿਸ਼ ਕਰਦੇ ਹਨ।

ਗੁਰੂ ਨਾਨਕ ਸਾਹਿਬ ਰਾਹੀਂ ਅਰੰਭ ਕੀਤੀ ਸੰਗਤਿ ਨੂੰ ਆਪਣੀ ਪੂਰਨਤਾ ਦੇ ਹਾਸਲ ਲਈ ਖਾਲਸੇ ਦਾ ਰੂਪ ਧਾਰਨ ਕਰਨ ਲਈ ਤਕਰੀਬਨ ਦੋ ਸੌ ਸਾਲ ਦਾ ਸਮਾਂ ਲੱਗਦਾ ਹੈ। ਸਮੇਂ ਦੀ ਇਹ ਯਾਤਰਾ ਰਾਏ ਭੋਇੰ ਦੀ ਤਲਵੰਡੀ ਤੋਂ ੧੪੬੯ ਵਿਚ ਸ਼ੁਰੂ ਹੋ ਕੇ ਦੱਖਣ ਵਿਚ ਨਾਂਦੇੜ (ਹਜ਼ੂਰ ਸਾਹਿਬ) ਜਾ ਕੇ ੧੭੦੮ ਨੂੰ ਪੂਰੀ ਹੁੰਦੀ ਹੈ। ਸਿੱਖ ਧਰਮ ਦੇ ਸਾਰ-ਤੱਤ ਤੋਂ ਅਣਜਾਣ ਲੋਕ ਕਈ ਵਾਰ ਇਹ ਆਮ ਹੀ ਕਹਿੰਦੇ ਸੁਣੇ ਗਏ ਹਨ ਕਿ ਗੁਰੂ ਨਾਨਕ ਸਾਹਿਬ ਨੇ ਭਗਤੀ ਮਾਰਗ ਦਿੱਤਾ ਸੀ ਪਰ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਿਰਜਣਾ ਕਰਕੇ ਵੱਖਰਾ ਹੀ ਜੁਝਾਰੂ ਰੂਪ ਦੇ ਦਿੱਤਾ। ਇਸ ਤਰ੍ਹਾਂ ਦੀ ਸੋਚ ਸਿੱਖ ਧਰਮ ਦੀ ਅਸਲੀਅਤ ਤੋਂ ਅਣਜਾਣ ਲੋਕਾਂ ਦੀ ਹੀ ਹੋ ਸਕਦੀ ਹੈ। ਅਸਲ ਵਿਚ ਗੁਰੂ ਨਾਨਕ ਸਾਹਿਬ ਨੇ ਇੱਕ ਪਾਸੇ ਸਦੀਆਂ ਤੋਂ ਦੱਬੀ-ਕੁਚਲੀ, ਆਪਣੇ ਹੀ ਤਾਕਤਵਰ ਲੋਕਾਂ ਹੱਥੋਂ ਸੋਸ਼ਿਤ ਹੋ ਰਹੀ ਅਤੇ ਦੂਜੇ ਪਾਸੇ ਬਾਹਰੋਂ ਆਏ ਹੁਕਮਰਾਨਾਂ ਦੇ ਜ਼ਬਰ-ਜ਼ੁਲਮ ਨੂੰ ਸਹਿ ਰਹੀ ਲੋਕਾਈ ਦੇ ਉਧਾਰ ਅਤੇ ਸੁਧਾਰ ਲਈ ਜੋ ਅਭਿਆਨ ਸ਼ੁਰੂ ਕੀਤਾ ਸੀ, ਉਸੇ ਨੂੰ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਸ਼ੋਸ਼ਿਤ ਹੋਣ ਤੋਂ ਇਨਕਾਰ ਕਰਨ ਅਤੇ ਜ਼ੁਲਮ ਨਾਲ ਟੱਕਰ ਲੈਣ ਦੇ ਸਮਰੱਥ ਬਣਾ ਕੇ ਪੂਰਾ ਕੀਤਾ। ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਸਾਹਿਬ ਨਾਲੋਂ ਕੋਈ ਵੱਖਰਾ ਸਿਧਾਂਤ ਜਾਂ ਵੱਖਰਾ ਅਮਲ ਨਹੀਂ ਦਿੱਤਾ ਬਲਕਿ ਗੁਰੂ ਨਾਨਕ ਸਾਹਿਬ ਦੇ ਮਿਸ਼ਨ "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥" ਨੂੰ ਹੀ ਪੂਰਾ ਕੀਤਾ,

ਸਾਚ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥

ਸਿੱਖ ਧਰਮ ਦੇ ਪ੍ਰਕਾਸ਼ਨ ਤੋਂ ਪਹਿਲਾਂ ਭਾਰਤੀ ਜਨਤਾ ਦੂਹਰੀ ਕਿਸਮ ਦੀ ਗੁਲਾਮੀ ਹੰਢਾ ਰਹੀ ਸੀ। ਇੱਕ ਪਾਸੇ ਸਦੀਆਂ ਤੋਂ ਉਸ ਦਾ ਸੋਸ਼ਣ ਵਰਣ-ਵੰਡ ਦੇ ਆਧਾਰ 'ਤੇ ਕੀਤਾ ਜਾ ਰਿਹਾ ਸੀ, ਜਿਸ ਨੇ ਕੱਟੜ ਜਾਤ-ਪਾਤ ਦਾ ਰੂਪ ਧਾਰਨ ਕਰਕੇ ਸਮਾਜ ਦੇ ਦੋ ਤਿਹਾਈ ਹਿੱਸੇ ਤੋਂ ਮਨੁੱਖ ਹੋਣ ਦਾ ਅਧਿਕਾਰ ਹੀ ਖੋਹ ਲਿਆ ਸੀ ਅਤੇ ਇਸ ਗੁਲਾਮੀ ਦੀਆਂ ਜ਼ੰਜੀਰਾਂ ਬਹੁਤ ਹੀ ਸੂਖਮ ਸਨ, ਜਿਨ੍ਹਾਂ ਨੂੰ ਤੋੜਨਾ ਬਹੁਤ ਮੁਸ਼ਕਿਲ ਕਾਰਜ ਸੀ। ਦੂਸਰੇ ਪਾਸੇ ਬਦੇਸ਼ੀ ਹਮਲਾਵਰਾਂ ਦੀ ਗੁਲਾਮੀ, ਜਿਨ੍ਹਾਂ ਨੇ ਨਾ ਸਿਰਫ ਰਾਜਸੀ ਤਾਕਤ ਹੀ ਹਥਿਆ ਲਈ ਸੀ ਬਲਕਿ ਆਪਣਾ ਧਰਮ ਵੀ ਲੋਕਾਂ 'ਤੇ ਥੋਪਣਾ ਸ਼ੁਰੂ ਕਰ ਦਿੱਤਾ ਸੀ। ਇਸ ਦੂਹਰੀ ਗੁਲਾਮੀ ਤੋਂ ਨਿਜ਼ਾਤ ਦੁਆਉਣ ਦਾ ਮਿਸ਼ਨ ਗੁਰੂ ਨਾਨਕ ਸਾਹਿਬ ਨੇ ਅਰੰਭ ਕੀਤਾ ਜਿਸ ਵਿਚੋਂ ਸਮਾਜ ਨੂੰ ਕੱਢਣ ਲਈ ਲੋਕਾਂ ਦੀ ਮਾਨਸਿਕਤਾ ਨੂੰ ਬਦਲਣਾ ਅਤੇ ਸਵੈ-ਸਮਰੱਥ ਬਣਾਉਣਾ ਜ਼ਰੂਰੀ ਸੀ। ਇਸ ਸਦੀਆਂ ਤੋਂ ਚਲੀ ਆ ਰਹੀ ਹੀਣ-ਭਾਵਨਾ ਅਤੇ ਗੁਲਾਮ ਮਾਨਸਿਕਤਾ ਨੂੰ ਬਦਲਣ ਅਤੇ ਆਮ ਮਨੁੱਖ ਨੂੰ ਸਵੈ-ਸਮਰੱਥ ਬਣਾਉਣ ਲਈ ਇੱਕ ਲਗਾਤਾਰ ਅਤੇ ਲੰਬੇ ਅਮਲ ਦੀ ਲੋੜ ਸੀ ਜੋ ਇੱਕ ਜਾਮੇ ਵਿਚ ਨਹੀਂ ਸੀ ਹੋ ਸਕਦਾ ਕਿਉਂਕਿ ਸਦੀਆਂ ਤੋਂ ਬਣੀ ਮਾਨਸਿਕਤਾ ਨੂੰ ਬਦਲਣਾ ਸਹਿਜ ਕਾਰਜ ਨਹੀਂ ਹੈ।

ਮਨੁੱਖੀ ਬਰਾਬਰੀ ਦੇ ਅਹਿਸਾਸ ਲਈ ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ "ੴ" ਦਾ ਮੰਤਰ ਸੁਣਾਇਆ ਅਰਥਾਤ ਮਨੁੱਖ ਨੂੰ ਇਹ ਅਹਿਸਾਸ ਕਰਾਇਆ ਕਿ ਅਕਾਲ ਪੁਰਖ ਕੇਵਲ ਇੱਕੋ-ਇੱਕ ਹਸਤੀ ਹੈ ਜਿਸ ਤੋਂ ਇਹ ਸਾਰਾ ਬ੍ਰਹਿਮੰਡ ਹੋਂਦ ਵਿਚ ਆਇਆ ਹੈ ਅਤੇ ਸਾਰੇ ਜੀਵਾਂ ਵਿਚ ਉਸ ਇੱਕ ਦੀ ਜੋਤਿ ਬਿਰਾਜਮਾਨ ਹੈ। ਇਸ ਲਈ ਸਾਰੇ ਮਨੁੱਖ ਬਰਾਬਰ ਹਨ ਅਤੇ ਅਧਿਆਤਮਕ ਅਤੇ ਸਮਾਜਿਕ ਅਧਿਕਾਰਾਂ ਦੇ ਇੱਕੋ ਜਿਹੇ ਹੱਕਦਾਰ ਹਨ। ਇਸ ਲਈ ਕੋਈ ਵੀ ਮਨੁੱਖ ਜਨਮ, ਜਾਤ, ਰੰਗ, ਨਸਲ, ਇਸਤਰੀ-ਪੁਰਸ਼ ਹੋਣ ਦੇ ਨਾਤੇ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਨਹੀਂ ਹੈ। ਮਨੁੱਖ ਮਾਤਰ ਨੂੰ ਹਰ ਤਰ੍ਹਾਂ ਦੇ ਕਰਮ-ਕਾਂਡ ਅਤੇ ਧਾਰਮਿਕ ਪਖੰਡ ਵਿਚੋਂ ਕੱਢ ਕੇ ਕੇਵਲ ਅਤੇ ਕੇਵਲ ਉਸ ਇੱਕ ਦੇ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਭਾਈ ਮਰਦਾਨੇ ਨੂੰ ਗੁਰੂ ਨਾਨਕ ਸਾਹਿਬ ਵਲੋਂ ਆਪਣਾ ਰਬਾਬੀ ਸਾਥੀ ਚੁਣਨਾ ਅਤੇ ਮਲਿਕ ਭਾਗੋ ਦੇ ਛੱਤੀ ਪ੍ਰਕਾਰ ਦੇ ਭੋਜਨ ਦੀ ਥਾਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਇਸ ਮਨੁੱਖੀ ਏਕਤਾ ਅਤੇ ਬਰਾਬਰੀ ਦੇ ਵੱਡੇ ਪ੍ਰਤੀਕ ਹਨ। ਇਸੇ ਮਨੁੱਖੀ ਏਕਤਾ ਅਤੇ ਬਰਾਬਰੀ ਦਾ ਪ੍ਰਕਾਸ਼ਨ ਪੀਰ ਬੁੱਧੂ ਸ਼ਾਹ ਦੇ ਸਾਥ, ਗਨੀ ਖਾਂ ਅਤੇ ਮਨੀ ਖਾਂ, ਰਾਏ ਕਲ੍ਹਾ ਦੀ ਸ਼ਰਧਾ ਅਤੇ ਨੀਵੇਂ ਕਹੇ ਜਾਣ ਵਾਲੇ ਸਿਦਕਵਾਨਾਂ ਨੂੰ ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾਉਣ ਵਿਚ ਹੁੰਦਾ ਹੈ।

'ਸ਼ਬਦ ਰਾਗਾਂ ਕੇ' ਪਾਤਿਸ਼ਾਹੀ ਦਸਵੀਂ ਪੰਥ ਪ੍ਰਵਾਨਿਤ ਹਨ। ਇਥੇ ਕੁਝ ਇੱਕ 'ਤੇ ਸੰਖੇਪ ਵਿਚਾਰ-ਚਰਚਾ ਕੀਤੀ ਜਾ ਸਕਦੀ ਹੈ। ਸ਼ਬਦ 'ਰਾਗਿ ਕਲਿਆਣ' ਵਿਚ ਦੱਸਿਆ ਹੈ ਕਿ ਉਸ ਇੱਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਹਸਤੀ ਨੂੰ ਇਸ ਸ੍ਰਿਸ਼ਟੀ ਦੀ ਰਚਨਹਾਰ ਨਹੀਂ ਮੰਨਣਾ। ਉਹ ਸ੍ਰਿਸ਼ਟੀ ਦੇ ਆਦਿ ਵਿਚ ਹੈ, ਨਾਸ-ਰਹਿਤ ਹੈ, ਅਜੂਨੀ ਹੈ ਅਰਥਾਤ ਜਨਮ-ਮਰਨ ਵਿਚ ਨਹੀਂ ਆਉਂਦਾ, ਉਸ ਨੂੰ ਜਿੱਤਿਆ ਨਹੀਂ ਜਾ ਸਕਦਾ ਅਤੇ ਉਹ ਹੀ ਪਰਮ ਹਸਤੀ ਹੈ। ਅੱਗੇ ਕ੍ਰਿਸ਼ਨ ਨੂੰ ਰੱਬ ਮੰਨ ਕੇ ਪੂਜਣ ਉਤੇ ਕਿੰਤੂ ਕੀਤਾ ਹੈ ਕਿ ਕੀ ਹੋਇਆ ਜੇ ਸੰਸਾਰ 'ਤੇ ਜਨਮ ਲੈ ਕੇ ਦਸ ਕੁ ਦੈਂਤਾਂ ਨੂੰ ਮਾਰ ਦਿੱਤਾ ਅਤੇ ਇਸ ਤਰ੍ਹਾ ਦੇ ਕੁਝ ਕੁ ਪਰਪੰਚ ਦਿਖਾ ਕੇ ਆਪਣੇ ਆਪ ਨੂੰ 'ਬ੍ਰਹਮ' ਅਰਥਾਤ ਪਰਮਾਤਮਾ ਕਹਾਉਣਾ ਸ਼ੁਰੂ ਕਰ ਦਿੱਤਾ। ਉਸ ਨੂੰ ਪੈਦਾ ਕਰਨ ਵਾਲੀ, ਮਾਰਨ ਵਾਲੀ ਅਤੇ ਸਰਬ-ਸਮਰੱਥ, ਸਦਾ ਕਾਇਮ ਰਹਿਣ ਵਾਲੀ, ਪਰਮ ਹਸਤੀ ਅਰਥਾਤ ਪਰਮਾਤਮਾ ਕਿਵੇਂ ਮੰਨਿਆ ਜਾ ਸਕਦਾ ਹੈ। ਉਹ ਮੌਤ ਦੀ ਤਲਵਾਰ ਦੇ ਵਾਰ ਤੋਂ ਆਪਣੇ ਆਪ ਨੂੰ ਬਚਾ ਨਹੀਂ ਸਕਿਆ। ਭਾਵ ਜਨਮ ਲੈਣ ਅਤੇ ਮਰਨ ਵਾਲੀ ਹਸਤੀ ਪਰਮਾਤਮਾ ਕਿਵੇਂ ਹੋ ਸਕਦੀ ਹੈ? ਅੱਗੇ ਕਿਹਾ ਹੈ ਕਿ ਹੇ ਮੂਰਖ! ਜਿਹੜਾ ਆਪ ਇਸ ਵਿਚ ਡੁੱਬ ਗਿਆ ਉਹ ਤੈਨੂੰ ਭਵ-ਸਾਗਰ ਤੋਂ ਕਿਵੇਂ ਪਾਰ ਲੈ ਕੇ ਜਾ ਸਕਦਾ ਹੈ। ਤੂੰ ਇਸ ਭਵ-ਸਾਗਰ ਨੂੰ ਤਾਂ ਹੀ ਤਰ ਸਕਦਾ ਹੈਂ ਜੇ ਉਸ ਦਾ ਆਸਰਾ ਲਵੇਂ ਜੋ ਇਸ ਸ੍ਰਿਸ਼ਟੀ ਦੇ ਅਰੰਭ ਵਿਚ ਹੈ ਅਰਥਾਤ ਉਹ ਇੱਕ ਜਿਸ ਨੇ ਇਸ ਦੀ ਰਚਨਾ ਕੀਤੀ ਹੈ,

ਬਿਨੁ ਕਰਤਾਰ ਨ ਕਿਰਤਮ ਮਾਨੋ
ਆਦਿ ਅਜੋਨਿ ਅਜੈ ਅਬਿਨਾਸੀ
ਤਿਹ ਪਰਮੇਸੁਰ ਜਾਨੋ॥੧॥ਰਹਾਉ॥
ਕਹਾ ਭਯੋ ਜੋ ਆਨਿ ਜਗਤ ਮੈ
ਦਸਕੁ ਅਸੁਰ ਹਰਿ ਘਾਏ॥
ਅਧਿਕ ਪ੍ਰਪੰਚ ਦਿਖਾਇ ਸਭਨ ਕਹ
ਆਪਹਿ ਬ੍ਰਹਮੁ ਕਹਾਏ॥੧॥
ਭੰਜਨ ਗੜ੍ਹਨ ਸਮਰਥ ਸਦਾ ਪ੍ਰਭ
ਸੋ ਕਿਮ ਜਾਤਿ ਗਿਨਾਯੋ॥
ਤਾ ਤੇ ਸਰਬ ਕਾਲ ਕੇ ਅਸਿ ਕੋ
ਘਾਇ ਬਚਾਇ ਨ ਆਯੋ॥੨॥
ਕੈਸੇ ਤੋਹਿ ਤਾਰਿ ਹੈ ਸੁਨਿ ਜੜ੍ਹ
ਆਪ ਡੁਬਯੋ ਭਵ-ਸਾਗਰਿ॥
ਛੁਟਿ ਹੋ ਕਾਲ ਫਾਸ ਤੇ ਤਬ ਹੀ
ਗਹੋ ਸਰਨਿ ਜਗਤਾਗਰ॥੩॥

ਇਸ ਤੋਂ ਅੱਗੇ ਰਾਗ ਤਿਲੰਗ, ਕਾਫੀ ਵਿਚ ਦੱਸਿਆ ਹੈ ਕਿ ਸਭ ਨੂੰ ਮਾਰ ਸਕਣ ਦੇ ਸਮਰੱਥ ਹੀ ਉਹ ਕਰਤਾ ਪੁਰਖ ਹੈ ਅਰਥਾਤ ਉਹ ਇੱਕ ਪਰਮ ਹਸਤੀ ਹੀ ਕਰਤਾ ਪੁਰਖ ਹੈ ਜੋ ਮੌਤ ਦੇਣ ਦੇ ਸਮਰੱਥ ਹੈ। ਉਹ ਇਸ ਸ੍ਰਿਸ਼ਟੀ ਦੇ ਅਰੰਭ ਵਿਚ, ਅੰਤ ਵਿਚ ਹੈ ਅਤੇ ਅਸੀਮ ਹਸਤੀ ਹੈ ਜੋ ਰਚਨਾ ਕਰਨ ਦੇ ਅਤੇ ਅੰਤ ਕਰਨ ਦੇ ਸਮਰੱਥ ਹੈ। ਉਸ ਲਈ ਉਸਤਤਿ ਅਤੇ ਨਿੰਦਿਆ ਇੱਕ ਬਰਾਬਰ ਹਨ ਅਰਥਾਤ ਉਹ ਅਜਿਹੀਆਂ ਭਾਵਨਾਵਾਂ ਤੋਂ ਨਿਆਰੀ ਹਸਤੀ ਹੈ ਅਤੇ ਉਹ ਵੈਰ ਅਤੇ ਮਿੱਤਰਤਾ ਤੋਂ ਨਿਰਲੇਪ ਹੈ। ਅਜਿਹੀ ਨਿਰਵੈਰ ਤੇ ਨਿਰਲੇਪ ਹਸਤੀ ਨੂੰ ਕੀ ਜ਼ਰੂਰਤ ਪਈ ਹੈ ਕਿ ਉਹ ਪ੍ਰਿਥਾ ਦੇ ਪੁੱਤਰ ਅਰਜਨ ਪਾਂਡੋ ਦੇ ਰੱਥ ਦਾ ਸਾਰਥੀ ਬਣੇ? ਜਿਸ ਦਾ ਕੋਈ ਜਨਮ ਦੇਣ ਵਾਲਾ ਪਿਤਾ ਜਾਂ ਮਾਤਾ, ਪੁੱਤਰ, ਪੋਤਰਾ ਜਾਂ ਮੁਕਤੀ ਦੇਣ ਵਾਲਾ ਨਹੀਂ ਹੈ, ਉਸ ਨੂੰ ਕੀ ਜ਼ਰੂਰਤ ਪਈ ਸੀ ਦੂਸਰਿਆਂ ਨੂੰ ਇਹ ਕਹਿਣ ਦੀ ਕਿ ਉਸ ਨੂੰ ਦੇਵਕੀ ਦਾ ਪੁੱਤਰ ਬੁਲਾਉਣ। ਜਿਸ ਨੇ ਇਸ ਸਾਰੇ ਪਾਸਾਰੇ, ਦੇਵਤਿਆਂ ਅਤੇ ਦੈਂਤਾਂ ਦੀ ਰਚਨਾ ਕੀਤੀ ਹੈ, ਉਸ ਨੂੰ ਕਿਸ ਦ੍ਰਿਸ਼ਟਾਂਤ ਕਾਰਨ ਮੁੱਖ ਤੋਂ 'ਮੁਰਾਰਿ' ਕਿਹਾ ਜਾਂਦਾ ਹੈ,

ਕੇਵਲ ਕਾਲਈ ਕਰਤਾਰ॥
ਆਦਿ ਅੰਤਿ ਅਨੰਤ ਮੂਰਤਿ
ਗੜ੍ਹਨ ਭੰਜਨ ਹਾਰ॥੧॥ਰਹਾਉ॥
ਨਿੰਦ ਉਸਤਤਿ ਜਉਨ ਕੇ ਸਮ
ਸਤ੍ਰ ਮਿਤ੍ਰ ਨ ਕੋਇ॥
ਕਉਨ ਬਾਟ ਪਰੀ ਤਿਸੈ
ਪਥ ਸਾਰਥੀ ਰਥ ਹੋਇ॥
ਤਾਤ ਮਾਤ ਨ ਜਾਤਿ ਜਾਕਰ
ਪੁਤ੍ਰ ਪੌਤ੍ਰ ਮੁਕੰਦ॥
ਕਉਨ ਕਾਜ ਕਹਹਿਗੇ ਤੇ
ਆਨਿ ਦੇਵਕਿ ਨੰਦ॥੨॥
ਦੇਵ ਦੈਤ ਦਿਸਾ ਵਿਸਾ
ਜਿਹ ਕੀਨ ਸਰਬ ਪਸਾਰ॥
ਕਉਨ ਉਪਮਾ ਤੌਨ ਕੋ
ਮੁਖਿ ਲੇਤ ਨਾਮੁ ਮੁਰਾਰਿ॥੩॥

'ਰਾਗਿ ਬਿਲਾਵਲੁ' ਵਿਚ ਰਚੇ ਸ਼ਬਦ ਵਿਚ ਦੱਸਿਆ ਹੈ ਕਿ ਉਸ ਕਰਤਾ ਪੁਰਖ ਨੂੰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਉਹ ਮਨੁੱਖੀ ਜਾਮੇ ਵਿਚ ਆਉਂਦਾ ਹੈ। ਸਿੱਧ ਪੁਰਸ਼ ਘੋਰ ਤਪੱਸਿਆ ਕਰਦੇ ਹਾਰ ਗਏ ਕਿ ਉਸ ਦੇ ਦਰਸ਼ਨ ਕਰ ਸਕਣ, ਉਸ ਦੀ ਇੱਕ ਝਲਕ ਲੈ ਸਕਣ ਪਰ ਉਹ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਨਜ਼ਰ ਨਹੀਂ ਆਇਆ। ਨਾਰਦ, ਵਿਆਸ ਰਿਸ਼ੀ, ਪਰਾਸ਼ਰ ਅਤੇ ਧਰੂ ਭਗਤ ਵਰਗਿਆਂ ਨੇ ਉਸ ਦੀ ਭਗਤੀ ਕੀਤੀ। ਵੇਦ, ਪੁਰਾਣ ਆਦਿ ਸ਼ਾਸਤਰ ਯਤਨ ਕਰਦੇ ਹਾਰ ਗਏ ਅਤੇ ਯਤਨ ਕਰਨਾ ਛੱਡ ਦਿੱਤਾ ਕਿਉਂਕਿ ਉਸ ਦੇ ਦਰਸ਼ਨ ਨਹੀਂ ਕਰ ਸਕੇ। ਦਾਨਵਾਂ, ਦੇਵਤਿਆਂ, ਭੂਤਾਂ, ਪ੍ਰੇਤਾਂ- ਸਭ ਨੇ ਇਹ ਹੀ ਕਿਹਾ ਹੈ ਕਿ ਉਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਉਸ ਨੂੰ ਸੂਖਮ ਤੋਂ ਵੀ ਸੂਖਮ ਅਤੇ ਵਿਸ਼ਾਲ ਤੋਂ ਵੀ ਵਿਸ਼ਾਲ ਮੰਨਿਆ ਗਿਆ ਹੈ। ਉਹ ਇੱਕ ਹੈ ਜਿਸ ਨੇ ਧਰਤੀ, ਆਕਾਸ਼, ਪਤਾਲ-ਸਭ ਦੀ ਰਚਨਾ ਕੀਤੀ ਹੈ ਅਤੇ ਉਸ ਨੂੰ ਇੱਕ ਤੋਂ ਅਨੇਕ ਕਰਕੇ ਵਰਣਨ ਕੀਤਾ ਗਿਆ ਹੈ। ਉਹ ਮਨੁੱਖ ਕਾਲ ਦੇ ਫੰਧੇ ਤੋਂ ਬਚ ਜਾਂਦਾ ਹੈ ਜੋ ਉਸ ਅਕਾਲ ਪੁਰਖ ਦੀ ਸ਼ਰਨ ਵਿਚ ਆ ਜਾਂਦਾ ਹੈ,

ਸੋ ਕਿਮ ਮਾਨਸ ਰੂਪ ਕਹਾਏ॥
ਸਿੱਧ ਸਮਾਧਿ ਸਾਧ ਕਰ ਹਾਰੇ
ਕਯੋ ਹੂੰ ਨ ਦੇਖਨ ਪਾਏ॥੧॥ਰਹਾਉ॥
ਨਾਰਦ ਬਿਆਸ ਪਰਾਸਰ ਧ੍ਰੂ ਸੇ
ਧਿਆਵਤ ਧਿਆਨ ਲਗਾਏ॥
ਬੇਦ ਪੁਰਾਨ ਹਾਰਿ ਹਠ ਛਾਡਿਓ
ਤਦਪਿ ਧਿਆਨ ਨ ਆਏ॥੧॥
ਦਾਨਵ ਦੇਵ ਪਿਸਾਚ ਪ੍ਰੇਤ ਤੇ
ਨੇਤਹ ਨੇਤ ਕਹਾਏ॥
ਸੂਛਮ ਤੇ ਸੂਛਮ ਕਰ ਚੀਨੇ
ਬ੍ਰਿਧਨ ਬ੍ਰਿਧ ਬਤਾਏ॥੨॥
ਭੂਮਿ ਅਕਾਸ ਪਤਾਲ ਸਭੈ ਸਜਿ
ਏਕ ਅਨੇਕ ਸਦਾਏ॥
ਸੋ ਨਰ ਕਾਲ-ਫਾਸ ਤੇ ਬਾਚੇ
ਜੋ ਹਰਿ ਸਰਣਿ ਸਿਧਾਏ॥੩॥

'ਰਾਗਿ ਦੇਵਗੰਧਾਰੀ' ਵਿਚ ਰਚੇ ਸ਼ਬਦ ਵਿਚ ਦੱਸਿਆ ਹੈ ਕਿ ਉਸ ਇੱਕ ਪਰਮ ਹਸਤੀ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਦੀ ਪਛਾਣ ਨਾ ਕਰ। ਉਹ ਜੋ ਕਰਤਾਰ ਹੈ, ਕਰਤਾ ਪੁਰਖ ਹੈ ਉਹ ਹੀ ਮਾਰਨ ਅਤੇ ਪੈਦਾ ਕਰਨ ਦੇ ਸਮਰੱਥ ਹੈ, ਸਰਬ-ਸ਼ਕਤੀਮਾਨ ਅਤੇ ਜਾਣੀ-ਜਾਣ ਹੈ। ਪੂਰਨ ਸ਼ਰਧਾ ਨਾਲ ਬਹੁਤ ਵਿਧੀਆਂ ਰਾਹੀਂ ਪੱਥਰਾਂ ਦੀ ਪੂਜਾ ਕਰਨ ਦਾ ਕੀ ਲਾਭ ਹੈ? ਹੱਥ ਪੱਥਰਾਂ ਦੀ ਪੂਜਾ ਕਰਦੇ, ਪੱਥਰਾਂ ਦਾ ਸਪਰਸ਼ ਕਰਦੇ ਥੱਕ ਗਏ ਹਨ, ਕਿਉਂਕਿ ਇਨ੍ਹਾਂ ਪੱਥਰਾਂ ਵਿਚ ਕੋਈ ਵੀ ਅਲੌਕਿਕ ਸ਼ਕਤੀ ਨਹੀਂ ਹੈ। ਚੌਲ, ਧੂਫ-ਬੱਤੀ ਭੇਟ ਕੀਤੀ ਜਾਂਦੀ ਹੈ ਅਤੇ ਦੀਪ ਜਲਾਏ ਜਾਂਦੇ ਹਨ ਪਰ ਇਹ ਪੱਥਰ ਕੁਝ ਵੀ ਨਹੀਂ ਖਾਂਦੇ। ਭਾਵ ਇਨ੍ਹਾਂ ਬੇਜਾਨ ਪੱਥਰਾਂ ਦੀ ਪੂਜਾ ਕਰਨ ਦਾ ਕੀ ਲਾਭ ਹੈ? ਮੂਰਖ ਇਨਸਾਨ! ਇਨ੍ਹਾਂ ਵਿਚ ਕਿਹੜੀ ਰੱਬੀ ਸ਼ਕਤੀ ਹੈ ਜਿਸ ਨਾਲ ਇਹ ਤੈਨੂੰ ਕੋਈ ਦਾਤਾਂ ਬਖਸ਼ਿਸ਼ ਕਰ ਸਕਣ! ਆਪਣੇ ਮਨ ਵਿਚ ਵਿਚਾਰ ਕਰਕੇ ਦੇਖ, ਬਾਣੀ ਰਾਹੀਂ ਬੋਲ ਕੇ ਅਤੇ ਕਰਮ ਰਾਹੀਂ ਦੇਖ ਕੇ ਸੋਚ ਜੇ ਇਨ੍ਹਾਂ ਪੱਥਰਾਂ ਵਿਚ ਜੀਵਨ ਹੋਵੇ ਤਾਂ ਹੀ ਤੈਨੂੰ ਕੁਝ ਦੇ ਸਕਣ ਦੇ ਸਮਰੱਥ ਹੋਣ। ਕੇਵਲ ਉਸ ਇੱਕ ਅਕਾਲ ਪੁਰਖ ਦਾ ਓਟ-ਆਸਰਾ ਲੈਣ ਤੋਂ ਬਿਨਾ ਕਿਧਰੇ ਵੀ ਮੁਕਤੀ ਨਹੀਂ ਮਿਲਣੀ,

ਇਕ ਬਿਨ ਦੂਸਰ ਸੋ ਨ ਚਿਨ੍ਹਾਰ॥
ਭੰਜਨ ਗੜ੍ਹਨ ਸਮਰੱਥ ਸਦਾ ਪ੍ਰਭ
ਜਾਨਤ ਹੈ ਕਰਤਾਰ॥੧॥ਰਹਾਉ॥
ਕਹਾ ਭਇਓ ਜੋ ਅਤਿ ਹਿਤ ਚਿਤਿ ਕਰਿ
ਬਹੁ ਬਿਧਿ ਸਿਲਾ ਪੁਜਾਈ॥
ਪਾਨ ਥਕਿਓ ਪਾਹਨ ਕਹ ਪਰਸਤ
ਕਛੁ ਕਰਿ ਸਿੱਧ ਨ ਆਈ॥੧॥
ਅੱਛਤ ਧੂਪ ਦੀਪ ਅਰਪਤ ਹੈ
ਪਾਹਨ ਕਛੂ ਨ ਖੈ ਹੈ॥
ਤਾ ਮੈ ਕਹਾ ਸਿਧਿ ਹੈ ਰੇ ਜੜ੍ਹ
ਤੋਹਿ ਕਛੂ ਬਰੁ ਦੈ ਹੈ॥੨॥
ਜੋ ਜਿਯ ਹੋਤ ਤੌ ਦੇਤ ਕਛੂ ਤੁਹਿ
ਮਨ ਬਚ ਕਰਮ ਬਿਚਾਰੁ॥
ਕੇਵਲ ਏਕ ਸਰਣਿ ਸੁਆਮੀ ਬਿਨੁ
ਯੌ ਨਹਿ ਕਤਹਿ ਉਧਾਰ॥੩॥

ਅੱਗੇ 'ਦੇਵਗੰਧਾਰੀ' ਵਿਚ ਸ਼ਬਦ ਵਿਚ ਦੱਸਿਆ ਹੈ ਕਿ ਉਸ ਅਕਾਲ ਪੁਰਖ ਦੇ ਨਾਮ ਤੋਂ ਬਿਨਾ ਕੋਈ ਬਚ ਨਹੀਂ ਸਕਦਾ। ਜਿਸ ਪਰਮ ਹਸਤੀ ਨੇ ਚੌਦਾਂ ਲੋਕਾਂ ਅਰਥਾਤ ਸਾਰੇ ਬ੍ਰਹਿਮੰਡ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ ਉਸ ਤੋਂ ਭੱਜ ਕੇ ਮਨੁੱਖ ਕਿਥੇ ਚਲਾ ਜਾਵੇਗਾ? ਰਾਮ, ਰਹੀਮ, ਬ੍ਰਹਮਾ, ਵਿਸ਼ਨੂੰ, ਮਹੇਸ਼, ਸੂਰਜ ਅਤੇ ਚੰਦ ਦਾ ਨਾਮ ਜਪ ਕੇ ਮਨੁੱਖ ਬਚ ਨਹੀਂ ਸਕਦਾ ਕਿਉਂਕਿ ਇਹ ਸਾਰੇ ਹੀ ਮੌਤ ਦੇ ਵੱਸ ਵਿਚ ਹਨ। ਵੇਦ, ਪੁਰਾਣ ਅਤੇ ਕੁਰਾਨ ਸ਼ਰੀਫ ਅਤੇ ਸਾਰੇ ਧਰਮ ਮੰਨਦੇ ਹਨ ਕਿ ਉਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਇੰਦ੍ਰ ਦੇਵਤਾ, ਸ਼ੇਸ਼ ਨਾਗ, ਮੁਨੀਆਂ ਨੇ ਉਸ ਦਾ ਯੁਗਾਂ ਤੱਕ ਧਿਆਨ ਧਰਿਆ ਪਰ ਉਸ ਨੂੰ ਦੇਖ ਨਹੀਂ ਸਕੇ। ਜਿਸ ਦਾ ਕੋਈ ਰੂਪ, ਰੰਗ ਅਤੇ ਆਕਾਰ ਹੀ ਨਹੀਂ ਹੈ ਉਸ ਨੂੰ 'ਸਾਂਵਲੇ' ਰੰਗ ਦਾ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ? ਮੌਤ ਦੇ ਫੰਦੇ ਤੋਂ ਮੁਕਤੀ ਅਕਾਲ ਪੁਰਖ ਦੀ ਸ਼ਰਨ ਗਿਆਂ ਹੀ ਮਿਲ ਸਕਦੀ ਹੈ,

ਬਿਨੁ ਹਰਿ ਨਾਮੁ ਨ ਬਾਚਨ ਪੈ ਹੈ॥
ਚੌਦਹ ਲੋਕ ਜਾਹਿ ਬਸਿ ਕੀਨੋ
ਤਾ ਤੇ ਕਹਾ ਪਲੈ ਹੈ॥੧॥ਰਹਾਉ॥
ਰਾਮ ਰਹੀਮ ਉਬਾਰ ਨ ਸਕ ਹੈ
ਜਾ ਕਰ ਨਾਮ ਰਟੈ ਹੈ॥
ਬ੍ਰਹਮਾ ਬਿਸਨੁ ਰੁਦ੍ਰ ਸੂਰਜ ਸਸਿ
ਤੇ ਬਸਿ ਕਾਲ ਸਬੈ ਹੈਂ॥੧॥
ਬੇਦ ਪੁਰਾਨ ਕੁਰਾਨ ਸਬੈ ਮਤ
ਜਾ ਕਰ ਨੇਤਿ ਕਹੈ ਹੈਂ॥੧॥
ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ
ਧਿਆਵਤ ਧਿਆਨ ਨ ਐ ਹੈ॥੨॥
ਜਾ ਕਰ ਰੂਪ ਰੰਗ ਨਹਿ ਜਨਿਯਤਿ
ਸੋ ਕਿਮਿ ਸਯਾਮ ਕਹੈ ਹੈਂ॥
ਛੁਟ ਹੋ ਕਾਲ-ਜਾਲ ਤੇ ਤਬ ਹੀ
ਤਾਹਿ ਚਰਨਿ ਲਪਟੈ ਹੈਂ॥੩॥

## ਗੁਰਬਾਣੀ ਗਿਆਨ

# ਬੰਧਨ ਤੋੜਿ ਬੋਲਾਵੈ ਰਾਮੁ

**ਗਉੜੀ ਗੁਆਰੇਰੀ ਮਹਲਾ ੫**
ਬੰਧਨ ਤੋੜਿ ਬੋਲਾਵੈ ਰਾਮੁ॥
ਮਨ ਮਹਿ ਲਾਗੈ ਸਾਚੁ ਧਿਆਨੁ॥
ਮਿਟਹਿ ਕਲੇਸ ਸੁਖੀ ਹੋਇ ਰਹੀਐ॥
ਐਸਾ ਦਾਤਾ ਸਤਿਗੁਰੁ ਕਹੀਐ॥੧॥
ਸੋ ਸੁਖਦਾਤਾ ਜਿ ਨਾਮੁ ਜਪਾਵੈ॥
ਕਰਿ ਕਿਰਪਾ ਤਿਸੁ ਸੰਗਿ ਮਿਲਾਵੈ॥੧॥ਰਹਾਉ॥
ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ॥
ਸਰਬ ਨਿਧਾਨ ਗੁਰੂ ਤੇ ਪਾਵੈ॥
ਆਪੁ ਤਿਆਗਿ ਮਿਟੈ ਆਵਣ ਜਾਣਾ॥
ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ॥੨॥
ਜਨ ਊਪਰਿ ਪ੍ਰਭ ਭਏ ਦਇਆਲ॥
ਜਨ ਕੀ ਟੇਕ ਏਕ ਗੋਪਾਲ॥
ਏਕਾ ਲਿਵ ਏਕੋ ਮਨਿ ਭਾਉ॥
ਸਰਬ ਨਿਧਾਨ ਜਨ ਕੈ ਹਰਿ ਨਾਉ॥੩॥
ਪਾਰਬ੍ਰਹਮ ਸਿਉ ਲਾਗੀ ਪ੍ਰੀਤਿ॥
ਨਿਰਮਲ ਕਰਣੀ ਸਾਚੀ ਰੀਤਿ॥
ਗੁਰਿ ਪੂਰੈ ਮੇਟਿਆ ਅੰਧਿਆਰਾ॥
ਨਾਨਕ ਕਾ ਪ੍ਰਭੁ ਅਪਰ ਅਪਾਰਾ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ- ਹੇ ਭਾਈ! ਸਤਿਗੁਰੂ ਹੀ ਜੀਵ ਦੇ ਮਾਇਆ ਦੇ ਮੋਹ ਵਾਲੇ ਬੰਧਨ ਤੋੜ ਕੇ ਉਸ ਕੋਲੋਂ ਅਕਾਲ ਪੁਰਖ ਦਾ ਸਿਮਰਨ ਕਰਵਾਉਂਦਾ ਹੈ; ਮਨ ਮਹਿ ਲਾਗੈ ਸਾਚੁ ਧਿਆਨੁ, ਗੁਰੂ ਦੀ ਕ੍ਰਿਪਾ ਸਦਕਾ ਹੀ ਜੀਵ ਦੀ ਪ੍ਰਭੂ ਚਰਨਾਂ ਵਿਚ ਅਡੋਲ ਸੁਰਤਿ ਟਿਕ ਜਾਂਦੀ ਹੈ; ਮਿਟਹਿ ਕਲੇਸ ਸੁਖੀ ਹੋਇ ਰਹੀਐ, ਗੁਰੂ ਦੀ ਕ੍ਰਿਪਾ ਨਾਲ ਹੀ ਜੀਵਨ ਦੇ ਕਲੇਸ਼ ਮੁਕ ਜਾਂਦੇ ਹਨ, ਜੀਵ ਸੁਖੀ ਹੋ ਜਾਂਦਾ ਹੈ, ਐਸੇ ਗੁਰੂ ਨੂੰ ਹੀ ਦਾਤਾਂ ਦੇਣ ਵਾਲਾ ਆਖਿਆ ਜਾਂਦਾ ਹੈ।

ਸੋ ਸੁਖਦਾਤਾ ਜਿ ਨਾਮੁ ਜਪਾਵੈ॥
ਕਰਿ ਕਿਰਪਾ ਤਿਸੁ ਸੰਗਿ ਮਿਲਾਵੈ॥੧॥ਰਹਾਉ॥

ਪੰਚਮ ਪਾਤਸ਼ਾਹ ਰਹਾਉ ਦੀ ਪੰਕਤੀ ਵਿਚ ਉਪਦੇਸ਼ ਕਰਦੇ ਹਨ- ਹੇ ਭਾਈ! ਸਤਿਗੁਰੂ ਤਾਂ ਸੁੱਖਾਂ ਨੂੰ ਵੰਡਣ ਵਾਲਾ ਦਾਤਾ ਹੈ, ਕਿਉਂਕਿ ਗੁਰੂ ਆਤਮਿਕ ਅਨੰਦ ਅਤੇ ਅਡੋਲਤਾ ਦੇ ਕੇ ਜੀਵ ਕੋਲੋਂ ਉਸ ਮਿਹਰਵਾਨ ਪ੍ਰਭੂ ਦਾ ਨਾਮ ਜਪਾਉਂਦਾ ਹੈ; ਪੂਰਾ ਸਤਿਗੁਰੂ ਹੀ ਆਪਣੀ ਬਖਸ਼ਿਸ਼ ਕਰ ਕੇ ਮਾਇਆ ਦੇ ਮੋਹ ਵਿਚ ਫਸੇ ਹੋਏ ਜੀਵ ਨੂੰ ਨਾਮ ਦੀ ਦਾਤ ਦੇ ਕੇ ਪ੍ਰਭੂ ਨਾਲ ਮਿਲਾ ਦਿੰਦਾ ਹੈ।

ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ॥
ਸਰਬ ਨਿਧਾਨ ਗੁਰੂ ਤੇ ਪਾਵੈ॥
ਆਪੁ ਤਿਆਗਿ ਮਿਟੈ ਆਵਣ ਜਾਣਾ॥
ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ॥੨॥

ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਭਾਈ! ਉਹ ਮਿਹਰਵਾਨ ਪ੍ਰੀਤਮ ਪ੍ਰਭੂ ਜਿਸ ਜੀਵ ਉਤੇ ਦਿਆਲ ਹੁੰਦਾ ਹੈ, ਤਾਂ ਫਿਰ ਆਪਣੀ ਕਿਰਪਾ ਸਦਕਾ ਜੀਵ ਨੂੰ ਆਪ ਹੀ ਗੁਰੂ ਮਿਲਾ ਦਿੰਦਾ ਹੈ; ਤੇ ਫਿਰ ਉਹ ਵਡਭਾਗਾ ਜੀਵ ਗੁਰੂ ਪਾਸੋਂ ਉਚੇ-ਸੁਚੇ ਜੀਵਨ ਦੇ ਸਾਰੇ ਖਜ਼ਾਨੇ ਪ੍ਰਾਪਤ ਕਰ ਲੈਂਦਾ ਹੈ; ਆਪੁ ਤਿਆਗਿ ਮਿਟੈ ਆਵਣ ਜਾਣਾ, ਜਦ ਗੁਰੂ ਦੀ ਸ਼ਰਨ ਪਿਆ ਜੀਵ ਗੁਰੂ ਨੂੰ ਸਮਰਪਿਤ ਹੋ ਜਾਂਦਾ ਹੈ, ਤਾਂ ਉਸ ਦਾ ਜਨਮ ਮਰਨ ਦਾ ਗੇੜ ਮੁਕ ਜਾਂਦਾ ਹੈ, ਗੁਰੂ ਦੀ ਸੰਗਤ ਵਿਚ ਰਹਿ ਕੇ ਜੀਵ ਪ੍ਰਭੂ ਨਾਲ ਗੂੜ੍ਹੀ ਸਾਂਝ ਪਾ ਲੈਂਦਾ ਹੈ।

ਜਨ ਊਪਰਿ ਪ੍ਰਭ ਭਏ ਦਇਆਲ॥
ਜਨ ਕੀ ਟੇਕ ਏਕ ਗੋਪਾਲ॥
ਏਕਾ ਲਿਵ ਏਕੋ ਮਨਿ ਭਾਉ॥
ਸਰਬ ਨਿਧਾਨ ਜਨ ਕੈ ਨਾਉ॥੩॥

ਗੁਰਦੇਵ ਆਖਦੇ ਹਨ- ਜਦ ਜੀਵ ਗੁਰੂ ਦੀ ਸ਼ਰਨ ਵਿਚ ਰਹਿ ਕੇ ਬਖਸ਼ਿਸ਼ ਪ੍ਰਾਪਤ ਕਰਦਾ ਹੈ, ਤਾਂ ਫਿਰ ਉਹ ਮਿਹਰਵਾਨ ਪ੍ਰਭ ਵੀ ਉਸ ਸੇਵਕ ਉਤੇ ਦਿਆਲ ਹੋ ਜਾਂਦਾ ਹੈ; ਤਾਂ ਫਿਰ ਉਸ ਸੇਵਕ ਦੇ ਜੀਵਨ ਦਾ ਆਸਰਾ ਵੀ ਉਹ ਗੁਪਾਲ ਪ੍ਰਭੂ ਹੀ ਬਣ ਜਾਂਦਾ ਹੈ। ਪੂਰੇ ਗੁਰੂ ਦੀ ਸ਼ਰਨ ਵਿਚ ਪਏ ਜੀਵ ਨੂੰ ਉਸ ਇਕੋ ਪ੍ਰਭੂ ਦੀ ਲਗਨ ਲੱਗ ਜਾਂਦੀ ਹੈ, ਅੰਦਰ ਪ੍ਰਭੂ ਦਾ ਪਿਆਰ ਟਿਕ ਜਾਂਦਾ ਹੈ, ਪ੍ਰਭੂ ਦਾ ਨਾਮ ਹੀ ਉਸ ਲਈ ਸਾਰੇ ਖਜ਼ਾਨੇ ਬਣ ਜਾਂਦਾ ਹੈ।

ਪਾਰਬ੍ਰਹਮ ਸਿਉ ਲਾਗੀ ਪ੍ਰੀਤਿ॥
ਨਿਰਮਲ ਕਰਣੀ ਸਾਚੀ ਰੀਤਿ॥
ਗੁਰਿ ਪੂਰੈ ਮੇਟਿਆ ਅੰਧਿਆਰਾ॥
ਨਾਨਕ ਕਾ ਪ੍ਰਭੁ ਅਪਰ ਅਪਾਰਾ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖ ਰਹੇ ਹਨ- ਉਸ ਮਿਹਰਵਾਨ ਪ੍ਰਭੂ ਦੀ ਕਿਰਪਾ ਨਾਲ ਪੂਰੇ ਗੁਰੂ ਨੇ ਇਸ ਜੀਵ ਦੇ ਅੰਦਰੋਂ ਵਿਕਾਰ ਰੂਪੀ ਮਾਇਆ ਦੇ ਮੋਹ ਦਾ ਹਨੇਰਾ ਦੂਰ ਕਰ ਦਿੱਤਾ, ਉਸ ਵੱਡਭਾਗੇ ਜੀਵ ਦੀ ਪ੍ਰੀਤੀ ਪ੍ਰਭੂ ਪਰਮੇਸ਼ਵਰ ਨਾਲ ਪੱਕੀ ਬਣ ਗਈ; ਉਸ ਜੀਵ ਦੀ ਰਹਿਣੀ-ਬਹਿਣੀ ਵਿਕਾਰਾਂ ਵਲੋਂ ਅਡੋਲ ਹੋ ਗਈ। ਹੇ ਭਾਈ! ਇਹ ਸਾਰੀ ਬਖਸ਼ਿਸ਼ ਤਾਂ ਪ੍ਰਭੂ ਦੀ ਹੀ ਹੈ, ਨਾਨਕ ਦਾ ਉਹ ਪ੍ਰਭੂ ਪਰੇ ਤੋਂ ਪਰੇ ਹੈ, ਬੇਅੰਤ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਏਹੁ ਹਮਾਰਾ ਜੀਵਣਾ-3

# ਸਿੱਖ ਮਤ ਅਤੇ ਔਰਤ

**'ਏਹੁ ਹਮਾਰਾ ਜੀਵਣਾ' ਵਿਚ ਪ੍ਰੋ. ਹਰਪਾਲ ਸਿੰਘ ਨੇ ਔਰਤ ਦੀ ਕਹਾਣੀ ਮੁੱਢ ਤੋਂ ਸ਼ੁਰੂ ਕਰ ਕੇ ਸੁਣਾਈ ਹੈ ਅਤੇ ਦੱਸਿਆ ਹੈ ਕਿ ਭਾਰਤ ਵਿਚ ਆਰੀਅਨਾਂ ਦੇ ਆਗਮਨ ਤੋਂ ਪਹਿਲਾਂ ਔਰਤ ਦਾ ਸਮਾਜ ਵਿਚ ਰੁਤਬਾ ਕਿਸ ਤਰ੍ਹਾਂ ਦਾ ਸੀ। ਔਰਤ ਦੇ ਹਾਲਾਤ ਬਾਰੇ ਉਨ੍ਹਾਂ ਉਤਰ ਵੈਦਿਕ ਕਾਲ ਦੇ ਵੇਰਵੇ ਸਾਂਝੇ ਕੀਤੇ ਹਨ ਜਿਸ ਵਿਚ ਔਰਤ ਪ੍ਰਤੀ ਮਰਦ ਅਤੇ ਮਰਦ ਦੇ ਦਾਬੇ ਵਾਲੇ ਸਮਾਜ ਦੇ ਰਵੱਈਏ ਬਾਰੇ ਪਤਾ ਲੱਗਦਾ ਹੈ। ਇਨ੍ਹਾਂ ਵੇਰਵਿਆਂ ਨਾਲ ਇਹ ਸੂਹ ਪੈਂਦੀ ਹੈ ਕਿ ਅੱਜ ਦੇ ਯੁੱਗ ਤੱਕ ਪੁੱਜਦਿਆਂ-ਪੁੱਜਦਿਆਂ ਔਰਤ ਦੀ ਹੁਣ ਵਾਲੀ ਹੌਲਨਾਕ ਹਾਲਤ ਕਿਸ ਤਰ੍ਹਾਂ ਬਣਾ ਦਿੱਤੀ ਗਈ। ਇਸ ਲੰਮੇ ਲੇਖ ਦੀ ਤੀਜੀ ਅਤੇ ਆਖਰੀ ਕਿਸ਼ਤ ਵਿਚ ਜੈਨ, ਬੁੱਧ ਅਤੇ ਫਿਰ ਰਤਾ ਕੁ ਵਿਸਥਾਰ ਸਹਿਤ ਸਿੱਖ ਮਤ ਤਹਿਤ ਔਰਤ ਦੀ ਹਾਲਤ ਬਾਰੇ ਦੱਸਿਆ ਗਿਆ ਹੈ। -ਸੰਪਾਦਕ**

**ਜੈਨ ਮਤ:** ਭਾਰਤ ਵਿਚ ਜੈਨ ਧਰਮ ਦਾ ਵਿਕਾਸ ਵੈਦਿਕ ਕਾਲ 1000-600 ਈਸਾ ਪੂਰਵ ਹੋਇਆ। ਜੈਨੀ ਉਪਾਸ਼ਕ ਇਸ ਨੂੰ ਅਨਾਦੀ ਮੰਨਦੇ ਹਨ, ਭਾਵ ਇਸ ਧਰਮ ਦਾ ਕੋਈ ਨਿਸ਼ਚਤ ਇਤਿਹਾਸ ਨਹੀਂ। ਭਗਵਾਨ ਮਹਾਂਵੀਰ ਇਸ ਧਰਮ ਦੇ 24ਵੇਂ ਤੀਰਥੰਕਰ ਮੰਨੇ ਜਾਂਦੇ ਹਨ (599-527 ਈਸਾ ਪੂਰਵ)। ਇਸ ਧਰਮ ਵਿਚ ਵੀ ਔਰਤ ਦਾ ਦਰਜਾ ਸ਼ੂਦਰਾਂ ਵਾਂਗ ਹੇਠਾਂ ਤੋਂ ਹੇਠਾਂ ਵੱਲ ਗਿਆ। ਇਹ ਕਿਹਾ ਗਿਆ ਕਿ ਔਰਤਾਂ (ਕੇਵਲਯ) ਮੁਕਤੀ ਪ੍ਰਾਪਤ ਨਹੀਂ ਕਰ ਸਕਦੀਆਂ। ਔਰਤ ਦਾ ਸ਼ਿੰਗਾਰ, ਉਨ੍ਹਾਂ ਦੀਆਂ ਅਦਾਵਾਂ-ਮੁਦਰਾਵਾਂ ਮਨ ਨੂੰ ਬੇਚੈਨ ਕਰ ਸਕਦੀਆਂ ਹਨ; ਇਸ ਲਈ ਉਨ੍ਹਾਂ ਤੋਂ ਦੂਰ ਰਹੋ। ਜਿਥੇ ਗ੍ਰਿਹਿਸਥ ਦਾ ਸਵਾਲ ਹੈ, ਕੇਵਲ ਆਪਣੀ ਪਤਨੀ ਦਾ ਹੀ ਸੰਗ ਕਰਨਾ ਹੈ। ਕਾਮ-ਵਾਸਨਾ ਜੀਵਨ ਨੂੰ ਨਸ਼ਟ ਕਰਨ ਵਾਲਾ ਰੋਗ ਹੈ। ਇਸ ਤੋਂ ਅੱਲਗ ਰਹੋ। ਜੈਨੀਆਂ ਦੇ ਦਿਗੰਬਰ ਫਿਰਕੇ ਅਨੁਸਾਰ ਖੁਸਰਾ ਅਤੇ ਔਰਤ ਮੁਕਤ ਨਹੀਂ ਹੋ



**ਪ੍ਰੋ. ਹਰਪਾਲ ਸਿੰਘ**
**ਫੋਨ: 916-236-8830**

ਸਕਦੇ। ਇਨ੍ਹਾਂ ਨੂੰ ਪਹਿਲਾਂ ਮਰਦਾਂ ਦੇ ਜਾਮੇ ਵਿਚ ਜਨਮ ਲੈਣਾ ਪਵੇਗਾ। ਸਵੇਤਾਂਬਰ ਫਿਰਕੇ ਅਨੁਸਾਰ ਔਰਤਾਂ ਤੇ ਖੁਸਰੇ ਵੀ ਮੁਕਤ ਹੋ ਸਕਦੇ ਹਨ, ਪਰ ਬਹੁਤ ਘੱਟ-ਗਿਣਤੀ ਵਿਚ। ਜਿਥੋਂ ਤੱਕ ਧਰਮ ਗ੍ਰਹਿਣ ਦਾ ਸਵਾਲ ਹੈ, ਜੈਨ ਮਤ ਦਾ ਝੁਕਾਅ ਔਰਤ ਦੇ ਮੁਕਾਬਲੇ ਮਰਦ ਨੂੰ ਤਰਜੀਹ ਦੇਣਾ ਹੈ।

**ਬੁੱਧ ਮਤ:** ਪੁਰਾਤਨ ਸਮੇਂ ਭਾਰਤ ਵਿਚ ਹਿੰਦੂ ਮਤ ਅਤੇ ਜੈਨ ਮਤ ਦੇ ਨਾਲ ਇਕ ਹੋਰ ਧਰਮ ਦਾ ਜਨਮ ਹੋਇਆ ਜਿਸ ਨੂੰ ਬੁੱਧ ਮਤ ਕਿਹਾ ਜਾਂਦਾ ਹੈ। ਇਸ ਧਰਮ ਦਾ ਬਾਨੀ ਰਾਜਕੁਮਾਰ ਸਿਧਾਰਥ ਸੀ ਜਿਸ ਦਾ ਜਨਮ 566 ਈਸਾ ਪੂਰਵ ਵਿਚ ਹੋਇਆ। ਉਸ ਦਾ ਪਿਤਾ ਕਪਿਲਵਸਤੂ ਦੀ ਰਿਆਸਤ ਦਾ ਰਾਜਾ ਸੀ। ਬੁੱਧ ਕਾਲ ਦੇ ਸਮੇਂ ਔਰਤ ਦੀ ਸਥਿਤੀ ਵਿਚ ਸੁਧਾਰ ਹੋਇਆ। ਉਹ ਆਜ਼ਾਦ ਔਰਤ ਬਣ ਗਈ। ਵਿਆਹੀ ਜਾਣ ਤੋਂ ਬਾਅਦ ਉਹ ਗੁਲਾਮ ਨਹੀਂ ਸੀ ਬਣਦੀ, ਕਿਉਂਕਿ ਬੁੱਧਵਾਦੀ ਪ੍ਰਬੰਧ ਤਹਿਤ ਵਿਆਹ ਇਕ ਇਕਰਾਰਨਾਮਾ ਸੀ। ਇਸ ਕਾਲ ਵਿਚ ਉਹ ਜਾਇਦਾਦ ਦੀ ਮਾਲਕਣ ਹੋ ਸਕਦੀ ਹੈ, ਤਾਲੀਮ ਲੈ ਸਕਦੀ ਹੈ, ਉਹ ਭਿਖਸ਼ੂਆਂ ਦੇ ਬੋਧੀ ਸੰਘ ਦੀ ਮੈਂਬਰ ਬਣ ਸਕਦੀ ਸੀ ਅਤੇ ਬ੍ਰਾਹਮਣ ਦੇ ਰੁਤਬੇ ਤੱਕ ਪਹੁੰਚ ਸਕਦੀ ਸੀ। ਮਹਾਤਮਾ ਬੁੱਧ ਔਰਤ ਨੂੰ ਭਿਖਸ਼ੂ ਬਣਾਉਣ ਦੇ ਹੱਕ ਵਿਚ ਨਹੀਂ ਸੀ। ਬੁੱਧ ਮਤ ਨੇ ਇਹ ਵਿਚਾਰ ਪੇਸ਼ ਕੀਤਾ ਕਿ ਜੇ ਕੋਈ ਇਸਤਰੀ ਡੁੱਬਦੀ ਹੋਵੇ, ਕੋਈ ਵੀ ਭਿਖਸ਼ੂ ਉਸ ਨੂੰ ਬਚਾਉਣ ਲਈ ਹੱਥ ਨਹੀਂ ਵਧਾਏਗਾ, ਭਾਵੇਂ ਉਸ ਦੀ ਆਪਣੀ ਮਾਂ ਜਾਂ ਪਤਨੀ ਹੀ ਕਿਉਂ ਨਾ ਹੋਵੇ। ਆਨੰਦ ਦੀਆਂ ਅਨੇਕਾਂ ਬੇਨਤੀਆਂ ਕਰਨ ਤੋਂ ਬਾਅਦ ਹੀ, ਨਾ ਚਾਹੁੰਦਿਆਂ ਹੋਇਆਂ ਔਰਤ ਨੂੰ ਸੰਘ 'ਚ ਦੀਖਿਅਤ ਹੋਣ ਅਤੇ ਸੰਨਿਆਸ ਧਾਰਨ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਨਾਲ ਹੀ ਬੁੱਧ ਨੇ ਆਨੰਦ ਨੂੰ ਇਹ ਕਿਹਾ ਸੀ, "ਆਨੰਦ! ਸੰਘ ਬਿਨਾਂ ਸ਼ੱਕ ਹਜ਼ਾਰ ਸਾਲ ਤੱਕ ਜਿਊਂਦਾ ਰਹਿ ਸਕਦਾ ਹੈ, ਪਰ ਔਰਤ ਦੇ ਇਸ ਵਿਚ ਦਾਖਲ ਹੋ ਜਾਣ ਨਾਲ ਇਸ ਦੀ ਉਮਰ ਘਟ ਜਾਵੇਗੀ ਅਤੇ ਇਹ ਸਿਰਫ ਪੰਜ ਸੌ ਸਾਲ ਤੱਕ ਹੀ ਚੱਲ ਸਕੇਗਾ।"

**ਸਿੱਖ ਮਤ:** ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਇਨਕਲਾਬੀ ਸੀ ਜਿਸ ਦੇ ਨਿਸ਼ਾਨੇ ਉਚੇ ਸੁੱਚੇ ਸਨ। ਸਮਾਜਕ ਅਤੇ ਆਰਥਿਕ ਤੌਰ 'ਤੇ ਔਰਤ ਦੇ ਦਰਜੇ ਨੂੰ ਉਚਾ ਕਰਨਾ ਉਨ੍ਹਾਂ ਦੀ ਵਿਚਾਰਧਾਰਾ ਦਾ ਅਹਿਮ ਹਿੱਸਾ ਸੀ। ਗੁਰੂ ਜੀ ਤੋਂ ਪਹਿਲਾਂ ਦੀਆਂ ਵਿਚਾਰਧਾਰਾਵਾਂ ਵਿਚ ਔਰਤ ਨੂੰ ਸਨਮਾਨਯੋਗ ਦਰਜਾ ਨਹੀਂ ਸੀ ਦਿੱਤਾ ਗਿਆ। ਇਸ ਦਾ ਮੁੱਖ ਕਾਰਨ ਬ੍ਰਾਹਮਣ ਦੁਆਰਾ ਜਾਤੀ-ਪ੍ਰਥਾ ਨੂੰ ਸਤਿਕਾਰ ਦੇਣਾ ਸੀ। ਰੱਬ ਨੇ ਔਰਤ ਨੂੰ ਨੀਵੀਂ ਜਾਤ ਦਾ ਦਰਜਾ ਦਿੱਤਾ ਹੈ, ਉਹ ਮੁਕਤੀ ਪ੍ਰਾਪਤ ਨਹੀਂ ਸੀ ਕਰ ਸਕਦੀ ਅਤੇ ਨਾ ਹੀ ਉਸ ਦਾ ਵਾਸਾ ਸਵਰਗ ਵਿਚ ਹੋ ਸਕਦਾ ਹੈ। ਮਰੇ ਹੋਏ ਪਤੀ ਨਾਲ ਉਸ ਨੂੰ ਸਤੀ ਹੋਣਾ ਪੈਂਦਾ ਸੀ। ਔਰਤ ਨੂੰ ਕੇਵਲ ਭੋਗ-ਵਿਲਾਸ ਦੀ ਪੂਰਤੀ ਕਰਨ ਵਾਲੀ ਵਸਤੂ ਸਮਝਿਆ ਜਾਂਦਾ ਸੀ। ਜੋ ਬਾਹਰੋਂ ਕੋਈ ਹਮਲਾਵਰ ਆਇਆ, ਤਾਂ ਉਸ ਨੇ ਵੀ ਔਰਤ ਦੀ ਇੱਜ਼ਤ ਨੂੰ ਹੱਥ ਪਾਇਆ। ਬਾਬਰ ਦੇ ਹਮਲੇ ਦੇ ਹੌਲੇ ਵੇਲੇ ਦੇ ਹਾਲਾਤ ਬਾਰੇ ਗੁਰੂ ਜੀ ਲਿਖਦੇ ਹਨ,

ਜਿਨ ਸਿਰਿ ਸੋਹਨਿ ਪਟੀਆ
ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨਿ
ਗਲ ਵਿਚ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ
ਹੁਣਿ ਬਹਣਿ ਨ ਮਿਲਨਿ ਹਦੂਰਿ॥੧॥
ਆਦੇਸੁ ਬਾਬਾ ਆਦੇਸੁ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ
ਕਰਿ ਕਰਿ ਦੇਖਹਿ ਵੇਸ ॥੧॥ ਰਹਾਉ॥
ਜਦਹੁ ਸੀਆ ਵੀਆਹੀਆ
ਲਾੜੇ ਸੋਹਨਿ ਪਾਸਿ॥
ਹੀਡੋਲੀ ਚੜਿ ਆਈਆ
ਦੰਦ ਖੰਡ ਕੀਤੇ ਰਾਸਿ॥
ਉਪਰਹੁ ਪਾਣੀ ਵਾਰੀਐ
ਝਲੇ ਝਿਮਕਨਿ ਪਾਸਿ॥੨॥
ਇਕੁ ਲਖੁ ਲਹਨਿ ਬਹਿਠੀਆ
ਲਖੁ ਲਹਨਿ ਖੜੀਆ॥
ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ॥
ਤਿਨ ਗਲਿ ਸਿਲਕਾ ਪਾਈਆ
ਤੁਟਨਿ ਮੋਤਸਰੀਆ॥੩॥
ਧਨੁ ਜੋਬਨੁ ਦੁਇ ਵੈਰੀ ਹੋਏ
ਜਿਨੀ ਰਖੇ ਰੰਗੁ ਲਾਇ॥
ਦੂਤਾ ਨੋ ਫੁਰਮਾਇਆ
ਲੈ ਚਲੇ ਪਤਿ ਗਵਾਇ॥
ਜੇ ਤਿਸੁ ਭਾਵੈ ਦੇ ਵਡਿਆਈ
ਜੇ ਭਾਵੈ ਦੇਇ ਸਜਾਇ॥੪॥
ਅਗੋ ਦੇ ਜੇ ਚੇਤੀਐ
ਤਾਂ ਕਾਇਤੁ ਮਿਲੈ ਸਜਾਇ॥
ਸਾਹਾਂ ਸੁਰਤਿ ਸਵਾਈਆ
ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ
ਕੁਇਰੁ ਨ ਰੋਟੀ ਖਾਇ॥੫॥

ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਸਮਾਜਕ ਰੁਤਬੇ ਨੂੰ ਮਹੱਤਵਪੂਰਨ ਦਰਸਾਉਣ ਲਈ ਅਕਾਲ ਪੁਰਖ ਦੇ ਸਾਹਮਣੇ ਆਪਣੀ ਸਥਿਤੀ ਔਰਤ ਵਰਗੀ ਰੱਖੀ ਸੀ। ਗੁਰੂ ਜੀ ਜਦੋਂ ਵੀ ਆਪਣੇ ਅਤੇ ਅਕਾਲ ਪੁਰਖ ਵਿਚਾਲੇ ਦੀ ਸਥਿਤੀ ਬਿਆਨ ਕਰਦੇ ਹਨ, ਤਾਂ ਕਈ ਥਾਂਈਂ ਅਕਾਲ ਪੁਰਖ ਨੂੰ ਪਤੀ ਵਜੋਂ ਅਤੇ ਆਪਣੇ ਆਪ ਨੂੰ ਪਤਨੀ ਜਾਂ ਔਰਤ ਦੇ ਤੌਰ 'ਤੇ ਬਿਆਨ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਦਿੱਤਾ। ਜਿਹੜੀ ਔਰਤ ਰਾਜਿਆਂ, ਮਹਾਂਰਾਜਿਆਂ ਤੇ ਮਹਾਨ ਹਸਤੀਆਂ ਨੂੰ ਜਨਮ ਦਿੰਦੀ ਹੈ, ਉਹ ਬੁਰੀ ਕਿਸ ਤਰ੍ਹਾਂ ਹੋ ਸਕਦੀ ਹੈ? ਮਰਦ ਵਾਂਗ ਉਹ ਵੀ ਰੱਬ ਦੀ ਰਚਨਾ ਹੈ। ਰੱਬ ਦੀ ਰਚਨਾ ਨੂੰ ਮਾੜਾ ਕਿਵੇਂ ਕਿਹਾ ਜਾ ਸਕਦਾ ਹੈ? ਗੁਰੂ ਨਾਨਕ ਸਾਹਿਬ ਨੇ ਫਰਮਾਇਆ,

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥

ਗੁਰੂ ਅਮਰਦਾਸ ਨੇ ਪਰਦੇ ਅਤੇ ਸਤੀ ਦੀ ਰਸਮ ਖਤਮ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ



*ਮੈਦਾਨ-ਏ-ਜੰਗ ਵਿਚ ਜੂਝਦਿਆਂ ਮਾਈ ਭਾਗੋ*

ਅਸਲ ਪਤੀਵ੍ਰਤਾ ਔਰਤ ਉਹ ਨਹੀਂ ਜਿਹੜੀ ਪਤੀ ਦੇ ਨਾਲ ਸਤੀ ਹੋ ਜਾਂਦੀ ਹੈ, ਸਗੋਂ ਅਸਲੀ ਪਤੀਵ੍ਰਤਾ ਔਰਤ ਉਹ ਹੈ ਜਿਹੜੀ ਪਤੀ-ਵਿਛੋੜੇ ਵਿਚ ਉਸ ਦੇ ਧਿਆਨ ਵਿਚ ਲੀਨ ਰਹਿੰਦੀ ਹੈ। ਵਿਧਵਾ ਹੋਣ ਤੇ ਸਾਊ ਬਣ ਕੇ ਸਬਰ ਸੰਤੋਖ ਨਾਲ ਉਮਰ ਗੁਜ਼ਾਰਦੀ ਹੈ ਅਤੇ ਆਪਣੇ ਪਤੀ ਦੀ ਯਾਦ ਨੂੰ ਸੰਭਾਲ ਕੇ ਰੱਖਦੀ ਹੈ।

ਸਤੀਆ ਏਹਿ ਨਾ ਆਖੀਅਨਿ
ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ
ਜਿ ਬਿਰਹੇ ਚੋਟ ਮਰੰਨਿ॥
ਭੀ ਸੋ ਸਤੀਆ ਜਾਣੀਅਨਿ
ਸੀਲ ਸੰਤੋਖਿ ਰਹੰਨਿ॥
ਸੇਵਨਿ ਸਾਈ ਆਪਣਾ
ਨਿਤ ਉਠਿ ਸੰਮ੍ਾਲੰਨਿ॥

ਸਿੱਖਾਂ ਦੇ ਲੀਡਰ ਸ. ਜੱਸਾ ਸਿੰਘ ਆਹਲੂਵਾਲੀਆ ਦੇ ਮਾਤਾ ਜੀ ਦੀਵਾਨਾਂ ਵਿਚ ਕੀਰਤਨ ਕਰਦੇ ਹੁੰਦੇ ਸਨ। (ਗੰਡਾ ਸਿੰਘ, ਸ. ਜੱਸਾ ਸਿੰਘ ਆਹਲੂਵਾਲੀਆ ਪੰਨਾ 21, 23)

ਸ. ਸੁੱਖਾ ਸਿੰਘ ਜੋ ਛੋਟੇ ਘੱਲੂਘਾਰੇ ਵਿਚ ਕਮਾਂਡਰ ਸਨ, ਇਕ ਸਮੇਂ ਖਾਲਸੇ ਵਿਚੋਂ ਇਸ ਲਈ ਛੇਕੇ ਗਏ ਸਨ, ਕਿਉਂਕਿ ਸ਼ੱਕ ਸੀ ਕਿ ਉਨ੍ਹਾਂ ਜਾਂ ਉਨ੍ਹਾਂ ਦੀ ਪਤਨੀ ਨੇ ਕੰਨਿਆ ਹੱਤਿਆ ਕਰ ਕੇ ਸਿੱਖਾਂ ਦੀ ਰਵਾਇਤ ਨੂੰ ਧੱਬਾ ਲਾਇਆ ਸੀ (ਰਤਨ ਸਿੰਘ ਭੰਗੂ)। ਇਨਕਲਾਬੀ ਲਹਿਰ ਵਿਚ ਵੀ ਸਿੱਖ ਔਰਤਾਂ ਨੇ ਮਰਦਾਂ ਨਾਲ ਮਿਲ ਕੇ ਸਿੱਖ ਰਾਜ ਦੀ ਸਥਾਪਤੀ ਲਈ ਕੁਰਬਾਨੀਆਂ ਦਿੱਤੀਆਂ। ਮਾਈ ਭਾਗੋ ਨੇ ਉਨ੍ਹਾਂ ਬੇਦਾਵਿਆਂ ਨੂੰ ਇਕੱਠੇ ਕੀਤਾ ਜਿਹੜੇ ਇਨਕਲਾਬ ਤੋਂ ਮੂੰਹ ਮੋੜ ਗਏ ਸਨ ਅਤੇ ਉਹ ਖਿਦਰਾਣਾ (ਮੁਕਤਸਰ) ਦੀ ਲੜਾਈ ਵਿਚ ਉਨ੍ਹਾਂ ਨੂੰ ਨਾਲ ਲੈ ਕੇ ਲੜੀ ਅਤੇ ਅਗਵਾਈ ਕੀਤੀ। ਗੁਰੀਲਾ ਲੜਾਈ ਦੇ ਸਮੇਂ ਸਿੱਖ ਔਰਤਾਂ ਅਤੇ ਬੱਚਿਆਂ ਨੂੰ ਕੈਦ ਕਰ ਲਿਆ ਜਾਂਦਾ ਸੀ ਤੇ ਉਨ੍ਹਾਂ ਤੋਂ ਭਾਰੀ ਮੁਸ਼ੱਕਤ ਲਈ ਜਾਂਦੀ ਸੀ, ਪਰ ਉਨ੍ਹਾਂ ਸਿੰਘਣੀਆਂ ਨੇ ਧਰਮ ਨਹੀਂ ਹਾਰਿਆ; ਉਹ ਧਰਮ ਤੋਂ ਕਦੀ ਨਾ ਡੋਲੀਆਂ। ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀਆਂ ਵਿਚ ਪਵਾ ਲਏ, ਪਰ ਆਪਣੇ ਇਸ਼ਟ ਤੋਂ ਕਦੀ ਮੂੰਹ ਨਹੀਂ ਮੋੜਿਆ।

ਸ. ਗੁਰਬਖਸ਼ ਸਿੰਘ ਦੀ ਪਤਨੀ ਸਦਾ ਕੌਰ ਨੇ ਐਸੇ ਖੇਤਰ 'ਤੇ ਰਾਜ ਕੀਤਾ ਜਿਹੜੀ ਕਨ੍ਹੱਈਆ ਮਿਸਲ ਦੇ ਕਬਜ਼ੇ ਵਿਚ ਸੀ ਤੇ ਉਸ ਨੇ ਲੜਾਈ ਵਿਚ ਆਪਣੀਆਂ ਫੌਜਾਂ ਦੀ ਅਗਵਾਈ ਕੀਤੀ। (ਹਰੀ ਰਾਮ ਗੁਪਤਾ, ਹਿਸਟਰੀ ਆਫ ਦਿ ਸਿੱਖਸ, ਜਿਲਦ 1, ਪੰਨਾ 81)

1793 ਵਿਚ ਸਾਹਿਬ ਕੌਰ ਨੂੰ ਪਟਿਆਲਾ ਦੀ ਮੁੱਖ ਮੰਤਰੀ ਬਣਾਇਆ ਗਿਆ ਸੀ। ਅੰਬਾਲੇ ਦੇ ਨੇੜੇ ਜਦੋਂ ਮਰਾਠਿਆਂ ਨੇ ਲੜਾਈ ਦੇ ਮੈਦਾਨ ਵਿਚ ਉਸ ਦੀ ਫੌਜ ਨੂੰ ਪਿਛੇ ਧੱਕ ਦਿੱਤਾ, ਤਾਂ ਉਸ ਨੇ ਆਪਣੀ ਤਲਵਾਰ ਸੂਤ ਕੇ ਫੌਜ ਦੀ ਅਗਵਾਈ ਕੀਤੀ। ਅਜਿਹੀਆਂ ਮਿਸਾਲਾਂ ਆਮ ਮਿਲਦੀਆਂ ਹਨ ਜਿਥੇ ਸਿੱਖ ਔਰਤਾਂ ਨੇ ਦੁਸ਼ਮਣਾਂ ਤੋਂ ਆਪਣੇ ਘਰ ਬਚਾਉਣ ਲਈ ਹਥਿਆਰਬੰਦ ਮੁਕਾਬਲਾ ਕੀਤਾ। ਉਹ ਲੜਾਈ 'ਚ ਲਗਾਤਾਰ ਹੌਸਲੇ ਦਾ ਸਬੂਤ ਦਿੰਦੀਆਂ ਰਹੀਆਂ। (ਹਰੀ ਗੁਪਤਾ, ਹਿਸਟਰੀ ਆਫ ਦਿ ਸਿੱਖਸ, ਜਿਲਦ 1, ਪੰਨਾ 81)

ਜਿਥੇ ਸਿੰਘਣੀਆਂ ਨੇ ਧਰਮ ਖਾਤਰ ਕੁਰਬਾਨੀਆਂ ਦਿੱਤੀਆਂ, ਉਥੇ ਸਿੰਘ ਸੂਰਮੇ ਵੀ ਔਰਤ ਦੀ ਇੱਜ਼ਤ ਦੀ ਰਾਖੀ ਲਈ ਜੀਅ-ਜਾਨ ਨਾਲ ਲੜੇ; ਉਹ ਔਰਤ ਭਾਵੇਂ ਕਿਸੇ ਵੀ ਧਰਮ ਦੀ ਸੀ। ਇਸ ਦੀ ਇਕ ਮਿਸਾਲ 10 ਅਪਰੈਲ 1761 ਦੇ ਦਿਨ ਦੀ ਹੈ, ਜਦੋਂ ਸਿੱਖਾਂ ਦਾ ਸਰਬਤ ਖਾਲਸਾ ਅੰਮ੍ਰਿਤਸਰ ਵਿਚ ਹੋਇਆ। ਇਸ ਮੌਕੇ ਉਤੇ ਬਹੁਤ ਸਾਰੇ ਹਿੰਦੂ ਖਾਲਸਾ ਫੌਜਾਂ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਕੋਲ ਫਰਿਆਦੀ ਹੋਏ ਤੇ ਉਨ੍ਹਾਂ ਨੇ ਆਪਣੀਆਂ ਧੀਆਂ, ਔਰਤਾਂ ਨੂੰ ਅਹਿਮਦ ਸ਼ਾਹ ਤੋਂ ਛੁਡਾਉਣ ਦੀ ਬੇਨਤੀ ਕੀਤੀ। ਉਨ੍ਹਾਂ ਵਲੋਂ ਕੀਤੀ ਫਰਿਆਦ 18 ਸਦੀ ਦੇ ਇਸ ਗੀਤ ਵਿਚੋਂ ਮਿਲਦੀ ਹੈ,

ਵੇ ਮੋੜੀਂ ਭਾਈ ਕੱਛ (ਕਛਹਿਰਾ)
ਵਾਲਿਆ ਸਿਰਦਾਰਾ।
ਧੀ ਸਾਡੀ ਗਈ ਬਸਰੇ ਨੂੰ।
ਏਨ੍ਹਾਂ ਦੀਆਂ ਗੁੱਡੀਆਂ ਭੁਆਈਂ ਸਿੰਘਾ ਛਈ।
ਵੇ ਮੋੜੀਂ ਕੱਛ ਵਾਲਿਆ ਸਿਰਦਾਰਾ।

ਜੱਸਾ ਸਿੰਘ ਦੀ ਅਗਵਾਈ ਵਿਚ ਖਾਲਸੇ ਨੇ ਅਫਗਾਨ ਫੌਜ ਉਤੇ ਹਮਲਾ ਕਰ ਦਿੱਤਾ ਅਤੇ ਹਜ਼ਾਰਾਂ (ਇਕ ਹੋਰ ਸੋਮੇ ਮੁਤਾਬਕ 2200) ਹਿੰਦੂ ਕੁੜੀਆਂ ਨੂੰ ਰਿਹਾ ਕਰਵਾਇਆ, ਉਨ੍ਹਾਂ ਨੂੰ ਉਨ੍ਹਾਂ ਦੇ ਘਰੋ-ਘਰੀ ਛੱਡ ਆਏ (ਕਨ੍ਹਈਆ ਲਾਲ, ਤਾਰੀਖ-ਇ-ਪੰਜਾਬ, ਪੰਨਾ 100)।

ਹਜ਼ਾਰਾਂ ਹਿੰਦੂ ਕੁੜੀਆਂ ਨੂੰ ਰਿਹਾ ਕਰਵਾਉਣ ਦੇ ਕਾਰਨਾਮੇ 'ਤੇ ਲੋਕਾਂ ਨੇ ਜੱਸਾ ਸਿੰਘ ਅਤੇ ਖਾਲਸਾ ਫੌਜ ਨੂੰ ਬੰਦੀ-ਛੋੜ ਦਾ ਖਿਤਾਬ ਦਿੱਤਾ।

ਭਾਰਤੀ ਔਰਤ ਦਾ ਇਤਿਹਾਸ ਜਿੰਨਾ ਗੰਧਲਾ ਅਤੇ ਭਿਆਨਕ ਹੈ, ਭਾਰਤੀ ਮਰਦ ਦਾ ਇਸ ਦੇ ਮੁਕਾਬਲੇ ਮੈਲਾ ਤੇ ਖੁਦਗਰਜ਼ੀ ਭਰਿਆ ਹੈ। ਮਰਦ ਨੇ ਤਮਾਮ ਸਮਾਜਕ, ਆਰਥਿਕ ਤੇ ਰਾਜਸੀ ਸੁੱਖ ਇਕੱਠੇ ਕਰ ਕੇ ਆਪਣੇ ਲਈ ਰੱਖੇ ਅਤੇ ਔਰਤ ਅੱਗੇ ਉਸ ਨੇ ਚੁੱਲ੍ਹੇ ਦੀ ਸੁਆਹ ਪਰੋਸ ਦਿੱਤੀ ਅਤੇ ਉਨ੍ਹਾਂ ਦਾ ਕਾਤਲ ਵੀ ਬਣਿਆ। ਸਿੱਖ ਮਤ ਨੇ ਹੀ ਔਰਤ ਦੀ ਬੁਨਿਆਦੀ ਤਾਕਤ ਅਤੇ ਅਧਿਕਾਰਾਂ ਦੀ ਗੱਲ ਕੀਤੀ। ਸਿਰਫ ਗੱਲ ਹੀ ਨਹੀਂ ਕੀਤੀ, ਉਸ ਨੂੰ ਮਰਦ ਦੇ ਬਰਾਬਰ ਖੜ੍ਹਾ ਵੀ ਕਰ ਦਿੱਤਾ। ਔਰਤ ਦੀ ਆਪਣੀ ਇਕ ਤਾਕਤ ਹੈ; ਜਿੰਨਾ ਚਿਰ ਉਹ ਮਰਦ ਦੇ ਮੂੰਹ ਵੱਲ ਦੇਖਦੀ ਰਹੇਗੀ, ਉਹ ਅਸੁਰੱਖਿਆ ਦੀ ਦਲਦਲ ਵਿਚ ਧਸਦੀ ਜਾਏਗੀ। ਜਿਸ ਹੌਸਲੇ ਨਾਲ ਉਸ ਨੇ ਆਪਣੇ ਬੀਤੇ ਦਾ ਇਤਿਹਾਸ ਸਿਰਜਿਆ ਹੈ, ਉਸ ਨੂੰ ਉਹ ਕਿਤੇ ਭੁੱਲ ਨਾ ਜਾਏ। ਅੱਜ ਔਰਤ ਦਾ ਭਵਿੱਖ ਰੋਸ਼ਨ ਹੈ। ਔਰਤਾਂ ਦੀਆਂ ਬੇੜੀਆਂ (ਬੰਦਸ਼ਾਂ) ਹੁਣ ਤਿੜਕ ਰਹੀਆਂ ਹਨ। ਆਪਣੇ ਆਉਣ ਵਾਲੇ ਭਵਿੱਖ ਦੀ ਸਿਰਜਣਾ ਦੀ ਉਹ ਜਨਮਦਾਤੀ ਹੈ।

**(ਸਮਾਪਤ)**

## ਐ ! ਜੁੱਗ ਪੁਰਸ਼ ਦਸਮ ਪਿਤਾ ਜੀ

ਤਲਵਾਰ ਦੇ ਮੁੜ੍ਹ ਕੇ ਨੂੰ ਬਣਾ ਕੇ, ਤੂੰ ਆਬੇਹਯਾਤ ਜ਼ਿੰਦਗੀ ਦਾ।
ਨਿਮਾਣਿਆਂ ਚਿੜੀਆਂ ਨੂੰ, ਬਣਾਇਆ ਸ਼ਾਹਬਾਜ਼ ਜ਼ਿੰਦਗੀ ਦਾ।
ਅਜਿਹੀ ਅਗੰਮੀ ਸ਼ਕਤੀ, ਤੂੰ ਭਰੀ ਸੀ ਮਰ ਚੁੱਕੀਆਂ ਰੂਹਾਂ 'ਚ,
ਚਾਰੋ ਤਰਫ ਗੂੰਜ ਉਠਿਆ ਸੀ, ਅਨਾਹਤ ਸਾਜ਼ ਜ਼ਿੰਦਗੀ ਦਾ।
ਅਜੇ ਤੱਕ ਜਿਹੜੇ, ਉਸ ਦੀ ਮਹਿਫਲ 'ਚ ਆਉਣੋਂ ਡਰਦੇ ਸਨ,
ਸਰਸ਼ਾਰ ਹੋ ਗਏ, ਜਦੋਂ ਉਠਾਇਆ ਸੀ, ਨਕਾਬ ਜ਼ਿੰਦਗੀ ਦਾ।
'ਕੱਲਾ 'ਕੱਲਾ ਹੀ ਤੇਰਾ ਸ਼ੇਰ ਦੂਲਾ, ਲੜਿਆ ਸੀ ਲੱਖਾਂ ਦੇ ਨਾਲ,
ਤੋੜਿਆ ਸੀ ਜ਼ਬਰ ਦਾ ਪਹਾੜ, ਬਣ ਕੇ ਫਰਹਾਦ ਜ਼ਿੰਦਗੀ ਦਾ।
ਤੂੰ ਸਦੀਆਂ ਦੀ ਸੁੱਤੀ ਹੋਈ ਕੌਮ ਦੀ ਗੈਰਤ ਨੂੰ ਹਲੂਣਾ ਦੇ ਕੇ,
ਮਰ ਕੇ ਮੁੜ ਜਿਉਣ ਦਾ, ਚਖਾਇਆ ਸੀ ਸਵਾਦ ਜ਼ਿੰਦਗੀ ਦਾ।
ਜ਼ਿੰਦਗੀ ਦਿਆਂ ਉਦਾਸ ਪਲਾਂ ਨੂੰ, ਦੇ ਕੇ ਪਾਰਸ ਛੋਹ ਆਪਣੀ,
ਸਿਰਜਿਆ ਸੀ ਤੂੰ ਮਹਾਨ, ਸੁਨਹਿਰੀ ਇਤਿਹਾਸ ਜ਼ਿੰਦਗੀ ਦਾ।
ਖੂਨ-ਏ ਜਿਗਰ ਬਾਲ ਕੇ, ਤੂੰ ਹਨੇਰੇ ਰਾਹ ਰੁਸ਼ਨਾਏ ਸੀ ਸਾਡੇ,
ਜ਼ੱਰਾ ਜ਼ੱਰਾ ਰੁਸ਼ਨਾ ਉਠਿਆ ਸੀ, ਬਣ ਆਫਤਾਬ ਜ਼ਿੰਦਗੀ ਦਾ।
ਧਿਆ ਕੇ ਸਰਬ ਲੋਹ ਭਗੌਤੀ, ਸਾਜਿਆ ਸੀ ਇਕ ਨਵਾਂ ਪੰਥ,
ਹਰ ਸਵਾਲ ਨੂੰ ਹੀ ਚਾ ਬਣਾਇਆ ਸੀ, ਜਵਾਬ ਜ਼ਿੰਦਗੀ ਦਾ।
ਬੇ-ਵੱਸ ਨਿਮਾਣੇ ਹੋ ਕੇ ਜਿਹੜੇ, ਰਹਿ ਗਏ ਸਨ ਜ਼ੁਲਮ ਸਾਹਵੇਂ,
ਸਿਰ ਉਠਾ ਕੇ ਤੱਕਣ ਲੱਗ ਪਏ ਸਨ, ਖੁਆਬ ਜ਼ਿੰਦਗੀ ਦਾ।
ਲਿਤਾੜੇ, ਦੱਬੇ, ਕੁਚਲੇ, ਨਿਤਾਣਿਆਂ, ਬੇਵਸ ਅਛੂਤਾਂ ਤਾਂਈਂ,
ਮਿਟਾ ਕੇ ਉਚ-ਨੀਚ ਤੂੰ ਪਹਿਨਾਇਆ ਸੀ ਤਾਜ ਜ਼ਿੰਦਗੀ ਦਾ।
ਖੁੱਲ੍ਹੇ ਅਸਮਾਨਾਂ ਵਿਚ ਲਾਈਆਂ ਸਨ, ਪਰਵਾਜ਼ਾਂ ਬੇਰੋਕ ਹੋ ਕੇ,
ਜੰਜ਼ੀਰਾਂ ਭੰਨ ਤੋੜ ਕੇ ਉਡਿਆ ਸੀ, ਜਦੋਂ ਉਕਾਬ ਜ਼ਿੰਦਗੀ ਦਾ।
ਜ਼ਿੰਦਗੀ ਦੇ ਆਸ਼ਕਾਂ ਨੇ ਲਾਈਆਂ ਸਨ, ਤਾਰੀਆਂ ਜੀ ਭਰ ਕੇ,
ਮਾਰੂਥਲਾਂ 'ਚ ਜਦੋਂ ਵਗਿਆ ਸੀ, ਭਰ ਕੇ ਚਨਾਬ ਜ਼ਿੰਦਗੀ ਦਾ।
ਜੰਗਲ ਬੇਲਿਆਂ 'ਚ ਬਹਾਰਾਂ ਨੇ ਮਾਰੀਆਂ ਸਨ ਕਿਲਕਾਰੀਆਂ,
ਕਿਣਕੇ ਕਿਣਕੇ ਵਿਚ ਜਾਂ ਆਇਆ ਸੀ ਸੈਲਾਬ ਜ਼ਿੰਦਗੀ ਦਾ।
ਚੇਲਾ ਗੁਰੂ ਬਣਿਆ, ਗੁਰੂ ਹੋਇਆ ਚੇਲਾ ਅਜਬ ਦਾਸਤਾਂ ਸੀ,
ਹੈਰਾਨ ਸੀ ਜ਼ਮਾਨਾ ਤੱਕ, ਇਹ ਨਵਾਂ ਇੰਕਲਾਬ ਜ਼ਿੰਦਗੀ ਦਾ।
ਸੇਵਾ, ਦਯਾ, ਸਿਮਰਨ ਦੀ, ਮਹਿਕ ਖਿਲਰੀ ਸੀ ਫਿਜ਼ਾਵਾਂ 'ਚ,
ਮੁਹੱਬਤ ਦੀਆਂ ਤਰਬਾਂ 'ਤੇ ਜਦ ਤੂੰ ਛੋਹਿਆ ਰਾਗ ਜ਼ਿੰਦਗੀ ਦਾ।
ਉਨ੍ਹਾਂ ਪਾਇਆ ਸੀ ਰੁਤਬਾ 'ਪੰਜ ਪਿਆਰੇ' ਦਾ ਤੇਰੇ ਦਰ 'ਤੇ,
ਕਰ ਕੇ ਸੀਸ ਭੇਟਾ, ਜਿਹੜੇ ਬਣੇ ਸਨ, ਸੁਰਖਾਬ ਜ਼ਿੰਦਗੀ ਦਾ।
ਤਲਵਾਰ ਧੂਹ ਕੇ, ਮੈਦਾਨ 'ਚ ਭਿੜਨ ਦੀ ਤੂੰ ਦੱਸੀ ਸੀ ਜਾਚ,
ਹਰ ਹੀਲਾ-ਏ-ਸੁਲਾਹ, ਜਦ ਬਣ ਜਾਏ ਅਜ਼ਾਬ ਜ਼ਿੰਦਗੀ ਦਾ।
ਤੇਰੇ ਮਿਹਰਾਂ ਦੇ ਚਸ਼ਮੇ 'ਚੋਂ, ਜਿਨ੍ਹੇ ਵੀ ਇਕ ਘੁੱਟ ਭਰ ਲਿਆ,
ਤੋੜ ਕੇ ਗੁਲਾਮੀ ਦੇ ਸੰਗਲ ਬਣ ਗਿਆ ਨਵਾਬ ਜ਼ਿੰਦਗੀ ਦਾ।
ਵਹਿਮਾਂ, ਕਰਮ-ਕਾਂਡਾਂ, ਮੜ੍ਹੀ-ਮਸਾਣਾਂ, ਲਾਲਚ ਤੋਂ ਬੇਲਾਗ,
ਹਰ ਇਕ ਸਿੱਖ ਹੀ ਤੇਰਾ ਏ, ਬਾਦਸ਼ਾਹ ਬੇਤਾਜ ਜ਼ਿੰਦਗੀ ਦਾ।
ਸੁਗੰਧੀਆਂ ਖਿਲਾਰ ਰਿਹਾ ਹੈ, ਹਰ ਇਕ ਮੌਸਮ ਹਰ ਰੁੱਤ 'ਚ,
ਹੱਥੀਂ ਆਪਣੇ ਜਿਹੜਾ ਤੂੰ ਲਾਇਆ ਸੀ ਗੁਲਾਬ ਜ਼ਿੰਦਗੀ ਦਾ।
ਸੱਚ ਤੋਂ ਆਪਾ ਵਾਰ ਕੇ, ਜੋ ਪਾਉਂਦੇ ਨੇ ਮੌਤ ਨੂੰ ਗਲਵਕੜੀ,
ਹਮੇਸ਼ਾ ਉਹੀ ਮਾਣਦੇ ਆਏ ਨੇ, ਨਿੱਘਾ ਸਾਥ ਜ਼ਿੰਦਗੀ ਦਾ।

**-ਚੰਨ, ਫੋਨ: 908-788-8427**

**ਕਹਾਣੀ ਇਉਂ ਤੁਰੀ-2**



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

# ਹਰ ਮਨੁੱਖ ਕਵੀ ਹੁੰਦਾ ਹੈ

*ਪੰਜਾਬੀ ਕਹਾਣੀ ਜਗਤ ਵਿਚ ਗੁਰਬਚਨ ਸਿੰਘ ਭੁੱਲਰ ਦਾ ਨਿਵੇਕਲਾ ਅਤੇ ਨਿਆਰਾ ਸਥਾਨ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਪੰਜਾਬ, ਖਾਸ ਕਰ ਕੇ ਮਾਲਵਾ ਖਿੱਤੇ ਦਾ ਰੰਗ ਪੂਰੇ ਜਲੌਅ ਅਤੇ ਸਿਦਕ ਨਾਲ ਪੇਸ਼ ਹੋਇਆ ਹੈ। ਹਾਲ ਹੀ ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਪ੍ਰਕਾਸ਼ਤ ਹੋਇਆ ਹੈ। 495 ਸਫਿਆਂ ਉਤੇ ਫੈਲੇ ਇਸ ਨਾਵਲ ਵਿਚ ਉਨ੍ਹਾਂ ਪੰਜਾਬ ਦੀ ਹੀ ਬਾਤ ਪਾਈ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੀ ਲੰਮੀ ਲੇਖ ਲੜੀ 'ਕਹਾਣੀ ਇਉਂ ਤੁਰੀ' ਭੇਜੀ ਹੈ ਜਿਸ ਵਿਚ ਉਨ੍ਹਾਂ ਆਪਣੀ ਕਹਾਣੀ ਯਾਤਰਾ ਬਾਰੇ ਨਿੱਠ ਕੇ ਗੱਲਾਂ ਕੀਤੀਆਂ ਹਨ। ਉਂਜ, ਇਸ ਕਹਾਣੀ ਯਾਤਰਾ ਵਿਚ ਉਨ੍ਹਾਂ ਅਜਿਹਾ ਸਭਿਆਚਾਰਕ-ਸਮਾਜਕ ਰੰਗ ਭਰਿਆ ਹੈ ਕਿ ਇਸ ਕਹਾਣੀ ਯਾਤਰਾ ਦੇ ਪਿਛੇ ਪੰਜਾਬ ਦੀਆਂ ਹੇਕਾਂ ਸੁਣਾਈ ਦਿੰਦੀਆਂ ਹਨ। ਇਹ ਦਿਲਚਸਪ ਲੇਖ ਲੜੀ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਜਿਸ ਪੇਂਡੂ ਮਾਹੌਲ ਵਿਚ ਮੈਂ ਜੰਮਿਆ ਤੇ ਪਲਿਆ, ਉਸ ਤੋਂ ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਅਰੰਭਕ ਦੌਰ ਵਿਚ ਮੇਰੀ ਕਿੰਨੇ ਕੁ ਦੇਸੀ-ਵਿਦੇਸੀ ਲੇਖਕਾਂ ਦੀਆਂ ਪੁਸਤਕਾਂ ਤੱਕ ਪਹੁੰਚ ਹੋ ਸਕਦੀ ਸੀ। ਮਾਲਵੇ ਦੇ ਜਿਸ ਇਲਾਕੇ ਦੇ ਪਿੰਡ ਵਿਚ ਮੈਂ ਚੜ੍ਹਦੀ ਉਮਰ ਬਿਤਾਈ, ਉਥੇ ਸਾਹਿਤ ਦਾ ਸੋਕਾ ਹੀ ਸੀ। ਇਸ ਲਈ ਮੇਰੇ ਕੋਲ ਕੁਝ ਲੇਖਕਾਂ ਵਾਂਗ ਇਹ ਸੱਚ, ਤੇ ਕੁਝ ਵਾਂਗ ਇਹ ਝੂਠ ਬੋਲਣ ਦਾ ਕੋਈ ਆਧਾਰ ਨਹੀਂ ਕਿ ਮੈਨੂੰ ਸਾਹਿਤ ਦੀ ਪ੍ਰੇਰਨਾ ਗੋਗੋਲ, ਪੁਸ਼ਕਿਨ, ਗੋਰਕੀ, ਮੁਪਾਸਾਂ, ਓ. ਹੈਨਰੀ ਆਦਿ ਆਦਿ ਤੋਂ ਮਿਲੀ। ਸੱਚ ਤਾਂ ਇਹ ਹੈ, ਜਦੋਂ ਮੈਂ ਸਾਹਿਤ ਵੱਲ ਆਇਆ, ਮੈਂ ਤਾਂ ਇਨ੍ਹਾਂ ਵਿਚੋਂ ਬਹੁਤਿਆਂ ਦੇ ਨਾਂ ਵੀ ਨਹੀਂ ਸਨ ਸੁਣੇ ਹੋਏ।

ਮੈਨੂੰ ਜੋ ਸਾਹਿਤ ਪ੍ਰਾਪਤ ਸੀ, ਉਹ ਨਿਰੋਲ ਪੰਜਾਬੀ ਸੀ। ਇਸੇ ਕਰਕੇ ਮੇਰੀ ਪ੍ਰੇਰਨਾ ਦੇ ਸੋਮੇ ਪੰਜਾਬੀ ਲੇਖਕ, ਖਾਸ ਕਰ ਕੇ ਪੰਜਾਬੀ ਗਲਪਕਾਰ ਹੀ ਸਨ। ਸਾਹਿਤਕ ਕਹਾਣੀ ਨਾਲ ਮੇਰਾ ਵਾਹ ਹਰ ਵਿਦਿਆਰਥੀ ਵਾਂਗ ਪਾਠ-ਪੁਸਤਕਾਂ ਵਿਚ ਦਰਜ ਕਹਾਣੀਆਂ ਸਦਕਾ ਪਿਆ। ਇਨ੍ਹਾਂ ਵਿਚ ਸੰਤ ਸਿੰਘ ਸੇਖੋਂ ਦੀ 'ਪੇਮੀ ਦੇ ਨਿਆਣੇ', ਸੁਜਾਨ ਸਿੰਘ ਦੀ 'ਬਾਗਾਂ ਦਾ ਰਾਖਾ', ਕਰਤਾਰ ਸਿੰਘ ਦੁੱਗਲ ਦੀ 'ਕਰਾਮਾਤ', ਦੇਵਿੰਦਰ ਸਤਿਆਰਥੀ ਦੀ 'ਇਕੱਨੀ' ਆਦਿ ਸ਼ਾਮਲ ਸਨ।

ਅੱਗੇ ਚੱਲ ਕੇ ਲਿਖਣ ਦੀ ਲਾਲਸਾ ਭੱਜਦੇ ਬੱਦਲ ਦੇ ਪਰਛਾਵੇਂ ਵਾਂਗ ਮਨ ਵਿਚੋਂ ਲੰਘਦੀ ਤਾਂ ਸਥਾਪਤ ਲੇਖਕਾਂ ਦੇ ਜਨਮ-ਸਥਾਨ ਪੜ੍ਹ ਕੇ ਲਗਦਾ ਕਿ ਜਿਵੇਂ ਕਣਕ-ਕਪਾਹ ਸੇਂਜੂ ਖੇਤ ਵਿਚ ਅਤੇ ਜੌਂ-ਛੋਲੇ ਟਿੱਬਿਆਂ ਉਤੇ ਹੁੰਦੇ ਹਨ, ਲੇਖਕ ਪੋਠੋਹਾਰ ਵਿਚ ਜਾਂ ਅੰਮ੍ਰਿਤਸਰ ਅਤੇ ਲੁਧਿਆਣੇ ਦੀ ਧਰਤੀ ਉਤੇ ਹੀ ਜੰਮਦੇ ਹੋਣਗੇ; ਸਾਡੇ ਪਿੰਡਾਂ ਵਿਚ ਤਾਂ ਵੱਧ ਤੋਂ ਵੱਧ ਕਵੀਸ਼ਰ ਹੀ ਹੋ ਸਕਦੇ ਸਨ। ਉਂਜ ਤਾਂ ਭਾਈ ਕਾਨ੍ਹ ਸਿੰਘ ਜੱਦੀ-ਪੁਸ਼ਤੀ ਸਾਡੇ ਪਿੰਡ ਦੇ ਹੀ ਸਨ, ਪਰ ਉਹ 'ਰਾਜੇ ਦੇ ਗੁਰੂ' ਰਹੇ ਹੋਣ ਕਰ ਕੇ ਕਿਸੇ ਹੋਰ ਦੁਨੀਆਂ ਦੇ ਵਾਸੀ ਜਾਪਦੇ। ਵੈਸੇ ਵੀ ਉਹ ਪਿੰਡ ਛੱਡ ਕੇ ਨਾਭੇ ਦੇ ਹੀ ਹੋ ਗਏ ਸਨ ਅਤੇ ਉਨ੍ਹਾਂ ਨੇ ਕੁਝ ਕਾਰਨਾਂ ਕਰ ਕੇ ਆਪਣੇ ਨਾਂ ਨਾਲ ਵੀ ਪਿੱਛੋ ਦੀ ਥਾਂ ਨਾਭਾ ਹੀ ਜੋੜ ਲਿਆ ਸੀ; ਜਾਂ ਫੇਰ ਦੇਵਿੰਦਰ ਸਤਿਆਰਥੀ ਸਾਡੇ ਇਲਾਕੇ ਦੇ ਸਨ, ਪਰ ਉਹ ਸੰਨਿਆਸੀ ਸਨ। ਉਨ੍ਹਾਂ ਵਾਂਗ ਘਾਟ-ਘਾਟ ਉਤੇ ਜਾ ਕੇ ਗਿਆਨ ਦੀਆਂ ਚੂਲੀਆਂ ਕੌਣ ਪੀਵੇ! ਤੇ ਜਾਂ ਫੇਰ ਬਲਵੰਤ ਗਾਰਗੀ ਸਾਡੇ ਬਠਿੰਡੇ ਦੇ ਸਨ, ਪਰ ਉਨ੍ਹਾਂ ਦੇ ਖੰਭ ਤਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੋਂ ਬਾਹਰ ਉਡਣ ਲਈ ਫੈਲੇ ਹੋਏ ਸਨ। ਸੋ, ਲਿਖਣ ਨੂੰ ਦਿਲ ਕਰਦਾ ਹੋਣ ਦੇ ਬਾਵਜੂਦ ਝਿਜਕ ਬਣੀ ਹੋਈ ਸੀ।

ਸਾਹਿਤ ਨਾਲ ਖਾਸ ਕਰ ਕੇ ਰਚਨਾਕਾਰ ਵਜੋਂ ਜੁੜਨ ਦਾ ਕੋਈ ਇਕ ਸਮਾਂ ਦੱਸਣਾ ਤਾਂ ਸੰਭਵ ਨਹੀਂ ਤੇ ਨਾ ਹੀ ਕਿਸੇ ਇਕ ਕਾਰਨ, ਸਬੱਬ ਜਾਂ ਆਧਾਰ ਉਤੇ ਉਂਗਲ ਰੱਖਣੀ ਸੰਭਵ ਹੈ। ਪੰਜਾਬ ਵਿਚ ਸਾਹਿਤ ਰਿਗਵੇਦ ਦੇ ਸਮੇਂ ਤੋਂ ਰਚਿਆ ਜਾ ਰਿਹਾ ਹੈ। ਸਦੀਆਂ ਵਿਚ ਕਰੋੜਾਂ ਲੋਕ ਆਏ ਤੇ ਗਏ, ਸਾਹਿਤਕਾਰ ਕਿੰਨੇ ਕੁ ਹੋਏ! ਸਭ ਵਲੋਂ ਵਰਤੇ ਜਾਂਦੇ ਸਾਧਾਰਨ ਸ਼ਬਦਾਂ ਦਾ ਕਿਸੇ ਦੀ ਕਾਨੀ ਤੋਂ ਸਾਹਿਤ ਬਣਨ ਲੱਗਣਾ ਅਦਭੁਤ ਵਰਤਾਰਾ ਹੈ, ਅਛੋਪਲਾ, ਸਹਿਜ ਤੇ ਅਕੱਥ। ਇਕੋ ਘਰ ਵਿਚ, ਇਕੋ ਮਾਹੌਲ ਵਿਚ ਇਕੱਠੇ ਜੰਮੇ-ਪਲੇ ਬੱਚਿਆਂ ਵਿਚੋਂ ਇਕ ਸਾਹਿਤਕਾਰ ਜਾਂ ਕਿਸੇ ਹੋਰ ਕਲਾ ਦਾ ਨਿਪੁੰਨ ਬਣ ਜਾਂਦਾ ਹੈ, ਦੂਜੇ ਕੋਰੇ ਰਹਿ ਜਾਂਦੇ ਹਨ।

ਭਾਸ਼ਾ ਦੇ ਮਹਾਂਮਾਰਗ ਉਤੇ ਤੁਰ ਰਹੀ ਅਣਗਿਣਤ ਖਲਕਤ ਵਿਚੋਂ ਕੁਝ ਪਾਂਧੀ ਅਜਿਹੇ ਭਾਗਾਂ ਵਾਲੇ ਹੁੰਦੇ ਹਨ, ਸਾਹਿਤ ਅਛੋਪਲੇ ਜਿਹੇ ਆ ਕੇ ਜਿਨ੍ਹਾਂ ਦਾ ਹੱਥ ਫੜ ਲੈਂਦਾ ਹੈ ਅਤੇ ਸੰਗੀ ਬਣਾ ਕੇ ਨਾਲ-ਨਾਲ ਤੋਰਨ ਲਗਦਾ ਹੈ। ਇਹ ਸਾਥ ਕਦੋਂ ਮਿਲਦਾ ਹੈ, ਇਹਦਾ ਕੋਈ ਪੱਕਾ ਨੇਮ ਨਹੀਂ। ਮੇਰੇ ਮਿੱਤਰ ਦਰਸ਼ਨ ਸਿੰਘ ਨੇ ਸੱਤਰਾਂ ਤੋਂ ਟੱਪ ਕੇ ਪਹਿਲਾ ਨਾਵਲ ਲਿਖਿਆ ਅਤੇ ਉਹ ਹਰ ਰਚਨਾ ਵਿਚ ਦੁਹਰਾਉ-ਰਹਿਤ ਨਵਾਂ-ਨਕੋਰ ਵਿਸ਼ਾ ਲੈ ਕੇ ਬੜੀ ਹੀ ਖ਼ੂਬਸੂਰਤ ਭਾਸ਼ਾ ਵਿਚ ਇਕ ਤੋਂ ਮਗਰੋਂ ਇਕ ਨਾਵਲ ਲਿਖਦਿਆਂ ਕੁਝ ਹੀ ਸਾਲਾਂ ਅੰਦਰ ਪੰਜਾਬੀ ਸਾਹਿਤ ਦਾ ਇਕ ਮਹੱਤਵਪੂਰਨ ਨਾਂ ਬਣ ਗਏ ਹਨ। ਇਹਦੇ ਉਲਟ ਸੰਤ ਸਿੰਘ ਸੇਖੋਂ ਆਖਿਆ ਕਰਦੇ ਸਨ ਕਿ ਸਾਹਿਤ ਦੇ ਪੱਖੋਂ ਉਹ ਪੰਜਵੀਂ ਜਮਾਤ ਵਿਚ ਹੀ ਬਹੁਤ ਸਿਆਣੇ ਹੋ ਗਏ ਸਨ।

ਇਕ ਵਾਰ ਪੰਜਾਬੀ ਯੂਨੀਵਰਸਿਟੀ ਦੀ ਇਕ ਵਿਸ਼ਵ ਕਾਨਫਰੰਸ ਦੇ ਮੰਚ ਤੋਂ ਮੈਂ ਆਪਣੀ ਗੱਲ ਕਹਿ ਕੇ ਉਤਰ ਰਿਹਾ ਸੀ ਤਾਂ ਸਾਹਮਣੇ ਪਹਿਲੀ ਕਤਾਰ ਵਿਚ ਬੈਠੇ ਸੇਖੋਂ ਸਾਹਿਬ ਆਪਣੇ ਟਿੱਪਣੀਬਾਜ਼ ਸੁਭਾਅ ਅਨੁਸਾਰ ਮੁਸਕਰਾ ਕੇ ਬੋਲੇ, "ਭੁੱਲਰ, ਤੂੰ ਤਾਂ ਖਾਸਾ ਸਿਆਣਾ ਹੈਂ ਬਈ!" ਮੈਂ ਹੱਸ ਕੇ ਕਿਹਾ, "ਮੈਂ ਵੀ ਤੁਹਾਡੇ ਵਾਂਗ ਪੰਜਵੀਂ ਵਿਚ ਹੀ ਸਿਆਣਾ ਹੋ ਗਿਆ ਸੀ।" ਹੋਰ ਲੋਕ ਵੀ ਹੱਸ ਪਏ। ਹਾਸੇ ਵਿਚ ਕਹੀ ਇਹ ਗੱਲ ਇਕ ਪਾਸੇ, ਮੈਂ ਸਾਹਿਤਕ ਪੱਖੋਂ ਪੰਜਵੀਂ ਵਿਚ ਸਿਆਣਾ ਨਹੀਂ ਸੀ ਹੋਇਆ। ਸੱਚ ਦੱਸਾਂ, ਜਿਹੜੇ ਲੋਕ ਪ੍ਰਾਇਮਰੀ ਜਾਂ ਮਿਡਲ ਜਮਾਤਾਂ ਵਿਚ ਨਾਮੀ ਸਾਹਿਤਕਾਰਾਂ ਨੂੰ ਪੜ੍ਹ ਕੇ ਕੰਮ ਮੁਕਾ ਲਿਆ ਹੋਣ ਬਾਰੇ ਦੱਸਦੇ ਹਨ, ਉਨ੍ਹਾਂ ਉਤੇ ਹੋਣਾ ਤਾਂ ਰਸ਼ਕ ਚਾਹੀਦਾ ਹੈ ਪਰ ਹੁੰਦੀ ਹੈਰਾਨੀ ਹੈ।

ਮੇਰੀ ਹੈਰਾਨੀ ਦਾ ਨਿੱਗਰ ਕਾਰਨ ਹੈ। ਅੱਖਰ ਉਠਾਲਣੇ ਆ ਜਾਣ ਨਾਲ ਸਾਹਿਤ ਪੜ੍ਹਨ, ਸਮਝਣ ਤੇ ਮਾਨਣ ਦੀ ਸਮਰੱਥਾ ਨਹੀਂ ਆ ਜਾਂਦੀ। ਪਾਤਰਾਂ ਦੇ ਮਨ, ਘਟਨਾਵਾਂ ਦੇ ਅਰਥ ਅਤੇ ਭਾਸ਼ਾ ਦੀਆਂ ਬਾਰੀਕੀਆਂ ਸਮਝਣ ਤੋਂ ਕੱਚੀ ਉਮਰ ਵਿਚ ਅੱਖਰਾਂ ਵਿਚੋਂ ਲੰਘਣ ਨੂੰ ਸਾਹਿਤ ਪੜ੍ਹਨਾ ਨਹੀਂ ਕਿਹਾ ਜਾ ਸਕਦਾ। ਸਾਹਿਤ ਤਾਂ ਅਜਿਹੀ ਤਹਿਦਾਰ ਸ਼ੈਅ ਹੈ ਕਿ ਇਸ ਦੀਆਂ ਅਨੇਕ ਬਾਰੀਕੀਆਂ ਤੇ ਸੂਖ਼ਮਤਾਵਾਂ ਪਾਠਕਾਂ ਦੇ ਤਾਂ ਕੀ, ਲੇਖਕ ਤੇ ਆਲੋਚਕ ਕਹਾਉਣ ਵਾਲੇ ਸਾਡੇ ਅਨੇਕ ਮਹਾਂਪੁਰਸ਼ਾਂ ਦੇ ਪੱਲੇ ਨਹੀਂ ਪੈਂਦੀਆਂ!

ਗੱਲ ਨੂੰ ਸਪਸ਼ਟ ਕਰਨ ਵਾਸਤੇ ਮੈਂ ਚੌਥੀ-ਪੰਜਵੀਂ ਜਮਾਤ ਵੇਲੇ ਦੀ ਇਕ ਦਿਲਚਸਪ ਆਪਬੀਤੀ ਸੁਣਾਉਣੀ ਚਾਹਾਂਗਾ। ਮੇਰੀ ਗੁਆਂਢਣ ਚਾਚੀ ਡਾਕ ਵਿਚ ਆਇਆ ਕਾਰਡ ਪੜ੍ਹਵਾਉਣ ਵਾਸਤੇ ਅਤੇ ਨਵਾਂ ਕਾਰਡ ਜਵਾਬ ਲਿਖਵਾਉਣ ਵਾਸਤੇ ਲੈ ਕੇ ਸਾਡੇ ਘਰ ਆਈ। ਚਿੱਠੀ ਵਿਚ ਉਹਦੇ ਫੌਜੀ ਜੁਆਈ ਨੇ ਕਿਹਾ ਹੋਇਆ ਸੀ ਕਿ ਦਿਆਲੋ ਨੂੰ ਮੇਰੀ ਮਾਂ ਕੋਲ ਛੱਡ ਆਓ। ਦਿਆਲੋ ਚਾਚੀ ਦੀ ਉਹਨੂੰ ਧੀ ਵਿਆਹੀ ਹੋਈ ਸੀ। ਚਾਚੀ ਬੋਲੀ-ਲਿਖ ਦੇ, ਦਿਆਲੋ ਦਾ ਪੈਰ ਭਾਰੀ ਹੈ, ਅਸੀਂ ਉਹਨੂੰ ਇਥੇ ਹੀ ਰੱਖਾਂਗੇ। ਮੈਂ ਕਲਮ ਰੱਖ ਦਿੱਤੀ ਤੇ ਪੁੱਛਿਆ-ਚਾਚੀ, ਭੈਣ ਦਾ ਪੈਰ ਕੀ ਵੱਜਣ ਨਾਲ ਸੁੱਜ ਕੇ ਭਾਰੀ ਹੋ ਗਿਆ? ਉਹ ਕਹਿੰਦੀ, ਬੱਸ ਪੁੱਤ ਤੂੰ ਏਨਾ ਲਿਖ ਦੇ, ਉਹ ਆਪੇ ਸਮਝ ਜਾਊ। ਮੈਂ ਜ਼ਿੱਦ ਕਰਨ ਲੱਗਿਆ, ਜੀਜਾ ਦੱਸੇ ਬਿਨਾਂ ਆਪੇ ਕਿਵੇਂ ਸਮਝ ਜਾਊ, ਉਹ ਫ਼ਿਕਰ ਕਰੂ ਕਿ ਪੈਰ ਉਤੇ ਪਤਾ ਨਹੀਂ ਕੀ ਵੱਜਿਆ! ਆਖਰ ਮਾਂ ਤੇ ਚਾਚੀ ਦੇ ਕਹਿਣ ਸਦਕਾ ਮੈਂ ਲਿਖ ਤਾਂ ਦਿੱਤਾ ਪਰ ਦਿਆਲੋ ਦੇ ਪੈਰ ਦੀ ਸੱਟ ਬਾਰੇ ਮੇਰੀ ਬੇਚੈਨੀ ਘਟੀ ਨਾ। ਚਾਚੀ ਦੇ ਜਾਣ ਮਗਰੋਂ ਮੈਂ ਮਾਂ ਦੇ ਖਹਿੜੇ ਪਿਆ ਰਿਹਾ ਤਾਂ ਉਹਨੂੰ ਦੱਸਣਾ ਪਿਆ ਕਿ ਜਦੋਂ ਕਿਸੇ ਕੁੜੀ ਜਾਂ ਬਹੂ ਦੇ ਨਿੱਕਾ-ਨਿਆਣਾ ਹੋਣ ਵਾਲਾ ਹੋਵੇ, ਉਹਦਾ ਪੈਰ ਭਾਰੀ ਆਖਦੇ ਨੇ! ਪ੍ਰਾਇਮਰੀ-ਮਿਡਲ ਦੇ ਵਿਦਿਆਰਥੀ ਹੁੰਦਿਆਂ ਉਚ-ਪਾਏ ਦਾ ਸਾਹਿਤ ਪੜ੍ਹਿਆ ਹੋਣ ਦਾ ਦਾਅਵਾ ਕਰਨ ਵਾਲੇ ਲੇਖਕ ਮਿੱਤਰਾਂ ਨੇ ਉਸ ਵਿਚੋਂ ਕੀ ਇੱਲ੍ਹ ਦਾ ਕੋਕੋ ਸਮਝਿਆ ਹੋਵੇਗਾ, ਤੁਸੀਂ ਆਪ ਸੋਚ ਸਕਦੇ ਹੋ।

ਜਿਸ ਮਨ ਵਿਚ ਲੇਖਕ ਬਣਨ ਦੀ ਸਮਰੱਥਾ ਹੋਵੇ, ਇਹ ਮੁਸ਼ਕ ਪਹਿਲਾਂ-ਪਹਿਲ ਕਵਿਤਾ ਬਣ ਕੇ ਫੁਟਦਾ ਹੈ। ਉਮਰ ਦਾ ਇਹ ਸਭ ਤੋਂ ਜਜ਼ਬਾਤੀ ਦੌਰ ਹੁੰਦਾ ਹੈ ਤੇ ਕਵਿਤਾ ਸਾਰੇ ਸਾਹਿਤਕ ਰੂਪਾਂ ਵਿਚੋਂ ਵੱਧ ਜਜ਼ਬਿਆਂ-ਗੁੱਧਾ ਰੂਪ ਹੈ। ਇਸੇ ਕਰ ਕੇ ਬਹੁਤੇ ਲੇਖਕ ਅਰੰਭ ਕਵਿਤਾ ਨਾਲ ਕਰਦੇ ਹਨ। ਅਪਰੈਲ 1956 ਦੇ ਸ਼ੁਰੂ ਵਿਚ ਮੈਂ ਕਵਿਤਾ ਲਿਖੀ। ਦੂਜੀ ਸੰਸਾਰ ਜੰਗ ਦੀ ਬਰਬਰਤਾ ਅਜੇ ਕੱਲ੍ਹ ਦੀ ਗੱਲ ਸੀ ਕਿ ਤੀਜੀ ਜੰਗ ਦਾ ਖ਼ਤਰਾ ਬਣਦਾ ਜਾ ਰਿਹਾ ਸੀ। ਇਸ ਖ਼ਤਰੇ ਵਿਰੁਧ ਸ਼ਕਤੀਸ਼ਾਲੀ ਅਮਨ ਲਹਿਰ ਉਭਰੀ। ਲੇਖਕਾਂ ਤੇ ਸਭਿਆਚਾਰਕ ਕਾਮਿਆਂ ਦੀ ਉਸ ਵਿਚ ਵੱਡੀ ਭੂਮਿਕਾ ਰਹੀ। ਧੀਰ, ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ-ਸਭ ਅਮਨ ਦੇ ਗੀਤ ਗਾ ਰਹੇ ਸਨ! ਅਮਨ ਦੀ ਇਹ ਕਵਿਤਾ ਮੈਂ ਬੋਲੀਆਂ ਦੇ ਰੂਪ ਵਿਚ ਲਿਖੀ।

ਸਾਹਿਤ ਦੇ ਸੰਸਾਰ ਦੀ ਰਸਾਲਿਆਂ ਵਿਚ ਛਪਣ ਦੀ ਮੈਨੂੰ ਉਕਾ ਹੀ ਕੋਈ ਜਾਣਕਾਰੀ ਨਹੀਂ ਸੀ। ਦੁਚਿੱਤੀ ਜਿਹੀ ਵਿਚ ਹਿੰਮਤ ਕਰ ਕੇ 'ਪ੍ਰੀਤਲੜੀ' ਨੂੰ ਭੇਜ ਦਿੱਤੀ। ਨਾ ਕੋਈ ਜਾਣ, ਨਾ ਪਛਾਣ, ਛਪਣ ਦਾ ਵਿਸ਼ਵਾਸ ਕਿਥੇ ਹੋਣਾ ਸੀ। ਅਗਲਾ ਪਰਚਾ ਖੋਲ੍ਹਿਆ ਤਾਂ ਦੰਗ ਹੋ ਕੇ ਇਕ ਪਲ ਤਾਂ ਦਿਲ ਦੀ ਧੜਕਣ ਥੰਮ੍ਹ ਹੀ ਗਈ ਅਤੇ ਫੇਰ ਮਨ ਚਾਅ ਨਾਲ ਨੱਚ ਉਠਿਆ। ਪਹਿਲਾ ਕ੍ਰਿਸ਼ਮਾ ਤਾਂ ਇਹ ਹੋਇਆ ਕਿ ਉਹ ਛਪ ਗਈ। ਦੂਜਾ ਇਹ ਕਿ ਅਗਲੇ, ਮਈ ਦੇ ਅੰਕ ਵਿਚ ਹੀ ਛਪ ਗਈ। ਤੀਜਾ ਇਹ ਕਿ ਉਹ ਪੂਰੇ ਪੰਨੇ ਉਤੇ ਵਧੀਆ ਛਾਪੀ ਗਈ।

ਕਈ ਸਾਲ ਮੇਰੀਆਂ ਕਵਿਤਾਵਾਂ ਉਸ ਸਮੇਂ ਦੇ ਤਿੰਨ ਪ੍ਰਮੁੱਖ ਰਸਾਲਿਆਂ 'ਪ੍ਰੀਤਲੜੀ', 'ਪੰਜ ਦਰਿਆ' ਅਤੇ ਨਵੇਂ ਨਿਕਲੇ 'ਆਰਸੀ' ਵਿਚ ਛਪਦੀਆਂ ਰਹੀਆਂ। ਛੇਤੀ ਹੀ ਮੈਨੂੰ ਮਹਿਸੂਸ ਹੋਣ ਲੱਗਿਆ, ਕਵਿਤਾ ਨਾਲੋਂ ਮੈਂ ਕਹਾਣੀ ਨਾਲ ਪੈਰ ਮਿਲਾ ਕੇ ਵਧੇਰੇ ਸਹਿਜ ਨਾਲ ਤੁਰ ਸਕਦਾ ਹਾਂ। ਆਪਣੇ ਪ੍ਰਗਟਾਵੇ ਲਈ ਕਹਾਣੀ ਮੈਨੂੰ ਵਧੇਰੇ ਢੁੱਕਵਾਂ ਮਾਧਿਅਮ ਲੱਗੀ। ਇਸ ਗੱਲ ਦਾ ਕਵਿਤਾ ਜਾਂ ਕਹਾਣੀ ਦੀ ਸੀਮਾ ਤੇ ਸਮਰੱਥਾ ਨਾਲ ਓਨਾ ਸਬੰਧ ਨਹੀਂ, ਜਿੰਨਾ ਇਹ ਮੇਰੀ ਆਪਣੀ ਸੀਮਾ ਤੇ ਸਮਰੱਥਾ ਦਾ ਸਵਾਲ ਹੈ। ਇਉਂ ਮੈਂ ਨਾਲ-ਨਾਲ ਕਹਾਣੀ ਵੀ ਲਿਖਣ ਲੱਗਿਆ। ਮੈਨੂੰ ਦੁੱਗਲ, ਸੁਜਾਨ ਸਿੰਘ, ਵਿਰਕ, ਧੀਰ ਅਤੇ ਕੰਵਲ ਦੀਆਂ ਰਚਨਾਵਾਂ ਚੰਗੀਆਂ ਲਗਦੀਆਂ ਸਨ ਅਤੇ ਕਹਾਣੀ ਲਿਖਣ ਲਈ ਪ੍ਰੇਰਦੀਆਂ ਸਨ। ਆਖ਼ਰ ਇਕ ਸਮਾਂ ਅਜਿਹਾ ਆਇਆ ਜਦੋਂ ਕਵਿਤਾ ਕਿਤੇ ਰਾਹ ਵਿਚ ਹੀ ਰਹਿ ਗਈ।

(ਚਲਦਾ)

## ਕਾਵਿ-ਕਿਆਰੀ

### ਵਧਾਈਆਂ

ਲਿਖਾਰੀਓ ਤੇ ਪੱਤਰਕਾਰੋ,
ਦੇਸ਼ ਦਿਓ ਪਹਿਰੇਦਾਰੋ,
ਗੁਰੂ ਨਾਨਕ ਦੇ ਪੈਰਕਾਰੋ,
ਬਜ਼ੁਰਗੋ ਤੇ ਬਰਖੁਰਦਾਰੋ।
ਵਧਾਈਆਂ ਨਵੇਂ ਸਾਲ ਦੀਆਂ!

ਧੀਆਂ ਨੂੰ ਬਚਾਉਣ ਵਾਲਿਓ,
ਸੁੱਤੇ ਲੋਕ ਜਗਾਉਣ ਵਾਲਿਓ,
ਸੱਚ ਦੀ ਆਵਾਜ਼ ਉਠਾਉਣ ਵਾਲਿਓ,
ਜ਼ਖ਼ਮਾਂ 'ਤੇ ਮਰਹਮ ਲਾਉਣ ਵਾਲਿਓ।
ਵਧਾਈਆਂ ਨਵੇਂ ਸਾਲ ਦੀਆਂ!

ਦੇਸ਼ ਦਿਓ ਜਵਾਨ ਯੋਧਿਓ,
ਦੇਸ਼ ਦਿਓ ਕਿਰਸਾਨ ਯੋਧਿਓ,
ਦੇਸ਼ ਦਿਓ ਬਲਵਾਨ ਯੋਧਿਓ,
ਦੇਸ਼ ਦਿਓ ਮਹਾਨ ਯੋਧਿਓ।
ਵਧਾਈਆਂ ਨਵੇਂ ਸਾਲ ਦੀਆਂ!

ਦੇਸ਼ ਦਿਓ ਅਣਖੀਲੇ ਪੁੱਤਰੋ,
ਦੇਸ਼ ਦੇ ਛੈਲ-ਛਬੀਲੇ ਪੁੱਤਰੋ,
ਦੇਸ਼ ਦਿਓ ਜੋਸ਼ੀਲੇ ਪੁੱਤਰੋ,
ਦੇਸ਼ ਦਿਓ ਦਰਦੀਲੇ ਪੁੱਤਰੋ।
ਵਧਾਈਆਂ ਨਵੇਂ ਸਾਲ ਦੀਆਂ!

ਅਣਖਾਂ ਗੈਰਤਾਂ ਵਾਲੀਓ ਕੁੜੀਓ,
ਦੁੱਧ ਮੱਖਣਾਂ ਨਾਲ ਪਾਲੀਓ ਕੁੜੀਓ,
ਇਜ਼ਤਾਂ ਦੀਆਂ ਰੱਖਵਾਲੀਓ ਕੁੜੀਓ,
ਅਣਖਾਂ ਵਿਚ ਮਤਵਾਲੀਓ ਕੁੜੀਓ।
ਵਧਾਈਆਂ ਨਵੇਂ ਸਾਲ ਦੀਆਂ!

ਧਰਮ ਦੇ ਨਾਂ 'ਤੇ ਲੁੱਟਣਾ ਛੱਡੋ,
ਇਕ ਦੂਜੇ ਨੂੰ ਕੁੱਟਣਾ ਛੱਡੋ,
ਜੜ੍ਹਾਂ ਧਰਮ ਦੀਆਂ ਪੁੱਟਣਾ ਛੱਡੋ,
ਪੁੱਟ ਕੇ ਖੂਹ ਵਿਚ ਸੁੱਟਣਾ ਛੱਡੋ।
ਵਧਾਈਆਂ ਨਵੇਂ ਸਾਲ ਦੀਆਂ!

ਭੁੱਕੀਆਂ ਚਰਸਾਂ ਖਾਓ ਨਾ ਮੁੰਡਿਓ,
ਨਸ਼ਿਆਂ ਵਿਚ ਨਹਾਓ ਨਾ ਮੁੰਡਿਓ,
ਇੱਜ਼ਤਾਂ ਦਾਅ 'ਤੇ ਲਾਓ ਨਾ ਮੁੰਡਿਓ,
ਆਪਣਾ ਆਪ ਗਵਾਓ ਨਾ ਮੁੰਡਿਓ।
ਵਧਾਈਆਂ ਨਵੇਂ ਸਾਲ ਦੀਆਂ!

ਭਗਤ ਸਿੰਘ ਸਰਦਾਰ ਵਰਗਿਓ,
ਨਲੂਏ ਦੀ ਤਲਵਾਰ ਵਰਗਿਓ,
ਊਧਮ ਦੀ ਵੰਗਾਰ ਵਰਗਿਓ,
ਸੋਹਣੇ ਅਜੀਤ ਜੁਝਾਰ ਵਰਗਿਓ,
ਵਧਾਈਆਂ ਨਵੇਂ ਸਾਲ ਦੀਆਂ!

ਆਪਣੇ ਰੱਬ ਨਾਲ ਪ੍ਰੀਤ ਵਰਗਿਓ,
ਦੇਸ਼ ਪਿਆਰ ਦੇ ਗੀਤ ਵਰਗਿਓ,
ਮਿਠੜੇ ਜਿਹੇ ਸੰਗੀਤ ਵਰਗਿਓ,
ਇਸ ਕਮਲੀ 'ਸੁਰਜੀਤ' ਵਰਗਿਓ,
ਵਧਾਈਆਂ ਨਵੇਂ ਸਾਲ ਦੀਆਂ!

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

### ਕੁਝ ਆਸਾਂ

ਸਾਲ ਚੌਧਵਾਂ ਸਦੀ ਦਾ ਬੀਤ ਚਲਿਆ,
ਨਹੀਂ ਹੋਰ ਅਟਕਾਉਣ ਨੂੰ ਜੀ ਕਰਦਾ।
ਲਹੂ ਲਿਬੜੀ ਉਸ ਦੀ ਆਤਮਾ ਲਈ,
ਪੂਜਾ ਪਾਠ ਕਰਾਉਣ ਨੂੰ ਜੀ ਕਰਦਾ।
ਜਿਹੜੇ ਮਾਰਦੇ ਫਿਰਨ ਨਿਹੱਥਿਆਂ ਨੂੰ,
ਉਹ ਸੂਰਮੇ ਤਾਂ ਨਹੀਂ ਕਹਾ ਸਕਦੇ,
ਆਤਮਾ ਉਨ੍ਹਾਂ ਦੀ ਕਿੰਨੀ ਕਰੂਪ ਹੋ ਗਈ,
ਬਸ ਸ਼ੀਸ਼ਾ ਦਿਖਾਉਣ ਨੂੰ ਜੀ ਕਰਦਾ।
ਕਦੇ ਧਰਤ ਹਿਲੀ ਤੇ ਕਦੇ ਫਟੇ ਬਦਲ,
ਤਾਕਤ ਕੁਦਰਤੀ ਲੋਕਾਂ ਦਾ ਘਾਣ ਕੀਤਾ,
ਜ਼ਿੰਮੇਵਾਰ ਜਿਹੜਾ ਭਾਵੇਂ ਰਬ ਹੋਵੇ,
ਉਸ 'ਤੇ ਰੋਸਾ ਜਤਾਉਣ ਨੂੰ ਜੀ ਕਰਦਾ।

ਕੱਟੜਵਾਦੀ ਅੱਜ ਜੱਗ 'ਤੇ ਹੋਏ ਭਾਰੂ,
ਨਿਤ ਨਵੇਂ ਬਖੇੜੇ ਨੇ ਪਾਈ ਜਾਂਦੇ,
ਮਲੀਨ ਹੋ ਗਈ ਇਨ੍ਹਾਂ ਦੀ ਆਤਮਾ ਨੂੰ,
ਕਿਤੇ ਚੋਭਾ ਲੁਆਉਣ ਨੂੰ ਜੀ ਕਰਦਾ।
ਜੇ ਫਸ ਗਿਆ ਹਿੰਦੂਤਵ ਦੇ ਜਾਲ ਅੰਦਰ,
ਮੋਦੀ ਜੀ ਨਿਕਲਣਾ ਹੋ ਜਾਊ ਬੜਾ ਔਖਾ,
ਹਾਲੇ ਵਕਤ ਹੈ ਇਨ੍ਹਾਂ ਦੇ ਨਥ ਪਾਉ,
ਇਹੋ ਸਮਝ ਸਮਝਾਉਣ ਨੂੰ ਜੀ ਕਰਦਾ।
ਸਾਲ ਪੰਦਰਵਾਂ ਸਦੀ ਦਾ ਆ ਰਿਹਾ ਹੈ,
ਵਾਜੇ-ਗਾਜਿਆਂ ਨਾਲ ਉਡੀਕਦੇ ਹਾਂ,
ਵੰਡੇ ਖੁਸ਼ੀਆਂ ਖੇੜੇ ਜਹਾਨ ਅੰਦਰ,
ਉਸ 'ਤੇ ਆਸ ਲਗਾਉਣ ਨੂੰ ਜੀ ਕਰਦਾ।

ਕੱਲੀਆਂ ਆਸਾਂ ਨਾ ਕੁਝ ਸੰਵਾਰ ਸਕਣ,
ਕੁਝ ਪਾਉਣ ਲਈ ਪੈਂਦਾ ਜੂਝਣਾ ਏ,
ਪਹਿਰਾ ਸੱਚ 'ਤੇ ਦੇਈਏ ਦਲੇਰ ਹੋ ਕੇ,
ਡਰ-ਡੁਕਰ ਮੁਕਾਉਣ ਨੂੰ ਜੀ ਕਰਦਾ।
ਜੰਗਬਾਜ਼ਾਂ ਦੀ ਲੁਤਰੋ 'ਤੇ ਰੋਕ ਲਾਇਆਂ,
ਤੋਪਾਂ ਦੀ ਗੜ-ਗੜ ਬੰਦ ਹੋ ਜਾਊ,
ਖੇੜੇ ਖੁਸ਼ੀਆਂ ਫੇਰ ਜਹਾਨ ਮਾਣੂ,
ਝੰਡੇ ਅਮਨ ਦੇ ਝੁਲਾਉਣ ਨੂੰ ਜੀ ਕਰਦਾ।
ਬੂਹੇ ਢੋਅ ਦਿਉ ਸਾਧਾਂ ਦੇ ਡੇਰਿਆਂ ਦੇ,
ਸੁਖ-ਸਾਂਦ ਨਾਲ ਜੇ ਜੀਣਾ ਲੋਚਦੇ ਹੋ,
ਅੰਤਰ ਆਤਮੇ ਨੂੰ ਜੋ ਕਰੇ ਰੋਸ਼ਨ,
ਬਾਣੀ ਸੁਣਨ ਸੁਣਾਉਣ ਨੂੰ ਜੀ ਕਰਦਾ।

ਅਗਲਾ ਜਨਮ ਤਾਂ ਕਿਸੇ ਨੇ ਦੇਖਿਆ ਨਹੀਂ,
ਸੁਖ-ਸਾਂਦ ਨਾਲ ਜੇ ਜੀਣਾ ਲੋਚਦੇ ਹੋ,
ਏਸੇ ਜਨਮ ਦੇ ਵਿਚ ਜੋ ਸੁਖ ਦੇਵੇ,
ਐਸਾ ਨਾਮ ਕਮਾਉਣ ਨੂੰ ਜੀ ਕਰਦਾ।
ਜੋ ਆਇਆ ਇਕ ਦਿਨ ਉਹਨੇ ਤੁਰ ਜਾਣਾ,
ਇਥੇ ਰਿਹਾ ਨਾ ਕੋਈ ਸੰਸਾਰ ਅੰਦਰ,
ਆਪਣੇ ਸਮੇਂ ਵਿਚ ਇੰਨੀ ਤੂੰ ਖੁਸ਼ੀ ਵੰਡੀਂ,
ਵੱਡਾ ਕਰਨ ਕਰਾਉਣ ਨੂੰ ਜੀ ਕਰਦਾ।

***-ਮੁਹਿੰਦਰ ਸਿੰਘ ਘੱਗ***
***ਫੋਨ: 530-695-1318***

---

### ਪ੍ਰਭਾਤ ਵਰਗਾ

*(ਪਿਤਾ ਜੀ ਦੇ ਨਾਂ)*

ਮੈਂ ਉਸ ਨੂੰ ਮੁੜ ਮੁੜ ਕੇ ਤੱਕਿਆ
ਉਹ ਪ੍ਰਭਾਤ ਵਰਗਾ ਸੀ।
ਪੱਤਝੜ ਦੀ ਰੁੱਤ ਅੰਦਰ
ਨਵੀਂ ਪੁੰਗਰਾਤ ਵਰਗਾ ਸੀ।

ਮੱਥੇ ਦੀਆਂ ਲੀਕਾਂ ਸਨ ਉਮਰਾਂ ਦੇ ਟਿੱਬੇ ਟੋਏ।
ਹੱਥਾਂ ਦੀਆਂ ਤਲੀਆਂ 'ਤੇ
ਜ਼ਿੰਦਗੀ ਦੀਆਂ ਲੀਕਾਂ ਬੋਏ।
ਅੱਖੀਆਂ ਦਾ ਡੂੰਘਾਪਣ
ਇਤਿਹਾਸ ਵਰਗਾ ਸੀ...।

ਕਦਮਾਂ ਦੇ ਵਿਚ ਉਸ ਦੇ ਰਾਹਾਂ ਦੇ ਕਾਫਲੇ।
ਪੈਰੀਂ ਬਿਆਈਆਂ ਸਨ
ਕੱਟ ਲਏ ਸਭ ਫਾਸਲੇ।
ਮੰਜ਼ਿਲ ਦਾ ਰਹਿਬਰ ਉਹ
ਜੀਵਨ ਜਾਚ ਵਰਗਾ ਸੀ।

ਦਿਲ ਦੇ ਬਰੇਤੇ ਵਿਚ ਖੁਸ਼ੀਆਂ ਕਸ਼ੀਦਦਾ।
ਹਮੇਸ਼ਾ ਨਕੋਰ ਜਿਹਾ ਚੰਨ ਚੜ੍ਹਿਆ ਤੀਜ ਦਾ।
ਝੱਖੜਾਂ ਤੋਂ ਬੇਖ਼ਬਰ ਪਰਵਾਜ਼ ਵਰਗਾ ਸੀ।

ਮੁੱਠੀ ਵਿਚ ਭਰ ਭਰ ਕੇ ਚਾਨਣ ਉਹ ਕੇਰਦਾ।
ਆਸਾਂ ਉਮੀਦਾਂ ਨੂੰਵਾਂਗ ਅੱਟੀਆਂ ਟੇਰਦਾ।
ਕੁਦਰਤ ਦੀ ਰਹਿਮਤ 'ਉਹ'
ਸੱਜਰੀ ਕਾਇਨਾਤ ਵਰਗਾ ਸੀ।

***-ਦਵਿੰਦਰ ਕੌਰ ਗੁਰਾਇਆ***
***ਫੋਨ : 571-315-9543***

---

### ਯਾਦ ਕਰੋ

ਫੁਰਸਤ ਨਹੀਂ ਜੇ ਮਿਲਣੇ ਦੀ
ਤਾਂ ਯਾਦ ਕਰੋ।
ਇਕ ਦਿਨ ਹੱਸ ਕੇ ਮਿਲੀਏ
ਇਹ ਫਰਿਆਦ ਕਰੋ।
ਰੋਸਿਆਂ ਵਿਚ ਇਹ ਜਿੰਦੜੀ
ਨਾ ਬਰਬਾਦ ਕਰੋ।
ਛੱਡ ਜਾਣੀ ਇਹ ਦੁਨੀਆਂ
ਪਿਆਰ ਆਬਾਦ ਕਰੋ।
ਕੁਝ ਵੀ ਨਾਲ ਨਹੀਂ ਜਾਣਾ
ਦੇਖ ਹਿਸਾਬ ਕਰੋ।
ਜੇ ਖੁਸ਼ੀ ਨਹੀਂ ਵੰਡ ਸਕਦੇ
ਨਾ ਫਸਾਦ ਕਰੋ।
ਜੇ ਭਲਾ ਨਹੀਂ ਕਰ ਸਕਦੇ
ਨਾ ਕੰਮ ਖਰਾਬ ਕਰੋ।
ਦਿਲ 'ਚ ਦਿਲਾਵਰ ਰੱਬ ਨੂੰ
ਹਰ ਪਲ ਯਾਦ ਕਰੋ।

***-ਦਿਲਾਵਰ ਸਿੰਘ ਜੌਹਲ***
***ਕੈਂਟਨ, ਮਿਸ਼ੀਗਨ।***
***ਫੋਨ: 516-567-8943***

## ਸ਼ਰਧਾਂਜਲੀ

# ਲਾਲੀ ਪੁੱਤਰ ਰਾਠ ਦਾ

***ਆਪਣੀ ਲਿਆਕਤ ਅਤੇ ਅੰਦਾਜ਼-ਏ-ਬਿਆਂ ਦੇ ਦਮ 'ਤੇ ਸਰੋਤਿਆਂ ਦੇ ਦਿਲਾਂ ਵਿਚ ਬੈਠ ਜਾਣ ਵਾਲਾ ਲਾਲੀ (ਪ੍ਰੋਫੈਸਰ ਹਰਦਿਲਜੀਤ ਸਿੰਘ ਸਿੱਧੂ) 28-29 ਦਸੰਬਰ (2014) ਵਾਲੀ ਰਾਤ ਨੂੰ ਇਸ ਸੰਸਾਰ ਤੋਂ ਸਦਾ-ਸਦਾ ਲਈ ਰੁਖਸਤ ਹੋ ਗਿਆ। ਜਿਉਂਦੇ ਜੀਅ ਵੀ ਉਸ ਬਾਰੇ ਬਥੇਰੀਆਂ ਗੱਲਾਂ ਹੁੰਦੀਆਂ ਸਨ, ਅਗਾਂਹ ਵੀ ਹੁੰਦੀਆਂ ਰਹਿਣਗੀਆਂ। ਅਸਲ ਵਿਚ ਇਕ ਵਾਰ ਜਿਹੜਾ ਵੀ ਸ਼ਖਸ ਉਸ ਦੇ ਸੰਪਰਕ ਵਿਚ ਆ ਗਿਆ, ਉਸ ਨੂੰ ਉਮਰ ਭਰ ਭੁਲਾ ਨਹੀਂ ਸਕਿਆ। ਚਿਰ ਪਹਿਲਾਂ 'ਪੰਜਾਬ ਟਾਈਮਜ਼' ਵਿਚ ਪ੍ਰੋ. ਲਾਲੀ ਬਾਰੇ ਪ੍ਰੋ. ਹਰਪਾਲ ਸਿੰਘ ਪੰਨੂ ਦਾ ਲੰਮਾ ਲੇਖ, ਲੜੀਵਾਰ ਛਾਪਿਆ ਗਿਆ ਸੀ। ਹੁਣ ਲਾਲੀ ਦੇ ਰੁਖਸਤ ਹੋਣ 'ਤੇ ਪ੍ਰੋ. ਪੰਨੂ ਦਾ ਇਹ ਨਵਾਂ ਲੇਖ ਅਸੀਂ ਸ਼ਰਧਾਂਜਲੀ ਵਜੋਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। -ਸੰਪਾਦਕ***



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਲਾਲੀ ਪੁੱਤਰ ਰਾਠ ਦਾ ਮਜਲਿਸ ਦਾ ਈਮਾਨ
ਸੁਖਨਵਰਾਂ ਦਾ ਸੁਖਨਵਰ ਨਿਘਰਿਆਂ ਦਾ ਮਾਣ।
ਕੀ ਪੂਰਬ ਦੇ ਜ਼ਖਮ ਨੇ ਕੀ ਪਛਮ ਦਾ ਤਾਣ
ਦੋਹਾਂ ਵਿਚ ਪਛਾਣਦਾ ਟੁਟੇ ਦਿਲ ਦੀ ਸ਼ਾਨ।
-ਕੁਲਵੰਤ ਗਰੇਵਾਲ

ਪਿਛਲੇ ਸਾਲ ਖੁਸ਼ਵੰਤ ਸਿੰਘ ਦੇ ਦੇਹਾਂਤ ਦੀ ਖਬਰ ਮਿਲ ਗਈ ਹੋਈ ਸੀ, ਡੇਹਰਾਦੂਨ ਐਤਵਾਰ ਦੇ ਦਿਨ ਡਿਊਟੀ ਨਿਭਾਉਣ ਰੇਲ ਗੱਡੀ ਵਿਚ ਬੈਠ ਕੇ ਜਾ ਰਿਹਾ ਸਾਂ। ਅਖਬਾਰ ਵਾਲਾ ਆਇਆ, ਹਿੰਦੀ ਦੇ ਅਖਬਾਰ ਸਨ ਜਾਂ ਅੰਗਰੇਜ਼ੀ ਦਾ 'ਹਿੰਦੂ' ਸੀ। ਵੱਡਾ ਅਖਬਾਰ ਸਫਰ ਵਿਚ ਠੀਕ ਰਹੇਗਾ। 'ਹਿੰਦੂ' ਲੈ ਲਿਆ। ਖੁਸ਼ਵੰਤ ਸਿੰਘ ਉਪਰ ਸੰਪਾਦਕੀ ਲਿਖੀ ਹੋਈ ਪੜ੍ਹੀ, ਇਕ ਵਾਕ ਸੀ: ਅੰਗਰੇਜ਼ੀ ਜਹਾਨ ਵਿਚ ਪੰਜਾਬ ਦੀ ਜਿਹੜੀ ਵਿੰਡੋ ਅੱਧੀ ਸਦੀ ਖੁੱਲ੍ਹੀ ਰਹੀ, ਬੰਦ ਹੋ ਗਈ ਹੈ।

ਲਾਲੀ (ਪੂਰਾ ਨਾਮ ਪ੍ਰੋਫੈਸਰ ਹਰਦਿਲਜੀਤ ਸਿੰਘ ਸਿੱਧੂ) ਨੂੰ ਯਾਦ ਕਰਨ ਵਕਤ ਖੁਸ਼ਵੰਤ ਸਿੰਘ ਦਾ ਜ਼ਿਕਰ ਕਿਸ ਲਈ? ਮੇਰੇ ਕੋਲ ਖੁਦ ਅਕਲ ਇਲਮ ਦਾ ਖਜ਼ਾਨਾ ਹੁੰਦਾ, ਆਪਣੇ ਕੋਲੋਂ ਗੱਲ ਬਣਾ ਲੈਂਦਾ, ਨਹੀਂ ਬਣਦੀ ਤਾਂ ਪੂਰਬਲੇ ਫਾਰਮੂਲੇ ਵਰਤਣ ਵਿਚ ਕੀ ਹਰਜ? 'ਹਿੰਦੂ' ਅਖਬਾਰ ਦੀ ਬੋਲੀ ਰਾਹੀਂ ਗੱਲ ਕਰੀਏ ਤਾਂ ਆਖਾਂਗੇ- "ਪੰਜਾਬੀ ਜਗਤ ਵਿਚ ਯੂਰਪੀ ਸਾਹਿਤ, ਆਰਟ ਅਤੇ ਕਲਚਰ ਦੀ ਵਿੰਡੋ ਦੇਰ ਤੱਕ ਖੁੱਲ੍ਹੀ ਰਹੀ, ਲਾਲੀ ਦੇ ਜਾਣ ਨਾਲ ਬੰਦ ਹੋ ਗਈ ਹੈ।"

"ਜਨਮ ਮਰਨ ਦੀਆਂ ਖਬਰਾਂ ਨਵੀਆਂ ਨਹੀਂ ਸਾਡੇ ਲਈ, ਪਰ ਲਾਲੀ ਜੀ ਦੀ ਖਬਰ ਨਾਲ ਵੱਖਰੀ ਕਿਸਮ ਦਾ ਦੁੱਖ ਕਿਉਂ ਹੋਇਆ?" ਪ੍ਰੋਫੈਸਰ ਭੁਪਿੰਦਰ ਸਿੰਘ ਨੇ ਕਿਹਾ।

ਨਾਗਸੈਨ ਨੇ ਉਤਰ ਦਿੱਤਾ-"ਆਪਣੀ ਟੀਮ ਦੀ ਵਿਕਟ ਉਡੀ ਹੈ, ਇਸ ਕਰ ਕੇ।"

'ਫਿਲਹਾਲ' ਦੇ ਗੁਰਬਚਨ ਨੇ ਦੱਸਿਆ- ਉਹ ਪੰਚਕੂਲੇ ਵਸਣ ਲੱਗਿਆ ਸੀ। ਇਕ ਦਿਨ ਮਿਲਿਆ, ਉਦਾਸ ਮਾਯੂਸ ਅਤੇ ਅੱਵਾਕ, ਡੌਰ-ਭੌਰ ਹੋਇਆ ਇੱਧਰ ਉਧਰ ਦੇਖੀ ਗਿਆ। ਉਸ ਨੂੰ ਗੱਲ ਨਾ ਔੜੇ ਕਿਉਂਕਿ ਸਰੋਤੇ ਗ਼ੈਰ-ਹਾਜ਼ਰ ਸਨ। ਸੁਕਰਾਤ ਪਾਸ ਸਰੋਤਿਆਂ ਦੀ ਗ਼ੈਰ-ਹਾਜ਼ਰੀ ਕਾਰਨ ਸ਼ਬਦ ਨਹੀਂ ਸਨ। ਉਹ ਸੁਕਰਾਤ ਤਾਂ ਨਹੀਂ ਸੀ...

ਮੈਂ ਕਿਹਾ-"ਉਸ ਦੀਆਂ ਗੱਲਾਂ ਕਰਦਿਆਂ ਸੁਕਰਾਤ ਦਾ ਜ਼ਿਕਰ ਆ ਗਿਆ, ਕਾਫੀ ਹੈ।"

'ਨੇੜਿਓਂ ਡਿੱਠਾ ਸੰਤ ਜਰਨੈਲ ਸਿੰਘ' ਕਿਤਾਬ ਲਿਖਣ ਵਾਲਾ ਦਲਬੀਰ ਸਿੰਘ ਆਪ੍ਰੇਸ਼ਨ ਬਲੂਸਟਾਰ ਬਾਅਦ ਸਤੰਬਰ 1984 ਵਿਚ ਗੁਰਦਿਆਲ ਬਲ ਦੇ ਘਰ, ਯੂਨੀਵਰਸਿਟੀ ਕੈਂਪਸ ਵਿਚ ਅੰਡਰ-ਗਰਾਊਂਡ ਰਹਿ ਰਿਹਾ ਸੀ। ਬਲ ਨੇ ਲਾਲੀ ਨੂੰ ਘਰ ਸੱਦ ਲਿਆ। ਕੇਹਰ ਸਿੰਘ ਤੇ ਬਲਕਾਰ ਸਿੰਘ ਪੁੱਜ ਗਏ। ਸਿੱਖ, ਸਦਮੇ ਵਿਚੋਂ ਲੰਘ ਰਹੇ ਸਨ। ਮਾਹੌਲ ਉਦਾਸ ਸੀ। ਲਾਲੀ ਨੇ ਕਿਹਾ-ਅਕਾਲ ਤਖਤ ਦੀ ਤੁਰੰਤ ਉਸਾਰੀ ਨਹੀਂ ਹੋਣੀ ਚਾਹੀਦੀ। ਇਕ ਇੱਟ ਹਰ ਰੋਜ਼ ਲੱਗਣੀ ਚਾਹੀਦੀ ਐ, ਸਿਰਫ਼ ਇਕ ਇੱਟ ਰੋਜ਼। ਫਿਰ ਉਸ ਨੇ ਆਜ਼ਾਦੀ, ਬਹਾਦਰੀ, ਰੁਦਨ, ਟੱਕਰ ਦੀਆਂ ਗੱਲਾਂ ਸੁਣਾਉਂਦਿਆਂ ਸਪੈਨਿਸ਼ ਸਾਹਿਤ ਦੇ ਮੋਢੀ ਸਰਵਾਂਤੀਜ ਦੇ 'ਡਾਨ ਕਵਿਗਜੋਟ' ਤੋਂ ਲੈ ਕੇ ਹੁਣ ਤੱਕ ਦੇ ਸਾਹਿਤ ਦੀ ਸੈਰ ਕਰਾਈ। ਯੂਨਾਨੀ ਨਾਵਲਕਾਰ ਚਿੰਤਕ ਨਿਕਸੋ ਕਜਾਂਤਜੈਕਿਸ ਦੀ ਅਮਰ ਰਚਨਾ 'ਫਰੀਡਮ ਐਂਡ ਡੈੱਥ' ਦੀ ਕਥਾ ਛੇੜ ਲਈ। ਯੂਨਾਨ ਦੇ ਨਾਲ ਲਗਦੇ ਟਾਪੂ ਕਰੀਟ ਵਿਚ ਸਥਾਨਕ ਇਸਾਈ ਤੁਰਕਾਂ ਨਾਲ ਟਕਰਾ ਰਹੇ ਹਨ। ਮਾਈਕਲ ਅਤੇ ਪਾਸ਼ਾ 'ਓਡੀਸੀ ਰੀਵਿਜ਼ਿਟਿਡ' ਵਿਚ ਯੋਧੇ ਹਨ। ਇਸ ਕਿਤਾਬ ਵਿਚਲੀ ਆਜ਼ਾਦੀ ਦੀ ਗਾਥਾ ਸੁਣਾਉਂਦਿਆਂ ਲਾਲੀ ਨੇ ਆਦਮੀ ਦੀ ਸ਼ਾਨ ਦਾ ਉਹ ਮਾਰਮਿਕ ਵਰਣਨ ਕੀਤਾ ਕਿ ਚਾਰ ਘੰਟੇ ਹੋਰ ਕੋਈ ਨਾ ਬੋਲਿਆ। ਹੁਣ ਦਲਬੀਰ 85 ਸਾਲ ਦਾ ਹੋ ਗਿਐ। ਉਸ ਨੂੰ ਉਸ ਦਿਨ ਦਾ ਲਾਲੀ ਅਜੇ ਭੁੱਲਿਆ ਨਹੀਂ। ਫੋਨ 'ਤੇ ਪੁੱਛ ਲੈਂਦੈ-ਕਿਵੇਂ ਐ ਤੁਹਾਡਾ ਲਾਲੀ ਹੁਣ, ਜੀਵਨ ਵਿਚ ਇਕ ਵਾਰ ਉਸ ਨੂੰ ਮਿਲਿਆਂ, ਉਸ ਦਾ ਚਿਹਰਾ, ਅੰਦਾਜ਼ ਸਤਾਈ ਸਾਲ ਤੋਂ ਮੇਰੀਆਂ ਅੱਖਾਂ ਅੱਗੇ ਸਜੀਵ ਫਿਰ ਰਿਹਾ ਹੈ। ਉਸ ਦੀਆਂ ਆਵਾਜ਼ਾਂ ਦੀ ਧੁਨ ਸੁਣਾਈ ਦੇਣੋਂ, ਹੱਥਾਂ ਦੀ ਮੁਦਰਾ ਦਿਖਾਈ ਦੇਣੋਂ ਅਜੇ ਹਟੀ ਨਹੀਂ।

ਹਰ ਸਵੇਰ ਉਸ ਨੂੰ ਸਰੋਤਾ ਚਾਹੀਦਾ ਸੀ। ਮੱਕੇ ਉਪਰ ਜਹਾਦੀਆਂ ਦਾ ਹਮਲਾ, ਕਸ਼ਮੀਰ ਦਾ ਹਜ਼ਰਤਬਲ ਸੰਕਟ, ਮਿਸਰ ਵਿਚ ਮੁਸਲਿਮ ਬ੍ਰਦਰਹੁੱਡ ਦੀ ਚੜ੍ਹਤ, ਸ੍ਰੀ ਲੰਕਾ ਵਿਚ ਲਿਟੇ ਦੀ ਮਾਅਰਕੇਬਾਜ਼ੀ। ਬੇਅੰਤ ਸਿੰਘ ਦੀ ਹੱਤਿਆ ਜਾਂ ਕਿਸੇ ਨੋਬੇਲ ਇਨਾਮਦਾਰ ਦਾ ਹੁਨਰ, ਇਕੋ ਜਿਹੀ ਰੋਮਾਂਚਿਤ ਸ਼ੈਲੀ ਵਿਚ ਵਰਣਨ ਕਰਦਾ। ਰਵਿੰਦਰ ਰਵੀ ਅਤੇ ਬਲਵੰਤ ਮਾਂਗਟ ਵਰਗੇ ਉਸ ਦੇ ਵਿਰੋਧੀ ਸਿਰ ਨਿਵਾ ਕੇ ਸੁਣਨ ਲੱਗ ਜਾਂਦੇ। ਗਲੋਬ ਉਸ ਵਾਸਤੇ ਬਹੁਤ ਛੋਟੀ ਗੇਂਦ ਹੈ, ਕੁਝ ਹੋਰ ਵੱਡੀ ਹੋਣੀ ਚਾਹੀਦੀ ਸੀ।

ਸਾਲ 1968 ਵਿਚ ਦਸਵੀਂ ਜਮਾਤ ਪਿੰਡੋਂ ਕਰ ਕੇ ਜਦੋਂ ਮੈਂ ਮਹਿੰਦਰਾ ਕਾਲਜ ਵਿਚ ਦਾਖਲ ਹੋ ਕੇ, ਪ੍ਰੀ-ਮੈਡੀਕਲ ਕਰ ਕੇ ਡਾਕਟਰ ਬਣਨ ਦਾ ਫੈਸਲਾ ਕੀਤਾ, ਉਦੋਂ ਮੇਰੀ ਜੇਬ ਵਿਚ ਚੁਆਨੀ ਨਹੀਂ ਸੀ। ਮੈਂ ਲਾਲੀ ਦੇ ਪਟਿਆਲੇ ਬਹੇੜਾ ਰੋਡ ਵਾਲੇ ਮਕਾਨ ਦੇ ਤਬੇਲੇ ਵਿਚ ਡੇਰਾ ਜਮਾ ਕੇ ਪੜ੍ਹਨਾ ਸ਼ੁਰੂ ਕੀਤਾ। ਪੰਦਰਾਂ ਸਾਲ ਦਾ ਛੋਕਰਾ ਦੇਖੀ ਜਾਂਦਾ, ਲਾਲੀ ਨਾਲ ਰਾਜ਼ਦਾਂ ਆ ਰਿਹਾ ਹੈ, ਸੋਮਪਾਲ ਰੰਚਨ ਆ ਰਿਹਾ ਹੈ, ਸੁਰਜੀਤ ਪਾਤਰ, ਨੂਰ, ਸ਼ਿਵ ਕੁਮਾਰ... ਯਾਨੀ ਕਿ ਸਾਰੇ ਦੇ ਸਾਰੇ ਅਜੂਬੇ। ਪਹਿਲੀ ਵਾਰੀ ਐਲ.ਪੀ. ਮਸ਼ੀਨ ਚਲਦੀ ਦੇਖੀ, ਪਹਿਲੀ ਵਾਰੀ ਟੇਪ ਰਿਕਾਰਡਰ ਦੇ ਵੱਡੇ ਸਪੂਲ ਘੁੰਮਦੇ ਦੇਖੇ...ਦੂਰੋਂ।

ਲਾਲੀ ਦਾ ਸਹੁਰਾ ਘਰ ਪਟਿਆਲਾ ਹੀ ਸੀ। ਆਪਣੀ ਪਤਨੀ ਨਾਲ ਤਾਂ ਬਹੇੜਾ ਰੋਡ ਘੱਟ ਈ ਆਉਂਦਾ, ਦੋਸਤਾਂ ਦੇ ਕਾਫਲੇ ਹੀ ਬਹੁਤੀ ਵਾਰ ਦਿਖਾਈ ਦਿੰਦੇ। ਸਰਦਾਰ ਪਾਪਾ ਪਿੰਡ ਰਹਿੰਦਾ, ਕਦੀ ਕਦਾਈਂ ਮਹੀਨੇ ਦੋ ਮਹੀਨੇ ਬਾਅਦ ਦੋ-ਚਾਰ ਦਿਨ ਰਹਿ ਕੇ ਵਾਪਸ ਪਰਤ ਜਾਂਦਾ। ਪਟਿਆਲੇ ਦੇ ਨੇੜੇ ਨਾਭਾ ਰੋਡ ਉਤੇ ਛੇ ਏਕੜ ਜ਼ਮੀਨ ਸੀ। ਲੈਂਡ ਸੀਲਿੰਗ ਐਕਟ ਤੋਂ ਪਹਿਲਾਂ ਸਾਰਾ ਪਿੰਡ ਫਤਿਹਗੜ੍ਹ ਉਸੇ ਦਾ ਸੀ, ਪਰ ਸੀਲਿੰਗ ਪਿਛੋਂ ਵੀ ਘੱਟ ਕੀਮਤ ਪੁਆ ਕੇ 200 ਏਕੜ ਬਚਾ ਲਏ ਸਨ। ਪਿੰਡ ਦੀ ਹਵੇਲੀ ਕਿਲ੍ਹਾ ਸੀ, ਉਚੇ ਥਾਂ ਉਪਰ ਉਸਰਿਆ ਕਿਲ੍ਹਾ। ਅਸੀਂ ਪਟਿਆਲੇ ਆਪ ਰੋਟੀ ਪਕਾਉਂਦੇ। ਦਾਲ ਜਾਂ ਸਬਜ਼ੀ ਜੋ ਸਵੇਰੇ ਖਾ ਕੇ ਜਾਂਦੇ, ਉਹੀ ਸ਼ਾਮ ਨੂੰ। ਇਸ ਤਬੇਲੇ ਦੀ ਖੁਰਲੀ ਵਿਚ ਅਸੀਂ ਮਿੱਟੀ ਪਾ ਦਿੱਤੀ। ਉਪਰ ਇਕ ਤਹਿ ਇੱਟਾਂ ਦੀ ਵਿਛਾ ਕੇ ਅਖਬਾਰਾਂ ਨਾਲ ਢਕ ਦਿਤੀ। ਇਹੀ ਸਾਡਾ ਕੁਕਿੰਗ ਰੇਂਜ, ਇਹੀ ਡਾਇਨਿੰਗ ਟੇਬਲ। ਇਕ ਸਟੋਵ, ਚਾਰ ਕੌਲੀਆਂ, ਚਾਰ ਗਲਾਸ, ਅਜੀਤ ਹੱਸਦਾ-ਸਮਾਜਵਾਦ ਆ ਗਿਆ। ਮੱਝਾਂ ਅਤੇ ਬੰਦਿਆਂ ਦਾ ਡਾਇਨਿੰਗ ਟੇਬਲ ਇੱਕੋ। ਆਰਥਿਕ ਬਰਾਬਰੀ।



*ਗੁਰਦਿਆਲ ਸਿੰਘ ਬੱਲ (ਖੱਬੇ) ਲਾਲੀ ਬਾਬੇ ਨਾਲ*

ਪੜ੍ਹਨ ਲਿਖਣ ਦਾ ਕੰਮ ਸ਼ੁਰੂ ਕਰ ਦਿਤਾ ਸੀ, ਦੋ ਕੁ ਮਹੀਨਿਆਂ ਬਾਅਦ ਲਾਲੀ ਦਾ ਪਾਪਾ ਪਿੰਡੋਂ ਆ ਗਿਆ। ਪੁੱਛਿਆ-ਕਿਵੇਂ ਓ ਬਈ ਮੁੰਡਿਓ? ਅਸੀਂ ਕਿਹਾ-ਠੀਕ ਹਾਂ ਜੀ। ਫਿਰ ਪੁੱਛਿਆ-ਪਟਿਆਲਾ ਦੇਖਿਆ? ਅਸੀਂ 'ਹਾਂ' ਵਿਚ ਸਿਰ ਹਿਲਾਏ।-ਕੀ ਕੀ ਦੇਖਿਆ? ਉੱਤਰ-ਮਾਲ ਰੋਡ, ਬਾਰਾਂਦਰੀ ਬਾਗ, ਕਿਲ੍ਹਾ ਮੁਬਾਰਕ, ਅਦਾਲਤ ਬਾਜ਼ਾਰ, ਮੋਤੀ ਮਹਿਲ। ਫਿਲਮ ਨਹੀਂ ਦੇਖੀ। ਇਹ ਚੰਗੀ ਚੀਜ਼ ਨਹੀਂ ਹੁੰਦੀ। ਹੱਸ ਪਿਆ-ਮੈਨੂੰ ਪਤਾ ਸੀ ਇਹੋ ਜਵਾਬ ਦਿਉਗੇ। ਪਾਸ ਹੋਣ ਜੋਗੇ ਨੰਬਰ ਨਹੀਂ ਮਿਲੇ ਤੁਹਾਨੂੰ। ਜਿਸ ਨੂੰ ਤੁਸੀਂ ਪਟਿਆਲਾ ਸਮਝਿਆ, ਇਹ ਤਾਂ ਉਹ ਥਾਂ ਹੈ ਜਿਥੇ ਪਟਿਆਲਾ ਰਹਿੰਦਾ ਹੈ, ਉਸ ਬਾਸ਼ਿੰਦੇ ਦਾ ਘਰ ਹੈ। ਥੋੜ੍ਹੇ ਕੁ ਦਿਨ ਰਹਾਂਗਾ ਤੁਹਾਡੇ ਕੋਲ। ਪਟਿਆਲਾ ਦਿਖਾਵਾਂਗਾ। ਠੀਕ ਐ? ਅਸੀਂ 'ਹਾਂ' ਵਿਚ ਸਿਰ ਹਿਲਾਏ। ਕਿਹਾ-ਤੁਹਾਨੂੰ ਦਿਖਾਵਾਂਗਾ ਰਾਜ਼ਦਾਂ, ਬੇਦਾਰ, ਦਲੀਪ ਟਿਵਾਣਾ, ਵਿਸ਼ਵਨਾਥ ਤਿਵਾੜੀ, ਗੁਲਵੰਤ ਸਿੰਘ, ਗੰਡਾ ਸਿੰਘ, ਪ੍ਰੀਤਮ ਸਿੰਘ। ਮਿਲਾਂਗੇ ਉਸਤਾਦ ਬਾਕਰ ਹੁਸੈਨ ਨੂੰ, ਕੰਵਰ ਮ੍ਰਿਗੇਂਦਰ ਸਿੰਘ ਨੂੰ, ਮਹਾਰਾਜਾ ਯਾਦਵੇਂਦਰ ਸਿੰਘ ਨੂੰ, ਲਾਲ ਚੰਦ ਯਮਲਾ ਤੇ ਹਰਪਾਲ ਟਿਵਾਣੇ ਨੂੰ। ਭਲਵਾਨ ਕੇਸਰ ਸਿੰਘ ਦੀ ਹਵੇਲੀ ਚੱਲਾਂਗੇ। ਇਕ ਸ਼ਾਇਰ ਹੈ ਕੁਲਵੰਤ ਗਰੇਵਾਲ। ਇਕ ਜੋਗਿੰਦਰ ਸਿੰਘ ਹੈ, ਉਸ ਵਰਗੀ ਹੀਰ ਕਿਸ ਨੇ ਗਾਉਣੀ ਹੈ? ਉਸ ਦਾ ਨਾਮ ਅਸੀਂ ਜੋਗਿੰਦਰ ਹੀਰ ਰੱਖ ਦਿੱਤੈ। ਸੁਣੇ ਇਹ ਨਾਮ ਕਦੀ? ਕਿਸੇ ਦਾ ਨਾਮ ਨਹੀਂ ਸੁਣਿਆ ਸੀ ਸਿਵਾਇ ਮੈਡਮ ਟਿਵਾਣਾ ਦੇ, ਜਿਨ੍ਹਾਂ ਦੀ ਕਹਾਣੀ 'ਬਸ ਕੰਡਕਟਰ' ਦਸਵੀਂ ਦੀ ਪਾਠ ਪੋਥੀ ਵਿਚ ਲੱਗੀ ਹੋਈ ਸੀ। ਉਨ੍ਹਾਂ ਨੇ ਇਕ ਹੋਰ ਫੈਸਲਾ ਸੁਣਾਇਆ-ਰਿਕਸ਼ੇ, ਤਾਂਗੇ ਜਾਂ ਬੱਸ ਦੀ ਸਵਾਰੀ ਨਹੀਂ ਕਰਨ ਦਿਆਂਗਾ। ਪੈਦਲ ਚੱਲਣਾ ਪਵੇਗਾ, ਤਾਂ ਪਟਿਆਲਾ ਮਿਲੇਗਾ ਸਹਿਜੇ-ਸਹਿਜੇ, ਮਨਜ਼ੂਰ ਐ? ਗੁੰਗਿਆਂ ਬੋਲਿਆਂ ਵਾਂਗ 'ਹਾਂ' ਵਿਚ ਸਿਰ ਹਿਲਾਏ। ਪੱਚੀ ਤੀਹ ਕਿਲੋਮੀਟਰ ਪੈਦਲ ਸਫ਼ਰ ਉਸ ਲਈ ਆਮ ਗੱਲ ਸੀ। ਜਦੋਂ ਇੱਕ ਪਿੰਡ ਤੋਂ ਦੂਜੇ ਪਿੰਡ ਜਾਂਦਾ; ਨੌਕਰ, ਕੁੱਤਾ ਤੇ ਘੋੜਾ ਨਾਲ ਹੁੰਦੇ। ਸਵਾਰੀ ਨਹੀਂ ਕਰਦਾ ਸੀ, ਕਹਿ ਦਿੰਦਾ- ਜਦੋਂ ਥੱਕ ਗਿਆ, ਸਵਾਰ ਹੋ ਜਾਵਾਂਗਾ। ਥਕਦਾ ਈ ਨਾ। ਮੈਂ ਉਸ ਨੂੰ ਘੋੜੇ ਦੀ ਕਾਠੀ 'ਤੇ ਸਵਾਰ ਕਦੇ ਨਹੀਂ ਦੇਖਿਆ। ਅੱਗੇ-ਅੱਗੇ ਤੁਰਿਆ ਜਾ ਰਿਹਾ ਹੈ, ਬਾਕੀ ਸਭ ਪਿੱਛੇ-ਪਿੱਛੇ।

ਮੈਂ ਸਰਦਾਰ ਨੂੰ ਪੁੱਛਿਆ-ਤੁਸੀਂ ਵੀ ਮਹਿੰਦਰਾ ਕਾਲਜ ਵਿਚ ਪੜ੍ਹੇ? ਖੂਬ ਹੱਸਿਆ- ਉਏ ਇਹ ਕਾਲਜ ਬਣਾਇਐ ਕਿਸੇ ਨੇ? ਇਹ ਤਾਂ ਸਕੂਲ ਹੋਇਆ ਕਰਦਾ ਸੀ ਬਾਹਰਵੀਂ ਤੱਕ ਦਾ। ਇਕ ਦਿਨ ਸਰਕਾਰੀ ਚਿੱਠੀ ਆ ਗਈ ਕਿ ਅੱਗੇ ਤੋਂ ਇਹਨੂੰ ਸਕੂਲ ਨਾ ਕਿਹਾ ਕਰੋ, ਕਾਲਜ ਕਿਹਾ ਕਰੋ। ਐਂ ਕਹਿਣ ਨਾਲ, ਇਕ ਚਿਠੀ ਨਾਲ ਸਕੂਲ, ਕਾਲਜ ਬਣ ਜਾਇਐ ਕਰਦੈ? ਚੀਫਜ਼ ਕਾਲਜ ਲਾਹੌਰੋਂ ਪੜ੍ਹਿਆ ਹਾਂ। ਅੰਦਰ ਆਉ ਜ਼ਰਾ। ਆਹ ਦਿਸਦੀਆਂ ਨੇ ਸ਼ੀਲਡਾਂ, ਕੱਪ ਅਤੇ ਟਰਾਫੀਆਂ? ਕਤਾਰਾਂ ਦੀਆਂ ਕਤਾਰਾਂ। ਦੱਸੋ, ਕਾਨਸ 'ਤੇ ਬਚੀ ਹੈ ਕੋਈ ਥਾਂ? ਵਿਦਵਤਾ ਦਾ ਕਦੇ ਦਾਅਵਾ ਨਹੀਂ ਕੀਤਾ। ਖੇਡਣ ਦੀ ਰੁਚੀ ਸੀ, ਸੋ ਹਾਕੀ ਦੀ ਕਪਤਾਨੀ ਕੀਤੀ। ਜਿਥੇ ਖੇਡਣ ਜਾਂਦੇ, ਜਦੋਂ ਪਤਾ ਲਗਦਾ; ਫਤਿਹਗੜ੍ਹੀਏ ਨਾਲ ਟੱਕਰ ਹੋਵੇਗੀ, ਤਾਪ ਚੜ੍ਹ ਜਾਂਦਾ ਸੀ ਅਗਲਿਆਂ ਨੂੰ।

ਟੀਮ ਦੀ ਫੋਟੋ ਦੇਖੀ। ਮਹਾਰਾਜਾ ਯਾਦਵਿੰਦਰ ਸਿੰਘ ਬੈਠੇ ਸਨ। ਮੈਂ ਪੁੱਛਿਆ-ਵਧੀਆ ਖਿਡਾਰੀ ਸਨ ਮਹਾਰਾਜਾ? ਹੱਸ ਪਿਆ-ਠੀਕ ਸਨ, ਟੀਮ ਵਿਚ ਪਾ ਲੈਂਦੇ ਸਾਂ, ਫਸਟ ਕਲਾਸ ਟਰੇਨ ਦੀਆਂ ਸੀਟਾਂ ਮਿਲਣਗੀਆਂ, ਉਨ੍ਹਾਂ ਕਰ ਕੇ ਆਲੀਸ਼ਾਨ ਹੋਟਲਾਂ ਵਿਚ ਰਹਿਣ ਦਾ ਬੰਦੋਬਸਤ ਹੋ ਜਾਂਦਾ।

ਉਹ ਹੱਸਦਾ ਤਾਂ ਜਿਵੇਂ ਝਰਨਾ ਫੁੱਟ ਪੈਂਦਾ, ਸਾਰਾ ਜਿਸਮ ਹੱਸਦਾ। ਇਹ ਲਫਜ਼ ਲਿਖਦਿਆਂ ਮੈਨੂੰ ਚੈਖਵ ਦਾ 'ਵਾਂਕਾ' ਯਾਦ ਆ ਗਿਆ। ਆਪਣੇ ਬਾਬੇ ਨੂੰ ਲਿਖੇ ਖ਼ਤ ਵਿਚਲੇ ਵਾਕ ਹਨ, "ਬਾਬਾ ਤੂੰ ਜਦੋਂ ਜੰਗਲ ਵਿਚੋਂ ਕ੍ਰਿਸਮਸ ਟ੍ਰੀ ਵੱਢਣ ਲਈ ਜਾਂਦਾ, ਮੈਂ ਵੀ ਤੇਰੇ ਨਾਲ ਤੁਰ ਪੈਂਦਾ। ਦਰਖਤ ਵੱਢਦਿਆਂ ਜਦੋਂ ਠੰਢ ਨਾਲ ਮੈਨੂੰ ਕੰਬਦਾ ਦੇਖਦਾ ਤਾਂ ਤੂੰ ਖੂਬ ਹੱਸਦਾ, ਤੇਰੇ ਨਾਲ ਸਾਰਾ ਜੰਗਲ ਹੱਸ ਪੈਂਦਾ।"



*ਲਾਲੀ ਬਾਬੇ ਦੀ ਮਹਿਫਿਲ (ਵਿਚਕਾਰ)*

ਵਲਦਾਰ ਤਾਰਾਂ ਦੀਆਂ ਲੱਤਾਂ ਵਾਲੀ ਕੁਰਸੀ 'ਤੇ ਬੈਠਾ ਗੱਲਾਂ ਕਰਦਾ ਦੇਖ ਕੇ ਮੈਂ ਸੋਚਿਆ ਕਰਦਾ-ਮਹਾਰਾਜਾ ਰਣਜੀਤ ਸਿੰਘ ਦੀਆਂ ਦੋਵੇਂ ਅੱਖਾਂ ਕਾਇਮ ਰਹਿੰਦੀਆਂ ਤੇ ਚਿਹਰੇ ਉਪਰ ਚੇਚਕ ਦੇ ਦਾਗ ਨਾ ਹੁੰਦੇ ਤਾਂ ਬਿਲਕੁਲ ਇਸ ਤਰ੍ਹਾਂ ਦਾ ਹੋਣਾ ਸੀ। ਅੱਖਾਂ ਮਸ਼ਾਲਾਂ ਵਾਂਗ ਦਗਦੀਆਂ। ਇਹ ਨਹੀਂ ਕਿ ਗੁੱਸਾ ਨਹੀਂ ਆਉਂਦਾ ਸੀ। ਗੁੱਸੇ ਵਿਚ ਖੁਦ ਨੂੰ ਬੁਰਾ ਭਲਾ ਕਹਿਣ ਲਗਦਾ ਜਿਸ ਉਪਰ ਕ੍ਰੋਧਵਾਨ ਹੈ, ਉਸ ਨੂੰ ਨਹੀਂ।

ਹਰਜੀਤ ਗਿੱਲ ਨੇ ਦੱਸਿਆ-ਲਾਲੀ ਕਿਉਂਕਿ ਕਮਿਊਨਿਸਟ ਨਹੀਂ ਸੀ, ਉਸ ਨੂੰ ਬਹੁਤ ਆਰਾਮ ਨਾਲ ਨੌਕਰੀ ਮਿਲੀ।

ਲਾਲੀ ਜਾਇਨਿੰਗ ਰਿਪੋਰਟ ਦੇਣ ਗਿਆ ਮੁਖੀ ਗਿੱਲ ਨੂੰ ਕਹਿਣ ਲੱਗਾ ਕਿਸੇ ਨੂੰ ਦੱਸਿਓ ਨਾ, ਬਈ ਲਾਲੀ ਨੌਕਰ ਹੋ ਗਿਐ। ਮੇਰੇ ਭਾਈਚਾਰੇ ਵਿਚ ਮੇਰੀ ਬਦਨਾਮੀ ਹੋਵੇਗੀ। ਮਾਲਕ ਨੌਕਰ ਹੋ ਜਾਏ, ਇਹ ਗੱਲ ਸ਼ਰਮਨਾਕ ਹੈ।

ਗਿੱਲ ਨੇ ਕਿਹਾ-ਮੈਂ ਕਿਉਂ ਦੱਸਣਾ ਹੋਇਆ ਕਿਸੇ ਨੂੰ?

ਲਾਲੀ-ਪਰ ਮੈਨੂੰ ਸਵੇਰੇ ਆ ਕੇ ਹਾਜ਼ਰੀ ਲਾ ਕੇ ਚਾਰ ਵਜੇ ਤੱਕ ਬੈਠਣਾ ਪਿਆ ਕਰੇਗਾ। ਪਤਾ ਤਾਂ ਲੱਗ ਜਾਣੈ।

ਗਿੱਲ-ਤੇਰੇ 'ਤੇ ਕੋਈ ਪਾਬੰਦੀ ਨਹੀਂ। ਤੈਨੂੰ ਕੋਈ ਨੌਕਰ ਨਹੀਂ ਸਮਝੇਗਾ। ਜਿਹੜਾ ਮਰਜ਼ੀ ਵਾਈਸ ਚਾਂਸਲਰ ਆ ਜਾਏ, ਤੈਨੂੰ ਨਹੀਂ ਟੋਕੇਗਾ।

ਇਉਂ ਲਾਲੀ ਉਮਰ ਭਰ ਮਾਲਕ ਰਿਹਾ।

ਲਾਲੀ ਨੂੰ ਮਿਲਣ ਆਇਆ ਇਕ ਮੁੰਡਾ ਗਿੱਲ ਦੇ ਕਮਰੇ ਵਿਚ ਗਿਆ, ਪੁੱਛਿਆ-ਲਾਲੀ ਕਿਥੇ ਐ? ਗਿੱਲ ਨੇ ਕਿਹਾ-ਜੇ ਤੂੰ ਲਾਲੀ ਨੂੰ ਜਾਣਦੈਂ, ਫਿਰ ਤੈਨੂੰ ਪਤਾ ਹੋਣਾ ਚਾਹੀਦੈ ਉਹ ਕਿਥੇ ਹੈ ਇਸ ਵੇਲੇ; ਜੇ ਨਹੀਂ ਜਾਣਦਾ, ਫਿਰ ਮਿਲ ਕੇ ਕੀ ਕਰੇਂਗਾ?

ਡਾ. ਭਗਤ ਸਿੰਘ ਵੀ.ਸੀ. ਕੋਲ ਲਾਲੀ ਵਿਰੁੱਧ ਕਿਸੇ ਚੁਗਲੀ ਕੀਤੀ। ਦੱਸਿਆ; ਕੰਮ ਨਹੀਂ ਕਰਦਾ, ਕਲਾਸ ਵਿਚ ਨਹੀਂ ਜਾਂਦਾ, ਦਰਖਤ ਹੇਠ ਬੈਠਾ ਗੱਲਾਂ ਕਰੀ ਜਾਂਦੈ ਫਜ਼ੂਲ। ਉਸ ਨੂੰ ਸਮਝਾਉ। ਭਗਤ ਸਿੰਘ ਨੇ ਕਿਹਾ-ਤੂੰ ਵੀ ਲਾਲੀ ਦੀ ਕਲਾਸ ਵਿਚ ਬੈਠਿਆ ਕਰ ਕਦੀ ਕਦਾਈਂ, ਤੈਨੂੰ ਵੀ ਅਕਲ ਆਏ। ਲਾਲੀ ਜਿਥੇ ਬੈਠਾ ਹੋਵੇ, ਉਹ ਕਲਾਸ ਰੂਮ ਹੈ। ਲਾਲੀ ਯੂਨੀਵਰਸਿਟੀ ਵਾਸਤੇ ਨਹੀ ਬਣਿਆ, ਉਸ ਵਾਸਤੇ ਯੂਨੀਵਰਸਿਟੀ ਬਣੀ ਹੈ।

ਹਰਜੀਤ ਗਿੱਲ ਕੋਲ ਕਿਸੇ ਨੇ ਸ਼ਿਕਾਇਤ ਕੀਤੀ-ਲਾਲੀ ਤੇ ਸੁਰਜੀਤ ਲੀ ਸਾਰਾ ਦਿਨ ਕਾਫ਼ੀ ਹਾਊਸ ਵਿਚ ਯੱਕੜ ਮਾਰ ਕੇ ਘਰ ਚਲੇ ਜਾਂਦੇ ਨੇ। ਤੁਸੀਂ ਵਿਭਾਗ ਵਿਚ ਬਿਠਾ ਕੇ ਕੰਮ ਕਰਨ ਲਈ ਕਿਉਂ ਨਹੀਂ ਕਹਿੰਦੇ? ਗਿੱਲ ਨੇ ਕਿਹਾ-ਮਰ ਜਾਣ ਦੇ ਇਨ੍ਹਾਂ ਨੂੰ ਚਾਹ ਪੀ-ਪੀ ਕੇ। ਇਥੇ ਬੈਠ ਕੇ ਕਿਹੜਾ ਕੰਮ ਕਰਨਗੇ? ਇਨ੍ਹਾਂ ਦੀ ਗੈਰ-ਹਾਜ਼ਰੀ ਵਿਚ ਮੈਂ ਤਾਂ ਕੰਮ ਕਰ ਲੈਨਾ। ਫਿਰ ਮੇਰੇ ਕੋਲ ਬੈਠੇ ਰਿਹਾ ਕਰਨਗੇ, ਮੈਨੂੰ ਵੀ ਕੰਮ ਨਹੀਂ ਕਰਨ ਦੇਣਾ। ਮੇਰਾ ਜੀ ਕਰਦੈ, ਦਸ ਮੀਲ 'ਤੇ ਕਾਫ਼ੀ ਹਾਊਸ ਹੋਵੇ, ਆਉਂਦੇ-ਜਾਂਦੇ ਬੀਤ ਜਾਣ।

ਲਾਲੀ ਦੀ ਜੇਬ ਵਿਚ ਪੰਜ ਰੁਪਏ ਤੋਂ ਵੱਧ ਕਦੀ ਪੈਸਾ ਨਹੀਂ ਰਿਹਾ; ਉਦੋਂ ਵੀ ਨਹੀਂ, ਜਦੋਂ ਪ੍ਰੋਫੈਸਰ ਲੱਗ ਗਿਆ ਸੀ। ਰੋਟੀ, ਵਿਸਕੀ, ਚਾਹ, ਲੱਸੀ, ਜੋ ਖਾਧਾ ਪੀਤਾ-ਉਸ ਦਾ ਬਿਲ ਨਾਲ ਵਾਲਾ ਦੇਵੇਗਾ। ਸਾਰੀ ਉਮਰ ਇਹੋ ਹੋਇਆ। ਜੇ ਤੁਹਾਡਾ ਖਿਆਲ ਹੈ ਇਹ ਗੱਲ ਮੈਨੂੰ ਬੁਰੀ ਲਗਦੀ ਹੈ, ਤੁਸੀਂ ਗਲਤ ਹੋ। ਲਾਲੀ ਵਰਗਾ ਫਕੀਰ ਇਵੇਂ ਹੀ ਕਰੇਗਾ। ਕੁਲਵੰਤ ਸਿੰਘ ਗਰੇਵਾਲ ਦੇ ਸੁਭਾਅ ਵਿਚ ਬਾਦਸ਼ਾਹੀ ਸੀ। ਉਹ ਵਧੀਆ ਤੋਂ ਵਧੀਆ ਖਾਣ-ਪੀਣ ਦੀ ਚੀਜ਼ ਖਰੀਦ ਕੇ ਪੈਸੇ ਖੁਦ ਦਿੰਦਾ। ਹੁਣ ਤੱਕ ਮੈਨੂੰ ਪੈਸੇ ਨਹੀਂ ਦੇਣ ਦਿੰਦਾ-ਤੂੰ ਛੋਟਾ ਹੈਂ, ਚੁਪ ਕਰ ਕੇ ਬੈਠਿਆ ਕਰ। ਜੇ ਕੋਈ ਮਿੱਤਰ ਦੂਰ ਜਾਂਦਾ ਦਿੱਸ ਪਿਆ, ਬੁਲਾਉਣਾ ਹੈ, ਉਚੀ ਆਵਾਜ਼ ਨਹੀਂ ਦਏਗਾ, ਤੇਜ਼ ਕਦਮੀ ਚੱਲ ਕੇ ਰਲੇਗਾ ਜਾਂ ਫਿਰ ਕੋਈ ਵਿਦਿਆਰਥੀ ਮਿਲ ਗਿਆ, ਉਸ ਨੂੰ ਉਸ ਵੱਲ ਭਜਾ ਦਏਗਾ।

ਸਿਧਾਰਥ ਨੇ ਕਿਹਾ-ਲਾਲੀ ਸੰਕੇਤਾਂ, ਮਿੱਥਾਂ ਤੇ ਰੂਪਕਾਂ ਨਾਲ ਗੱਲ ਫੜਨ ਦਾ ਯਤਨ ਕਰਦਾ। ਉਹਦੇ ਹੱਥ, ਬਾਹਾਂ, ਅੱਖਾਂ, ਬੋਲਾਂ ਨਾਲੋਂ ਵਧੀਕ ਗੱਲਾਂ ਕਰਦੀਆਂ। ਇਕ ਦਿਨ ਜਾਂਦਿਆਂ-ਜਾਂਦਿਆਂ ਰੁਕੇ, ਸੜਕ ਦੇ ਵਿਚਕਾਰ ਥੋੜ੍ਹਾ ਕੁ ਘਾਹ ਉਗਿਆ ਦੇਖਿਆ। ਖਲੋ ਗਏ, ਘਾਹ ਨੂੰ ਕਿਹਾ-ਉਏ ਤੈਨੂੰ ਨਾ ਗਾਂ ਖਾਏਗੀ ਨਾ ਮੱਝ; ਨਾ ਭੇਡ ਦੇ ਕੰਮ ਆਏਂਗਾ ਨਾ ਬੱਕਰੀ ਦੇ। ਕਿਉਂ ਉਗ ਆਇਐਂ ਇਥੇ? ਪਹੀਆਂ ਹੇਠ ਕੁਚਲੇ ਜਾਣ ਲਈ? ਫਿਰ ਸੜਕ ਵਿਚਕਾਰ ਬੈਠ ਗਏ, ਸਾਨੂੰ ਕਿਹਾ-ਦੇਖੋ, ਉਪਰ ਜਾਣ ਵਾਸਤੇ ਜਿੰਨੀ ਕੁ ਇਸ ਵਿਚ ਤਾਕਤ ਸੀ ਲਾ ਦਿੱਤੀ, ਜਦੋਂ ਥੱਕ ਗਿਆ, ਸਿਰ ਝੁਕਾ ਦਿੱਤਾ। ਆਹ ਦੇਖੋ, ਝੁਕਿਆ ਸਿਰ ਦੇਖੋ।

'ਨਾਦ ਪ੍ਰਗਾਸ' ਦੇ ਜੁਆਨ ਲਾਲੀ ਨੂੰ ਮਿਲਣ ਗਏ। ਉਮਰ ਵਧੀਕ ਹੋਣ ਕਰ ਕੇ ਜ਼ਿਆਦਾ ਗੱਲਾਂ ਨਾ ਕਰ ਸਕੇ। ਉਠੇ। ਉਨ੍ਹਾਂ ਦੀਆਂ ਦਸਤਾਰਾਂ ਪਲੋਸਦਿਆਂ ਕਿਹਾ-ਦਸਤਾਰ ਬਗੈਰ ਬੰਦਾ ਲਾਹੌਰ ਨਹੀਂ ਜਾ ਸਕਦਾ।

ਇਹੋ ਜਿਹੀ ਗੱਲ ਲਾਲੀ ਹੀ ਕਰ ਸਕਦਾ ਹੈ। ਲਾਹੌਰ ਪੰਜਾਬ ਦੀ ਦਸਤਾਰ ਹੈ। ਪੰਜਾਬ ਜਦੋਂ ਪੰਜਾਬ ਨੂੰ ਮਿਲਣ ਤੋਂ ਸੰਗਣਾ ਛੱਡੇਗਾ, ਉਦੀਂ ਮਾਰੂਥਲ ਵਿਚ ਗੁੰਮ ਪੁਨੂੰ ਲੱਭ ਜਾਏਗਾ।

ਖਾਲੀ ਅਸਮਾਨ ਕਾਲੀ ਘਟਾ ਨੇ ਘੇਰ ਲਿਆ, ਦੇਰ ਤੱਕ ਛਾਈ ਰਹੀ। ਬਾਰਸ਼ਾਂ ਹੋਈਆਂ, ਕੁੜੀਆਂ ਤੀਆਂ ਵਿਚ ਨੱਚੀਆਂ, ਗੀਤ ਗਾਏ। ਫਿਰ ਅਸਮਾਨ ਸਾਫ ਹੋ ਗਿਆ। ਤੀਆਂ, ਗੀਤ, ਕੁੜੀਆਂ, ਘਟਾ ਨਾਲ ਲੋਪ ਹੋ ਗਈਆਂ, ਲਾਲੀ ਦਰਸ਼ਕ ਰਿਹਾ। ਜਿਸ ਵਰਗਾ ਹੋਰ ਕੋਈ ਨਹੀਂ, ਅਜਿਹਾ ਦ੍ਰਸ਼ਟਾ। ਰਿਸ਼ੀਆਂ ਨੇ ਵੇਦ ਮੰਤਰ ਲਿਖੇ ਨਹੀਂ, ਦੇਖੇ ਸਨ, ਇਸ ਕਰ ਕੇ ਜਿਹੜਾ ਬੰਦਾ ਰਿਸ਼ੀਆਂ ਨੂੰ ਲੇਖਕ ਆਖਦਾ ਹੈ, ਉਸ ਨੂੰ ਅਨਪੜ੍ਹ ਸਮਝਿਆ ਜਾਂਦਾ ਹੈ। ਰਿਸ਼ੀ ਮੰਤਰ-ਦ੍ਰਸ਼ਟਾ ਸਨ।

ਹਿੰਦੀ ਕਹਾਣੀ

# ਧੰਦਾ

***ਭਾਰਤ ਵਿਚ ਧਰਮ ਬਦਲੀ ਦਾ ਮਸਲਾ ਅੱਜ ਕੱਲ੍ਹ ਵਾਹਵਾ ਚਰਚਾ ਵਿਚ ਹੈ। ਘੱਟ-ਗਿਣਤੀ ਭਾਈਚਾਰੇ ਕੱਟੜ ਹਿੰਦੂ ਜਥੇਬੰਦੀਆਂ ਦੇ ਨਿਸ਼ਾਨੇ ਉਤੇ ਹਨ। ਧਰਮ ਬਦਲੀ ਬਾਰੇ ਕਈ ਸਾਲ ਪਹਿਲਾਂ ਹਿੰਦੀ ਲੇਖਕ ਦਾਮੋਦਰ ਦੱਤ ਦੀਕਸ਼ਿਤ ਨੇ ਕਹਾਣੀ 'ਧੰਦਾ' ਦੀ ਰਚਨਾ ਕੀਤੀ ਸੀ। ਸੰਭਵ ਹੈ ਕਿ ਇਸ ਰਚਨਾ ਨਾਲ ਕਿਸੇ ਦੀ ਸਹਿਮਤੀ-ਅਸਹਿਮਤੀ ਹੋਵੇ, ਪਰ ਇਸ ਰਚਨਾ ਵਿਚ ਲੇਖਕ ਨੇ ਧਰਮ ਬਦਲੀ ਨਾਲ ਸਬੰਧਤ ਕੁਝ ਪੱਖ ਉਘਾੜਨ ਦਾ ਯਤਨ ਕੀਤਾ ਹੈ। ਇਸ ਮੁੱਦੇ ਬਾਰੇ ਚੱਲ ਰਹੀ ਭਖਵੀਂ ਚਰਚਾ ਦੌਰਾਨ ਅਸੀਂ ਇਹ ਰਚਨਾ ਆਪਣੇ ਪਿਆਰੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਰਚਨਾ ਦਾ ਅਨੁਵਾਦ ਪੰਜਾਬੀ ਲੇਖਕ ਗੁਰਦਿਆਲ ਦਲਾਲ ਨੇ ਕੀਤਾ ਹੈ। -ਸੰਪਾਦਕ***

ਦਾਮੋਦਰ ਦੱਤ ਦੀਕਸ਼ਿਤ

**ਅਨੁਵਾਦ: ਗੁਰਦਿਆਲ ਦਲਾਲ**

ਭੇਜੂ ਦਾ ਖਿਆਲ ਸੀ ਕਿ ਕਲਕੱਤੇ (ਹੁਣ ਕੋਲਕਾਤਾ) ਵਿਚ ਜਿਥੇ ਕਿਤੇ ਜੰਗਲ ਜਿਹਾ ਹੋਇਆ, ਉਹ ਆਪਣੀ ਕੁੱਲੀ ਪਾ ਲਵੇਗਾ ਪਰ ਕਲਕੱਤੇ ਪਹੁੰਚ ਕੇ ਉਸ ਦਾ ਇਹ ਸੁਪਨਾ ਮਿੱਟੀ ਵਿਚ ਮਿਲ ਗਿਆ। ਭੀੜ ਭਰੇ ਇਸ ਮਹਾਨਗਰ ਵਿਚ ਨਾ ਤਾਂ ਉਸ ਨੂੰ ਕਿਧਰੇ ਜੰਗਲ ਮਿਲਿਆ ਤੇ ਨਾ ਹੀ ਐਨੀ ਥਾਂ ਕਿ ਉਹ ਆਪਣੀ ਕੁੱਲੀ ਪਾ ਸਕੇ। ਦਸ ਦਿਨਾਂ ਤੱਕ ਤਾਂ ਉਸ ਨੂੰ ਹਾਵੜਾ ਪਲੇਟਫਾਰਮ 'ਤੇ ਹੀ ਡੇਰਾ ਜਮਾਉਣਾ ਪਿਆ। ਅਖੀਰ ਬੜੀ ਮੁਸ਼ਕਿਲ ਨਾਲ ਖਿਦਰਪੁਰ ਦੇ ਗੰਦੇ ਨਾਲੇ ਕੋਲ ਟੀਨਾਂ ਦੇ ਲੰਮੇ ਸ਼ੈੱਡ ਹੇਠ 8×14 ਫੁੱਟ ਆਕਾਰ ਦੇ ਇਕ ਹਿੱਸੇ ਵਿਚ ਉਸ ਨੂੰ ਪਨਾਹ ਮਿਲ ਗਈ। ਕਿਰਾਇਆ 50 ਰੁਪਏ ਮਹੀਨਾ ਤੈਅ ਹੋਇਆ ਤੇ ਪਗੜੀ ਇਕ ਹਜ਼ਾਰ ਰੁਪਿਆ। ਇਥੇ ਆ ਕੇ ਪਗੜੀ ਸ਼ਬਦ ਉਸ ਨੂੰ ਨਫ਼ਰਤ ਭਰਿਆ ਲੱਗਣ ਲੱਗ ਪਿਆ ਸੀ। ਸਿਰ ਛੁਪਾਉਣ ਨੂੰ ਥਾਂ ਜ਼ਰੂਰ ਮਿਲ ਗਈ ਸੀ, ਪਰ ਹਾਲਤ ਤਰਸਯੋਗ ਹੀ ਬਣੀ ਰਹੀ।

ਆਂਢ-ਗੁਆਂਢ ਵਾਲੇ ਦਿਨ ਭਰ ਤੂੰ-ਤੂੰ, ਮੈਂ-ਮੈਂ ਕਰ ਕੇ ਕਲੇਸ਼ ਖੜ੍ਹਾ ਕਰੀ ਰੱਖਦੇ। ਹਮੇਸ਼ਾ ਸ਼ੋਰ-ਸ਼ਰਾਬਾ ਮੱਚਿਆ ਰਹਿੰਦਾ। ਮੌਕਾ ਤਾੜ ਕੇ ਕੋਈ ਉਸ ਦਾ ਚਿਮਟਾ ਉਡਾ ਲੈ ਜਾਂਦਾ ਤੇ ਕੋਈ ਖਲਪਾੜ ਖਿਸਕਾ ਲੈਂਦਾ। ਮੀਂਹ ਪੈਣ ਵੇਲੇ ਉਸ ਦੇ ਹਿੱਸੇ ਵਿਚ ਲੋਕੀਂ ਆਪਣੇ ਸਮਾਨ ਸਮੇਤ ਆ ਵੜਦੇ। ਉਹ ਜਾਂ ਉਸ ਦੀ ਪਤਨੀ ਕੁਝ ਕਹਿੰਦੇ, ਤਾਂ ਉਹ ਮਰਨ-ਮਾਰਨ 'ਤੇ ਉਤਰ ਆਉਂਦੇ। ਸਭ ਤੋਂ ਵੱਧ ਤਕਲੀਫ਼ ਉਸ ਨੂੰ ਜੰਗਲ-ਪਾਣੀ ਜਾਣ ਦੀ ਸੀ। ਪਿੰਡ ਵਿਚ ਟੋਭੇ ਕੰਢੇ ਝਾੜਾਂ ਪਿੱਛੇ ਲੁਕ ਕੇ ਉਹ ਜੰਗਲ-ਪਾਣੀ ਜਾਂਦਾ ਹੁੰਦਾ ਸੀ। ਇਥੇ ਬਦਬੂਦਾਰ ਨਾਲੇ ਉਤੇ ਲਾਈਨ ਲਾਉਣੀ ਪੈਂਦੀ ਹੈ। ਸ਼ੁਰੂ-ਸ਼ੁਰੂ ਵਿਚ ਤਾਂ ਸ਼ਰਮ ਦਾ ਮਾਰਿਆ ਉਹ ਚੰਗੀ ਤਰ੍ਹਾਂ ਜੰਗਲ-ਪਾਣੀ ਹੀ ਨਾ ਜਾ ਸਕਦਾ। ਤੀਵੀਆਂ ਦੇ ਜੰਗਲ-ਪਾਣੀ ਦਾ ਵੀ ਇਹੋ ਹਾਲ ਸੀ। ਬੱਸ, ਐਨਾ ਫਰਕ ਕਿ ਤੀਵੀਆਂ ਨਾਲੇ ਦੇ ਉਤਰੀ ਕੰਢੇ ਵੱਲ ਜਾਂਦੀਆਂ ਤੇ ਆਦਮੀ ਦੱਖਣੀ ਵੱਲ।

"ਕਿਥੋਂ ਦੇ ਰਹਿਣ ਵਾਲੇ ਹੋ ਭੇਜੂ?" ਅਸਗਰ ਸਾਹਿਬ ਦਾ ਸਵਾਲ ਸੀ।

"ਗੋਰਖਪੁਰ ਜ਼ਿਲ੍ਹੇ ਦਾ ਹਾਂ।" ਭੇਜੂ ਦੇ ਮੂੰਹੋਂ ਨਿਕਲਿਆ, ਉਹ ਘਰ ਜਾਣ ਦੀ ਕਾਹਲ ਵਿਚ ਸੀ।

"ਫਿਰ ਉਤਰ ਪ੍ਰਦੇਸ਼ ਦੇ ਰਹਿਣ ਵਾਲੇ ਹੋ।"

"ਬਾਬੂ ਜੀ, ਮੈਨੂੰ ਇਨ੍ਹਾਂ ਗੱਲਾਂ ਦਾ ਨਹੀਂ ਪਤਾ। ਪਤਾ ਏ ਤਾਂ ਸਿਰਫ ਐਨਾ ਕਿ ਗੋਰਖਪੁਰ (ਜ਼ੋਰ ਦੇ ਕੇ) ਜ਼ਿਲ੍ਹੇ ਦਾ ਰਹਿਣ ਵਾਲਾ ਹਾਂ।"

"ਕਿਹੜੀ ਜਾਤ ਦਾ ਏਂ?"

"ਹਰੀਜਨ।"

ਇਸ ਮਗਰੋਂ ਅਸਗਰ ਸਾਹਿਬ ਜਿਸ ਕੋਲ ਉਹ ਡੇਢ ਮਹੀਨੇ ਤੋਂ ਮਜ਼ਦੂਰੀ ਕਰ ਰਿਹਾ ਸੀ, ਨੇ ਉਸ ਨੂੰ ਚਾਹ ਮੰਗਵਾ ਕੇ ਪਿਲਾਈ।

ਇੰਜ ਅਕਸਰ ਹੋਣ ਲੱਗਾ। ਕੰਮ ਖਤਮ ਹੁੰਦਿਆਂ ਹੀ ਅਸਗਰ ਸਾਹਿਬ ਉਸ ਨੂੰ ਰੋਕ ਲੈਂਦੇ, ਸੁੱਖ-ਸਾਂਦ ਪੁੱਛਦੇ ਅਤੇ ਚਾਹ-ਪਾਣੀ ਪਿਲਾ ਦਿੰਦੇ। ਉਹ ਅਸਗਰ ਸਾਹਬ 'ਤੇ ਮੋਹਿਤ ਸੀ ਤੇ ਇਸ ਤੋਂ ਵੀ ਵੱਧ ਆਪਣੇ ਆਪ 'ਤੇ! ਉਹ ਸੋਚਦਾ, ਉਸ ਵਿਚ ਜ਼ਰੂਰ ਕੋਈ ਵਿਸ਼ੇਸ਼ ਗੁਣ ਹੈ; ਤਦੇ ਤਾਂ ਐਨੇ ਮਜ਼ਦੂਰਾਂ ਵਿਚੋਂ ਅਸਗਰ ਸਾਹਿਬ ਉਸੇ ਨੂੰ ਹੀ ਮਾਣ ਨਾਲ ਬੁਲਾਉਂਦੇ ਹਨ।

ਇਕ ਦਿਨ ਅਸਗਰ ਸਾਹਿਬ ਕਹਿਣ ਲੱਗੇ, "ਭੇਜੂ, ਤੂੰ ਐਥੋਂ ਦੀ ਜ਼ਿੰਦਗੀ ਨਾਲ ਖੁਸ਼ ਏਂ?"

"ਕਾਹਦੇ ਖੁਸ਼ ਹਾਂ ਬਾਬੂ ਜੀ!...ਇਥੇ ਵੀ ਉਹੀ ਪ੍ਰੇਸ਼ਾਨੀ ਹੈ। ਬੜੀ ਮੁਸ਼ਕਿਲ ਨਾਲ ਖਰਚ ਪੂਰਾ ਹੁੰਦਾ ਹੈ। ਰਹਿਣ ਲਈ ਜਿਹੜੀ ਥਾਂ ਲਈ ਏ, ਉਥੇ ਹਮੇਸ਼ਾ ਜੁੱਤ-ਪਤਾਣ ਹੁੰਦਾ ਰਹਿੰਦਾ ਹੈ।"

"ਫਿਰ ਕੁਝ ਅਜਿਹਾ ਕਰੋ ਜਿਸ ਨਾਲ ਹਾਲਤ ਸੁਧਰੇ।"

"ਕੀ ਕਰਾਂ ਬਾਬੂ ਜੀ?"

ਅਸਗਰ ਸਾਹਿਬ ਨੇ ਕੁਝ ਸੋਚਣ ਦਾ ਬਹਾਨਾ ਕਰਦਿਆਂ ਕਿਹਾ, "ਕੁਝ ਦੱਸਾਂ ਤਾਂ ਸ਼ਾਇਦ ਤੈਨੂੰ ਮਨਜ਼ੂਰ ਹੀ ਨਾ ਹੋਵੇ।"

"ਦੱਸੋ, ਮਨਜ਼ੂਰ ਕਿਉਂ ਨਹੀਂ ਹੋਵੇਗਾ?"

"ਨਹੀਂ, ਤੈਨੂੰ ਬਿਲਕੁਲ ਮਨਜ਼ੂਰ ਨਹੀਂ ਹੋ ਸਕਦਾ।"

"ਨਹੀਂ ਦੱਸੋ, ਮੈਨੂੰ ਸਭ ਮਨਜ਼ੂਰ ਹੋਵੇਗਾ।"

"ਤੈਨੂੰ ਜੀਅ ਤਕੜਾ ਕਰਨਾ ਪਵੇਗਾ।"

"ਜੀਅ ਤਾਂ ਤਕੜਾ ਹੀ ਏ ਸਰਕਾਰ।"

"ਸਾਡੀ ਬਿਰਾਦਰੀ ਵਿਚ ਸ਼ਾਮਲ ਹੋ ਜਾਓ।"

ਫਿਰ ਥੋੜ੍ਹਾ ਰੁਕ ਕੇ ਬੋਲੇ, "ਖੜ੍ਹੇ ਪੈਰ ਪੰਜ ਹਜ਼ਾਰ ਦੁਆ ਦੇਵਾਂਗਾ। ਰਹਿਣ ਲਈ ਘੱਟ ਕਿਰਾਏ 'ਤੇ ਮਕਾਨ ਅਲੱਗ। ਨਲਕਾ ਹੋਵੇਗਾ, ਟੱਟੀ ਹੋਵੇਗੀ। ਇਹ ਸਭ ਕੁਝ ਤੁਰੰਤ ਹੀ ਹੋ ਜਾਵੇਗਾ। ਜੇ ਕਦੀ ਤੈਨੂੰ ਕੋਈ ਮੁਸ਼ਕਿਲ ਆਵੇਗੀ ਤਾਂ ਸਾਰੀ ਬਿਰਾਦਰੀ ਤੇਰੀ ਮੱਦਦ ਲਈ ਟੁੱਟ ਪਵੇਗੀ। ਸਾਡੀ ਬਿਰਾਦਰੀ ਵਿਚ ਸ਼ਾਨ ਨਾਲ ਰਹੋਗੇ। ਬਰਾਬਰੀ ਦਾ ਅਹਿਸਾਸ ਹੋਵੇਗਾ। ਮੈਂ ਕਹਿੰਦਾ ਹਾਂ, ਜੇ ਤੂੰ ਸਾਡੀ ਬਿਰਾਦਰੀ ਵਿਚ ਆ ਜਾਵੇਂ, ਮੈਂ ਤੇਰੀ ਜੂਠ ਖਾਵਾਂਗਾ।"

"ਆਪਣਾ ਧਰਮ ਕਿਵੇਂ ਛੱਡ ਦਿਆਂ?" ਫਟੀਆਂ ਅੱਖਾਂ ਨਾਲ ਭੇਜੂ ਬੋਲਿਆ।

"ਇਕ ਧਰਮ ਛੁੱਟੇਗਾ, ਤਾਂ ਦੂਜਾ ਮਿਲ ਜਾਵੇਗਾ। ਬਥੇਰਾ ਚਿਰ ਰਹਿ ਗਿਆ ਏਂ ਇਸ ਧਰਮ ਵਿਚ।" ਅਸਗਰ ਸਾਹਿਬ ਨੇ ਦਲੀਲ ਦਿੱਤੀ।

ਅਗਲੀ ਸ਼ਾਮ ਭੇਜੂ ਅੱਖ ਬਚਾ ਕੇ ਦੌੜ ਜਾਣਾ ਚਾਹੁੰਦਾ ਸੀ, ਪਰ ਅਸਗਰ ਸਾਹਿਬ ਨੇ ਟੋਕ ਹੀ ਦਿੱਤਾ, "ਸ਼ਾਮਲ ਹੋਣਾ ਨਾ ਹੋਣਾ ਤੇਰੇ ਦਿਲ ਦੀ ਮੌਜ ਏ, ਗੱਲ ਕਰਨ ਵਿਚ ਤਾਂ ਨਹੀਂ ਕੁਝ ਘਟ ਜਾਣਾ?" ਉਸ ਦਾ ਅੱਗੇ ਉਠਿਆ ਕਦਮ ਉਠਿਆ ਹੀ ਰਹਿ ਗਿਆ।

"ਭੇਜੂ, ਘਾਟੇ ਦਾ ਸੌਦਾ ਨਹੀਂ।" ਅਸਗਰ ਸਾਹਿਬ ਨੇ ਉਸ ਨੂੰ ਪ੍ਰਭਾਵਿਤ ਕਰਨ ਲਈ ਜ਼ੋਰ ਦੇ ਕੇ ਕਿਹਾ।

"ਕੀ ਦੱਸਾਂ ਬਾਬੂ ਜੀ!"

"ਨਹੀਂ, ਕਹਿ ਜੋ ਕਹਿਣਾ ਹੈ।"

"ਲੋਕੀਂ ਕੀ ਕਹਿਣਗੇ?"

"ਜਦੋਂ ਢਿੱਡ ਭਰ ਕੇ ਖਾਣ ਨੂੰ ਨਹੀਂ ਮਿਲ ਰਿਹਾ, ਤਾਂ ਲੋਕ ਕਿਉਂ ਨਹੀਂ ਕੁਝ ਕਹਿੰਦੇ?"

"ਲੋਕ ਕਹਿਣਗੇ, ਲਾਲਚ ਵਿਚ ਫਸ ਕੇ ਧਰਮ ਛੱਡ ਦਿੱਤਾ।"

"ਜਦੋਂ ਨਿਆਣੇ ਭੁੱਖ, ਬਿਮਾਰੀ ਨਾਲ ਤੜਫ-ਤੜਫ ਕੇ ਮਰ ਜਾਣਗੇ, ਤਾਂ ਤੇਰਾ ਕਿਹੜਾ ਧਰਮ ਰਹੇਗਾ?"

"ਮੰਨ ਲਓ, ਮੈਂ ਬਣ ਜਾਂਦਾ ਹਾਂ, ਫਿਰ ਮੇਰੀ ਘਰਵਾਲੀ ਨੂੰ ਬੁਰਕਾ ਪਾਉਣਾ ਪਵੇਗਾ?"

"ਪਾ ਲਵੇ ਤਾਂ ਬੜੀ ਚੰਗੀ ਗੱਲ ਏ, ਬੇਪਰਦਗੀ ਚਲੀ ਜਾਵੇਗੀ। ਭੇਜੂ, ਤੂੰ ਪੜ੍ਹਿਆ-ਲਿਖਿਆ ਨਹੀਂ ਏਂ; ਨਹੀਂ ਤਾਂ ਮੌਲਾਨਾ ਮੌਦੀ ਦੀ ਕਿਤਾਬ 'ਪਰਦਾ' ਜਿਸ ਦਾ ਭਾਰ ਪੰਜ ਕਿਲੋ ਦੇ ਕਰੀਬ ਹੈ, ਤੈਨੂੰ ਪੜ੍ਹਾਉਂਦਾ। ਫਿਰ ਤੇਰੇ ਖਾਣੇ ਵਿਚ ਗੱਲ ਪੈਂਦੀ, ਬਈ ਪਰਦਾ ਕੀ ਚੀਜ਼ ਹੈ। ਫਿਰ ਵੀ ਜੇ ਤੂੰ ਨਾ ਚਾਹੇਂ, ਐਨੀ ਕੁ ਛੋਟ ਤੈਨੂੰ ਮਿਲ ਜਾਵੇਗੀ।"

"...ਤੇ ਬਾਬੂ ਜੀ ਮੇਰੀ ਮੁਸਲਮਾਨੀ ਵੀ ਕੀਤੀ ਜਾਵੇਗੀ।"

ਅਸਗਰ ਸਾਹਿਬ ਨੇ ਮੁਸਕਰਾ ਕੇ ਕਿਹਾ, "ਚਾਹੁੰਦੇ ਹੋ?"

"ਮੈਨੂੰ ਡਰ ਲਗਦਾ ਹੈ।"

"ਚੱਲ ਤੇਰੇ ਵਾਸਤੇ ਇਹ ਵੀ ਮਨਜ਼ੂਰ, ਪਰ ਬੱਚਿਆਂ ਨੂੰ ਤਾਂ ਸੁੰਨਤ ਕਰਾਉਣੀ ਹੀ ਪਵੇਗੀ।"

"ਪਰ ਮੇਰੇ ਬੱਚੇ ਰੋਂਦੇ ਬਹੁਤ ਨੇ, ਮੁਸਲਮਾਨੀ ਵੇਲੇ ਤਾਂ ਜਾਨ ਹੀ ਨਿਕਲ ਜਾਊ ਉਨ੍ਹਾਂ ਦੀ।"

"ਭੇਜੂ, ਤੂੰ ਵੀ ਮੂਰਖਾਂ ਵਾਲੀਆਂ ਗੱਲਾਂ ਕਰਦਾ ਏਂ, ਮੁਸਲਮਾਨੀ ਕਰਾਉਂਦੇ ਸਮੇਂ ਅੱਜ ਤੀਕ ਕੋਈ ਮਰਿਆ ਏ? ਸਭ ਕੁਝ ਢੰਗ ਨਾਲ ਕੀਤਾ ਜਾਂਦਾ ਏ। ਅੰਨ੍ਹੇਵਾਹ ਕਤਲਾਮ ਨਹੀਂ ਹੁੰਦਾ।"

"ਚੰਗਾ ਜੀ, ਹੋਰ ਕੀ-ਕੀ ਹੋਵੇਗਾ?" ਉਸ ਦੇ ਚਿਹਰੇ 'ਤੇ ਹੈਰਾਨੀ ਤੇ ਉਤਸੁਕਤਾ ਦੇ ਚਿੰਨ੍ਹ ਉਭਰੇ।

"ਹੋਣਾ ਕੀ ਏ, ਤੁਹਾਡੇ ਹਿੰਦੂਆਂ ਦੀ ਤਰ੍ਹਾਂ ਸਾਡੇ ਬਹੁਤੇ ਟਟਵੈਰ ਨਹੀਂ ਹੁੰਦੇ। 'ਝੱਟ ਮੰਗਣੀ ਪੱਟ ਵਿਆਹ' ਵਾਲੀ ਗੱਲ ਹੁੰਦੀ ਏ। ਇਮਾਮ ਸਾਹਿਬ ਤੁਹਾਡੇ ਨਵੇਂ ਨਾਉਂ ਰੱਖ ਦੇਣਗੇ। ਨਮਾਜ਼ ਵਿਚ ਬੈਠ ਜਾਣਾ, ਬੱਸ ਮੁਸਲਮਾਨ ਹੋ ਗਏ। ਨਮਾਜ਼ ਪੜ੍ਹਨੀ ਤੈਨੂੰ ਸਿਖਾ ਦੇਵਾਂਗਾ।"

"ਪਰ ਮੈਂ ਨਮਾਜ਼ ਕਿਵੇਂ ਸਿੱਖਾਂਗਾ? ਕਦੋਂ ਉਠਣਾ ਏ, ਕਦੋਂ ਬੈਠਣਾ ਏ, ਇਹ ਸਭ ਭੁੱਲ ਜਾਵਾਂਗਾ। ਅਨਪੜ੍ਹ ਹਾਂ ਨਾ।"

"ਬੱਲੇ ਉਇ ਤੇਰੇ, ਜਾਹਲ ਬੰਦੇ ਤਾਂ ਸਭ ਤੋਂ ਵਧੀਆ ਨਮਾਜ਼ ਪੜ੍ਹਦੇ ਹਨ। ਨਮਾਜ਼ ਦੀ ਜ਼ਿੰਮੇਵਾਰੀ ਮੇਰੇ 'ਤੇ ਰਹੀ। ਮੈਂ ਤੈਨੂੰ ਚੰਗੀ ਤਰ੍ਹਾਂ ਸਿਖਾ ਦਿਆਂਗਾ।"

ਅਗਲੀ ਸਵੇਰ ਭੇਜੂ ਅਸਗਰ ਸਾਹਿਬ ਨਾਲ ਗੱਲਾਂ ਕਰਨ ਲਈ ਆਪ ਰੁਕ ਗਿਆ।

"ਇਕ ਗੱਲ ਕਰਨੀ ਸੀ ਤੁਹਾਡੇ ਨਾਲ।"

"ਕਰੋ ਭੇਜੂ।" ਕਹਿੰਦਿਆਂ ਅਸਗਰ ਸਾਹਿਬ ਨੇ ਨੌਕਰ ਨੂੰ ਚਾਹ ਲਈ ਬੋਲ ਦਿੱਤਾ।

"ਪੰਜ ਹਜ਼ਾਰ ਘੱਟ ਨੇ।"

ਇਹ ਸੁਣਦਿਆਂ ਹੀ ਅਸਗਰ ਸਾਹਿਬ ਅੱਗ



ਦੀ ਲਾਟ ਵਾਂਗ ਭੜਕੇ, "ਘੱਟ ਨੇ? ਤੇਰੀਆਂ ਸੱਤ ਪੀੜ੍ਹੀਆਂ ਨੇ ਵੀ ਪੰਜ ਹਜ਼ਾਰ ਵੇਖੇ ਨੇ? ਮੂਰਖ ਕਿਸੇ ਥਾਂ ਦਾ।"

"ਬਾਬੂ ਜੀ, ਜਦੋਂ ਅਸੀਂ ਆਪਣਾ ਧਰਮ ਛੱਡਾਂਗੇ, ਤਾਂ ਸਾਨੂੰ ਵੀ ਤਾਂ ਕੁਝ ਮਜ਼ਬੂਤੀ ਦੀ ਲੋੜ ਪਵੇਗੀ।" ਭੇਜੂ ਨੇ ਬਿਨਾਂ ਕਿਸੇ ਡਰ ਤੋਂ ਜ਼ੋਰ ਦੇ ਕੇ ਕਿਹਾ।

"ਐਨਿਆਂ ਨਾਲ ਮਜ਼ਬੂਤੀ ਨਹੀਂ ਆਵੇਗੀ?"

"ਕਿਥੋਂ ਆਵੇਗੀ।"

"ਫਿਰ ਕਿੰਨਿਆਂ ਨਾਲ ਆਵੇਗੀ?"

"ਠੀਕ-ਠੀਕ ਕਹਾਂ, ਤਾਂ ਤਿੰਨ ਹਜ਼ਾਰ ਹੋਰ ਦੁਆ ਦਿਓ।"

ਥੋੜ੍ਹੀ ਦੇਰ ਤੱਕ ਚੁੱਪ ਪਸਰੀ ਰਹੀ। ਫਿਰ ਅਸਗਰ ਸਾਹਿਬ ਨੇ ਕਿਹਾ, "ਠੀਕ ਹੈ, ਐਨਾ ਹੀ ਮਿਲੇਗਾ, ਪਰ ਹੁਣ ਗੱਲ ਨਹੀਂ ਟਾਲਣੀ ਹੋਵੇਗੀ, ਨਹੀਂ ਤਾਂ..."

"ਨਹੀਂ ਬਾਬੂ ਜੀ, ਐਨਾ ਮਿਲ ਜਾਵੇਗਾ ਤਾਂ ਬਹੁਤ ਹੋਵੇਗਾ। ਹੋਰ ਲਾਲਚ ਨਹੀਂ ਦਿਖਾਵਾਂਗਾ।"

"ਸਹੁੰ ਖਾ ਕੇ ਕਹਿ ਬਈ ਅੱਠ ਹਜ਼ਾਰ ਤੋਂ ਜ਼ਿਆਦਾ ਨਹੀਂ ਮੰਗੇਂਗਾ ਅਤੇ ਮੁਸਲਮਾਨ ਬਣੇਂਗਾ।"

ਭੇਜੂ ਨੇ ਸਹੁੰ ਖਾ ਲਈ।

ਅਗਲੇ ਦਿਨ ਮਸਜਿਦ ਵਿਚ, ਹਿੰਦੂਆਂ ਵਿਚ ਨਾਪਾਕ ਸਮਝੇ ਜਾਣ ਵਾਲੇ ਭੇਜੂ ਨੂੰ ਪਾਕ, ਮਨਜ਼ੂਰ ਅਹਿਮਦ ਬਣਾ ਦਿੱਤਾ ਗਿਆ। ਉਸੇ ਦਿਨ ਉਸ ਦੇ ਦੋਹਾਂ ਲੜਕਿਆਂ ਦੀ ਮੁਸਲਮਾਨੀ ਵੀ ਹੋ ਗਈ। ਦੋਹਾਂ ਲੜਕਿਆਂ ਦੇ ਨਾਉਂ ਅਲਤਾਫ਼ ਅਹਿਮਦ ਅਤੇ ਮੁਸ਼ਤਾਕ ਅਹਿਮਦ ਰੱਖ ਦਿੱਤੇ ਗਏ। ਉਸ ਦੀ ਘਰਵਾਲੀ ਦਾ ਨਾਂ ਰੱਖਿਆ ਗਿਆ ਜ਼ੇਬੁਨ, ਮਤਲਬ ਜ਼ੈਬੁਨਿਸਾ। ਉਸੇ ਦਿਨ ਮਸਜਿਦ ਦੇ ਪਿਛਾੜੀ ਇਕ ਕੋਠੜੀ ਵਿਚ ਭੇਜੂ ਜਿਹੜਾ ਹੁਣ ਮਨਜ਼ੂਰ ਅਹਿਮਦ ਬਣ ਗਿਆ ਸੀ, ਨੇ ਆਪਣਾ ਡੇਰਾ ਜਮਾ ਲਿਆ।

ਮਨਜ਼ੂਰ ਅਹਿਮਦ ਨੇ ਮਸਜਿਦ ਦੇ ਪਿਛਾੜੀ ਕੋਠੜੀ ਵਿਚ ਲਗਾਤਾਰ ਡੇਢ ਸਾਲ ਗੁਜ਼ਾਰ ਦਿੱਤਾ। ਇਕ ਸ਼ਾਮ ਕੰਮ ਤੋਂ ਪਰਤ ਕੇ ਮੰਜੇ 'ਤੇ ਆਰਾਮ ਕਰਦਿਆਂ ਪਤਾ ਨਹੀਂ ਮਨ ਵਿਚ ਕੀ ਵੇਗ ਉਠਿਆ, ਉਸ ਨੇ ਜ਼ੇਬੁਨ ਨੂੰ ਕਿਹਾ, "ਹੁਣ ਤਾਂ ਪਿੰਡ ਵਿਚ ਹੀ ਰਹਾਂਗੇ।"

"ਪਾਗਲ ਹੋ ਗਿਆ ਏਂ? ਪਿੰਡ ਜਾ ਕੇ ਕੀ ਕਰਾਂਗੇ?"

"ਕੁਝ ਵੀ ਕਰੀਏ, ਪਰ ਐਥੇ ਨਹੀਂ ਰਹਿਣਾ।" ਇੰਨਾ ਕਹਿ ਕੇ ਉਸ ਨੇ ਸਮਾਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਫਿਕਰਮੰਦ ਜ਼ੇਬੁਨ ਨੇ ਪੁੱਛਿਆ, "ਕਿਉਂ ਗੱਲ ਕੀ ਹੋ ਗਈ? ਤੈਨੂੰ ਕਿਸੇ ਨੇ ਕੁਝ ਕਿਹਾ ਏ?"

"ਨਹੀਂ, ਕਿਸੇ ਨੇ ਕੁਝ ਨਹੀਂ ਕਿਹਾ।"

"ਫਿਰ ਕੀ ਹੋਇਆ?"

"ਹੋਣਾ ਕੀ ਏ? ਐਥੇ ਨਹੀਂ ਲਗਦਾ ਦਿਲ। ਦਮ ਘੁਟਦਾ ਏ ਮੇਰਾ ਤਾਂ।"

"ਹੁਣੇ ਥੋੜ੍ਹੀ ਦੇਰ ਪਹਿਲਾਂ ਤੱਕ ਦਮ ਨਹੀਂ ਸੀ ਘੁਟਦਾ? ਪਏ-ਪਏ ਦਮ ਘੁਟਣ ਲੱਗ ਪਿਆ?"

"ਵੇਖ, ਮੇਰੇ ਨਾਲ ਬਹੁਤੀ ਬਹਿਸ ਕਰਨ ਦੀ ਲੋੜ ਨਹੀਂ। ਚਿੱਤ ਮੰਨਦਾ ਏ ਤਾਂ ਚੁੱਪ-ਚਾਪ ਚੱਲ, ਨਹੀਂ ਮੰਨਦਾ ਤਾਂ ਐਥੇ ਹੀ ਰਹਿ।"

ਜ਼ੇਬੁਨ ਚੁੱਪ ਹੋ ਗਈ। ਥੋੜ੍ਹੀ ਦੇਰ ਬਾਅਦ ਬੋਲੀ, "ਪਰ ਪਿੰਡ ਜਾਵਾਂਗੇ ਤਾਂ ਬਿਰਾਦਰੀ ਵਾਲੇ ਕੀ ਕਹਿਣਗੇ?"

"ਇਸ ਗੱਲ ਦੀ ਚਿੰਤਾ ਨਾ ਕਰ।"

"ਫਿਰ ਵੀ ਮੈਨੂੰ ਵੀ ਕੁਝ ਦੱਸ, ਮੈਂ ਤੇਰੀ ਪਤਨੀ ਹਾਂ।"

"ਸੱਚ ਤਾਂ ਇਹ ਹੈ ਕਿ ਮੁਸਲਮਾਨ ਹੋਣ ਤੋਂ ਮੇਰਾ ਮਨ ਭਰ ਗਿਆ ਏ। ਨਮਾਜ਼ਾਂ ਰੋਜ਼ੇ, ਇਹ ਕਰ, ਉਹ ਨਾ ਕਰ। ਇਹ ਸਭ ਕੁਝ ਹੁਣ ਮੈਥੋਂ ਨਹੀਂ ਹੋਣਾ।"

"ਪਰ ਅਸਗਰ ਸਾਹਿਬ ਕੀ ਕਹਿਣਗੇ?"

"ਗੋਲੀ ਮਾਰ ਉਹਦੇ, ਉਹ ਕਿਹੜਾ ਪਹਿਰੇਦਾਰ ਏ ਜਿਹੜਾ ਰਾਤ ਨੂੰ ਪਹਿਰਾ ਦਿੰਦਾ ਏ।"

ਪਿੰਡ ਜਿਹੜਾ ਬੰਦਾ ਪਹੁੰਚਿਆ ਸੀ, ਉਹ ਮਨਜ਼ੂਰ ਅਹਿਮਦ ਨਹੀਂ, ਭੇਜੂ ਸੀ। ਰਸਤੇ ਵਿਚ ਕਿਸੇ ਸਟੇਸ਼ਨ ਤੋਂ ਆਪਣੀ ਦਾੜ੍ਹੀ ਮੁਨਵਾ ਕੇ, ਬੱਚਿਆਂ ਦੀਆਂ ਗੋਲ ਟੋਪੀਆਂ ਸੁੱਟ ਕੇ, ਉਸ ਨੇ ਪਹਿਲਾਂ ਵਾਲਾ ਹੀ ਰੂਪ ਧਾਰ ਲਿਆ ਸੀ। ਆਪਣੀ ਕੁੱਲੀ ਪਾ ਕੇ ਉਸ ਨੇ ਮਜ਼ਦੂਰੀ ਸ਼ੁਰੂ ਕਰ ਦਿੱਤੀ।

ਪਿੰਡ ਛੱਡਣ ਤੋਂ ਪਹਿਲਾਂ ਵੀ ਮਜ਼ਦੂਰੀ ਕਰਦਾ ਸੀ, ਬਾਬੂ ਸਾਹਿਬ ਦੇ ਘਰ। ਬੰਨ੍ਹੀ-ਬੰਨ੍ਹਾਈ ਮਜ਼ਦੂਰੀ ਵਾਲੀ ਕੋਈ ਗੱਲ ਨਹੀਂ ਸੀ; ਜਦੋਂ ਉਹ ਕੁਝ ਮੰਗਦਾ, ਬਾਬੂ ਸਾਹਿਬ ਕੁਝ ਨਾ ਕੁਝ ਉਸ ਦੇ ਹੱਥ 'ਤੇ ਧਰ ਦਿੰਦੇ। ਉਸ ਦਾ ਆਪਣਾ ਡੇਢ ਵਿੱਘੇ ਦਾ ਖੇਤ ਵੀ ਸੀ। ਆਪਣੇ ਖੇਤ ਵਿਚ ਉਹ ਆਪ ਹਲ ਵਾਹੁੰਦਾ, ਫਸਲ ਬੀਜਦਾ, ਵਾਢੀ ਕਰਦਾ, ਪਰ ਉਸ ਦੀ ਇਕ-ਤਿਹਾਈ ਪੈਦਾਵਾਰ ਹੀ ਉਸ ਨੂੰ ਮਿਲਦੀ। ਦੋ-ਤਿਹਾਈ ਪੈਦਾਵਾਰ ਬਾਬੂ ਸਾਹਿਬ ਦੇ ਖਾਤੇ ਵਿਚ ਚਲੀ ਜਾਂਦੀ, ਕਿਉਂਕਿ ਉਨ੍ਹਾਂ ਨੇ ਖੇਤ ਵਟਾਈ 'ਤੇ ਲੈ ਰੱਖਿਆ ਸੀ। ਉਹਨੇ ਇਸੇ ਵਟਾਈ-ਲੁਟਾਈ ਵਿਚ ਖੇਤ ਵੇਚਿਆ, ਤੇ ਕਲਕੱਤੇ ਚੱਲ ਪਿਆ ਸੀ।

ਹੁਣ ਭੇਜੂ ਦਾ ਪਿੰਡ ਵਿਚ ਵੀ ਬਹੁਤੇ ਦਿਨਾਂ ਤੱਕ ਜੀਅ ਨਾ ਲੱਗਿਆ। ਧਰਮ ਬਦਲੀ ਦੀ ਕਮਾਈ ਮੁੱਕਦਿਆਂ ਹੀ ਉਸ ਨੂੰ ਫਿਰ ਪਰਦੇਸ ਜਾਣਾ ਪਿਆ। ਇਸ ਵਾਰੀ ਦਾ ਪਰਦੇਸ ਬੰਬਈ (ਹੁਣ ਮੁੰਬਈ) ਸੀ। ਬੰਬਈ ਉਸ ਲਈ ਕੁਝ ਸੁਖਾਲਾ ਰਿਹਾ। ਪਹੁੰਚਿਆ ਹੀ ਸੀ ਕਿ ਮਜ਼ਦੂਰੀ ਮਿਲ ਗਈ। ਜਿਸ ਬਹੁ-ਮੰਜ਼ਲੀ ਇਮਾਰਤ ਦੇ ਨਿਰਮਾਣ ਵਿਚ ਉਸ ਨੂੰ ਮਜ਼ਦੂਰੀ ਮਿਲੀ ਸੀ, ਉਥੇ ਹੀ ਅੱਧੀ ਮਜ਼ਦੂਰੀ 'ਤੇ ਉਸ ਦੀ ਪਤਨੀ ਨੂੰ ਵੀ ਕੰਮ ਮਿਲ ਗਿਆ। ਰਹਿਣ ਲਈ ਠੇਕੇਦਾਰ ਦੁਆਰਾ ਬਣਵਾਈ ਝੌਂਪੜੀ ਮੁਫ਼ਤ ਵਿਚ ਮਿਲ ਗਈ।

ਇਕ ਸ਼ਾਮ ਉਹ ਲੱਤਾਂ ਪਸਾਰੀ ਝੌਂਪੜੀ ਦੇ ਬਾਹਰ ਬੈਠਾ ਸੀ ਕਿ ਇਕ ਔਰਤ ਆ ਧਮਕੀ। ਭੇਜੂ ਘਬਰਾ ਕੇ ਉਠ ਖੜ੍ਹਾ ਹੋਇਆ। ਉਹ ਮੁਸਕਰਾ ਰਹੀ ਸੀ। ਭੇਜੂ ਨੇ ਮੰਜਾ ਡਾਹ ਦਿੱਤਾ। ਉਹ ਮੁਸਕਰਾਉਂਦੀ ਹੋਈ ਮੰਜੇ 'ਤੇ ਬੈਠ ਗਈ। ਉਸ ਨੇ ਭੇਜੂ ਨੂੰ ਈਸਾ ਮਸੀਹ ਬਾਰੇ ਬੜੇ ਵਿਸਥਾਰ ਨਾਲ ਦੱਸਿਆ। ਸੁੱਖ ਦੀ ਕਲਪਨਾ ਕਰਦਿਆਂ ਭੇਜੂ ਦੇ ਮੂੰਹ ਵਿਚ ਲਾਰ ਟਪਕ ਆਈ। ਕਹਿ ਬੈਠਾ, "ਤੁਸੀਂ ਬੜੀਆਂ ਚੰਗੀਆਂ ਗੱਲਾਂ ਦੱਸ ਰਹੇ ਹੋ।"

"ਤੈਨੂੰ ਸੱਚਮੁੱਚ ਮੇਰੀਆਂ ਗੱਲਾਂ ਪਸੰਦ ਆਈਆਂ?"

"ਹਾਂ, ਤੁਸੀਂ ਬੜੀਆਂ ਚੰਗੀਆਂ ਗੱਲਾਂ ਕਰ ਰਹੇ ਹੋ।"...ਤੇ ਉਹ ਔਰਤ ਕਦੀ ਫਿਰ ਆਉਣ ਲਈ ਆਖ ਕੇ ਚਲੀ ਗਈ।

ਕੁਝ ਮੁਲਾਕਾਤਾਂ ਹੋਰ ਹੋਈਆਂ। ਇਕ ਦਿਨ ਉਹ ਔਰਤ ਭੇਜੂ ਨੂੰ ਫਾਦਰ ਡਿਸੂਜ਼ਾ ਕੋਲ ਲੈ ਗਈ। ਫਾਦਰ ਕੋਲ ਭੇਜੂ ਧਰਮ ਬਦਲੀ ਦੇ ਛੇ ਹਜ਼ਾਰ ਲੈਣ 'ਤੇ ਅੜ ਗਿਆ। ਫਾਦਰ ਨੇ ਪਹਿਲਾਂ ਤਾਂ ਉਸ ਨੂੰ ਕਾਫ਼ੀ ਬੁਰਾ-ਭਲਾ ਕਿਹਾ ਪਰ ਮਨ ਵਿਚ ਇਹ ਹਿਸਾਬ-ਕਿਤਾਬ ਲਾਉਂਦਿਆਂ ਕਿ ਇਸ ਦੀਆਂ ਪੀੜ੍ਹੀਆਂ ਤੁਰਨਗੀਆਂ, ਵਧਣਗੀਆਂ ਤੇ ਉਹ ਸਭ ਈਸਾਈ ਹੋਣਗੀਆਂ, ਤਾਂ ਇਹ ਨਫ਼ੇ ਦਾ ਹੀ ਸੌਦਾ ਹੋਵੇਗਾ। ਉਸ ਨੇ ਛੇ ਹਜ਼ਾਰ ਦੇਣ ਦੀ ਸਹਿਮਤੀ ਦੇ ਦਿੱਤੀ।

ਭੇਜੂ, ਉਸ ਦੀ ਪਤਨੀ ਅਤੇ ਦੋ ਬੱਚਿਆਂ ਦਾ ਰਸਮ ਅਨੁਸਾਰ ਬਪਤਿਸਮਾ ਹੋਇਆ ਜਿਨ੍ਹਾਂ ਦੇ ਨਾਂ ਕ੍ਰਮਵਾਰ ਇਸ ਪ੍ਰਕਾਰ ਸਨ: ਜੋਜ਼ਫ਼, ਐਲਫਰੇਡਾ, ਪੀਟਰ ਅਤੇ ਵਿਕਟਰ। ਰਹਿਣ ਲਈ ਉਸ ਨੂੰ ਗਿਰਜਾ ਘਰ ਦੇ ਅਹਾਤੇ ਵਿਚ ਕੋਠੜੀ ਮਿਲ ਗਈ। ਪਤਨੀ ਐਲਫਰੇਡਾ ਨੂੰ ਗਿਰਜਾ ਘਰ ਵਿਚ ਸਫ਼ਾਈ ਦਾ ਕੰਮ ਮਿਲ ਗਿਆ ਅਤੇ ਜੋਜ਼ਫ਼ ਆਪਣੇ ਵੱਡੇ ਲੜਕੇ ਪੀਟਰ ਨਾਲ ਮਜ਼ਦੂਰੀ ਉਤੇ ਜਾਣ ਲੱਗਿਆ। ਹਰ ਸ਼ਾਮ ਉਹ ਪਰਿਵਾਰ ਸਮੇਤ ਗਿਰਜਾ ਘਰ ਵਿਚ ਪ੍ਰਾਰਥਨਾ ਕਰਦਾ। ਫਾਦਰ ਨੇ ਜੋਜ਼ਫ਼ ਅਤੇ ਉਸ ਦੇ ਪੁੱਤਰਾਂ ਨੂੰ ਪੁਰਾਣੇ ਪੈਂਟ ਕਮੀਜ਼ ਅਤੇ ਉਸ ਦੀ ਪਤਨੀ ਨੂੰ ਪੁਰਾਣਾ ਸਕਰਟ ਦਿੱਤਾ। ਉਨ੍ਹਾਂ ਨੇ ਆਪਣੇ ਪੁਰਾਣੀ ਕਿਸਮ ਦੇ ਕੱਪੜਿਆਂ ਨੂੰ ਅਲਵਿਦਾ ਆਖੀ ਅਤੇ ਆਧੁਨਿਕ ਹੋ ਗਏ।

ਇਕ ਸਵੇਰ ਗਿਰਜਾ ਘਰ ਦੀ ਸਫ਼ਾਈ ਜਦ ਦੇਰ ਤੱਕ ਨਾ ਹੋਈ, ਤਾਂ ਨੰਨ ਐਲਫਰੇਡਾ ਨੂੰ ਬੁਲਾਉਣ ਗਈ। ਕੋਠੜੀ ਕੋਲ ਜਾ ਕੇ ਕਈ ਆਵਾਜ਼ਾਂ ਮਾਰਨ ਉਤੇ ਵੀ ਜਦੋਂ ਕੋਈ ਨਾ ਬੋਲਿਆ, ਤਾਂ ਉਸ ਨੇ ਹੱਥ ਨਾਲ ਦਰਵਾਜ਼ਾ ਧੱਕਿਆ। ਖਾਲੀ ਕੋਠੜੀ ਭਾਂਅ-ਭਾਂਅ ਕਰ ਰਹੀ ਸੀ। ਜੋਜ਼ਫ਼ ਪਰਿਵਾਰ ਸਮੇਤ ਉਡਾਰੀ ਮਾਰ ਗਿਆ ਸੀ।

ਇਸ ਵਾਰੀ ਵੀ ਭੇਜੂ ਪੱਕੇ ਤੌਰ 'ਤੇ ਆਪਣੇ ਪਿੰਡ ਨਾ ਰੁਕਿਆ। ਬੰਬਈ ਦੀ ਕਮਾਈ ਮੁੱਕਣ ਦੀ ਦੇਰ ਸੀ ਕਿ ਉਹ ਪਰਿਵਾਰ ਸਮੇਤ ਦਿੱਲੀ ਪੁੱਜ ਗਿਆ। ਦਿੱਲੀ ਵਿਚ ਕਾਫ਼ੀ ਦਿਨਾਂ ਤੱਕ ਇੱਧਰ-ਉਧਰ ਮਜ਼ਦੂਰੀ ਕਰਦਾ ਰਿਹਾ। ਇਕ ਦਿਨ ਉਹ ਠੇਕੇਦਾਰ ਸਰਦਾਰ ਹਰਨੈਲ ਸਿੰਘ ਦੇ ਸੰਪਰਕ ਵਿਚ ਆ ਗਿਆ। ਸਰਦਾਰ ਜੀ ਨੇ ਗੜਗਾਉਂ ਰੋਡ ਉਤੇ ਆਪਣੇ ਇੱਟਾਂ ਦੇ ਭੱਠੇ 'ਤੇ ਉਸ ਨੂੰ ਚੌਕੀਦਾਰ ਬਣਾ ਕੇ ਭੇਜ ਦਿੱਤਾ। ਉਸ ਦੇ ਦੋਨੋਂ ਬੱਚੇ ਵੀ ਮਜ਼ਦੂਰੀ ਕਰਨ ਲੱਗ ਪਏ।

ਸਰਦਾਰ ਹਰਨੈਲ ਸਿੰਘ ਅਕਾਲੀ ਦਲ ਦੇ ਸ਼ਰਧਾਲੂ ਅਤੇ ਉਘੇ ਮੈਂਬਰ ਸਨ। ਵੱਡੇ-ਵੱਡੇ ਸਿੱਖ

***(ਬਾਕੀ ਅਗਲੇ ਸਫੇ ਉਤੇ)***

# ਖੀਰ ਨੀਰ ਦਾ ਨਬੇੜਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬੀ ਲੋਕਾਂ ਵਿਚ ਤਿੰਨ ਮਿੱਠੀਆਂ ਚੀਜ਼ਾਂ ਸਭ ਤੋਂ ਵਧ ਪ੍ਰਚਲਿਤ ਅਤੇ ਹਰਮਨ-ਪਿਆਰੀਆਂ ਹਨ- ਖੀਰ, ਕੜਾਹ ਅਤੇ ਸੇਵੀਆਂ। ਇਥੇ ਮਿੱਠੀ ਚੀਜ਼ ਤੋਂ ਮੇਰੀ ਮੁਰਾਦ ਹੈ ਖਾਣੇ ਪਿਛੋਂ ਮੂੰਹ ਮਿੱਠਾ ਕਰਨ ਲਈ ਪਰੋਸਿਆ ਜਾਂਦਾ ਪਕਵਾਨ ਜਿਸ ਨੂੰ ਅੰਗਰੇਜ਼ੀ ਵਿਚ ਸਵੀਟ ਡਿਸ਼ ਕਿਹਾ ਜਾਂਦਾ ਹੈ। ਮੁਢਲੇ ਤੌਰ 'ਤੇ ਚੌਲ, ਦੁਧ ਅਤੇ ਖੰਡ ਨੂੰ ਰਿੰਨ੍ਹ ਕੇ ਖੀਰ ਬਣਾਈ ਜਾਂਦੀ ਹੈ ਪਰ ਅੱਜ ਕਲ੍ਹ ਚੌਲਾਂ ਦੀ ਥਾਂ ਮੂੰਗੀ ਦੀ ਦਾਲ, ਸੂਜੀ, ਸਾਗੂਦਾਣਾ, ਨਾਰੀਅਲ ਆਦਿ ਮਿਲਾ ਕੇ ਬਣਾਏ ਖਾਜੇ ਨੂੰ ਵੀ ਖੀਰ ਕਹਿ ਦਿੱਤਾ ਜਾਂਦਾ ਹੈ। ਕੁਝ ਲੋਕ ਦੁਧ ਵਿਚ ਬਣਾਈਆਂ ਸੇਵੀਆਂ ਨੂੰ ਵੀ ਖੀਰ ਕਹਿੰਦੇ ਹਨ। ਜੇਲ੍ਹ ਵਿਚ ਬੈਠੇ ਬਾਬਾ ਰਾਮਪਾਲ ਦੇ ਚੇਲੇ ਉਸ ਨੂੰ ਦੁਧ ਨਾਲ ਨਹਾਉਂਦੇ ਸਨ ਤੇ ਉਸੇ ਦੁਧ ਦੀ ਖੀਰ ਬਣਾ ਕੇ ਖਾਂਦੇ ਹਨ। ਇਸ ਖੀਰ ਵਿਚ ਬਾਬੇ ਦੇ ਸਰੀਰ ਦੀ ਮੈਲ ਤੋਂ ਬਿਨਾ ਉਸ ਦੀ ਅਧਿਆਤਮਕ ਸ਼ਕਤੀ ਵੀ ਰਚਮਿਚ ਜਾਂਦੀ ਸੀ। ਖੋਏ ਨਾਲ ਲਪੇਟੇ ਰਸਗੁੱਲੇ ਨੂੰ ਖੀਰ ਕਦਮ\ਕਾਦੰਬਰੀ ਕਿਹਾ ਜਾਂਦਾ ਹੈ। ਇਹ ਬੰਗਾਲੀ ਮਠਿਆਈ ਹੈ। ਇਸ ਦੀ ਸ਼ਕਲ ਕਦੰਬ ਦਰਖਤ ਦੇ ਫੁੱਲ ਵਰਗੀ ਬੁਰਦਾਰ ਹੁੰਦੀ ਹੈ।

ਖੀਰ ਨੂੰ ਆਮ ਤੌਰ 'ਤੇ ਬ੍ਰਾਹਮਣਾਂ ਦਾ ਮਨਪਸੰਦ ਖਾਜਾ ਸਮਝਿਆ ਜਾਂਦਾ ਹੈ ਤੇ ਇਸ ਦਾ ਰੰਗ ਵੀ ਆਮ ਬਾਹਮਣਾਂ ਵਰਗਾ ਚਿੱਟਾ ਹੁੰਦਾ ਹੈ। ਬਾਹਮਣ ਇਸ ਨੂੰ ਉਤਮ ਤੇ ਸਾਤਵਿਕ ਭੋਜਨ ਸਮਝਦੇ ਹਨ। ਐਵੇਂ ਨਹੀਂ ਕਿਹਾ ਜਾਂਦਾ, 'ਨਾਲੇ ਬਾਹਮਣ ਨੂੰ ਖੀਰ ਖੁਆਓ, ਨਾਲੇ ਦੰਦ ਘਸਾਈ ਦਿਓ।' ਵਧੀਆ ਖੀਰ ਬਹੁਤ ਜਤਨ ਨਾਲ ਬਣਦੀ ਹੈ, ਨਹੀਂ ਤਾਂ 'ਵਾਹ ਕਿਸਮਤ ਦਿਆ ਬਲੀਆ, ਰਿਧੀ ਖੀਰ ਤੇ ਬਣ ਗਿਆ ਦਲੀਆ' ਵਾਲੀ ਗੱਲ ਹੋ ਸਕਦੀ ਹੈ। ਨਾਲੇ ਇਕ ਦਾਣਾ ਦੇਖ ਕੇ ਪਤਾ ਲੱਗ ਜਾਂਦਾ ਹੈ ਕਿ ਖੀਰ ਰਿਝੀ ਹੈ ਕਿ ਨਹੀਂ। ਹੌਲੀ ਹੌਲੀ ਪੱਕਦੀ ਖੀਰ ਕੋਈ ਗੁਝਾ ਮਤਾ ਪਕਾਉਣ ਵਾਂਗ ਲਗਦੀ ਹੈ, ਤਦੇ ਕਿਹਾ ਜਾਂਦਾ ਹੈ, 'ਢਕੀ ਹੋਈ ਰਿਝ ਰਹੀ ਖੀਰ।' ਵਧੀਆ ਪਕਵਾਨ ਲਈ ਖੰਡ-ਖੀਰ ਉਕਤੀ ਵੀ ਆਮ ਚਲਦੀ ਹੈ, 'ਖੰਡ ਖੀਰ ਤੇ ਧੱਗਤੀਆਂ ਬਹਿ ਖਾਣ ਬੈਰਾਗੀ।' (ਨਜਾਬਤ)। ਮੀਆਂ ਮੁਹੰਮਦ ਬਖਸ਼ ਨੇ ਆਪਣੇ ਕਿੱਸੇ 'ਸੈਫਲ ਮਲੂਕ' ਵਿਚ ਖੀਰ ਦੀ ਖਾਸੀ ਸਿਫਤ ਕੀਤੀ ਹੈ,

ਆਮਾਂ ਬੇਇਖਲਾਸਾਂ ਅੰਦਰ,
ਖਾਸਾਂ ਦੀ ਗੱਲ ਕਰਨੀ।
ਮਿੱਠੀ ਖੀਰ ਪਕਾ ਮੁਹੰਮਦ,
ਕੁੱਤਿਆਂ ਅੱਗੇ ਧਰਨੀ।

ਖੀਰ ਪ੍ਰਸ਼ਾਦ ਦੇ ਤੌਰ 'ਤੇ ਧਾਰਮਿਕ ਸਥਾਨਾਂ 'ਤੇ ਵੀ ਚੜ੍ਹਾਈ ਜਾਂਦੀ ਹੈ। ਪਰ ਸਿੱਖਾਂ ਵਿਚ ਕੜਾਹ ਨੇ ਪ੍ਰਸ਼ਾਦ ਦਾ ਰੁਤਬਾ ਹਾਸਿਲ ਕਰ ਲਿਆ ਹੈ, ਇਸ ਲਈ ਕੜਾਹ ਨੂੰ ਸ਼ਰਧਾ ਨਾਲ ਮਿੱਠੀ ਚੀਜ਼ ਵਜੋਂ ਬਣਾਇਆ ਜਾਂਦਾ ਹੈ। ਲੰਗਰਾਂ ਵਿਚ ਆਮ ਤੌਰ 'ਤੇ ਖੀਰ ਹੀ ਮਿੱਠੀ ਚੀਜ਼ ਵਜੋਂ ਪੇਸ਼ ਕੀਤੀ ਜਾਂਦੀ ਹੈ। ਉਂਜ ਵੀ ਪੰਜਾਬੀ ਲੋਕਾਂ ਵਿਚ ਦੁਧ ਹੀ ਸਭ ਤੋਂ ਵਧੀਆ ਭੋਜਨ ਮੰਨਿਆ ਜਾਂਦਾ ਹੈ ਇਸ ਲਈ ਖੀਰ ਨੂੰ ਗੌਣ ਦਰਜਾ ਕਿਵੇਂ ਦਿੱਤਾ ਜਾ ਸਕਦਾ ਹੈ। ਹਾਂ, ਖੀਰ ਕੜਾਹ ਮਿਲਾ ਕੇ ਵੀ ਖਾਣ ਦਾ ਰਿਵਾਜ ਹੈ। ਰਵਾਇਤੀ ਤੌਰ 'ਤੇ ਖੀਰ ਗਰਮ-ਗਰਮ ਖਾਧੀ ਜਾਂਦੀ ਹੈ ਪਰ ਅੱਜ ਕਲ੍ਹ ਫਰਿੱਜ ਆਮ ਹੋ ਜਾਣ ਕਾਰਨ ਇਸ ਨੂੰ ਠੰਡਾ ਸੀਤ ਕਰਕੇ ਵੀ ਖਾਧਾ ਜਾਂਦਾ ਹੈ। ਨਾਲੇ ਜਿਉਂ ਜਿਉਂ ਸਭਿਅਤਾ ਦਾ ਵਿਕਾਸ ਹੁੰਦਾ ਹੈ, ਲੋਕ ਠੰਡੀਆਂ ਚੀਜ਼ਾਂ ਖਾਣੀਆਂ ਪਸੰਦ ਕਰਦੇ ਹਨ। ਇਤਿਹਾਸ ਵਿਚ ਇਕ ਰਾਜੇ ਦਾ ਜ਼ਿਕਰ ਆਉਂਦਾ ਹੈ। ਇਕ ਵਰ ਉਸ ਦਾ ਰਾਜ ਖੁੱਸ ਗਿਆ ਤੇ ਉਹ ਜੰਗਲਾਂ ਵਿਚ ਮਾਰਾ-ਮਾਰਾ ਫਿਰ ਰਿਹਾ ਸੀ। ਕਿਸੇ ਨੇ ਉਸ ਨੂੰ ਭੁਖਣ-ਭਾਣਾ ਦੇਖ ਕੇ ਖਾਣੇ 'ਤੇ ਬੁਲਾ ਲਿਆ। ਭੋਹਨ ਵਿਚ ਗਰਮ-ਗਰਮ ਖੀਰ ਪੇਸ਼ ਕੀਤੀ। ਹਾਬੜੇ ਹੋਏ ਰਾਜੇ ਨੇ ਫਟਾ ਫੱਟ ਉਂਗਲਾਂ ਨਾਲ ਕਟੋਰੀ ਦੇ ਗੱਭਿਓਂ ਖੀਰ ਖਾਣੀ ਸ਼ੁਰੂ ਕਰ ਦਿੱਤੀ ਤਾਂ ਉਸ ਦੀਆਂ ਉਂਗਲਾਂ ਤੇ ਮੂੰਹ ਸੜ ਗਏ। ਮੇਜ਼ਬਾਨ ਨੇ ਸਮਝਾਇਆ ਕਿ ਗਰਮ-ਗਰਮ ਖੀਰ ਨੂੰ ਪਹਿਲਾਂ ਆਲੇ ਦੁਆਲੇ ਤੋਂ ਖਾਣਾ ਸ਼ੁਰੂ ਕਰਨਾ ਚਾਹੀਦਾ ਹੈ ਕਿਉਂਕਿ ਕਟੋਰੀ ਦੇ ਨਾਲ ਲੱਗੀ ਹੋਣ ਕਰਕੇ ਉਥੇ ਖੀਰ ਮੁਕਾਬਲਤਨ ਠੰਡੀ ਹੁੰਦੀ ਹੈ ਤੇ ਫਿਰ ਵਿਚਕਾਰ ਹੱਥ ਪਾਉਣਾ ਚਾਹੀਦਾ ਹੈ। ਰਾਜਾ ਸ਼ਰਮਿੰਦਾ ਹੋ ਗਿਆ ਪਰ ਉਸ ਨੇ ਇਕ ਸਬਕ ਸਿੱਖ ਲਿਆ। ਆਪਣਾ ਖੁਸਿਆ ਰਾਜ ਹਾਸਿਲ ਕਰਨ ਲਈ ਉਸ ਨੂੰ ਦੁਸ਼ਮਣ ਦੇ ਇਲਾਕਿਆਂ 'ਤੇ ਪਹਿਲਾਂ ਬਾਹਰੋਂ-ਬਾਹਰ ਹਮਲਾ ਕਰਨਾ ਚਾਹੀਦਾ ਨਾ ਕਿ ਸਿੱਧਾ ਅੰਦਰੂਨੀ ਇਲਾਕੇ ਵੱਲ। ਦੇਖੋ ਖੀਰ ਖਾਣ ਨਾਲ ਕਿੰਨੀਆਂ ਵੱਡੀਆਂ ਸਿਖਿਆਵਾਂ ਵੀ ਮਿਲ ਸਕਦੀਆਂ ਹਨ!



ਵਾਰਿਸ ਸ਼ਾਹ ਨੇ ਕਿਹਾ ਹੈ, "ਦੁਧ ਬਾਝ ਨਾ ਹੋਵੇ ਖੀਰ ਸਾਈ" ਪਰ ਵਾਰਿਸ ਨੂੰ ਸ਼ਾਇਦ ਨਹੀਂ ਸੀ ਪਤਾ ਕਿ ਅਸਲ ਵਿਚ ਖੀਰ ਸ਼ਬਦ ਦਾ ਮੁਢਲਾ ਅਰਥ ਹੈ ਹੀ ਦੁਧ ਤੇ ਇਸ ਅਰਥ ਵਿਚ ਇਹ ਸ਼ਬਦ ਗੁਰੂਆਂ ਭਗਤਾਂ ਨੇ ਕਈ ਵਾਰੀ ਵਰਤਿਆ ਹੈ, "ਖੀਰੁ ਪੀਐ ਖੇਲਾਈਐ ਮਿਤ੍ਰਾ ਮਾਤ ਪਿਤਾ ਸੁਤ ਹੇਤੁ॥" (ਗੁਰੂ ਨਾਨਕ ਦੇਵ)। "ਹਰਿ ਬਿਨ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ॥" ਗੁਰੂ ਗ੍ਰੰਥ ਸਾਹਿਬ ਵਿਚ ਖੀਰ ਸ਼ਬਦ ਖੀਰ ਪਕਵਾਨ ਦੇ ਅਰਥਾਂ ਵਿਚ ਵੀ ਆਉਂਦਾ ਹੈ, "ਖੀਰ ਸਮਾਨਿ ਸਾਗੁ ਮੈ ਪਾਇਆ॥" (ਭਗਤ ਕਬੀਰ)। "ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰੁ ਘਿਆਲੀ॥" (ਸੱਤਾ ਬਲਵੰਡ)। ਇਥੇ ਇਸ਼ਾਰਾ ਗੁਰੂ ਅੰਗਦ ਦੇ ਮਹਿਲ ਬੀਬੀ ਖੀਵੀ ਜੀ ਵੱਲ ਹੈ ਜੋ ਲੰਗਰ ਵਿਚ ਆਈਆਂ ਸੰਗਤਾਂ ਨੂੰ ਘਿਉ ਵਾਲੀ ਵਧੀਆ ਖੀਰ ਵਰਤਾਉਂਦੇ ਸਨ। ਖੀਰ ਸ਼ਬਦ ਦੇ ਸੰਸਕ੍ਰਿਤ ਰੂਪ 'ਕਸ਼ੀਰ' ਦਾ ਮੁਖ ਅਰਥ ਦੁਧ-ਚੌਲ ਦਾ ਮਿਸ਼ਠਾਨ ਨਹੀਂ ਬਲਕਿ ਦੁਧ, ਪੌਦਿਆਂ ਤੋਂ ਰਿਸਦਾ ਦੁਧ (ਜਿਵੇਂ ਅੱਕ), ਪਾਣੀ, ਤਰਲ, ਰਸ ਆਦਿ ਹੈ। ਉਂਜ ਇਸ ਦਾ ਇਕ ਅਰਥ ਗਾੜ੍ਹਾ ਕੀਤੇ ਦੁਧ ਦਾ ਮਿਸ਼ਠਾਨ ਵੀ ਹੈ। ਸੰਸਕ੍ਰਿਤ ਦਾ ਇਕ ਸ਼ਬਦ ਹੈ 'ਕਸ਼ਿਰਕਾ' ਜਿਸ ਦਾ ਅਰਥ ਖੀਰ ਮਿਸ਼ਠਾਨ ਜਿਹਾ ਹੈ। ਇਕ ਵਿਚਾਰ ਅਨੁਸਾਰ ਖੀਰ ਸ਼ਬਦ ਕਸ਼ਿਰਕਾ ਦਾ ਹੀ ਦੇਸੀ ਰੂਪ ਹੈ। ਕੁਝ ਵੀ ਹੋਵੇ ਇਸ ਦਾ ਸਬੰਧ ਸੰਸਕ੍ਰਿਤ ਕਸ਼ੀਰ ਨਾਲ ਹੀ ਹੈ। ਹਾਲਾਂਕਿ ਖੀਰ ਦਾ ਅਰਥ ਤਰਲ ਹੋਣ ਕਾਰਨ ਪਾਣੀ ਵੀ ਹੈ। ਖੀਰ-ਨੀਰ ਮੁਹਾਵਰਾ ਵੀ ਬਣਿਆ ਹੋਇਆ ਹੈ ਅਰਥਾਤ ਦੋ ਚੀਜ਼ਾਂ ਦਾ ਅਜਿਹਾ ਸੁਮੇਲ ਕਿ ਉਨ੍ਹਾਂ ਨੂੰ ਵੱਖ ਵੱਖ ਨਾ ਕੀਤਾ ਜਾ ਸਕੇ।

ਭਾਈ ਗੁਰਦਾਸ ਫਰਮਾਉਂਦੇ ਹਨ, "ਖੀਰ ਨੀਰ ਸੰਜੋਗ ਕਰ ਕਲਿਕੰਦ ਵਖਾਣਾ।" ਅਜਿਹੇ ਘਾਲੇ-ਮਾਲੇ ਵਿਚੋਂ ਦੋਵੇਂ ਜੁਜ਼ਾਂ ਨੂੰ ਮਾਨਸਰੋਵਰ ਦੇ ਹੰਸ ਹੀ ਵੱਖ ਕਰ ਸਕਦੇ ਹਨ, ਗੁਰਸਿੱਖ ਅਜਿਹੇ ਹੀ ਪਰਮਹੰਸ ਹਨ, "ਗੁਰਸਿਖ ਵੰਸੀ ਪਰਮਹੰਸ ਖੀਰ ਨੀਰ ਨਿਰਨੇ ਚੁੰਝ ਵੀਤੀ॥" ਮਨੀਕਰਨ ਤੋਂ ਅੱਗੇ ਵੀਹ ਮੀਲ 'ਤੇ ਪਾਰਵਤੀ ਵਾਦੀ ਵਿਚ ਗਰਮ ਪਾਣੀਆਂ ਵਾਲੀ ਖੀਰਗੰਗਾ ਆਉਂਦੀ ਹੈ। ਛਲਕਦੇ ਹੋਣ ਕਾਰਨ ਇਸ ਦਾ ਪਾਣੀ ਖੀਰ ਵਾਂਗ ਚਿੱਟਾ ਹੁੰਦਾ ਹੈ। ਉਂਜ ਵੀ ਲੋਕ ਇਸ ਪਾਣੀ ਵਿਚ ਚੌਲ ਉਬਾਲ ਲੈਂਦੇ ਹਨ। ਮੈਂ ਹੋਰ ਪਹਾੜਾਂ 'ਤੇ ਵੀ ਖੀਰਗੰਗਾਵਾਂ ਦੇਖੀਆਂ ਹਨ। ਸੰਸਕ੍ਰਿਤ ਵਿਚ ਇਕ 'ਕਸ਼ਿਰਣੀ' ਸ਼ਬਦ ਵੀ ਮਿਲਦਾ ਹੈ ਜਿਸ ਦਾ ਅਰਥ ਵੀ ਦੁਧ-ਚੌਲ ਦਾ ਇਕ ਮਿਸ਼ਠਾਨ ਹੈ। ਲਹਿੰਦੀ ਵਿਚ ਖੀਰਨੀ ਸ਼ਬਦ ਮਿਲਦਾ ਹੈ ਜੋ ਇਕ ਪ੍ਰਕਾਰ ਦਾ ਦੁਧ-ਚੌਲ ਦਾ ਪਕਵਾਨ ਹੀ ਹੈ। ਖਿਆਲ ਹੈ ਕਿ ਪੀਸੇ ਹੋਏ ਚਾਵਲਾਂ ਦਾ ਪਕਵਾਨ ਲਈ ਵਰਤਿਆ ਜਾਂਦਾ। ਸ਼ਬਦ 'ਫਿਰਨੀ' ਵੀ ਇਸੇ ਦਾ ਵਿਗੜਿਆ ਰੂਪ ਹੈ। ਦੁਧ ਚੁੰਘਦੇ ਵੱਛੇ ਨੂੰ ਖੀਰਾ ਕਿਹਾ ਜਾਂਦਾ ਹੈ। ਸੰਸਕ੍ਰਿਤ ਵਿਚ ਕਸ਼ੀਰਪ ਦਾ ਅਰਥ ਹੈ ਦੁਧ ਚੁੰਘਦਾ ਬਾਲਕ। ਕਕੜੀ ਜਿਹੀ ਸਬਜ਼ੀ ਖੀਰਾ ਦਾ ਇਹ ਨਾਂ ਇਸ ਕਰਕੇ ਪਿਆ ਕਿਉਂਕਿ ਇਸ ਵਿਚੋਂ ਦੁਧੀਆ ਪਦਾਰਥ ਨਿਕਲਦਾ ਹੈ। ਲਹਿੰਦੀ ਵਿਚ ਦੁਧਾਰੂ ਪਸ਼ੂ ਦੇ ਲੇਵੇ ਨੂੰ ਖੀਰੀ ਕਿਹਾ ਜਾਂਦਾ ਹੈ। ਖੀਰੀਵਾਨ ਲਵੇਰਿਆਂ ਦਾ ਛੇੜੂ ਹੈ।

ਸੰਸਕ੍ਰਿਤ ਦਾ ਇਕ ਧਾਤੂ ਹੈ 'ਕਸ਼ਰ' ਜਿਸ ਵਿਚ ਰਿਸਣ, ਵਹਿਣ, ਟਪਕਣ ਆਦਿ ਦੇ ਅਰਥ ਹਨ। ਦੁਧ ਅਸਲ ਵਿਚ ਥਣਾਂ ਵਿਚੋਂ ਰਿਸਣ ਵਾਲਾ ਪਦਾਰਥ ਹੀ ਹੈ। ਦਰਖਤਾਂ ਜਾਂ ਬੂਟਿਆਂ ਦੀਆਂ ਟਾਹਣੀਆਂ ਅਤੇ ਪੱਤਿਆਂ ਵਿਚੋਂ ਤਰਲ ਚੋਂਦਾ ਰਹਿੰਦਾ ਹੈ। ਇਨ੍ਹਾਂ ਨੂੰ ਇਕੱਠਾ ਕਰਕੇ, ਸੁਕਾ ਕੇ ਤੇ ਮਸ਼ੀਨੀ ਢੰਗਾਂ ਨਾਲ ਸਾਫ ਕਰਕੇ ਕਈ ਉਪਯੋਗੀ ਉਤਪਾਦ ਬਣਾਏ ਜਾਂਦੇ ਹਨ ਜਿਵੇਂ ਗੂੰਦ, ਬਰੋਜ਼ਾ, ਰਬੜ, ਹਿੰਗ, ਰਾਲ। ਇਹ ਸਾਰੇ ਰਿਸਾਅ ਕਸ਼ੀਰ ਹਨ। ਸੰਸਕ੍ਰਿਤ ਵਿਚ ਅਨੇਕਾਂ ਅਜਿਹੇ ਬੂਟਿਆਂ ਦਾ ਨਾਂ ਕਸ਼ੀਰ ਹੈ। ਫਾਰਸੀ ਵਿਚ ਖੀਰ\ਕਸ਼ੀਰ ਦਾ ਸੁਜਾਤੀ ਸ਼ਬਦ ਹੈ 'ਸ਼ੀਰ' ਜਿਸ ਦਾ ਅਰਥ ਵੀ ਦੁਧ ਹੀ ਹੁੰਦਾ ਹੈ। ਵਾਰਿਸ ਸ਼ਾਹ ਨੂੰ ਇਸ ਗੱਲ ਦਾ ਪਤਾ ਸੀ,

ਸਾਨੂੰ ਬਖਸ਼ ਇੱਲਾਹ ਦੇ ਨਾਉਂ ਮੀਆਂ
ਸਾਥੋਂ ਭੁੱਲਿਆ ਇਹ ਗੁਨਾਹ ਹੋਇਆ।
ਕੱਚਾ ਸ਼ੀਰ ਪੀਤਾ ਬੰਦਾ ਸਦਾ ਭੁੱਨਾ ਧੁਰੋਂ
ਆਦਮੋਂ ਭੁਲਣਾ ਰਾਹ ਹੋਇਆ।

ਦੁਧ ਚੁੰਘਦੇ ਦੰਦਾਂ ਨੂੰ ਸ਼ੀਰ ਕਿਹਾ ਜਾਂਦਾ ਹੈ। 'ਮਹਾਨ ਕੋਸ਼' ਅਨੁਸਾਰ ਸੀਰ ਦਾ ਇਕ ਅਰਥ ਅੱਕ ਹੈ। ਇਥੇ ਦੁਧੀਆ ਰਸਾਅ ਵਾਲੀ ਗੱਲ ਆ ਗਈ। ਦੁਧ ਪੀਣ ਵਾਲਾ ਛੋਟਾ ਬਾਲਕ ਜੋ ਦੁਧ ਦੇ ਆਧਾਰ 'ਤੇ ਹੀ ਰਹਿੰਦਾ ਹੈ ਸੀਰਖੋਰਾ ਅਖਵਾਉਂਦਾ ਹੈ, "ਸੀਰਖੋਰ ਇਨ ਕਹਾਂ ਬਿਗਾਰਾ?" ਦੁਧ ਵਿਚ ਮਿਠਾਸ ਦਾ ਗੁਣ ਹੋਣ ਕਾਰਨ ਇਸ ਸ਼ਬਦ ਵਿਚ ਮਿਠਾਸ ਦੇ ਅਰਥ ਵੀ ਸਮਾਅ ਗਏ ਹਨ। ਫਾਰਸੀ ਵਿਚ ਸ਼ੀਰੀਂ ਦਾ ਅਰਥ ਮਿੱਠਾ ਹੁੰਦਾ ਹੈ। ਫਰਿਹਾਦ ਦੀ ਸ਼ੀਰੀਂ ਵੀ ਦਰਅਸਲ ਮਿੱਠੋ ਜਾਂ ਸਵੀਟੀ ਹੀ ਸੀ। ਮੈਂ ਕਈਆਂ ਦੇ ਨਾਂ ਸ਼ੀਰਾ ਜਾਂ ਸੀਰੋ ਸੁਣੇ ਹਨ। ਵਿਆਹਾਂ ਵਿਚ ਵਰਤਾਈ ਜਾਂਦੀ ਇਕ ਮਠਿਆਈ ਸ਼ੀਰਨੀ ਦਾ ਫਾਰਸੀ ਰੂਪ ਹੈ- 'ਸ਼ਰੀਨੀ।' ਉਂਜ ਫਾਰਸੀ ਵਿਚ ਸ਼ਰੀਨੀ ਦਾ ਅਰਥ ਮਠਿਆਈ ਵੀ ਹੈ ਜੋ ਪ੍ਰਸ਼ਾਦ ਦੇ ਤੌਰ 'ਤੇ ਵਰਤਾਈ ਜਾਂਦੀ ਹੈ। ਅੱਜ-ਕਲ੍ਹ ਦੇ ਬੱਚੇ ਸ਼ੀਰਨੀ ਵੱਲ ਮੂੰਹ ਕਰਕੇ ਰਾਜ਼ੀ ਨਹੀਂ, ਕਿਸੇ ਵੇਲੇ ਸ਼ੀਰਨੀ ਕਿੰਨੀ ਵਧੀਆ ਮਠਿਆਈ ਸਮਝੀ ਜਾਂਦੀ ਹੋਵੇਗੀ ਕਿ ਕਹਾਵਤ ਬਣ ਗਈ- ਅੰਨ੍ਹਾ ਵੰਡੇ ਸ਼ੀਰਨੀਆਂ ਮੁੜ ਮੁੜ ਆਪਣਿਆਂ ਨੂੰ ਦੇਵੇ। ਦੇਖੀਏ ਵਾਰਿਸ ਸ਼ਾਹ ਕੀ ਕਹਿੰਦਾ ਹੈ,

ਮਿਲੀ ਜਾ ਵਧਾਈ ਜਾਂ ਖੇੜਿਆਂ ਨੂੰ
ਲੁੱਡੀ ਮਾਰ ਕੇ ਝੁੰਬੜਾਂ ਘੱਤਦੇ ਨੀ।
ਛਾਲਾਂ ਲਾਇਨ ਅਪੁੱਠੀਆਂ ਖੁਸ਼ੀ ਹੋਏ
ਮਜਲਸਾਂ ਖੋਡਦੇ ਵੱਤਦੇ ਨੀ।
ਭਲੇ ਕੁੜਮ ਮਿਲੇ ਸਾਨੂੰ ਸ਼ਰਮ ਵਾਲੇ
ਰੱਜੇ ਜੱਟ ਵੱਡੇ ਅਹਿਲ ਪੱਤ ਦੇ ਨੀ।
ਵਾਰਸ ਸ਼ਾਹ ਵੀ ਸ਼ੀਰਨੀ ਵੰਡਿਆ ਨੇ
ਵੱਡੇ ਦੇਗਚੇ ਦੁੱਧ ਤੇ ਭੱਤ ਦੇ ਨੀ।

ਕੋਈ ਚੀਜ਼ ਸ਼ਰਾਬ ਬਣਾਉਣ ਵਾਲਾ ਮਿੱਠਾ ਪਦਾਰਥ ਸੀਰਾ ਜਾਂ ਸ਼ੀਰਾ ਵੀ ਇਥੇ ਢੁਕਦਾ ਹੈ। ਅਸਲ ਵਿਚ ਸ਼ੀਰਾ ਦਾ ਇਕ ਅਰਥ ਤਾਜ਼ੀ ਬਣਾਈ ਵਾਈਨ ਵੀ ਹੈ। ਪਤਲੇ ਕੜਾਹ ਨੂੰ ਵੀ ਸ਼ੀਰਾ ਕਿਹਾ ਜਾਂਦਾ ਹੈ ਤੇ ਖਜੂਰ ਜਿਹੇ ਫਲਾਂ ਦੇ ਗਾੜ੍ਹੇ ਰਸ, ਤਮਾਖੂ ਵਿਚ ਪਾਈ ਜਾਣ ਵਾਲੀ ਖੰਡ ਦੀ ਮੈਲ ਅਤੇ ਤਿਲਾਂ ਦੇ ਤੇਲ ਨੂੰ ਵੀ ਸੀਰਾ ਕਿਹਾ ਜਾਂਦਾ ਹੈ।

# ਧੰਦਾ

(ਸਫਾ 26 ਦੀ ਬਾਕੀ)

ਲੀਡਰਾਂ ਨੂੰ ਉਹ ਝਾੜ ਪਾ ਦਿਆ ਕਰਦੇ ਸਨ, "ਤੁਸੀਂ ਸਿੱਖ ਪੰਥ ਵਾਸਤੇ ਕੀਤਾ ਹੀ ਕੀ ਹੈ? ਆਜ਼ਾਦੀ ਮਗਰੋਂ ਕਿੰਨੇ ਲੋਕਾਂ ਨੂੰ ਤੁਸੀਂ ਸਿੱਖ ਬਣਾਇਆ?"

ਉਨ੍ਹਾਂ ਦਾ ਮੌਲਿਕ ਵਿਚਾਰ ਸੀ ਕਿ ਪੰਥ ਦੇ ਵਿਸਥਾਰ ਵਾਸਤੇ ਹਰ ਸਿੱਖ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਉਹ ਘੱਟੋ-ਘੱਟ ਦਸ ਬੰਦਿਆਂ ਨੂੰ ਸਿੱਖ ਬਣਾਏ। ਖਾਲਿਸਤਾਨ ਦੇ ਮਸਲੇ ਬਾਰੇ ਉਨ੍ਹਾਂ ਕੋਲ ਨਵੀਂ ਯੋਜਨਾ ਸੀ। ਉਹ ਚਾਹੁੰਦੇ ਸਨ ਕਿ ਧਰਮ ਬਦਲੀ ਦੁਆਰਾ ਦਿੱਲੀ ਵਿਚ ਸਿੱਖਾਂ ਦੀ ਬਹੁ-ਗਿਣਤੀ ਬਣਾ ਕੇ ਖਾਲਿਸਤਾਨ ਦੀ ਰਾਜਧਾਨੀ ਦਿੱਲੀ ਨੂੰ ਹੀ ਬਣਾਇਆ ਜਾਵੇ।

ਹਰਨੈਲ ਸਿੰਘ ਜੀ ਦੀ ਗੈਰ-ਸਿੱਖਾਂ ਨਾਲ ਕਾਫੀ ਦੋਸਤੀ ਸੀ। ਉਹ ਜਦੋਂ ਵੀ ਆਪਣੇ ਕੋਲ ਚਾਰ-ਛੇ ਗੈਰ-ਸਿੱਖਾਂ ਨੂੰ ਬੈਠੇ ਦੇਖਦੇ ਤਾਂ ਪੰਥ ਦੇ ਗੁਣ ਗਾਉਣ ਲੱਗ ਪੈਂਦੇ। ਫਿਰ ਵੀ ਲੋਕਾਂ 'ਤੇ ਗਹਿਰਾ ਪ੍ਰਭਾਵ ਪਾਉਣ ਵਿਚ ਇਹ ਸਦਾ ਅਸਮਰਥ ਰਹੇ ਸਨ। ਮਸਲਾ ਤਾਂ ਘੱਟੋ-ਘੱਟ ਦਸ ਬੰਦਿਆਂ ਨੂੰ ਸਿੱਖ ਬਣਾਉਣ ਦਾ ਸੀ, ਪਰ ਗੱਲ ਇਕ ਵੀ ਨਹੀਂ ਸੀ ਬਣ ਰਹੀ। ਆਖਰ 'ਦੇਰ ਆਏ ਦਰੁਸਤ ਆਏ' ਖਿਆਲ ਨਾਲ ਉਹ ਇਸ ਨਤੀਜੇ 'ਤੇ ਪਹੁੰਚੇ ਕਿ ਅੱਜ ਕੱਲ੍ਹ ਲੋਕ ਧਾਰਮਿਕ ਸਿੱਖਿਆਵਾਂ ਨਾਲ ਨਹੀਂ, ਸਗੋਂ ਰੁਪਏ ਦੇ ਜ਼ੋਰ ਨਾਲ ਧਰਮ ਬਦਲੀ ਕਰਦੇ ਹਨ।

ਭੇਜੂ ਨਾਲ ਉਨ੍ਹਾਂ ਨੇ ਧਰਮ ਬਦਲੀ ਦੀ ਗੱਲ ਕੀਤੀ, ਤਾਂ ਭੇਜੂ ਨੇ ਨਾ ਹੀ 'ਹਾਂ' ਕੀਤੀ ਤੇ ਨਾ ਹੀ 'ਨਾਂਹ'। ਉਨ੍ਹਾਂ ਨੇ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਥੋੜ੍ਹੇ ਦਿਨ ਟਾਲ-ਮਟੋਲ ਕਰਨ ਮਗਰੋਂ ਭੇਜੂ ਨੇ ਸਿੱਖ ਬਣਨਾ ਤਾਂ ਮੰਨ ਲਿਆ ਪਰ ਦਸ ਹਜ਼ਾਰ ਦੀ ਮੰਗ ਰੱਖ ਦਿੱਤੀ। ਸਰਦਾਰ ਜੀ ਨੂੰ ਉਸ ਰਾਤ ਨੀਂਦ ਨਾ ਆਈ। ਇਕ ਪਾਸੇ ਐਨੇ ਰੁਪਏ ਤੇ ਦੂਜੇ ਪਾਸੇ ਧਰਮ ਬਦਲੀ ਲਈ ਹੱਥ ਲੱਗਿਆ ਪਹਿਲਾ ਬੰਦਾ। ਕਾਫੀ ਉਧੇੜ-ਬੁਣ ਮਗਰੋਂ ਰਾਤ ਦੇ ਤਿੰਨ ਵਜੇ ਉਨ੍ਹਾਂ ਨੇ ਫੈਸਲਾ ਕਰ ਲਿਆ। ਤੁਰੰਤ ਉਠੇ ਤੇ ਭੱਠੇ 'ਤੇ ਪਹੁੰਚ ਗਏ। ਭੇਜੂ ਨੂੰ ਜਗਾਇਆ ਤੇ ਦੱਸਿਆ ਕਿ ਉਹ ਸਿੱਖ ਬਣਨ ਲਈ ਤਿਆਰ ਹੋ ਜਾਵੇ, ਉਸ ਦੀ ਮੰਗ ਪੂਰੀ ਕੀਤੀ ਜਾਵੇਗੀ।

ਉਸ ਦਿਨ ਠੀਕ ਗਿਆਰਾਂ ਵਜੇ ਗੁਰਦੁਆਰੇ ਵਿਚ ਗੁਰਬਾਣੀ ਦੀ ਧੀਮੀ ਲੈਅ ਵਿਚ ਭੇਜੂ ਨੇ ਪਰਿਵਾਰ ਸਮੇਤ ਸਿੱਖ ਧਰਮ ਗ੍ਰਹਿਣ ਕਰ ਲਿਆ। ਉਸ ਨੂੰ ਅਤੇ ਉਸ ਦੇ ਪੁੱਤਰਾਂ ਨੂੰ ਕੜਾ, ਕਛਹਿਰਾ, ਕੰਘਾ, ਕਿਰਪਾਨ ਤੇ ਪਗੜੀਆਂ ਮਿਲ ਗਈਆਂ। ਹੁਣ ਉਹਦਾ ਨਾਂ ਗੁਰਭਾਗ ਸਿੰਘ, ਪਤਨੀ ਦਾ ਜਸਵੀਰ ਕੌਰ ਅਤੇ ਪੁੱਤਰਾਂ ਦੇ ਨਾਂ ਗੁਰਭੇਜ ਸਿੰਘ ਅਤੇ ਗੁਰਮੇਲ ਸਿੰਘ ਰੱਖੇ ਗਏ। ਅਗਲੇ ਦਿਨ ਭੱਠੇ ਉਤੇ ਸਿੱਖ ਧਰਮ ਦੇ ਵੱਡੇ-ਵੱਡੇ ਲੀਡਰਾਂ, ਨਿਹੰਗ ਸਿੰਘਾਂ, ਪੱਤਰਕਾਰਾਂ ਆਦਿ ਦੀ ਭੀੜ ਲੱਗਣੀ ਸ਼ੁਰੂ ਹੋ ਗਈ। ਹਰਨੈਲ ਸਿੰਘ ਬੜੇ ਮਾਣ ਨਾਲ ਦੱਸਦੇ: "ਆਪਣੇ ਧਰਮ ਦੀਆਂ ਕੁਲੀਨ ਜਾਤਾਂ ਦੇ ਅੱਤਿਆਚਾਰਾਂ ਤੋਂ ਦੁਖੀ ਹੋ ਕੇ ਗੁਰਭਾਗ ਸਿੰਘ ਨੇ ਖੁਸ਼ੀ ਨਾਲ ਆਪਣਾ ਧਰਮ ਛੱਡਿਆ ਹੈ। ਇਹ ਤਾਂ ਕੇਵਲ ਮੁੱਢ ਹੈ। ਅੱਗੇ ਵੇਖੋ ਕੀ ਬਣਦਾ ਹੈ।"

ਸੱਚਮੁਚ ਜੋ ਅੱਗੇ ਹੋਇਆ, ਉਹ ਦੇਖਣਯੋਗ ਸੀ। ਦਸ ਮਹੀਨੇ ਬਾਅਦ ਗੁਰਭਾਗ ਸਿੰਘ ਭੱਠੇ ਤੋਂ ਤਿੱਤਰ ਹੋ ਗਿਆ। ਇੱਧਰ ਸਰਦਾਰ ਹਰਨੈਲ ਸਿੰਘ ਆਪਣੀਆਂ ਕਾਰਾਂ, ਮੋਟਰ ਸਾਈਕਲਾਂ ਅਤੇ ਟਰੱਕ ਦੌੜਾਈ ਆਪਣੇ ਇਕੋ-ਇਕ ਨਮੂਨੇ ਦੀ ਖੋਜ ਲਈ ਭੱਜੇ ਫਿਰ ਰਹੇ ਸਨ, ਤੇ ਉਧਰ ਉਹ ਤੇਜ਼ ਰਫਤਾਰ ਗੱਡੀ ਵਿਚ ਆਪਣੇ ਨਾਲ ਬੈਠੇ ਨੌਜਵਾਨ ਤੋਂ ਬੜੇ ਹੌਸਲੇ ਨਾਲ ਪੁੱਛ ਰਿਹਾ ਸੀ-"ਭਾਈ ਸਾਹਿਬ, ਆਪਣੇ ਦੇਸ਼ ਵਿਚ ਹਿੰਦੂ, ਮੁਸਲਮਾਨ (ਇਸਲਾਮ), ਸਿੱਖ ਅਤੇ ਈਸਾਈ ਧਰਮ ਤੋਂ ਬਿਨਾਂ ਕੋਈ ਹੋਰ ਧਰਮ ਵੀ ਹੁੰਦਾ ਹੈ?"

## ਮਾਲਵੇ ਦੀਆਂ ਬਾਤਾਂ

# ਬਾਸ਼ਕ ਨਾਗ

ਇਕ ਵਾਰੀ ਕੋਈ ਮੁੰਡਾ ਵੱਗ ਚਾਰਦਾ ਸੀਗਾ। ਉਹਦੀ ਭੈਣ ਉਹਦੀ ਰੋਟੀ ਲੈ ਕੇ ਗਈ। ਉਥੇ ਢਾਬ ਤੇ ਇਕ ਬਾਸ਼ਕ ਨਾਗ ਰਹਿੰਦਾ ਸੀ। ਉਹ ਦੇਹ ਪਲਟਾਉਂਦਾ ਹੁੰਦਾ ਸੀ।

ਕਦੇ ਕੁਸ਼ ਬਣ ਜਾਂਦਾ ਸੀ, ਕਦੇ ਉਹ ਉਥੇ ਚਰਦੀਆਂ ਗਾਈਆਂ-ਮੱਝਾਂ ਨੂੰ ਚੁੰਘ ਜਾਂਦਾ ਸੀ। ਜਦੋਂ ਉਹ ਕੁੜੀ ਰੋਟੀ ਲੈ ਆਈ ਤਾਂ ਉਹੋ ਬਾਸ਼ਕ ਨਾਗ ਸੋਹਣਾ ਜਿਹਾ ਫੁੱਲ ਬਣ ਕੇ ਪਾਣੀ 'ਚ ਤਰਨ ਲੱਗ ਪਿਆ। ਕੁੜੀ ਨੇ ਜਦੋਂ ਫੁੱਲ ਨੂੰ ਦੇਖਿਆ ਤਾਂ ਉਹ ਆਬਦੇ ਭਰਾ ਨੂੰ ਕਹਿੰਦੀ, "ਬੀਰਾ ਮੈਂ ਔਹ ਫੁੱਲ ਫੜ'ਲਾਂ, ਉਹ ਕਹਿੰਦਾ, "ਫੜ'ਲਾ ਭੈਣੇ।" ਉਹ ਜਦੋਂ ਫੁੱਲ ਦੇ ਨੇੜੇ ਹੋਈ ਤਾਂ ਫੁੱਲ ਦੂਰ ਚਲਾ ਗਿਆ। ਉਹ ਫੁੱਲ ਦੇ ਮਗਰ ਮਗਰ ਪਾਣੀ 'ਚ ਤੁਰੀ ਗਈ। ਪਾਣੀ ਉਹਦੇ ਗੋਡੇ ਗੋਡੇ ਆ ਗਿਆ ਉਹ ਕਹਿੰਦੀ, "ਬੀਰਾ ਪਾਣੀ ਗੋਡੇ ਗੋਡੇ ਫੁੱਲ ਦੂਰ ਈ ਦੂਰ।"

ਉਹਦਾ ਬੀਰ ਕਹਿੰਦਾ, "ਭੈਣੇ ਬਾਹਲਾ ਦੂਰ ਨਾ ਜਾਈ।" ਉਹ ਕੁੜੀ ਜਦੋਂ ਹੋਰ ਗਾਹਾਂ ਗਈ ਤਾਂ ਪਾਣੀ ਲੱਕ ਲੱਕ ਆ ਗਿਆ। ਉਹ ਕਹਿੰਦੀ, "ਬੀਰਾ ਪਾਣੀ ਲੱਕ ਲੱਕ ਫੁੱਲ ਦੂਰ ਈ ਦੂਰ।"

ਉਹਦਾ ਬੀਰ ਕਹਿੰਦਾ, "ਭੈਣ ਬਾਹਲਾ ਦੂਰ ਨਾਂ ਜਾਹ, ਮੁੜ ਆ।"

ਗਾਹਾਂ ਪਾਣੀ ਗਲ ਗਲ ਆ ਗਿਆ। ਉਹ ਫੇਰ ਆਬਦੇ ਬੀਰ ਨੂੰ ਕਹਿੰਦੀ, "ਬੀਰਾ ਪਾਣੀ ਗਲ ਗਲ, ਫੁੱਲ ਦੂਰ ਈ ਦੂਰ।"

ਉਹਦਾ ਬੀਰ ਕਹਿੰਦਾ, "ਭੈਣੇ ਮੁੜ ਆ ਗਾਹਾਂ ਡੁਬਜੇਂਗੀ।" ਫੇਰ ਬਾਸ਼ਕ ਨਾਗ ਨੇ ਫੁੱਲ ਤੋਂ ਦੇਹ ਪਲਟਾਈ ਤੇ ਉਹੋ ਕੁੜੀ ਨੂੰ ਲੈ ਕੇ ਆਵਦੇ ਮਹਿਲਾਂ 'ਚ ਜਾ ਵੜਿਆ।

ਉਥੇ ਜਾ ਕੇ ਉਹ ਸੋਹਣਾ ਰਾਜ ਕੁਮਾਰ ਬਣ ਗਿਆ ਤੇ ਉਹਨੇ ਉਸ ਕੁੜੀ ਨਾਲ ਵਿਆਹ ਕਰਵਾ ਲਿਆ।

ਦੋ ਤਿੰਨ ਮਹੀਨਿਆਂ ਮਗਰੋਂ ਉਹ ਕੁੜੀ ਕਹਿੰਦੀ, "ਮੈਂ ਤਾਂ ਆਬਦੇ ਮਾਂ ਪਿਉ ਨੂੰ ਜ਼ਰੂਰ ਮਿਲਣ ਜਾਣਾ।" ਉਹ ਨਾ ਮੰਨਿਆ। ਉਹ ਕੁੜੀ ਉਹਨੂੰ ਬਾਰ ਬਾਰ ਕਹਿੰਦੀ ਰਹੀ ਬਈ, "ਮੈਂ ਤਾ ਜ਼ਰੂਰ ਜਾਣਾ ਐ।" ਉਹ ਕਹਿੰਦਾ ਚੰਗਾ ਫੇਰ ਆਪਾਂ ਦੋਮੇਂ ਚਲਦੇ ਆਂ। ਉਹ ਦੋਮੇਂ ਉਹਦੀ ਮਾਂ ਦੇ ਘਰ ਚਲੇ ਗਏ। ਉਹ ਕੁੜੀ ਆਵਦੀ ਮਾਂ ਨੂੰ ਕਹਿੰਦੀ, "ਮੇਰਾ ਤਾਂ ਇਹਤੋਂ ਖਹਿੜਾ ਛੁਡਾ, ਮੈਂ ਨੀ ਇਹਦੇ ਰਹਿਣਾ, ਇਹ ਤਾਂ ਸੱਪ ਐ।"

ਉਹਦੀ ਮਾਂ ਕਹਿੰਦੀ ਧੀਏ ਹੁਣ ਜਦੋਂ ਤੂੰ ਫੇਰ ਆਈ ਤਾਂ ਮੈਂ ਕੋਈ ਨਾ ਕੋਈ ਬੰਨ੍ਹ ਸੁਬ ਕਰਕੇ ਰੱਖੂੰ। ਉਹ ਕੁੜੀ ਨੇ ਕਰਾਰ ਕਰ ਲਿਆ ਬਈ ਉਹੋ ਹੁਣ ਤੋਂ ਮਹੀਨੇ ਮਗਰੋਂ ਫੇਰ ਆਊਗੀ।

ਉਹ ਬਾਸ਼ਕ ਨਾਗ ਤੇ ਕੁੜੀ ਚਲੇ ਗਏ।

ਉਸ ਕੁੜੀ ਦੀ ਮਾਂ ਕਿਸੇ ਸਿਆਣੇ ਕੋਲੇ ਜਾ ਵੜੀ। ਉਹਨੇ ਸਿਆਣੇ ਨੂੰ ਸਾਰੀ ਗੱਲ ਦੱਸਤੀ। ਉਹ ਸਿਆਣਾ ਕਹਿੰਦਾ, "ਤੁਸੀਂ ਭਾਈ ਪਹਿਲਾਂ ਈ ਤੇਲ ਦਾ ਕੜਾਹਾ ਤੱਤਾ ਕਰਕੇ ਰੱਖ ਲਿਉ।" ਉਹਨੂੰ ਕਿਹੋ ਬਈ ਸਾਡੇ ਰਿਵਾਜ ਐ ਬਈ ਨਹਾਉਣ ਤੋਂ ਪਹਿਲਾਂ ਐਸ ਕੜਾਹੇ ਦੇ ਉਤੋਂ ਦੀ ਸੱਤ ਗੇੜੇ ਦਿੰਦੇ ਹੁੰਦੇ ਆ। ਉਹ ਜਦੋਂ ਗੇੜੇ ਦੇਣ ਲੱਗ ਗਿਆ ਤਾਂ ਅੱਖ ਬਚਾ ਕੇ ਉਹਨੂੰ ਤੇਲ 'ਚ ਧੱਕਾ ਦੇ ਦਿਉ, ਆਪੇ ਤੇਲ 'ਚ ਮੱਚ ਕੇ ਮਰਜੂਗਾ।"

ਜਿੰਦੇ ਫੇਰ ਉਨ੍ਹਾਂ ਨੇ ਆਉਣਾ ਸੀ ਤਾਂ ਕੁੜੀ ਦੀ ਮਾਂ ਨੇ ਪਹਿਲਾਂ ਈ ਤੇਲ ਦਾ ਕੜਾਹਾ ਤੱਤਾ ਕਰਕੇ ਰੱਖ'ਤਾ। ਜਦੋਂ ਉਹਦੀ ਕੁੜੀ ਤੇ ਜਵਾਈ ਆਏ ਤਾਂ ਬੁੜੀ ਕਹਿੰਦੀ, "ਚੰਗਾ ਪੁੱਤ ਤੂੰ ਨਹਾ ਲੈ ਪਰ ਤੈਨੂੰ ਸਾਡੇ ਰਿਵਾਜ ਮੁਤਾਬਿਕ ਐਸ ਕੜਾਹੇ ਦੇ ਉਤੋਂ ਦੀ ਸੱਤ ਗੇੜੇ ਦੇਣੇ ਪੈਣਗੇ।" ਜਦੋਂ ਉਹ ਗੇੜੇ ਦੇਣ ਲੱਗਿਆ ਤਾਂ ਬੁੜੀ ਨੇ ਉਹਨੂੰ ਦੂਜੇ ਤੀਜੇ ਗੇੜੇ ਕੜਾਹੇ 'ਚ ਧੱਕਾ ਦੇਤਾ, ਉਹ ਮੁੰਡਾ ਤਾਂ ਤੇਲ 'ਚ ਪਕੌੜੇ ਮਾਂਗੂ ਤਲਿਆ ਗਿਆ ਤੇ ਮਰ ਗਿਆ। ਕੁੜੀ ਆਬਦੇ ਘਰੇ ਵਸਦੀ ਆ, ਰਸਦੀ ਆ, ਮੌਜਾਂ ਕਰਦੀ ਆ।

-ਨਵਦੀਪ ਸਿੰਘ ਸਿੱਧੂ

ਤੇਰੀਆਂ ਗਲੀਆਂ

ਆਖਰੀ ਕਿਸ਼ਤ

*ਦਲਬੀਰ ਸਿੰਘ ਨੇ ਆਪਣੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਦੇ ਆਖਰੀ ਕਾਂਡ 'ਬੀਹੀ ਦੇ ਆਰ-ਪਾਰ' ਵਿਚ ਇਕ ਵਾਰ ਫਿਰ ਪਿੰਡ ਦਾ ਭਲਵਾਨੀ ਗੇੜਾ ਮਾਰਿਆ ਹੈ ਅਤੇ ਨਾਲ ਹੀ ਪਿੰਡ ਨਾਲੋਂ ਨਾਤਾ ਟੁੱਟਣ ਦਾ ਦੁੱਖ ਬਿਆਨ ਕੀਤਾ ਹੈ। 'ਨਾੜੂਆ ਕੱਟਿਆ ਗਿਆ...' ਵਿਚ ਦਲਬੀਰ ਦਾ ਇਹ ਦੁੱਖ ਉਨ੍ਹਾਂ ਸਭ ਦਾ ਸਾਂਝਾ ਦੁੱਖ ਹੋ ਨਿਬੜਦਾ ਹੈ ਜਿਨ੍ਹਾਂ ਦਾ ਪਿੰਡ, ਜ਼ਿੰਦਗੀ ਦੀ ਇਸ ਦੌੜ ਵਿਚ ਪਿਛਾਂਹ ਛੁੱਟ ਗਿਆ ਹੈ। ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਨੇ 'ਤੇਰੀਆਂ ਗਲੀਆਂ' ਵਿਚ ਭਾਵੇਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਪਰੋਈਆਂ ਹਨ; ਪਰ ਯਾਦਾਂ ਦੀਆਂ ਇਹ ਲੜੀਆਂ ਫੈਲ ਕੇ ਪੰਜਾਬ ਦੇ ਪਿੰਡਾਂ ਨਾਲ ਜੁੜ ਗਈਆਂ ਜਾਪਦੀਆਂ ਹਨ। ਉਹ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛਦਾ ਪ੍ਰਤੀਤ ਹੁੰਦਾ ਹੈ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਕਈ ਦਹਾਕਿਆਂ ਤੋਂ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ*

# ਬੀਹੀ ਦੇ ਆਰ-ਪਾਰ



ਦਲਬੀਰ ਸਿੰਘ

ਬੀਹੀ ਅੰਦਰ ਜਾਣ ਤੋਂ ਪਹਿਲਾਂ ਸਾਹਮਣੇ ਜਿਹੜਾ ਮੋੜ ਦਿਸਦਾ ਹੈ, ਉਸ ਦੀ ਟੱਕਰ ਵਿਚਲਾ ਪੱਕੀਆਂ ਇੱਟਾਂ ਵਾਲਾ ਘਰ ਹੁਣ ਵਾਲੀ ਸ਼ਕਲ ਵਿਚ ਆਉਣ ਤੋਂ ਪਹਿਲਾਂ ਸਰਦਾਰ ਮੇਲਾ ਸਿੰਘ (ਦਾਦਾ ਜੀ) ਨੇ 20ਵੀਂ ਸਦੀ ਦੇ ਪਹਿਲੇ ਸਾਲਾਂ ਦੌਰਾਨ ਬਣਾਇਆ ਸੀ। 21ਵੀਂ ਸਦੀ ਦੇ ਸ਼ੁਰੂ ਵਿਚ ਮੇਰੇ ਸਭ ਤੋਂ ਛੋਟੇ ਭਾਈ ਸੁਖਬੀਰ ਵਿਰਦੀ ਨੇ ਇਸ ਨੂੰ ਹੁਣ ਵਾਲਾ ਰੂਪ ਦਿੱਤਾ ਸੀ, ਸੰਭਾਲ ਨਾ ਹੋਣ ਕਾਰਨ ਪਹਿਲਾ ਮਕਾਨ ਢਹਿ ਗਿਆ ਸੀ।

ਸਰਦਾਰ ਮੇਲਾ ਸਿੰਘ ਵਲੋਂ ਪੱਕਾ ਘਰ ਉਸਾਰਨ ਤੋਂ ਪਹਿਲਾਂ ਇਹ ਕੱਚਾ ਹੁੰਦਾ ਸੀ। ਮੇਲਾ ਸਿੰਘ ਦਾ ਪਿਤਾ ਅਮੀਰ ਚੰਦ ਇਥੇ ਹੀ ਇਕ ਕੋਨੇ ਵਿਚ ਤਰਖਾਣਾ ਕੰਮ ਕਰਦਾ ਸੀ। ਉਹਦੇ ਨਾਲ ਅਮੀਰ ਚੰਦ ਦੇ ਛੋਟੇ ਭਾਈ ਝੰਡਾ (ਸਿੰਘ ਜਾਂ ਰਾਮ) ਦਾ ਦੋ ਮਰਲਿਆਂ ਦਾ ਘਰ ਸੀ।

ਸਾਰੇ ਪਿੰਡ ਵਿਚ ਇਹ ਇਕੋ ਇਕ ਘਰ ਹੈ ਜਿਸ ਦੀ ਇਕ ਕੰਧ ਗੋਲਾਈਦਾਰ ਹੈ ਅਤੇ ਪਿੰਡ ਦੀ ਇਹ ਮੁੱਖ ਬੀਹੀ ਇਸੇ ਘਰ ਕਾਰਨ ਸਿੱਧੀ ਨਹੀਂ ਰਹਿ ਗਈ। ਪਿੰਡ ਦੇ ਕਈ ਪੰਚਾਂ-ਸਰਪੰਚਾਂ ਨੇ ਕਈ ਵਾਰੀ ਕੋਸ਼ਿਸ਼ ਕੀਤੀ ਕਿ ਇਹ ਬੀਹੀ ਸਿੱਧੀ ਹੋ ਸਕੇ; ਅਜਿਹਾ ਕਰਨ ਲਈ ਇਹ ਘਰ ਢਾਹੁਣਾ ਪੈਣਾ ਸੀ, ਤੇ ਘਰ ਦਾ ਕੋਈ ਵੀ ਬਾਸ਼ਿੰਦਾ ਅਜਿਹਾ ਕਰਨ ਲਈ ਤਿਆਰ ਨਹੀਂ ਸੀ। ਜਦੋਂ ਮੇਲਾ ਸਿੰਘ ਦੇ ਦੂਜੇ ਨੰਬਰ ਦੇ ਪੁੱਤਰ ਮਹਿੰਦਰ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਸੁਖਬੀਰ ਸਿੰਘ ਵਿਰਦੀ ਨੇ ਇਹ ਘਰ ਢਾਹ ਕੇ ਨਵੇਂ ਸਿਰੇ ਤੋਂ ਉਸਾਰੀ ਕੀਤੀ, ਉਦੋਂ ਵੀ ਕੁਝ ਲੋਕਾਂ ਨੇ ਬੀਹੀ ਸਿੱਧੀ ਕਰਨ ਦੀ ਸਲਾਹ ਦਿੱਤੀ ਸੀ, ਪਰ ਹੁਣ ਤਾਂ 'ਚਾਚੇ' ਝੰਡੇ ਵਾਲਾ ਥਾਂ ਵੀ ਕਿਸੇ ਨੇ ਖਰੀਦ ਲਿਆ ਸੀ; ਸੋ, ਇਸ ਮਕਾਨ ਨੂੰ ਬੀਹੀ ਜਾਂ ਗਲੀ ਤੋਂ ਲਾਂਭੇ ਕਰਨ ਦਾ ਕੋਈ ਵੀ ਸਬੱਬ ਨਹੀਂ ਸੀ ਬਚਿਆ।

ਬੀਹੀ ਦੇ ਸ਼ੁਰੂ ਵਿਚ ਖੱਬੇ ਪਾਸੇ ਜੀਤ ਸਿੰਘ ਉਰਫ ਜੀਤੇ ਦਾ ਘਰ ਹੈ ਜਿਹੜਾ 1950ਵਿਆਂ ਦੇ ਦਹਾਕੇ ਵਿਚ ਉਸਾਰਿਆ ਗਿਆ ਸੀ। ਜੀਤ ਸਿੰਘ ਬਾਕੀ ਦੇ ਨੰਗਲ ਨਿਵਾਸੀ ਕਿਸਾਨਾਂ ਵਾਂਗ ਛੋਟਾ ਕਿਸਾਨ ਸੀ ਅਤੇ ਉਹ ਸਾਰੀ ਉਮਰ ਆਪਣੀ ਢਾਈ-ਤਿੰਨ ਕਿਲੇ ਜ਼ਮੀਨ ਉਤੇ ਮਿਹਨਤ ਕਰਦਾ ਪੂਰਾ ਹੋ ਗਿਆ। ਮਗਰੋਂ ਉਸ ਦੇ ਪੁੱਤਰਾਂ ਨੂੰ ਇਸੇ ਜ਼ਮੀਨ ਨੇ ਲੱਖਪਤੀ ਬਣਾ ਦਿੱਤਾ ਅਤੇ ਜ਼ਮੀਨ ਵਿਚ ਨਵੀਂ ਬਸਤੀ ਉਸਰ ਆਈ ਹੈ।

ਉਸ ਦੇ ਘਰ ਤੋਂ ਅਗਲੇ ਖੱਬੇ ਪਾਸੇ ਕਿਸ਼ਨ ਸਿੰਘ ਉਰਫ ਕਿਸ਼ਨੇ ਦਾ ਘਰ ਹੈ ਜਿਸ ਦਾ ਪੁੱਤਰ ਕੇਵਲ ਸਿੰਘ ਮੇਰੀ ਕੁ ਉਮਰ ਦਾ ਸੀ। 1960ਵਿਆਂ ਵਿਚ ਸਿਰਫ ਉਹੀ ਸੀ ਜਿਸ ਕੋਲ ਪੰਜਵੀਂ-ਛੇਵੀਂ ਵਿਚ ਪੜ੍ਹਦੇ ਸਮੇਂ ਛੋਟਾ ਸਾਈਕਲ ਹੁੰਦਾ ਸੀ। ਕੁਝ ਸਾਲਾਂ ਬਾਅਦ ਜਦੋਂ ਕੇਵਲ ਸਿੰਘ ਲਈ ਇਹ ਸਾਈਕਲ ਛੋਟਾ ਹੋ ਗਿਆ ਤਾਂ ਇਹ ਸਾਡੇ ਲਈ ਖਰੀਦ ਲਿਆ ਗਿਆ। ਮੈਂ ਇਸ ਨੂੰ ਚਲਾ ਕੇ ਕੁਝ ਸਾਲਾਂ ਤੱਕ ਜਲੰਧਰ ਛਾਉਣੀ ਦੇ ਬੋਰਡ ਸਕੂਲ ਪੜ੍ਹਨ ਜਾਂਦਾ ਰਿਹਾ ਸਾਂ। ਮੈਥੋਂ ਬਾਅਦ ਮੇਰੇ ਛੋਟੇ ਭਰਾਵਾਂ ਨੇ ਵੀ ਇਹ ਚਲਾਇਆ ਸੀ। ਫਿਰ ਇਹ ਬਹੁਤ ਸਾਲ ਤੱਕ ਗੁਸਲਖਾਨੇ ਉਤੇ ਪਾਈ ਗਈ ਟੀਨ ਦੀ ਛੱਤ ਉਤੇ ਪਿਆ ਰਿਹਾ। ਬਾਅਦ ਵਿਚ ਇਹ ਜ਼ਰੂਰ ਕਬਾੜੀਆਂ ਦੇ ਕੰਮ ਆਇਆ ਹੋਵੇਗਾ।

ਸਾਹਮਣੇ ਅਤੇ ਬੀਹੀ ਦੇ ਸੱਜੇ ਪਾਸੇ ਲੰਬੜਾਂ ਦੇ ਟੱਬਰ ਦਾ ਚੁਬਾਰਾ ਸੀ। ਉਸ ਦੇ ਸਾਹਮਣੇ ਦਾਲੋ ਹੁਰਾਂ ਦਾ ਘਰ ਸੀ। ਦਾਲੋ ਬਹੁਤਾ ਪੜ੍ਹ ਨਹੀਂ ਸੀ ਸਕਿਆ। ਇਕ ਵਾਰ ਉਸ ਨੇ ਆਪਣੇ ਹੀ ਖੇਤ ਵਿਚੋਂ ਹਦਵਾਣੇ ਤੋੜਨ ਦੀ ਸਕੀਮ ਬਣਾਈ ਸੀ ਅਤੇ ਅਸਾਂ ਹਦਵਾਣੇ ਤੋੜ ਕੇ ਹੱਟੀ ਦੇ ਸਾਹਮਣੇ ਸਕੂਲ ਦੇ ਵਰਾਂਡੇ ਵਿਚ ਖਾਧੇ ਸਨ। ਉਦੋਂ ਹੀ ਸਾਹਮਣੀ ਦੁਕਾਨ ਵਿਚੋਂ ਲਾਲਾ ਬਿਸ਼ਨ ਚੰਦ ਨਲਕੇ ਤੋਂ ਪਾਣੀ ਲੈਣ ਆ ਗਿਆ। ਉਸ ਨੇ ਹਨੇਰੇ ਵਿਚ ਬੈਠੇ ਆਕਾਰਾਂ ਨੂੰ ਦੇਖ ਕੇ ਖੰਘੂਰਾ ਮਾਰਿਆ, ਤਾਂ ਅਸਾਂ ਹਦਵਾਣੇ ਦੇ ਖੱਪਰ ਉਸ ਦੇ ਮੂੰਹ ਉਤੇ ਮਾਰੇ ਅਤੇ ਭੱਜ ਗਏ। ਇਕ ਜਣੇ ਦੀ ਜੁੱਤੀ ਉਥੇ ਰਹਿ ਗਈ ਜਿਹੜੀ ਬਿਸ਼ਨ ਚੰਦ ਨੇ ਪਛਾਣ ਲਈ; ਤੇ ਫਿਰ ਅਸੀਂ ਮਾਪਿਆਂ ਤੋਂ ਝਾੜਾਂ ਖਾਣ ਜੋਗੇ ਹੋ ਗਏ ਸਾਂ।

ਇਸ ਤੋਂ ਬਾਅਦ ਜੱਗਾ ਸਿੰਘ ਦਾ ਘਰ ਹੈ ਜੋ ਬੀਹੀ ਤੋਂ ਹਟਵਾਂ ਸੀ। ਜੱਗਾ ਸਿੰਘ ਦਾ ਮਗਰਲੀ ਉਮਰੇ ਵਿਆਹ ਹੋਇਆ ਸੀ ਅਤੇ ਉਸ ਦੀ ਜਵਾਨ ਦਿਸਦੀ ਘਰਵਾਲੀ ਨੂੰ ਦਾਦੀ ਕਹਿੰਦਿਆਂ ਔਖਾ ਲਗਦਾ ਸੀ। ਉਸ ਦੀਆਂ ਦੋ ਧੀਆਂ ਅਤੇ ਇਕ ਪੁੱਤਰ ਸਨ। ਉਸ ਦੇ ਪੁੱਤਰ ਰਾਣੇ ਨੂੰ ਕੁਝ ਸਾਲ ਹੋਏ ਮੈਂ ਬਰਮਿੰਘਮ ਵਿਚ ਮਿਲਿਆ ਸਾਂ ਜਿਥੇ ਉਹ ਸਾਡੇ ਹੀ ਪਿੰਡ ਦੇ ਲੁਹਾਰਾਂ ਦੇ ਮਿਹਰ ਸਿੰਘ ਦੇ ਪੁੱਤਰ ਰਾਣੇ ਨਾਲ ਰਲ ਕੇ ਫਾਸਟ ਫੂਡ ਦੀ ਦੁਕਾਨ ਕਰਦਾ ਸੀ। ਕੁਝ ਘੰਟੇ ਉਨ੍ਹਾਂ ਦੀ ਦੁਕਾਨ ਉਤੇ ਬੈਠਣ ਨਾਲ ਇੰਗਲੈਂਡ ਵਿਚ ਆਮ ਮਜ਼ਦੂਰਾਂ ਦੀ ਮੰਦੀ ਹਾਲਤ ਬਾਰੇ ਜਿਹੜੀਆਂ ਗੱਲਾਂ ਪਤਾ ਲੱਗੀਆਂ, ਉਹ ਸ਼ਾਇਦ ਦਰਜਨਾਂ ਕਿਤਾਬਾਂ ਜਾਂ ਭਾਸ਼ਣਾਂ ਵਿਚੋਂ ਵੀ ਪਤਾ ਨਾ ਲਗਦੀਆਂ।

ਇਸ ਘਰ ਦੇ ਸਾਹਮਣੇ ਹੀ ਤਰਖਾਣਾਂ ਦੇ ਕਰਤਾਰ ਸਿੰਘ ਦੇ ਵੱਡੇ ਭਰਾ ਬਾਵਾ ਸਿੰਘ ਦਾ ਘਰ ਸੀ। ਉਸ ਦੇ ਦੋ ਪੁੱਤਰ ਸਨ ਪਰ ਦੋਵੇਂ ਹੀ ਅਵਾਰਾ ਨਿਕਲੇ। ਬਾਵਾ ਸਿੰਘ ਦੀ ਪਹਿਲੀ ਘਰਵਾਲੀ ਮਰ ਗਈ ਸੀ। ਫਿਰ ਉਹ ਟਰੱਕਾਂ ਨਾਲ ਗਿਆ ਕਿਸੇ ਥਾਂ ਤੋਂ ਕੁਦੇਸਣ ਲੈ ਆਇਆ ਸੀ।

ਬਾਵਾ ਸਿੰਘ ਦੇ ਘਰ ਤੋਂ ਮੁੜ ਕੇ ਇਕ ਬੀਹੀ ਖੱਬੇ ਪਾਸੇ ਚਲੇ ਜਾਂਦੀ ਹੈ ਜਿਸ ਵਿਚ ਪਹਿਲਾਂ ਤਾਂ ਪਿੰਡ ਦੇ ਕੁੜੀਆਂ ਦੇ ਸਕੂਲ ਦਾ ਦਰਵਾਜ਼ਾ ਆਉਂਦਾ ਹੈ ਅਤੇ ਫਿਰ ਛੀਂਬਿਆਂ ਦੇ ਟੱਬਰ ਦਾ। ਉਸ ਤੋਂ ਬਾਅਦ ਮਿਹਰ ਸਿੰਘ ਅਤੇ ਬਾਬੂ ਕਰਮ ਸਿੰਘ ਦੇ ਘਰ ਸਨ। ਬਾਬੂ ਕਰਮ ਸਿੰਘ ਦਾ ਛੋਟਾ ਪੁੱਤਰ ਮੈਥੋਂ ਕਰੀਬ ਬਾਰਾਂ ਵਰ੍ਹੇ ਛੋਟਾ ਸੀ। ਉਸ ਨਾਲ ਖੁੱਲ੍ਹ ਕੇ ਪਹਿਲੀ ਮੁਲਾਕਾਤ ਚੰਡੀਗੜ੍ਹ ਅਤੇ ਦੂਜੀ ਇੰਗਲੈਂਡ ਵਿਚ ਹੋਈ। ਦਲਜੀਤ ਸਿੰਘ ਉਰਫ ਲਾਲ ਜੀ ਨਾਂ ਦੇ ਇਸ ਮਿਲਾਪੜੇ ਜਵਾਨ ਨਾਲ ਮੁਲਾਕਾਤ ਇਸ ਪਰਿਵਾਰ ਨੂੰ ਜਾਣਨ ਵਿਚ ਬਹੁਤ ਸਹਾਈ ਹੋਈ।

ਇਨ੍ਹਾਂ ਹੀ ਘਰਾਂ ਵਿਚ ਮਰਹੂਮ ਗੁਰਦਿਆਲ ਸਿੰਘ ਫੁੱਲ ਦਾ ਘਰ ਸੀ ਜਿਨ੍ਹਾਂ ਪੰਜਾਬੀ ਸਾਹਿਤ ਵਿਚ ਨਾਂ ਕਮਾਇਆ ਅਤੇ ਪਿੰਡ ਦਾ ਨਾਂ ਵੀ ਰੌਸ਼ਨ ਕੀਤਾ। ਉਨ੍ਹਾਂ ਦੀ ਇੱਛਾ ਸੀ ਕਿ ਪਿੰਡ ਦੇ ਲੋਕ ਵੀ ਉਨ੍ਹਾਂ ਦੀ ਪ੍ਰਤਿਭਾ ਨੂੰ ਪਛਾਣਨ। ਇਕ ਵਾਰੀ ਜਦੋਂ ਮੈਂ ਪਿੰਡ ਦੀ ਨੌਜਵਾਨ ਸਭਾ ਵਲੋਂ ਪਿੰਡ ਵਿਚ ਉਨ੍ਹਾਂ ਦਾ ਸਨਮਾਨ ਕਰਨ ਦੀ ਪੇਸ਼ਕਸ਼ ਕੀਤੀ, ਤਾਂ ਖਬਰੇ ਕੀ ਸੋਚ ਕੇ ਉਨ੍ਹਾਂ ਨਾਂਹ ਕਰ ਦਿੱਤੀ। ਮੈਨੂੰ ਸਾਰੀ ਉਮਰ ਇਹ ਪਛਤਾਵਾ ਰਿਹਾ ਕਿ ਉਨ੍ਹਾਂ ਦੀ ਇਹ ਇੱਛਾ ਪੂਰੀ ਨਹੀਂ ਕੀਤੀ ਜਾ ਸਕੀ। ਮਗਰੋਂ ਜਦੋਂ ਪਿੰਡ ਦੇ ਕੁਝ ਨੌਜਵਾਨਾਂ ਨੇ ਉਨ੍ਹਾਂ ਦੀ ਯਾਦ ਵਿਚ ਮੇਲਾ ਲਾਉਣਾ ਸ਼ੁਰੂ ਕਰ ਕੀਤਾ, ਇੰਨੀ ਕੁ ਤਸੱਲੀ ਜ਼ਰੂਰ ਹੋਈ ਕਿ ਪਿੰਡ ਨੇ ਆਪਣੇ ਪੁੱਤਰ ਨੂੰ ਭੁਲਾਇਆ ਨਹੀਂ ਹੈ।

ਇਸ ਤੋਂ ਅੱਗੇ ਇਕ ਪਾਸੇ ਤਾਂ ਸੰਤਾ ਸਿੰਘ ਦਾ ਘਰ ਸੀ ਅਤੇ ਉਸ ਦੇ ਸਾਹਮਣੇ ਡੋਗਰ ਸਿੰਘ ਦਾ। ਸੰਤਾ ਸਿੰਘ ਦੇ ਘਰ ਦੀ ਪਿਛਲੀ ਕੰਧ ਸਾਡੇ ਘਰ ਨੂੰ ਲਗਦੀ ਸੀ। ਸੰਤਾ ਸਿੰਘ ਦੇ ਧੀਆਂ ਪੁੱਤਰਾਂ ਨਾਲ ਸਾਡੀ ਛੱਡ ਉਤੇ ਦੀ ਸਾਂਝ ਸੀ। ਉਸ ਦੀ ਇਕ ਧੀ ਸੁਰਿੰਦਰ ਮੇਰੇ ਨਾਲ ਪੜ੍ਹਦੀ ਹੁੰਦੀ ਸੀ। ਅੱਠਵੀਂ ਜਮਾਤ ਵਿਚ ਉਹ ਮੇਰੇ ਨਾਲ ਹੀ ਮਾਸਟਰਨੀ ਦੇ ਪਿਤਾ ਤੋਂ ਟਿਊਸ਼ਨ ਵੀ ਪੜ੍ਹਦੀ ਹੁੰਦੀ ਸੀ। ਉਹ ਸ਼ਾਇਦ ਦਸਵੀਂ ਨਹੀਂ ਸੀ ਪਾਸ ਕਰ ਸਕੀ। ਪਿੰਡਾਂ ਵਿਚ ਅਕਸਰ ਹੀ ਕੁੜੀਆਂ ਦੇ ਵਿਆਹ ਦੀ ਕਾਹਲੀ ਹੁੰਦੀ ਹੈ; ਇਸ ਲਈ ਪੜ੍ਹਾਈ ਵਿਚ ਹੁਸ਼ਿਆਰ ਹੋਣ ਦੇ ਬਾਵਜੂਦ ਉਸ ਨੂੰ ਬਹੁਤਾ ਪੜ੍ਹਨ ਨਹੀਂ ਸੀ ਦਿੱਤਾ ਗਿਆ।

ਹੁਣ ਮੁੜ ਮੁੱਖ ਗਲੀ ਵੱਲ ਆਈਏ ਜਿਸ ਵਿਚ ਗੋਲਾਈਦਾਰ ਕੰਧ ਵਾਲਾ ਮਕਾਨ ਅਜੇ ਵੀ ਮੌਜੂਦ ਹੈ। ਮੁੱਖ ਗਲੀ ਵਿਚ ਬਾਵਾ ਸਿੰਘ ਦੇ ਘਰ ਤੋਂ ਬਾਅਦ ਸੱਜੇ ਪਾਸੇ ਪੰਜਾਬ ਸਿੰਘ ਦਾ ਚੁਬਾਰਾ ਹੈ। ਕਿਸੇ ਸਮੇਂ ਇਹ ਬਹੁਤ ਉਚਾ ਮਕਾਨ ਸਮਝਿਆ ਜਾਂਦਾ ਸੀ। ਸਭ ਤੋਂ ਅਖੀਰ ਵਿਚ ਗੋਲ ਕੰਧ ਵਾਲੇ ਮਕਾਨ ਦੇ ਸਾਹਮਣੇ ਅਮਰ ਸਿੰਘ ਦਾ ਘਰ ਹੈ ਜਿਸ ਦੀ ਘਰਵਾਲੀ ਨੂੰ ਸਾਰੇ ਭਾਬੀ ਕਹਿੰਦੇ ਸਨ। ਦੋਵੇਂ ਬਹੁਤ ਮਿਲਾਪੜੇ ਸੁਭਾਅ ਦੇ ਸਨ।

ਜਦੋਂ ਗੋਲਾਈਦਾਰ ਕੰਧ ਪਾਰ ਕਰ ਜਾਓ, ਤਾਂ ਐਨ ਪਿਛਲੇ ਪਾਸੇ ਮਿਲਖਾ ਸਿੰਘ ਨਾਂ ਦੇ ਬੇਜ਼ਮੀਨੇ ਕਿਸਾਨ ਦਾ ਘਰ ਸੀ। ਉਹ ਬਹੁਤ ਗਰੀਬ ਜੱਟ ਸੀ ਅਤੇ ਉਸ ਦੀ ਦੂਜੀ ਘਰਵਾਲੀ ਬਿੱਸੀ ਕਦੀ-ਕਦੀ ਸ਼ਰਾਬ ਵੀ ਵੇਚਦੀ ਹੁੰਦੀ ਸੀ।

ਸੱਜੇ ਪਾਸੇ ਦਲਜੀਤ ਕਿਆਂ ਦਾ ਚੁਬਾਰਾ ਸੀ ਜਿਸ ਨਾਲ ਹਮਉਮਰ ਹੋਣ ਕਾਰਨ ਮੇਰੀ ਵੀ ਅਤੇ ਮੇਰੀ ਵੱਡੀ ਭੈਣ ਦੀ ਵੀ ਬਹੁਤ ਸਾਂਝ ਸੀ। ਉਸ ਤੋਂ ਪਹਿਲਾਂ ਮੇਰੇ ਚਾਚੇ ਹਰਭਜਨ ਸਿੰਘ ਅਤੇ ਦਲਜੀਤ ਦੇ ਚਾਚੇ ਦੀ ਵੀ ਬਹੁਤ ਸਾਂਝ ਸੁਣੀਂਦੀ ਸੀ। ਦਲਜੀਤ ਸਿੰਘ ਦੇ ਪਿਤਾ ਬਿੱਕਰ ਸਿੰਘ ਨੇ ਬਹੁਤ ਗਰੀਬੀ ਤੋਂ ਜ਼ਿੰਦਗੀ ਸ਼ੁਰੂ ਕੀਤੀ ਸੀ ਅਤੇ ਸਖਤ ਮਿਹਨਤ ਨਾਲ ਕਈ ਭੱਠੇ ਤੇ ਟਰੱਕ ਬਣਾ ਲਏ ਸਨ।



*ਦਲਬੀਰ ਸਿੰਘ ਦੀ ਤਸਵੀਰ ਨਾਲ ਉਨ੍ਹਾਂ ਦੀ ਪਤਨੀ ਜਸਬੀਰ ਕੌਰ, (ਉਪਰ) ਬੇਟਾ ਵਿਕਰਾਂਤ ਆਪਣੀ ਪਤਨੀ ਤੇ ਬੱਚਿਆਂ ਨਾਲ ਤੇ (ਹੇਠਾਂ) ਬੇਟੀ ਸੁਪਨੀਤ।*

ਉਸ ਤੋਂ ਅੱਗੇ ਝਿਊਰਾਂ ਦਾ ਛੋਟਾ ਜਿਹਾ ਘਰ ਸੀ ਅਤੇ ਖੱਬੇ ਪਾਸੇ ਜੱਟਾਂ ਦਾ। ਇਸ ਤੋਂ ਬਾਅਦ ਗਲੀ ਚੌੜੀ ਹੋ ਜਾਂਦੀ ਸੀ ਅਤੇ ਅੱਗੇ ਪਿੰਡ ਦਾ ਵੱਡਾ ਦਰਵਾਜ਼ਾ ਆ ਜਾਂਦਾ ਸੀ। ਇਉਂ ਮੈਂ ਆਪਣੀ ਬੇਟੀ ਸੁਪਨੀਤ ਨੂੰ ਆਪਣਾ ਪਿੰਡ ਦਿਖਾਉਂਦਾ ਹਾਂ। ਇਸ ਪਿੰਡ ਵਿਚ ਨਾ ਤਾਂ ਪਹਿਲਾਂ ਵਾਲੇ ਲੋਕ ਲੱਭਦੇ ਹਨ ਅਤੇ ਨਾ ਹੀ ਇਸ ਨੂੰ ਪਿੰਡ ਕਹਿਣ ਨੂੰ ਚਿੱਤ ਕਰਦਾ ਹੈ। ਸ਼ਹਿਰੀਕਰਨ ਨੇ ਇਸ ਦਾ ਰੂਪ ਬਦਲ ਦਿੱਤਾ ਹੈ। ਸਾਰੇ ਪਿੰਡ ਵਿਚ ਸਿਰਫ ਤਿੰਨ-ਚਾਰ ਬੰਦਿਆਂ ਨੇ ਹੀ ਮੈਨੂੰ ਪਛਾਣਿਆ।

ਫਿਰ ਵੀ ਇਹ ਹੌਸਲਾ ਸੀ ਕਿ ਜੱਦੀ-ਪੁਸ਼ਤੀ ਮਕਾਨ ਮੌਜੂਦ ਹੈ ਅਤੇ ਇਸ ਰਾਹੀਂ ਪਿੰਡ ਨਾਲ ਨਾੜੂਆ ਜੁੜਿਆ ਹੋਇਆ ਹੈ, ਪਰ 2007 ਵਿਚ ਛੋਟੇ ਭਾਈ ਨੇ ਇਹ ਮਕਾਨ ਵੇਚ ਦਿੱਤਾ। ਹੁਣ ਦਲਬੀਰ ਸਿੰਘ ਵਲਦ ਮਹਿੰਦਰ ਸਿੰਘ ਵਲਦ ਮੇਲਾ ਸਿੰਘ ਵਲਦ ਵਿਸਾਖੀ ਵਲਦ ਮਹੇਰਸਾ ਵਲਦ ਬੁਲਾਕੀ ਵਲਦ ਕਪੂਰਾ ਵਲਦ ਦੁਨੀਆ ਦੀ ਕੋਈ ਨਿਸ਼ਾਨੀ ਇਸ ਪਿੰਡ ਵਿਚ ਨਹੀਂ ਰਹੀ। ਮੇਰਾ ਵੀ ਇਸ ਨਾਲੋਂ ਜਿਵੇਂ ਨਾੜੂਆਂ ਕੱਟਿਆ ਗਿਆ ਹੋਵੇ।

ਕੁਝ ਸਾਲ ਹੋਏ ਮਾਂ ਨੇ ਕੂਚ ਕਰਨ ਤੋਂ ਪਹਿਲਾਂ ਜ਼ੁਬਾਨੀ-ਕਲਾਮੀ ਹੀ ਪਿਤਾ ਪੁਰਖੀ ਜਾਇਦਾਦ ਦੀ ਵੰਡ ਕਰ ਦਿੱਤੀ। ਤਿੰਨਾਂ ਛੋਟੇ ਭਰਾਵਾਂ ਨੂੰ ਪਿਤਾ ਵਲੋਂ ਬਣਾਈ ਜਾਇਦਾਦ ਦਾ ਕੋਈ ਨਾ ਕੋਈ ਹਿੱਸਾ ਦਿੱਤਾ। ਮੇਰੀ ਭਾਵੁਕ ਲਾਲਸਾ ਸੀ ਕਿ ਪਿੰਡ ਵਾਲਾ ਥਾਂ ਮੈਨੂੰ ਮਿਲ ਜਾਵੇ। ਮਾਂ ਨੇ ਇਹ ਤੀਜੇ ਥਾਂ ਵਾਲੇ ਪੁੱਤ ਨੂੰ ਦੇ ਦਿੱਤਾ। ਮੇਰੇ ਸਿਰ ਉਤੇ ਹੱਥ ਰੱਖ ਕੇ ਕਹਿਣ ਲੱਗੀ ਕਿ ਤੈਨੂੰ ਰੱਬ ਨੇ ਬਥੇਰਾ ਦਿੱਤਾ। ਮੇਰੇ ਲਈ ਇਹੀ ਬਹੁਤ ਸੀ। ਚਲੋ ਕੋਈ ਨਹੀਂ। ਮੈਂ ਸੋਚਦਾ ਸਾਂ ਕਿ ਘਰ ਭਰਾ ਕੋਲ ਵੀ ਰਹੇ, ਤਾਂ ਵੀ ਕੀ ਫਰਕ ਪੈਂਦਾ ਹੈ? ਕਦੀ-ਕਦੀ ਹੀ ਤਾਂ ਜੀਅ ਕਰਦਾ ਹੈ; ਜਦੋਂ ਵੀ ਜੀਅ ਕੀਤਾ, ਦੇਖਣ ਜਾ ਹੀ ਸਕਾਂਗਾ; ਪਰ...ਕਹਿੰਦੇ ਨੇ, ਜਦੋਂ ਕੋਈ ਝਟਕਾ ਲੱਗੇ ਉਦੋਂ ਸੀਨੇ ਵਿਚ ਦਰਦ ਹੁੰਦਾ ਹੈ। ਇਹ ਦਰਦ ਉਸ ਤਰ੍ਹਾਂ ਦਾ ਨਹੀਂ ਹੁੰਦਾ ਜਿਸ ਤਰ੍ਹਾਂ ਦਾ ਦਿਲ ਦੀ ਬਿਮਾਰੀ ਕਾਰਨ ਹੁੰਦਾ ਹੈ। ਨਾ ਹੀ ਇਹ ਮਹਿਬੂਬ ਦੇ ਰੁੱਸ ਜਾਣ ਕਾਰਨ ਹੋਣ ਵਾਲੇ ਦਰਦ ਵਰਗਾ ਹੁੰਦਾ ਹੈ। ਇਹ ਦਰਦ ਬਿਲਕੁਲ ਵੱਖਰੀ ਕਿਸਮ ਦਾ ਹੁੰਦਾ ਹੈ।...ਕਈ ਵਾਰ ਲਗਦਾ ਹੈ ਕਿ ਉਦਰੇਵਾਂ ਸਿਰਫ ਮੈਨੂੰ ਹੀ ਹੈ, ਹੋਰ ਕਿਸੇ ਨੂੰ ਨਹੀਂ। ਬਾਬਾ ਫਰੀਦ ਨੂੰ ਵੀ ਮੈਂ ਭੁੱਲੀ ਬੈਠਾ ਹਾਂ ਜਿਨ੍ਹਾਂ ਕਿਹਾ ਹੈ ਕਿ ਦੁੱਖਾਂ ਦੀ ਅੱਗ ਤਾਂ ਘਰ-ਘਰ ਬਲਦੀ ਹੈ, ਸਿਰਫ ਉਚੇ ਚੜ੍ਹ ਕੇ ਦੇਖਣ ਵਾਲੀ ਅੱਖ ਚਾਹੀਦੀ ਹੈ।

ਕਿੱਸਾ ਖਤਮ ਕਰਦੇ ਹੋਏ ਸਿਰਫ ਇਹੀ ਕਹਿੰਦਾ ਹਾਂ ਕਿ ਹੁਣ ਉਸ ਘਰ ਨੂੰ ਆਪਣਾ ਕਹਿਣ ਦਾ ਹੱਕ ਵੀ ਜਾਂਦਾ ਰਿਹਾ ਹੈ। ਵਲੈਤ ਰਹਿੰਦੇ ਜਿਸ ਭਰਾ ਨੂੰ ਇਹ ਵਿਰਸੇ ਵਿਚ ਮਿਲਿਆ ਸੀ, ਉਸ ਨੇ ਇਹ ਵੇਚ ਦਿੱਤਾ ਹੈ। ਉਸ ਨੂੰ ਪੈਸਿਆਂ ਦੀ ਜ਼ਰੂਰਤ ਸੀ। ਮੁਰਾਰੀ ਨਿਰਾ ਭਾਵੁਕ ਮੂਰਖ ਹੈ। ਉਹ ਕਈ ਦਿਨ ਗ਼ਮ ਵਿਚ ਹੀ ਕੱਟ ਦੇਵੇਗਾ। ਉਸ ਕੋਲ ਦਰਦ ਨੂੰ ਦੱਸਣ ਲਈ ਸ਼ਬਦ ਨਹੀਂ ਸਨ। ਇਸੇ ਲਈ ਹੀ ਉਹ ਦੱਸ ਨਹੀਂ ਪਾ ਰਿਹਾ ਕਿ ਇਹ ਜੋ ਦਰਦ ਸੀਨੇ ਵਿਚ ਹੈ, ਇਹ ਕਿਸ ਤਰ੍ਹਾਂ ਦਾ ਹੈ!

ਅੱਜ ਦੀ ਰਾਤ ਉਹ ਫਿਰ ਉਵੇਂ ਹੀ ਸੁੰਨੀਆਂ ਗਲੀਆਂ ਵਿਚ ਘੁੰਮੇਗਾ ਜਿਵੇਂ ਕਈ ਰਾਤਾਂ ਤੋਂ ਘੁੰਮਦਾ ਆ ਰਿਹਾ ਹੈ। ਜੜ੍ਹਾਂ ਤੋਂ ਬਗੈਰ ਕੋਈ ਧਰਤੀ ਉਤੇ ਕਿਵੇਂ ਰਹੇ?

***(ਸਮਾਪਤ)***

## ਨਾੜੂਆ ਕੱਟਿਆ ਗਿਆ...



ਚੜ੍ਹਾਈ ਕਰਨ ਤੋਂ ਪਹਿਲਾਂ ਮੇਰੇ ਪਿਤਾ ਨੇ ਆਪਣੀ ਕੁਝ ਮਰਲਿਆਂ ਦੀ ਜਾਇਦਾਦ ਵੰਡਣ ਦੀ ਜਹਿਮਤ ਨਹੀਂ ਸੀ ਲਈ। ਜਿਸ ਮਕਾਨ ਨੂੰ ਉਨ੍ਹਾਂ ਖਰੀਦਿਆ ਸੀ, ਉਸ ਸਮੇਤ ਇਕ ਪਲਾਟ ਮਾਂ ਦੇ ਨਾਂ ਕਰਵਾ ਦਿੱਤਾ। ਮਾਤਾ ਨੇ ਆਪਣੀ ਚੜ੍ਹਾਈ ਤੋਂ ਕੁਝ ਸਮਾਂ ਪਹਿਲਾਂ ਇਕ ਪਲਾਟ ਮੈਥੋਂ ਛੋਟੇ ਭਰਾ ਨੂੰ ਦੇ ਦਿੱਤਾ, ਜਲੰਧਰ ਸ਼ਹਿਰ ਵਾਲਾ ਮਕਾਨ ਸਭ ਤੋਂ ਛੋਟੇ ਲਈ ਰੱਖ ਦਿੱਤਾ। ਉਹ ਸਦਾ ਹੀ ਉਸੇ ਕੋਲ ਰਹੇ ਸਨ ਅਤੇ ਉਸ ਨੇ ਹੀ ਆਖਰੀ ਉਮਰੇ ਉਨ੍ਹਾਂ ਦੀ ਸੇਵਾ ਕੀਤੀ ਸੀ। ਇਸ ਲਈ ਇਸ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਸੀ ਹੋ ਸਕਦਾ। ਮੇਰੀ ਇੱਛਾ ਸੀ ਕਿ ਪਿੰਡ ਵਾਲਾ ਮਕਾਨ ਮੈਨੂੰ ਦੇ ਦੇਣ, ਤਾਂ ਮੈਂ ਖਬਰੇ ਉਥੇ ਕੋਈ ਲਾਇਬ੍ਰੇਰੀ ਵਗੈਰਾ ਬਣਾਉਣ ਦੀ ਆਪਣੀ ਇੱਛਾ ਕਿਸੇ ਸਮੇਂ ਪੂਰੀ ਕਰ ਸਕਾਂ, ਪਰ ਉਹ ਮਕਾਨ ਇੰਗਲੈਂਡ ਰਹਿੰਦੇ ਤੀਜੇ ਨੰਬਰ ਵਾਲੇ ਭਾਈ ਲਈ ਰਾਖਵਾਂ ਰੱਖ ਦਿੱਤਾ ਗਿਆ।...

## ਸੰਪਾਦਕ ਦੀ ਡਾਕ

### 'ਪੰਜਾਬ ਟਾਈਮਜ਼' ਦੀ ਵਰ੍ਹੇਗੰਢ ਦੀ ਵਧਾਈ

ਸਾਲ 2014 ਵਿਦਾਇਗੀ ਲੈ ਰਿਹਾ ਹੈ ਅਤੇ 2015 ਦਸਤਕ ਦੇ ਰਿਹਾ ਹੈ। ਆਓ! ਸਾਰੇ 2015 ਦੇ ਆਗਮਨ ਨੂੰ 'ਜੀ ਆਇਆਂ' ਆਖੀਏ। ਇਸ ਦੇ ਨਾਲ ਹੀ ਪੰਜਾਬੀ ਮਾਂ-ਬੋਲੀ ਦੇ ਨਿਧੜਕ ਅਤੇ ਮੋਹਰੀ ਅਖਬਾਰ 'ਪੰਜਾਬ ਟਾਈਮਜ਼' ਦੀ ਵਰ੍ਹੇਗੰਢ ਉਤੇ ਸੰਪਾਦਕ, ਇਸ ਦੇ ਸਿਆਣੇ ਤੇ ਸੂਝਵਾਨ ਪਾਠਕਾਂ, ਸਟਾਫ ਮੈਂਬਰਾਂ, ਮਾਂ-ਬੋਲੀ ਦੇ ਮੁੱਦਈ ਕਾਲਮਨਵੀਸਾਂ ਅਤੇ ਇਸ ਦੇ ਸਮਰਥਕਾਂ ਨੂੰ ਨਵਾਂ ਵਰ੍ਹਾ 2015 ਮੁਬਾਰਕ। ਰੱਬ ਕਰੇ, ਨਵਾਂ ਸਾਲ ਸਾਰਿਆਂ ਲਈ ਖੁਸ਼ੀਆਂ ਲੈ ਕੇ ਆਵੇ ਤੇ ਸਮੁੱਚੇ ਸੰਸਾਰ ਵਿਚ ਅਮਨ-ਸ਼ਾਂਤੀ ਬਣੀ ਰਹੇ। ਅਰਦਾਸ ਹੈ ਕਿ 'ਪੰਜਾਬ ਟਾਈਮਜ਼' ਆਪਣੀ ਇਸੇ ਖੁਬਸੂਰਤੀ ਅਤੇ ਰਵਾਨੀ ਨਾਲ ਅੱਗੇ ਵਧਦਾ ਹੋਇਆ ਅਸਮਾਨ ਦੀਆਂ ਹੋਰ ਬੁਲੰਦੀਆਂ ਨੂੰ ਛੂਹੇ। ਪਾਠਕਾਂ ਦਾ ਉਚੇਚਾ ਧੰਨਵਾਦ, ਜਿਨ੍ਹਾਂ ਮੇਰੀਆਂ ਲਿਖਤਾਂ ਪੜ੍ਹ ਕੇ ਸਦਾ ਹੀ ਮੇਰੀ ਹੌਸਲਾ-ਅਫਜ਼ਾਈ ਕੀਤੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਸ਼ੁਭ ਪ੍ਰੇਮ ਬਰਾੜ ਦਾ ਇਨਸਾਈਡ ਆਊਟਸਾਈਡ

**ਸਫਰ ਜ਼ਿੰਦਗੀ ਦਾ**

ਮੈਨੂੰ ਪਿਛਲੇ 20-22 ਸਾਲਾਂ ਦੌਰਾਨ ਜੀਅ ਨਾ ਲੱਗਣ ਦੀ ਕਦੀ ਸਮੱਸਿਆ ਨਹੀਂ ਸੀ ਆਈ। ਕਈ ਕਈ ਦਿਨ ਘਰੇ ਇਕੱਲੇ ਰਹਿਣ ਅਤੇ ਲੰਮਾ ਸਮਾਂ ਘਰੋਂ ਦੂਰ ਰਹਿਣ 'ਤੇ ਵੀ ਮੇਰਾ ਜੀਅ ਕਦੀ ਨਹੀਂ ਸੀ ਓਦਰਿਆ। ਪਰ ਜਦ ਬਠਿੰਡੇ ਤੋਂ ਸ਼ੁਭ ਪ੍ਰੇਮ ਬਰਾੜ ਕੋਲ ਇਕ ਦਿਨ ਰਹਿ ਕੇ ਪਰਤਿਆ ਤਾਂ ਮੇਰਾ ਆਪਣੇ ਘਰ 'ਚ, ਆਪਣੇ ਪਰਿਵਾਰ 'ਚ ਹੀ ਕਈ ਦਿਨ ਜੀਅ ਨਹੀਂ ਸੀ ਲੱਗਿਆ। ਮੇਰੀ ਉਨ੍ਹਾਂ ਨਾਲ 15 ਕੁ ਸਾਲ ਦੀ ਵਾਕਫੀ ਜਾਂ ਦੋਸਤੀ ਹੈ। ਇਨ੍ਹਾਂ ਪੰਦਰਾਂ ਸਾਲਾਂ ਦੌਰਾਨ ਮੈਂ ਉਨ੍ਹਾਂ ਨਾਲ ਕਦੀ 2-4 ਘੰਟੇ ਤੋਂ ਜ਼ਿਆਦਾ ਨਹੀਂ ਸੀ ਰਿਹਾ। ਪਹਿਲੀ ਵਾਰ ਸ਼ਾਮ ਦੀ ਚਾਹ, ਸ਼ਾਮ ਦੀ ਸੈਰ, ਕਲੱਬ ਦੀ ਗੇੜੀ, ਰਾਤ ਦੀ ਰੋਟੀ, ਸਵੇਰ ਦੀ ਚਾਹ, ਮਾਡਲ ਟਾਊਨ ਦੀਆਂ ਤਕਰੀਬਨ ਸਾਰੀਆਂ ਪਾਰਕਾਂ ਅਤੇ ਰੇਲਵੇ ਲਾਈਨ ਦੇ ਨਾਲ ਸਵੇਰ ਦੀ ਸੈਰ ਅਤੇ ਸ਼ਾਹ ਵੇਲੇ ਦੇ ਪਰੌਂਠਿਆਂ ਦਾ ਇਕੱਠਿਆਂ ਅਨੰਦ ਮਾਣਿਆਂ। ਉਨ੍ਹਾਂ ਨਾਲ ਮਿਲ ਕੇ ਬਠਿੰਡੇ ਦਾ ਕਿਲਾ ਦੇਖਿਆ, ਬਠਿੰਡਾ ਸ਼ਹਿਰ ਦੇਖਿਆ। ਬਹੁਤ ਗੱਲਾਂ ਸੁਣੀਆਂ, ਬਹੁਤ ਕੁਝ ਜਾਣਿਆ, ਬਹੁਤ ਅਨੰਦ ਮਾਣਿਆ, ਬਹੁਤ ਹੱਸੇ। ਉਹ ਦੁਨੀਆਂ 'ਚ ਇਕਲੌਤੇ ਬੰਦੇ ਹਨ ਜੋ ਮੈਨੂੰ ਜਸਵੰਸਿਆਂ ਕਹਿ ਕੇ ਬੁਲਾਉਂਦੇ ਹਨ। ਜਦ ਉਨ੍ਹਾਂ ਕੋਲੋਂ ਪਰਤ ਕੇ ਦੂਸਰੇ ਦਿਨ ਸ਼ਾਮ ਨੂੰ ਘਰ ਪਹੁੰਚਾ ਤਾਂ ਲੁੱਟਿਆ-ਪੁੱਟਿਆ ਮਹਿਸੂਸ ਕਰਨ ਲੱਗਾ। ਸੱਚੀਂ ਜੀਅ ਨਹੀਂ ਸੀ ਲੱਗ ਰਿਹਾ ਮੇਰਾ ਸ਼ੁਭ ਪ੍ਰੇਮ ਤੋਂ ਬਗੈਰ।



**ਜਸਵੰਤ ਜ਼ਫਰ**
ਫੋਨ: 91-96461-18209
e-mail: jaszafar@yahoo.com

ਮੇਰੇ ਵੇਖਦਿਆਂ ਵੇਖਦਿਆਂ ਪਿਛਲੇ 15 ਸਾਲਾਂ ਵਿਚ ਸਭ ਚੀਜ਼ਾਂ ਦੀਆਂ ਕੀਮਤਾਂ ਕਈ ਗੁਣਾ ਵਧੀਆਂ, ਅਬਾਦੀ ਵਧੀ, ਲੋਕਾਂ ਦੀਆਂ ਟੈਨਸ਼ਨਾਂ ਵਧੀਆਂ, ਜੁਰਮ ਵਧੇ, ਇੰਜੀਨੀਅਰਿੰਗ, ਨਰਸਿੰਗ, ਮੈਨੇਜਮੈਂਟ ਅਤੇ ਬੀ. ਐਡ. ਕਾਲਜਾਂ ਦੀ ਗਿਣਤੀ ਬੜੀ ਵਧੀ, ਯੂਨੀਵਰਸਿਟੀਆਂ ਵਧੀਆਂ, ਅਖਬਾਰਾਂ ਵਧੀਆਂ, ਟੀ.ਵੀ. ਚੈਨਲ ਵਧੇ, ਬੇਰੁਜ਼ਗਾਰੀ ਵਧੀ। ਗੱਲ ਕੀ ਸਭ ਕੁਛ ਬਹੁਤ ਵਧਿਆ ਪਰ ਇਨ੍ਹਾਂ 15 ਸਾਲਾਂ 'ਚ ਸ਼ੁਭ ਪ੍ਰੇਮ ਬਰਾੜ ਦੀ ਉਮਰ ਨਹੀਂ ਵਧੀ। ਬਿਲਕੁਲ ਹੀ ਨਹੀਂ ਵਧੀ। ਜਦ ਉਹ ਨਵੇਂ ਨਵੇਂ ਲੈਕਚਰਾਰ ਬਣ ਕੇ ਲੜਕੀਆਂ ਦੇ ਸਰਕਾਰੀ ਕਾਲਜ ਵਿਚ ਜੁਆਇੰਨ ਕਰਨ ਗਏ ਸਨ ਤਾਂ ਪ੍ਰਿੰਸੀਪਲ ਸਾਹਿਬਾ ਨੇ ਉਨ੍ਹਾਂ ਦੀ ਪਹੁੰਚ ਰਿਪੋਰਟ ਇਹ ਕਹਿ ਕੇ ਫੜਨ ਤੋਂ ਇਨਕਾਰ ਕਰ ਦਿੱਤਾ ਸੀ, "ਏਨੇ ਯੰਗ ਤੇ ਸੁਨੱਖੇ ਮੁੰਡੇ ਨੂੰ ਮੈਂ ਕੁੜੀਆਂ ਦੇ ਕਾਲਜ 'ਚ ਲੈਕਚਰਾਰ ਨਹੀਂ ਰੱਖ ਸਕਦੀ।" ਏਨੇ ਸਾਲਾਂ ਬਾਅਦ ਉਹ ਲੈਕਚਰਾਰ ਤੋਂ ਪ੍ਰਿੰਸੀਪਲ ਬਣ ਗਏ ਪਰ ਉਹ ਅਜੇ ਵੀ ਓਨੇ ਹੀ ਯੰਗ ਤੇ ਸੁਨੱਖੇ ਹਨ। ਜਿਸ ਕਾਲਜ ਵਿਚ ਉਹ ਪ੍ਰਿੰਸੀਪਲ ਬਣ ਕੇ ਪਹਿਲੇ ਦਿਨ ਗਏ ਹੋਣਗੇ ਉਥੇ ਵਿਦਿਆਰਥੀਆਂ ਨੇ ਉਨ੍ਹਾਂ ਨੂੰ ਦਾਖਲਾ ਲੈਣ ਆਇਆ ਨਵਾਂ ਵਿਦਿਆਰਥੀ ਹੀ ਸਮਝਿਆ ਹੋਵੇਗਾ। ਉਨ੍ਹਾਂ ਸਟਾਫ ਨੂੰ ਇਹ ਕਹਿੰਦਿਆਂ ਬੜੀ ਸੰਗ ਮੰਨੀ ਹੋਵੇਗੀ, "ਮੈਂ ਤੁਹਾਡਾ ਨਵਾਂ ਪ੍ਰਿੰਸੀਪਲ ਹਾਂ।"


ਮੈਂ ਸ਼ਰਾਰਤ ਨਾਲ ਪੁੱਛਿਆ, "ਤੁਹਾਡੇ ਸਟਾਫ ਨੂੰ ਤਾਂ ਸੱਚਮੁਚ ਤੁਹਾਨੂੰ ਆਪਣਾ ਪ੍ਰਿੰਸੀਪਲ ਮੰਨਣ 'ਚ ਬਹੁਤ ਦਿੱਕਤ ਆਉਂਦੀ ਹੋਣੀ ਆਂ।" ਉਨ੍ਹਾਂ ਦਾ ਜਵਾਬ ਸੀ, "ਦਿੱਕਤ ਵਰਗੀ ਦਿੱਕਤ? ਜਸਵੰਸਿਆਂ, ਸਟਾਫ ਦੀ ਛੱਡ, ਦਿੱਕਤ ਤਾਂ ਸਟੂਡੈਂਟਸ ਨੂੰ ਆਈ ਜਾਂਦੀ ਐ। ਮੈਂ ਬਥੇਰਾ ਪ੍ਰਿੰਸੀਪਲਾਂ ਵਰਗਾ ਮੂੰਹ ਬਣਾ ਕੇ ਬੋਲਣ ਅਤੇ ਹੌਲੀ ਹੌਲੀ ਤੁਰਨ ਦੀ ਕੋਸ਼ਿਸ਼ ਕਰਦਾਂ, ਪਰ ਕਿਥੇ, ਗੱਲ ਈ ਨੀਂ ਬਣਦੀ।" ਕੁਝ ਮਹੀਨਿਆਂ ਤੱਕ ਉਨ੍ਹਾਂ ਆਪਣੀ ਭਰ ਜੁਆਨੀ ਵਿਚ ਹੀ ਰਿਟਾਇਰ ਹੋ ਜਾਣਾ ਹੈ।

ਸ. ਅਮਰਜੀਤ ਸਿੰਘ ਗਰੇਵਾਲ ਅਤੇ ਸ਼ੁਭ ਪ੍ਰੇਮ ਬਰਾੜ 3-4 ਸਾਲ ਦੇ ਫਰਕ ਨਾਲ ਅੱਗੇ ਪਿੱਛੇ ਪੜ੍ਹੇ ਹਨ, ਯਾਨਿ ਉਮਰੋਂ ਹਾਣ-ਪ੍ਰਵਾਣ ਹੀ ਹਨ। ਪਰ ਦੋਹਾਂ ਦੀ ਆਊਟਲੁੱਕ 'ਚ ਬੜਾ ਫਰਕ ਹੈ। 1997 ਵਿਚ ਜਦ ਡਾ. ਸੁਰਜੀਤ ਪਾਤਰ ਸਿਹਤ ਦੀ ਖਰਾਬੀ ਕਾਰਨ ਲੁਧਿਆਣੇ ਦੇ ਸੀ. ਐਮ. ਸੀ. ਹਸਪਤਾਲ ਵਿਚ ਦਾਖਲ ਸਨ ਤਾਂ ਸ਼ੁਭ ਪ੍ਰੇਮ ਅਤੇ ਅਮਰਜੀਤ ਗਰੇਵਾਲ ਉਨ੍ਹਾਂ ਦੀ ਟਹਿਲ ਸੇਵਾ ਲਈ ਹਸਪਤਾਲ ਹਾਜ਼ਰ ਰਹੇ। ਆਏ ਗਏ ਨੂੰ ਅਟੈਂਡ ਕਰਨ ਲਈ ਅਤੇ ਹੋਰ ਉਪਰਲੇ ਕੰਮਾਂ ਲਈ ਹਰ ਪਲ ਤੱਤਪਰ ਰਹੇ। ਵਿਹਲੇ ਸਮੇਂ ਦੋਨੋਂ ਇਕੱਠੇ ਬਰਾਂਡੇ 'ਚ ਬੈਠ ਕੇ ਗੱਲਾਂ ਕਰਿਆ ਕਰਨ, ਇਕੱਠੇ ਡਾਕਟਰ ਕੋਲ ਜਾਇਆ ਕਰਨ, ਇਕੱਠੇ ਚਾਹ ਪੀਣ ਜਾਂ ਦਵਾਈਆਂ ਲੈਣ ਜਾਇਆ ਕਰਨ। ਉਨ੍ਹਾਂ ਦੀ ਏਨੀ ਨੇੜਤਾ ਅਤੇ ਦੋਸਤੀ ਤੋਂ ਹੈਰਾਨ ਹੋਣ ਵਾਲਿਆਂ 'ਚੋਂ ਇਕ ਮਲੂਕ ਜਹੀ ਨਰਸ ਨੇ ਮੌਕਾ ਪਾ ਕੇ ਸ਼ੁਭ ਪ੍ਰੇਮ ਤੋਂ ਗਰੇਵਾਲ ਸਾਹਿਬ ਬਾਰੇ ਪੁੱਛਿਆ, "ਵੀਰ ਜੀ, ਉਹ ਜਿਹੜੇ ਚਿੱਟੀ ਦਾਹੜੀ ਵਾਲੇ ਅੰਕਲ ਤੁਹਾਡੇ ਨਾਲ ਹੁੰਦੇ ਹਨ ਹਮੇਸ਼ਾ, ਉਹ ਤੁਹਾਡੇ ਕੀ ਲੱਗਦੇ ਆ?" ਹਾਜ਼ਰ-ਜੁਆਬੀ ਦੀ ਮੂਰਤ ਸ਼ੁਭ ਪ੍ਰੇਮ ਨੇ ਬੜੇ ਸਹਿਜ ਅੰਦਾਜ਼ ਵਿਚ ਕਿਹਾ, "ਉਹ ਗਰੈਂਡ ਫਾਦਰ ਨੇ ਮੇਰੇ।" ਨਰਸ ਨੂੰ ਇਸ ਰਿਸ਼ਤੇ ਨੂੰ ਮੰਨਣ 'ਚ ਕੋਈ ਉਜਰ ਨਹੀਂ ਸੀ। ਉਸ ਨੂੰ ਹੈਰਾਨੀ ਤਾਂ ਇਸ ਗੱਲ ਦੀ ਸੀ ਕਿ ਦੋ ਪੀੜ੍ਹੀਆਂ ਦੇ ਪਾੜੇ ਦੇ ਬਾਵਜੂਦ ਉਨ੍ਹਾਂ ਦੀ ਏਨੀ ਦੋਸਤੀ ਕਿਵੇਂ ਹੈ?

ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਕਦੀ ਕਿਸੇ ਨਾਟਕ ਜਾਂ ਫਿਲਮ 'ਚ ਕੰਮ ਕੀਤਾ ਕਿ ਨਹੀਂ, ਪਰ ਗੱਲਾਂ ਬਾਤਾਂ ਦੌਰਾਨ ਹਾਵ-ਭਾਵ ਅਤੇ ਆਵਾਜ਼ ਬਦਲ ਕੇ ਐਕਟਿੰਗ ਕਰਨ ਦੀ ਏਨੀ ਯੋਗਤਾ ਮੈਂ ਆਪਣੇ ਹੋਰ ਕਿਸੇ ਦੋਸਤ ਵਿਚ ਨਹੀਂ ਦੇਖੀ। ਉਹ ਜਿਸ ਵੀ ਮਹਿਫਿਲ 'ਚ ਹੋਣਗੇ ਉਥੇ ਖਾਸ ਕਿਸਮ ਦੀ ਤਾਜ਼ਗੀ ਅਤੇ ਰੌਣਕ ਹੋਵੇਗੀ। ਹਾਸੇ ਖੇਡੇ ਦੀਆਂ ਫੁਲਝੜੀਆਂ ਹੋਣਗੀਆਂ। ਵਿਵਸਥਾ ਬਾਰੇ ਗੱਲਾਂ ਕਰਦਿਆਂ ਉਹ ਸਾਡੇ ਬਹੁਤੇ ਬੁੱਧੀਜੀਵੀਆਂ ਵਾਂਗ ਰਉਂ-ਰਉਂ ਜਾਂ ਰਈਂ-ਰਈਂ ਨਹੀਂ ਕਰਦੇ। ਪਰ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਉਨ੍ਹਾਂ ਦੀ ਗੱਲਬਾਤ ਵਿਚ ਗੰਭੀਰਤਾ ਨਹੀਂ ਹੁੰਦੀ। ਕਲਾਸ ਵਿਚ ਭਾਵੇਂ ਭੂਗੋਲ ਦਾ ਵਿਸ਼ਾ ਹੀ ਪੜ੍ਹਾਇਆ ਹੈ, ਪਰ ਉਨ੍ਹਾਂ ਦੀ ਹਰ ਵਿਸ਼ੇ 'ਤੇ ਬਹੁਤ ਪਕੜ ਹੈ। ਉਨ੍ਹਾਂ ਦੀਆਂ ਇਤਿਹਾਸ, ਫਲਸਫ਼ੇ, ਧਰਮ, ਸਾਹਿਤ, ਕਲਾ, ਚਿੰਤਨ, ਪਰੰਪਰਾ ਅਤੇ ਫਿਲਮਾਂ ਬਾਰੇ ਗੱਲਾਂ ਸੁਣ ਕੇ ਬਹੁਤ ਡੂੰਘੇ ਖੂਹ ਵਿਚ ਝਾਕਣ ਵਰਗਾ ਅਹਿਸਾਸ ਹੁੰਦਾ ਹੈ, ਪਤਾ ਲੱਗਦੈ ਕਿ ਬੰਦੇ ਦੀ ਗਹਿਰਾਈ ਕੀ ਹੁੰਦੀ ਹੈ। ਸਮਕਾਲੀ ਸਮਾਜ ਅਤੇ ਸਿਆਸਤ ਨਾਲ ਜੁੜੇ ਮੁੱਦਿਆਂ ਬਾਰੇ ਉਨ੍ਹਾਂ ਦੀਆਂ ਟਿੱਪਣੀਆਂ ਸੁਣ ਕੇ ਸੁਣਨ ਵਾਲੇ ਦੇ ਦਿਮਾਗ ਵਿਚ ਵੱਖਰੇ ਰੰਗ ਦੀ ਬੱਤੀ ਜਗਣ ਲੱਗ ਪੈਂਦੀ ਹੈ।


ਬਹੁਤ ਉਚ ਪਧਰੀ ਸਿਆਣਪ ਦੇ ਬਾਵਜੂਦ ਪ੍ਰਿੰ. ਸ਼ੁਭ ਪ੍ਰੇਮ ਬਰਾੜ ਕੋਈ ਲੇਖਕ ਜਾਂ ਪਰਚਾ ਲੇਖਕ ਨਹੀਂ ਹਨ। ਪਰ ਉਨ੍ਹਾਂ ਦੇ ਘਰ ਦੇ ਹਰ ਕਮਰੇ 'ਚ ਕਿਤਾਬਾਂ ਹੀ ਕਿਤਾਬਾਂ ਹਨ, ਲਗਭਗ ਹਰ ਵਿਸ਼ੇ ਨਾਲ ਸਬੰਧਤ ਕਿਤਾਬਾਂ, ਇਕ ਤਕੜੀ ਲਾਇਬ੍ਰੇਰੀ ਜਿੰਨੀਆਂ। ਇਨ੍ਹਾਂ ਦੇ ਰੱਖ-ਰਖਾਅ ਦਾ ਤਰੀਕਾ ਵਕੀਲਾਂ ਦੇ ਦਫਤਰਾਂ 'ਚ ਰੱਖੀਆਂ ਕਿਤਾਬਾਂ ਵਾਂਗ ਸਜਾਵਟੀ ਨਹੀਂ ਹੈ। ਹਰੇਕ ਕਿਤਾਬ ਦੇ ਵਰਕੇ ਫਰੋਲਣ 'ਤੇ ਪਤਾ ਲੱਗ ਜਾਂਦਾ ਹੈ ਕਿ ਉਸ ਨੂੰ ਉਸੇ ਲਗਨ, ਮਿਹਨਤ, ਸ਼ਿੱਦਤ ਅਤੇ ਗਹਿਰਾਈ ਨਾਲ ਪੜ੍ਹਿਆ ਗਿਆ ਹੈ ਜਿਸ ਨਾਲ ਇਸ ਨੂੰ ਲਿਖਣ ਵਾਲੇ ਨੇ ਲਿਖਿਆ ਹੈ। ਮਨ 'ਚ ਜਚਾ ਕੇ ਅਤੇ ਰਚਾ ਕੇ ਪੜ੍ਹਨ ਦੀ ਰੁਚੀ ਨਿੱਕੇ ਹੁੰਦਿਆਂ ਤੋਂ ਕੁਦਰਤੀ ਤੌਰ 'ਤੇ ਵਿਕਸਤ ਹੋਈ ਜਾਪਦੀ ਹੈ। ਉਹ ਆਪਣੇ ਪ੍ਰਾਇਮਰੀ ਸਕੂਲ ਦੇ ਪਾਠਕ੍ਰਮ ਵਿਚ ਪੜ੍ਹੀਆਂ ਕਵਿਤਾਵਾਂ ਅਜੇ ਵੀ ਬੜੇ ਆਰਾਮ ਨਾਲ ਮੂੰਹ-ਜ਼ੁਬਾਨੀ ਸੁਣਾ ਦਿੰਦੇ ਹਨ। ਹੁਣ ਤੱਕ ਉਨ੍ਹਾਂ ਜੋ ਗੂੜ੍ਹ ਗਿਆਨ ਪੜ੍ਹਿਆ ਹੈ ਉਹ ਸਾਰਾ ਵੀ ਉਨ੍ਹਾਂ ਦੇ ਚੇਤੇ ਅਤੇ ਚਿੱਤ ਵਿਚ ਸੁਰੱਖਿਅਤ ਹੈ। ਏਨੇ ਗਿਆਨ ਦੇ ਬਾਵਜੂਦ ਉਨ੍ਹਾਂ ਨੂੰ ਵਿਦਵਾਨ ਜਾਂ ਬੁੱਧੀਜੀਵੀ ਹੋਣ ਦਾ ਕੋਈ ਅਫਰੇਵਾਂ ਨਹੀਂ। ਗਿਆਨ, ਬੇਪਰਵਾਹੀ ਅਤੇ ਮਲੰਗੀ ਦਾ ਸੁਮੇਲ ਹੀ ਉਨ੍ਹਾਂ ਦੀ ਸਦਾ ਬਹਾਰ ਜਵਾਨੀ ਦਾ ਸੂਤਰ ਹੈ।

ਪ੍ਰਿੰ. ਸ਼ੁਭ ਪ੍ਰੇਮ ਬਰਾੜ ਬੀਤੇ ਸਮੇਂ ਦੀਆਂ ਹੋਈਆਂ ਬੀਤੀਆਂ ਸੁਣਾ ਕੇ ਆਪਣੇ ਦੋਸਤਾਂ ਨੂੰ ਹਸਾ ਹਸਾ ਕੇ ਉਨ੍ਹਾਂ ਦੀ ਬੱਸ ਕਰਾ ਦਿੰਦੇ ਹਨ। ਕਈ ਵਾਰ ਤਾਂ ਇਸ ਹਾਸੇ ਨਾਲ ਬੰਦੇ ਦੀਆਂ ਅੱਖਾਂ 'ਚ ਰੋਣ ਨਾਲੋਂ ਵੱਧ ਪਾਣੀ ਆ ਜਾਂਦਾ ਹੈ। ਉਹ ਪਹਿਲਾਂ ਆਪਣੀ ਪਤਨੀ ਸਰਦਾਰਨੀ ਪਰਵੀਨ ਕੌਰ ਨੂੰ ਅਕਸਰ ਮਜ਼ਾਕ ਨਾਲ ਬਦਲਵੇਂ ਨਾਮ ਨਾਲ ਬਲਾਉਂਦੇ ਸਨ ਪਰ ਅੱਜ ਕੱਲ੍ਹ ਸੁਧਰ ਗਏ ਹਨ। ਮੇਰਾ ਅਨੁਮਾਨ ਹੈ ਕਿ ਇਹ ਪਾਬੰਦੀ ਪੁੱਤਰ ਪਾਲ ਸਿੰਘ ਤੇ ਪੁੱਤਰੀ ਸ਼ੇਰੂ ਸਿੰਘ ਨੇ ਲਾਈ ਹੋਵੇਗੀ। ਬੰਦਾ ਅਜਿਹੀਆਂ ਗੱਲਾਂ 'ਚ ਹੋਰ ਕਿਸੇ ਦੀ ਨਹੀਂ, ਬੱਸ ਔਲਾਦ ਦੀ ਹੀ ਮੰਨਦੈ। ਪਰ ਉਹ ਆਪਣੇ ਕਈ ਕਰੀਬੀ ਦੋਸਤਾਂ ਨੂੰ ਮਹਿਫ਼ਿਲਾਂ ਜਾਂ ਓਪਰੇ ਲੋਕਾਂ ਦੀ ਹਾਜ਼ਰੀ ਵਿਚ ਵੀ ਅਜੇ ਤੱਕ ਪੁੱਠੀ ਛੇੜ ਵਾਲੇ ਜਾਂ ਕਹਿ ਲਓ ਪਿਆਰ ਵਾਲੇ ਨਾਂਵਾਂ ਨਾਲ ਹੀ ਬਲਾਉਂਦੇ ਹਨ। ਅਜਿਹੇ ਦੋਸਤ ਸ਼ੁਭ ਦੇ ਮੂੰਹੋਂ ਆਪਣੇ ਇਹ ਨਾਂ ਬੜੇ ਸਹਿਜ-ਭਾਅ ਨਾਲ ਹੀ ਸੁਣਦੇ ਹਨ, ਜਿਵੇਂ ਇਹ ਉਨ੍ਹਾਂ ਦੇ ਅਸਲੀ ਅਤੇ ਪੱਕੇ ਨਾਂ ਹੋਣ। ਪਰ ਧਿਆਨ ਰਹੇ, ਸ਼ੁਭ ਦੀ ਰੀਸੇ ਜੇ ਹੋਰ ਕੋਈ ਉਨ੍ਹਾਂ ਨੂੰ ਅਜਿਹੇ ਪੁੱਠੇ ਨਾਂਵਾਂ ਨਾਲ ਬੁਲਾਵੇਗਾ ਤਾਂ ਉਹ ਅਜਿਹੇ ਗੁਸਤਾਖ਼ ਨੂੰ ਪਾੜ ਕੇ ਖਾ ਜਾਣਗੇ। ਸ਼ੁਭ ਨੇ ਇਹ ਨਾਂ ਆਪਣੀ ਮੁਹੱਬਤ ਦੀ ਪੱਕੀ ਬਹੀ 'ਤੇ ਦਰਜ ਕਰਕੇ ਪੇਟੈਂਟ ਕਰਾਏ ਹੋਏ ਹਨ, ਕੋਈ ਐਰਾ-ਗੈਰਾ ਇਹ ਨਾਂ ਨਹੀਂ ਵਰਤ ਸਕਦਾ ਉਨ੍ਹਾਂ ਦੇ ਦੋਸਤਾਂ ਲਈ।



*ਪ੍ਰਿੰ. ਸ਼ੁਭ ਪ੍ਰੇਮ ਬਰਾੜ ਪਤਨੀ ਪ੍ਰੋ. ਪਰਵੀਨ ਕੌਰ ਨਾਲ*

ਕੁਦਰਤ ਨਾਲ ਰਚ-ਮਿਚ ਕੇ ਅਤੇ ਵਾਤਾਵਰਨ ਦੀ ਸੰਭਾਲ ਲਈ ਯਤਨਸ਼ੀਲ ਰਹਿਣ ਵਾਲੇ ਪ੍ਰਿੰ. ਸ਼ੁਭ ਪ੍ਰੇਮ ਬਰਾੜ ਲੰਮੀਆਂ ਸੈਰਾਂ ਅਤੇ ਪਹਾੜੀ ਟਰੈਕਿੰਗ ਦੇ ਸ਼ੌਕੀਨ ਹਨ। ਉਨ੍ਹਾਂ ਬਠਿੰਡੇ ਦੇ ਮਾਡਲ ਟਾਊਨ 'ਚ 500 ਗਜ਼ ਦੇ ਪਲਾਟ 'ਚ ਜੋ ਮਕਾਨ ਵੀ ਬਣਾਇਆ ਹੈ ਉਹ ਪੂਰੇ ਮਾਡਲ ਟਾਊਨ ਵਿਚ 'ਜੰਗਲ ਵਾਲਾ ਘਰ' ਕਰਕੇ ਜਾਣਿਆ ਜਾਂਦਾ ਹੈ। ਇਮਾਰਤ ਸਿਰਫ ਚੜ੍ਹਦੇ ਪਾਸੇ ਵਾਲੀ ਬਾਹੀ ਨਾਲ ਲੱਗਵੀਂ ਵਿਚਾਲੇ ਜਿਹੀ ਬਣੀ ਹੈ। ਉਤਰ, ਦੱਖਣ ਅਤੇ ਪੱਛਮ ਵਿਚ ਜੰਗਲ ਹੀ ਜੰਗਲ ਹੈ। ਨਿੰਮ ਵਰਗੇ ਭਾਰੇ ਅਤੇ ਪੌਪਲਰ ਤੇ ਸਿਲਵਰ ਓਕ ਵਰਗੇ ਲੰਮੇ ਦਰਖਤਾਂ ਤੋਂ ਲੈ ਕੇ ਨਿੱਕੀ ਜਪਾਨੀ ਬੂਟੀ ਡਰੰਟਾ ਤੱਕ ਹਰ ਸਾਈਜ਼ ਮੌਜੂਦ ਹੈ। ਦਰਖ਼ਤਾਂ 'ਤੇ ਅਨੇਕਾਂ ਕਬੂਤਰਾਂ, ਤੋਤਿਆਂ, ਗਾਲ੍ਹੜਾਂ, ਗਟਾਰਾਂ, ਘੁੱਗੀਆਂ, ਉਲੂਆਂ ਅਤੇ ਕਈ ਕਿਸਮਾਂ ਦੀਆਂ ਚਿੜੀਆਂ ਦੀਆਂ ਸਥਾਈ ਰਿਹਾਇਸ਼ਾਂ ਹਨ। ਉਹ ਹਰ ਆਏ ਗਏ ਨੂੰ ਆਪਣੇ ਇਨ੍ਹਾਂ ਸਹਿ-ਵਾਸੀਆਂ ਨਾਲ ਮਿਲਾ ਕੇ ਬੜਾ ਖੁਸ਼ ਹੁੰਦੇ ਹਨ। ਘਰ ਦੇ ਅੰਦਰ ਵਸੀ ਇਸ ਕਾਲੋਨੀ ਵਿਚ ਕਈ ਪੰਖੇਰੂਆਂ ਨੂੰ ਉਨ੍ਹਾਂ ਆਪ ਘਰ ਬਣਾ ਕੇ ਅਲਾਟ ਕੀਤੇ ਹੋਏ ਹਨ। ਜੰਗਲ ਵਾਲੇ ਇਸ ਘਰ ਦੇ ਕਈ ਵੇਲਾਂ ਬੂਟਿਆਂ ਨੇ ਹੱਦਾਂ ਸਰਹੱਦਾਂ ਟੱਪ ਕੇ ਸੱਜੇ ਖੱਬੇ ਪਾਸੇ ਵਾਲੇ ਗੁਆਂਢੀ ਘਰਾਂ ਨੂੰ ਵੀ ਜਾ ਭਾਗ ਲਾਏ ਹਨ। ਮੈਨੂੰ ਇਹ ਗੱਲ ਬੜੀ ਸੰਕੇਤਕ ਲਗਦੀ ਹੈ ਕਿ ਇਸ ਘਰ ਦੀ ਪਿੱਠ ਬਠਿੰਡੇ ਦੀ ਜੇਲ੍ਹ ਵੱਲ ਤੇ ਮੂੰਹ ਰੇਡੀਓ ਸਟੇਸ਼ਨ ਦੇ ਟਾਵਰ ਵੱਲ ਨੂੰ ਹੈ।



*ਘਰ ਦੇ ਜੰਗਲ ਦੀ ਨਿਗਰਾਨੀ*

ਇਸ ਘਰ ਦੀ ਉਸਾਰੀ ਨਾਲ ਵੀ ਇਕ ਦਿਲਚਸਪ ਘਟਨਾ ਜੁੜੀ ਹੋਈ ਹੈ। ਮਕਾਨ ਬਣਾਉਣ ਦਾ ਫੈਸਲਾ ਹੋ ਜਾਣ 'ਤੇ ਉਨ੍ਹਾਂ ਆਪਣੇ ਇਕ ਵਾਕਿਫ਼ ਬਿਲਡਰ ਨੂੰ ਆਪ ਹੀ ਆਪਣੀ ਮਰਜ਼ੀ ਦਾ ਨਕਸ਼ਾ ਬਣਾ ਕੇ ਇਸ ਨੂੰ ਤਾਮੀਲ ਕਰਨ ਦਾ ਆਰਡਰ ਦੇ ਦਿੱਤਾ। ਬਿਲਡਰ ਨੇ ਕਾਗਜ਼ ਤੇ ਨਕਸ਼ਾ ਬਣਾ ਕੇ ਕਈ ਵਾਰ ਬਰਾੜ ਸਾਹਿਬ ਨੂੰ ਦਿਖਾਉਣਾ ਅਤੇ ਪਾਸ ਕਰਾਉਣਾ ਚਾਹਿਆ ਤਾਂ ਉਨ੍ਹਾਂ ਇਸ ਨੂੰ ਗੌਲ਼ਣ ਦੀ ਬਜਾਏ ਇਹ ਕਹਿ ਕੇ ਟਾਲ ਦਿੱਤਾ, "ਮੈਂ ਕੀ ਦੇਖਣਾ, ਤੂੰ ਏਨਾ ਸਿਆਣਾ, ਏਨਾ ਤਜਰਬਾ, ਤੇਰਾ ਕੰਮ ਹੈ, ਜਿਵੇਂ ਤੈਨੂੰ ਠੀਕ ਲਗਦਾ ਬਣਾ ਦੇ।" ਪਰ ਜਦ ਨੀਹਾਂ ਪੱਟੀਆਂ ਗਈਆਂ ਤਾਂ ਜਨਾਬ ਨੂੰ ਨਵੇਂ ਮਕਾਨ ਦਾ ਨਕਸ਼ਾ ਸਮਝਣ ਦੀ ਜਗਿਆਸਾ ਹੋਈ। ਬਿਲਡਰ ਨੇ ਸਮਝਾ ਦਿੱਤਾ ਕਿ ਏਥੇ ਰਸੋਈ, ਇਥੇ ਡਾਈਨਿੰਗ, ਇਥੇ ਡਰਾਇੰਗ, ਇਥੇ ਬਾਥਰੂਮ...ਵਗੈਰਾ-ਵਗੈਰਾ। ਇਕ ਕਮਰਾ ਉਨ੍ਹਾਂ ਦੀ ਸਮਝ 'ਚ ਨਾ ਆਇਆ ਤਾਂ ਉਸ ਬਾਰੇ ਬਿਲਡਰ ਤੋਂ ਪੁੱਛਿਆ ਗਿਆ। ਬਿਲਡਰ ਨੇ ਬੜਾ ਸਿਆਣਾ ਜਿਹਾ ਮੂੰਹ ਬਣਾ ਕੇ ਸਮਝਾਇਆ, "ਬਰਾੜ ਸਾਹਿਬ, ਇਹ ਸਪੈਸ਼ਲ ਕਮਰਾ ਹੈ, ਜਿਸ ਦਾ ਦਰਵਾਜ਼ਾ ਬਾਹਰ ਨੂੰ ਹੋਵੇਗਾ, ਕਈ ਵਾਰ ਕੋਈ ਇਹੋ ਜਿਹਾ ਗੈਸਟ ਹੁੰਦੈ ਜੋ ਘਰੇ ਵਾੜਨ ਵਾਲਾ ਨਹੀਂ ਹੁੰਦਾ, ਉਸ ਲਈ ਬਾਥਰੂਮ ਵੀ ਬਾਹਰੋ-ਬਾਹਰ ਵੱਖਰਾ ਦੇ ਦਿੱਤਾ ਹੈ।" ਸੁਣਦੇ ਸਾਰ ਬਰਾੜ ਸਾਹਿਬ ਤਾਂ ਆਪਣੀ ਆਦਤ ਤੋਂ ਉਲਟ ਭੜਕ ਉਠੇ, "ਨਲਾਇਕਾ, ਮੂਰਖਾ, ਸਿਧਰਿਆ...ਜਿਹੜਾ ਬੰਦਾ ਘਰੇ ਵਾੜਨ ਦੇ ਯੋਗ ਨਹੀਂ ਉਹਨੂੰ ਗੇਟ ਤੋਂ ਬਾਹਰੋਂ ਨਾ ਮੋੜੂੰ, ਉਹਦੇ ਲਈ 5-7 ਲੱਖ ਰੁਪੱਈਏ ਖਰਚ ਕੇ ਸਪੈਸ਼ਲ ਕਮਰਾ ਕਿਉਂ ਬਣਾਊਂ? ਪੂਰ ਇਹ ਸਾਰੀਆਂ ਨੀਹਾਂ ਤੇ ਡੰਡੀ ਫੜ।" ਬਰਾੜ ਸਾਹਿਬ ਨੇ ਉਸ ਨੂੰ ਡੰਡੀ ਪਾ ਕੇ ਮਕਾਨ ਬਣਾਉਣ ਦੀ ਜ਼ਿੰਮੇਵਾਰੀ ਕਿਸੇ 'ਅਕਲਮੰਦ' ਬਿਲਡਰ ਨੂੰ ਸੌਂਪ ਦਿੱਤੀ।

ਇਹ ਕੁਝ ਉਦਾਹਰਨ ਮਾਤਰ ਗੱਲਾਂ ਹਨ ਜਿਨ੍ਹਾਂ ਕਰਕੇ ਮੈਨੂੰ ਸ਼ੁਭ ਪ੍ਰੇਮ ਬਰਾੜ ਬੜੇ ਚੰਗੇ ਲਗਦੇ ਹਨ। ਕਾਵਿ ਪੁਸਤਕ 'ਇਹ ਬੰਦਾ ਕੀ ਹੁੰਦਾ' ਵਿਚ ਸ਼ਾਮਲ ਮੇਰੀ ਇੱਕ ਕਵਿਤਾ 'ਤੁਸੀਂ ਬੜੇ ਚੰਗੇ ਲਗਦੇ ਹੋ' ਉਨ੍ਹਾਂ ਨੂੰ ਹੀ ਮੁਖ਼ਾਤਿਬ ਹੈ:

### ਤੁਸੀਂ ਬੜੇ ਚੰਗੇ ਲਗਦੇ ਹੋ

ਆਪਾਂ ਨਾ 'ਕੱਠੇ ਖੇਡੇ
ਨਾ 'ਕੱਠੇ ਜਿੱਤੇ ਨਾ ਹਾਰੇ।
ਨਾ 'ਕੱਠੇ ਨੰਗੇ ਨ੍ਹਾਤੇ
ਨਾ ਕੋਈ ਇਕ ਦੂਏ ਦਾ ਪਰਦਾ ਕੱਜਿਆ
ਨਾ ਕਦੇ 'ਕੱਠਿਆਂ ਕੁੱਟ ਖਾਧੀ
ਨਾ ਰਲ ਕੇ ਕਿਸੇ ਨੂੰ ਕੁੱਟਿਆ।
ਆਪਾਂ ਨਾ 'ਕੱਠੇ ਪੜ੍ਹੇ ਨਾ ਪੜ੍ਹਾਇਆ
ਰਲ਼ ਕੇ ਨਾ ਕੋਈ ਬਦਨਾਮੀ ਨਾ ਜੱਸ ਖੱਟਿਆ।

ਫਿਰ ਵੀ ਮੈਂ ਕਈ ਵਾਰ
ਦੋਸਤੀ ਵਰਗੀ ਤੇਰੀ ਕੂਲ਼ੀ ਛਾਂ ਤੋਂ
ਤਪਦੇ ਸਿਰ ਲਈ ਠੰਡਕ ਦੀ
ਤਵੱਕੋ ਕਰਦਾ ਰਿਹਾ
ਤੇਰੀ ਮੁਸਕਰਾਹਟ ਦਾ ਅਰਥ
ਸਮਝਦਾ ਰਿਹਾ- ਜੀ ਆਇਆਂ।

ਕਦੇ ਤਪਦੇ ਇਕਲਾਪੇ ਵਰਗੀ
ਮੇਰੀ ਨਾਂ-ਮਾਤਰ ਛਿੱਦੀ ਛਾਂ
ਤੇਰੇ ਠੰਡੇ ਮਸਤ ਮੱਥੇ ਨੂੰ
ਅੱਡੀਆਂ ਚੁੱਕ ਚੁੱਕ
ਕਿੱਲ੍ਹ-ਕਿੱਲ੍ਹ
ਐਵੇਂ ਹੀ 'ਵਾਜਾਂ ਮਾਰਦੀ ਰਹੀ
ਤੇਰੀ ਮੁਸਕਰਾਹਟ ਦਾ ਅਰਥ
ਸਮਝਦਾ ਰਿਹਾ- ਹੁਣੇ ਆਉਂਨਾਂ।

ਤੂੰ ਮੈਥੋਂ ਕਈ ਤਰ੍ਹਾਂ ਨਾਲ ਵੱਡਾ
ਪਰ ਮੈਂ ਕਈ ਵਾਰ
ਤੇਰੇ ਮੂਹਰੇ ਬੋਲਿਆ
ਬਰੋਬਰ ਖੜ੍ਹਿਆ
ਸਿਰ 'ਤੇ ਚੜ੍ਹਿਆ
ਤੂੰ ਕਿਹਾ- ਨਾਰਾਜ਼ਗੀ ਨਹੀਂ
ਮੈਂ ਸਮਝਿਆ- ਪ੍ਰਵਾਨਗੀ ਹੈ।

ਤੇਰੀਆਂ ਸਾਂਝਾਂ ਦੀ ਸੰਗਲੀ ਵਿਚ
ਆਪਣੀ ਚੀਚੀ ਦਾ ਪੋਟਾ ਫਸਾ ਕੇ
ਇਸ ਨੂੰ ਵੀ ਸਮਝਦਾ ਰਿਹਾ ਇਕ ਕੜੀ
ਤੇ ਚੂੰਢੀ ਨਾ ਵੱਢਣ ਦਾ ਅਰਥ
ਸਮਝਦਾ ਰਿਹਾ ਪਲੋਸਣਾ ਪੁਚਕਾਰਨਾ।

ਇਹ ਤਾਂ ਭਲਾ ਹੋਵੇ ਮੇਰੇ ਅੰਦਰ ਟੁਣਕੀ
ਗਰਜ਼ ਦੀ ਇਕ ਤਾਰ ਦਾ
ਜਿਸ ਦੀ ਗੂੰਜ
ਘੁੰਮ ਘੁੰਮ ਲੰਘਦੀ ਰਹੀ
ਮੇਰੇ ਕਰੋਧੀ ਮਨ ਦੇ ਐਂਪਲੀਫਾਇਰ 'ਚੋਂ
ਅਖੀਰ ਬਣ ਗਈ ਵੱਡਾ ਜਲਜਲਾ
ਜਿਸ ਨਾਲ ਢਹਿ ਢੇਰੀ ਹੋ ਗਿਆ
ਮੇਰਾ ਭਰਮ ਮਹਿਲ
ਸਾਰੇ ਬੁਰਜਾਂ ਸਮੇਤ।

ਇਸ ਦੇ ਮਲ਼ਬੇ 'ਤੇ ਬੈਠਿਆਂ
ਪਹਿਲਾਂ ਆਪਣੇ ਆਪ 'ਤੇ ਤਰਸ
ਫਿਰ ਗੁੱਸਾ
ਤੇ ਅਖੀਰ ਹਾਸਾ ਆਇਆ ਬਹੁਤ ਜ਼ਿਆਦਾ
ਜਦ ਗਿਆਨ ਹੋਇਆ
ਕਿ ਮੇਰਾ ਤਾਂ
ਤੈਨੂੰ ਏਨਾ ਕਹਿਣ ਜੋਗਾ ਹੀ ਰਿਸ਼ਤਾ ਸੀ ਕਿ
ਜਨਾਬ, ਤੁਸੀਂ ਬੜੇ ਚੰਗੇ ਲਗਦੇ ਹੋ।

#

# ਚਰਨਜੀਤ ਸਿੰਘ ਪੰਨੂ ਦੀ 'ਮੇਰੀ ਵ੍ਹਾਈਟ ਹਾਊਸ ਫੇਰੀ'

**ਵਿਲੱਖਣ ਸਫ਼ਰਨਾਮਾ**

***ਚਰਨਜੀਤ ਸਿੰਘ ਪੰਨੂ ਦੀ ਕਿਤਾਬ 'ਮੇਰੀ ਵ੍ਹਾਈਟ ਹਾਊਸ ਫੇਰੀ' ਬਾਰੇ ਲਿਖੇ ਇਸ ਲੇਖ ਵਿਚ ਵਰਿਆਮ ਸਿੰਘ ਸੰਧੂ ਨੇ ਲੇਖਕ ਦੀ ਸਹਿਜ ਸਵਾਲਾਂ ਦੇ ਰੂ-ਬ-ਰੂ ਹੁੰਦੀ ਪਹੁੰਚ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਦੱਸਿਆ ਹੈ ਕਿ ਕਿਸ ਤਰ੍ਹਾਂ ਲੇਖਕ ਨੇ ਵ੍ਹਾਈਟ ਹਾਊਸ ਦੀ ਸੰਖੇਪ ਜਿਹੀ ਫੇਰੀ ਦੇ ਬਹਾਨੇ ਇਕੱਲੇ ਅਮਰੀਕਾ ਹੀ ਨਹੀਂ, ਸਗੋਂ ਪੰਜਾਬੀਆਂ ਨਾਲ ਜੁੜਦੇ ਹਰ ਨੁਕਤੇ ਨੂੰ ਆਪਣੀ ਕਲਮ ਦੀ ਨੋਕ ਵਿਚੀਂ ਲੰਘਾ ਦਿੱਤਾ ਹੈ। ਇਹ ਲੇਖ ਅਸਲ ਵਿਚ ਵ੍ਹਾਈਟ ਹਾਊਸ ਦੀ ਫੇਰੀ ਵਾਂਗ ਕਿਤਾਬ ਵਿਚ ਚਿਣੇ ਸ਼ਬਦਾਂ ਦੀ ਹੀ ਪਰਿਕਰਮਾ ਹੈ। -ਸੰਪਾਦਕ***

**ਵਰਿਆਮ ਸਿੰਘ ਸੰਧੂ**

ਚਰਨਜੀਤ ਸਿੰਘ ਪੰਨੂ ਬਹੁ-ਵਿਧਾਈ ਲੇਖਕ ਹੈ। ਕਹਾਣੀ ਤੋਂ ਇਲਾਵਾ ਉਸ ਨੇ ਕਵਿਤਾ, ਨਾਵਲ ਅਤੇ ਵਾਰਤਕ ਉਤੇ ਵੀ ਹੱਥ ਅਜ਼ਮਾਇਆ ਹੈ। ਵਾਰਤਕ ਵਿਚ ਵੀ ਉਹਦੀ ਵਿਸ਼ੇਸ਼ ਦਿਲਚਸਪੀ, ਵਾਰਤਕ ਦੀ ਵੰਨਗੀ ਸਫਰਨਾਮਾ ਵਿਚ ਹੈ। ਹਥਲੀ ਲਿਖਤ ਤੋਂ ਪਹਿਲਾਂ ਵੀ ਉਹ ਅਲਾਸਕਾ ਸਫਰਨਾਮਾ ਲਿਖ ਚੁੱਕਾ ਹੈ।

ਇਸ ਸਫਰਨਾਮੇ ਜਿਵੇਂ ਇਹਦੇ ਨਾਂ 'ਮੇਰੀ ਵ੍ਹਾਈਟ ਹਾਊਸ ਫੇਰੀ' ਤੋਂ ਹੀ ਜ਼ਾਹਿਰ ਹੈ, ਵਿਚ ਵ੍ਹਾਈਟ ਹਾਊਸ ਵਿਚ ਹੋਏ ਸਿੱਖ ਸੰਮੇਲਨ ਦੇ ਹਵਾਲੇ ਨਾਲ ਕੀਤੀ ਯਾਤਰਾ ਦਾ ਪ੍ਰਸੰਗ ਦਰਜ ਹੈ ਅਤੇ ਇਸ ਪ੍ਰਸੰਗ ਦੇ ਬਹਾਨੇ ਅਮਰੀਕਾ ਦੀ ਧਰਤੀ, ਇਤਿਹਾਸ, ਰਾਜਨੀਤੀ ਅਤੇ ਇਸ ਨਾਲ ਜੁੜੇ ਅਨੇਕਾਂ ਰੰਗਾਂ-ਪ੍ਰਸੰਗਾਂ ਨੂੰ ਪੰਨੂ ਆਪਣੀ ਰਚਨਾ-ਵਸਤ ਬਣਾਉਂਦਾ ਹੈ। ਉਹ ਕਈ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਕਿਸੇ ਵਿਸ਼ੇਸ਼ ਮਕਸਦ ਲਈ ਕੀਤੀ ਯਾਤਰਾ ਤੇ ਉਸ ਤੋਂ ਪ੍ਰਾਪਤ ਅਨੁਭਵ ਦਾ ਕਲਾਤਮਕ ਬਿਆਨ ਆਪਣੇ ਆਪ ਵਿਚ ਵਿਸ਼ੇਸ਼ ਸਾਹਿਤਕ ਮਹੱਤਵ ਅਖਤਿਆਰ ਕਰ ਜਾਂਦਾ ਹੈ। ਪਰਦੇਸਾਂ ਵਿਚ ਤਾਂ ਬਹੁਤੇ ਲੋਕ ਰਟ ਵਿਚ ਪਿਆ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਕੋਲ ਘੁੰਮਣ-ਫਿਰਨ ਤੇ ਲੋਕਾਂ ਦੇ ਮਨਾਂ ਨੂੰ ਪੜ੍ਹਨ ਦਾ ਸਮਾਂ ਹੀ ਕਿੱਥੇ ਹੁੰਦਾ ਹੈ! ਮੈਂ ਅਜਿਹੇ ਅਨੇਕ ਲੋਕਾਂ ਨੂੰ ਜਾਣਦਾ ਹਾਂ ਜਿਹੜੇ ਕਈ ਸਾਲਾਂ ਤੋਂ ਟੋਰਾਂਟੋ ਰਹਿ ਰਹੇ ਹਨ ਪਰ ਨਿਆਗਰਾ ਫਾਲਜ਼ ਤਾਂ ਦੂਰ ਰਿਹਾ, ਉਨ੍ਹਾਂ ਨੇ ਆਪਣੇ ਸ਼ਹਿਰ ਦੇ 'ਸੀ ਐਨ ਟਾਵਰ' ਨੂੰ ਵੀ ਅੰਦਰ ਜਾ ਕੇ, ਅਤੇ ਉਸ 'ਤੇ ਚੜ੍ਹ ਕੇ ਨਹੀਂ ਵੇਖਿਆ। ਚਾਰੇ ਪਾਸਿਓਂ ਸਮੁੰਦਰ ਵਿਚ ਘਿਰੇ ਇੰਗਲੈਂਡ ਵਿਚ ਅਜਿਹੇ ਅਨੇਕਾਂ ਪੰਜਾਬੀ ਮਿਲ ਜਾਣਗੇ ਜਿਨ੍ਹਾਂ ਨੇ ਨੇੜੇ ਜਾ ਕੇ ਸਮੁੰਦਰੀ ਛੱਲਾਂ ਦਾ ਨਜ਼ਾਰਾ ਨਹੀਂ ਵੇਖਿਆ। ਚਰਨਜੀਤ ਸਿੰਘ ਪੰਨੂ ਦੇ ਵਾਸ਼ਿੰਗਟਨ ਡੀ.ਸੀ. ਵਿਚ ਰਹਿੰਦੇ ਜਾਣਕਾਰ ਨੂੰ ਵੀ ਇਹ ਸਵੀਕਾਰ ਕਰਨ ਵਿਚ ਕੋਈ ਝਿਜਕ ਨਹੀਂ ਕਿ ਉਥੇ ਰਹਿੰਦਿਆਂ ਵੀ ਉਹ ਦੁਨੀਆਂ ਦੀ ਖਿੱਚ ਦੇ ਕੇਂਦਰ ਬਣੇ ਵ੍ਹਾਈਟ ਹਾਊਸ ਨੂੰ ਨਹੀਂ ਵੇਖ ਸਕੇ।

ਮੇਰਾ ਮੰਨਣਾ ਹੈ ਕਿ ਤਿੱਖੀ ਤੇ ਬਾਰੀਕ ਨਜ਼ਰ ਵਾਲਾ ਲੇਖਕ ਥੋੜ੍ਹੇ ਸਮੇਂ ਵਿਚ ਵੀ ਜ਼ਿੰਦਗੀ ਦੇ ਕਈ ਰੰਗ ਵੇਖਣ ਦੀ ਸਮਰੱਥਾ ਰੱਖਦਾ ਹੈ। ਰੇਤ ਵਿਚ ਪਏ ਸੁਨਹਿਰੀ ਕਿਣਕਿਆਂ ਨੂੰ ਵੇਖਣ ਤੇ ਪਛਾਣਨ ਲਈ ਜੌਹਰੀ ਦੀ ਨਜ਼ਰ ਲੋੜੀਂਦੀ ਹੈ। ਇਹ ਵੀ ਹੋ ਸਕਦਾ ਹੈ ਕਿ ਉਸ ਰੇਤ ਵਿਚ ਹਰ ਰੋਜ਼ ਲੇਟਣੀਆਂ ਲੈਣ ਵਾਲਾ ਇਸ ਨਜ਼ਰ ਤੋਂ ਵਿਹੂਣਾ ਬੰਦਾ ਉਨ੍ਹਾਂ ਸੁਨਹਿਰੀ ਕਿਣਕਿਆਂ ਨੂੰ ਨਾ ਪਛਾਣ ਸਕੇ! ਚਰਨਜੀਤ ਸਿੰਘ ਪੰਨੂ ਕੋਲ ਸੁਨਹਿਰੀ ਕਿਣਕਿਆਂ ਨੂੰ ਲੱਭਣ ਵਾਲੀ ਜੌਹਰੀ-ਨਜ਼ਰ ਹੈ ਅਤੇ ਉਹ ਖੁੱਲ੍ਹੇ ਦਿਲ ਨਾਲ ਸਾਡੇ ਵਲੋਂ ਆਖੀ 'ਜੀ ਆਇਆਂ' ਦਾ ਹੱਕਦਾਰ ਹੈ।

ਇਸ ਸਫਰਨਾਮੇ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ। ਇਕ ਮੁੱਖ ਭਾਗ ਤਾਂ ਉਸ ਯਾਤਰਾ ਨਾਲ ਸਬੰਧਿਤ ਹੈ ਜੋ ਉਸ ਨੇ ਸੈਨ ਹੋਜ਼ੇ ਤੋਂ ਵਾਸ਼ਿੰਗਟਨ ਡੀ.ਸੀ. ਤੱਕ ਕੀਤੀ। ਅਮਰੀਕਾ ਦੇ ਚੋਣਵੇਂ ਵਿਅਕਤੀਆਂ ਵਿਚ ਸ਼ਾਮਲ ਆਪਣੇ ਲੜਕੇ ਡਾ. ਦਲਵੀਰ ਸਿੰਘ ਪੰਨੂ ਨੂੰ ਵ੍ਹਾਈਟ ਹਾਊਸ ਵਿਚ ਹੋਣ ਵਾਲੇ ਸਿੱਖ ਸੰਮੇਲਨ ਵਿਚ ਹਾਜ਼ਰ ਹੋਣ ਲਈ ਮਿਲੇ ਸੱਦੇ ਦੇ ਬਹਾਨੇ ਪੰਨੂ ਦੀ ਇਸ ਯਾਤਰਾ ਦਾ ਸਬੱਬ ਬਣਦਾ ਹੈ। ਉਸ ਵਲੋਂ ਕੀਤੀ ਯਾਤਰਾ ਦਾ ਬਿਰਤਾਂਤ ਬਹੁਤ ਹੀ ਰੌਚਕ ਤੇ ਮਾਨਵੀ ਛੂਹਾਂ ਨਾਲ ਲਬਰੇਜ ਹੈ। ਇਸ ਯਾਤਰਾ-ਬਿਰਤਾਂਤ ਵਿਚ ਅਬਰਾਹਮ ਲਿੰਕਨ, ਮਾਰਟਨ ਲੂਥਰ ਕਿੰਗ, ਭਗਤ ਸਿੰਘ ਥਿੰਦ, ਦਲੀਪ ਸਿੰਘ ਸੌਂਧ, ਪਾਖਰ ਸਿੰਘ ਗਿੱਲ ਅਤੇ ਹੋਰਨਾਂ ਦੇ ਜੀਵਨੀ-ਅੰਸ਼; ਪੰਨੂ ਦੀ ਆਤਮ-ਕਥਾ ਦੇ ਸਵੈ-ਜੀਵਨਕ ਟੋਟਕੇ; ਯਾਤਰਾ ਦੌਰਾਨ ਮਿਲੇ ਲੋਕਾਂ ਦੇ ਸੰਖੇਪ ਰੇਖਾ-ਚਿਤਰ; ਯਾਤਰਾ ਸਥਲਾਂ ਤੇ ਇਮਾਰਤਾਂ ਬਾਰੇ ਜਾਣਕਾਰੀ ਤੋਂ ਇਲਾਵਾ ਗਲਪ, ਸੰਸਕਰਣ ਤੇ ਡਾਇਰੀ ਜਿਹੀਆਂ ਕਈ ਵਿਧਾਵਾਂ ਘੁਲ-ਮਿਲ ਗਈਆਂ ਹਨ। ਪੰਨੂ ਕੋਲ ਗਲਪ ਲੇਖਕ ਵਾਲੀ ਪਾਤਰ ਸਿਰਜਣਾ ਦਾ ਕਲਾਤਮਕ ਹੁਨਰ ਹੋਣ ਕਰ ਕੇ ਉਹ ਮਿਲੇ ਬੰਦਿਆਂ ਦੇ ਸਜੀਵ ਚਿਤਰ ਪਾਠਕ ਦੀ ਨਜ਼ਰ ਸਾਹਵੇਂ ਲਿਆ ਖਲਿਆਰਦਾ ਹੈ। ਨਾਟਕੀ ਛੋਹਾਂ ਵਾਲੇ ਇਸ ਬਿਆਨ ਵਿਚ ਤੇਜ਼-ਤਿੱਖੇ ਵਾਰਤਾਲਾਪ ਤੇ ਭਾਸ਼ਾਈ ਕੌਸ਼ਲਤਾ ਦਾ ਜਲੌਅ ਇਸ ਦੀ ਪੜ੍ਹਨ-ਯੋਗਤਾ ਵਿਚ ਵਾਧਾ ਕਰਦਾ ਹੈ। ਪੇਸ਼ ਕੀਤੇ ਗਏ ਪਾਤਰ, ਘਟਨਾਵਾਂ ਤੇ ਸਥਿਤੀਆਂ ਵਿਚੋਂ ਕੁਝ ਇਕ ਤਾਂ ਪਾਠਕ ਦੀ ਚੇਤਨਾ ਵਿਚ ਸਥਾਈ ਟਿਕਾਣਾ ਬਣਾ ਕੇ ਬਹਿ ਜਾਂਦੇ ਹਨ। ਆਪਣਾ ਦਰਦ ਬਿਆਨਦਾ ਗਾਲੜੀ ਜਾਪਦਾ ਟੈਕਸੀ ਡਰਾਈਵਰ ਜਦੋਂ ਪੰਨੂ ਵਲੋਂ ਟਿੱਪ ਸਮੇਤ ਕਿਰਾਏ ਵਜੋਂ ਦਿੱਤਾ ਪੰਜਾਹ ਦਾ ਨੋਟ ਲੈਣਾ ਪ੍ਰਵਾਨ ਨਹੀਂ ਕਰਦਾ, ਸਗੋਂ ਤੀਹ ਡਾਲਰ ਨਿਮਰਤਾ ਨਾਲ ਮੋੜ ਕੇ ਪੰਨੂ ਵਲੋਂ ਦਿੱਤੇ ਪੰਜਾਹ ਦੇ ਨੋਟ ਨੂੰ ਚੁੰਮਦਾ ਹੈ ਤਾਂ ਪਾਠਕ ਦੀਆਂ ਅੱਖਾਂ ਵਿਚ ਨਮੀ ਉਤਰ ਆਉਂਦੀ ਹੈ। ਪੰਨੂ ਇਹ ਨੁਕਤਾ ਪਾਠਕ ਦੇ ਸੋਚਣ ਲਈ ਅਣਕਿਹਾ ਛੱਡ ਜਾਂਦਾ ਹੈ ਕਿ ਡਰਾਈਵਰ ਤਾਂ ਚੈਖ਼ਵ ਦੀ ਕਹਾਣੀ 'ਦੁੱਖ' ਵਾਂਗ ਆਪਣਾ ਦੁੱਖ ਸੁਣ ਲੈਣ ਲਈ ਪੰਨੂ ਪ੍ਰਤੀ ਕਿਰਤੱਗਤਾ ਦੇ ਅਹਿਸਾਸ ਨਾਲ ਭਰਿਆ ਪਿਆ ਹੈ। ਇੰਜ ਹੀ ਐਲਨ ਗਿੱਲ ਵਾਲਾ ਬਿਰਤਾਂਤ ਉਸ ਔਰਤ ਦੀ ਪਾਕ ਮੁਹੱਬਤ ਨੂੰ ਸਲਾਮ ਹੈ ਅਤੇ ਇਸ ਪ੍ਰਚਲਿਤ ਤੇ ਪ੍ਰਚਾਰੀ 'ਸੱਚਾਈ' ਨੂੰ ਝੂਠ ਸਾਬਤ ਕਰਦਾ ਹੈ ਕਿ ਇਨ੍ਹਾਂ ਮੁਲਕਾਂ ਦੀਆਂ ਔਰਤਾਂ ਸੱਚੀ ਮੁਹੱਬਤ ਨਹੀਂ ਕਰਦੀਆਂ। ਐਲਨ ਗਿੱਲ ਨੂੰ ਉਹਦਾ ਪੰਜਾਬੀ ਪ੍ਰੇਮੀ ਧੋਖਾ ਦੇ ਜਾਂਦਾ ਹੈ ਤੇ ਵ੍ਹਾਈਟ ਹਾਊਸ ਦੇ ਬਾਹਰ ਮਿਲੇ ਪਾਕਿਸਤਾਨੀ ਦਾ ਘਰ ਵੰਡਾ ਕੇ ਉਸੇ ਘਰ ਵਿਚ ਕਿਸੇ ਹੋਰ ਨਾਲ ਰਹਿੰਦੀ ਸਾਬਕਾ ਪਤਨੀ ਉਸ ਪਾਕਿਸਤਾਨੀ ਦੀਆਂ ਅੱਖਾਂ ਸਾਹਵੇਂ ਉਹਦੀ ਹਿੱਕ 'ਤੇ ਮੂੰਗ ਦਲਦੀ ਹੈ। ਮੁਹੱਬਤ ਵਿਚ ਵਫਾ ਤੇ ਬੇਵਫ਼ਾਈ ਕਿਸੇ ਵਿਸ਼ੇਸ਼ ਭਾਈਚਾਰੇ ਦੀ ਨਿੱਜੀ ਮਲਕੀਅਤ ਨਹੀਂ। ਇੰਜ ਪੰਨੂ ਕੋਲ ਬੰਦਿਆਂ ਦੇ ਧੁਰ ਅੰਦਰ ਝਾਕ ਸਕਣ ਵਾਲੀ ਬਾਰੀਕ, ਪੱਖ-ਪਾਤ ਰਹਿਤ ਤੇ ਸੰਵੇਦਨਸ਼ੀਲ ਨਜ਼ਰ ਹੈ।

---

ਚਰਨਜੀਤ ਸਿੰਘ ਪੰਨੂ ਦਾ ਬਿਆਨ ਨਿਰਉਚੇਚ, ਹਕੀਕਤ ਦੀ ਨਿਸ਼ਾਨਦੇਹੀ ਕਰ ਜਾਂਦਾ ਹੈ। ਲੇਖਕ ਦੀ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਆਪ ਨੂੰ ਸਰਬਗਿਆਤਾ ਨਹੀਂ ਦਰਸਾਉਂਦਾ। ਉਹਨੂੰ ਇਹ ਦੱਸਣੋਂ ਝਿਜਕ ਨਹੀਂ ਕਿ ਉਹ ਸਿੱਖ ਵਿਦਵਾਨ ਤੇ ਲੰਮਾ ਸਮਾਂ ਅਮਰੀਕੀ ਸ਼ਹਿਰੀਅਤ ਦੀ ਕਾਨੂੰਨੀ ਲੜਾਈ ਲੜਨ ਵਾਲੇ ਭਗਤ ਸਿੰਘ ਥਿੰਦ ਬਾਰੇ ਨਹੀਂ ਜਾਣਦਾ। ਉਹ ਇਸ ਗੱਲ ਵੱਲ ਧਿਆਨ ਦਿਵਾਉਣੋਂ ਨਹੀਂ ਉਕਦਾ ਕਿ ਅਜਿਹੇ ਸੈਮੀਨਾਰ ਮਿਲਣ-ਗਿਲਣ ਲਈ ਕੀਤੇ ਇਕੱਠ ਹੀ ਹੁੰਦੇ ਹਨ। ਚਲਾਵੀਂ ਜਿਹੀ ਗੱਲ-ਬਾਤ ਤੋਂ ਇਲਾਵਾ ਮਸਲਿਆਂ ਤੇ ਮੁੱਦਿਆਂ ਬਾਰੇ ਗੰਭੀਰ ਚਰਚਾ ਸ਼ਾਇਦ ਇਨ੍ਹਾਂ ਦਾ ਮਕਸਦ ਨਹੀਂ ਹੁੰਦਾ। ਉਹਨੂੰ ਹੈਰਾਨੀ ਤੇ ਗ਼ਿਲਾਨੀ ਹੁੰਦੀ ਹੈ ਕਿ ਸਿੱਖਾਂ ਦੇ ਸੌ-ਸਾਲਾ ਸਮਾਗਮ ਅਤੇ ਗ਼ਦਰ ਲਹਿਰ ਦੇ ਸ਼ਤਾਬਦੀ ਸਾਲ ਵਿਚ ਵੀ ਗ਼ਦਰੀ ਬਾਬਿਆਂ ਨੂੰ ਚਰਚਾ ਦਾ ਬਿੰਦੂ ਹੀ ਨਹੀਂ ਬਣਾਇਆ ਗਿਆ। ਇਸੇ ਘਾਟ ਦੀ ਪੂਰਤੀ ਲਈ ਉਹਨੂੰ ਗ਼ਦਰੀ ਬਾਬਿਆਂ ਬਾਰੇ ਵੱਖਰੇ ਤੌਰ 'ਤੇ ਜਾਣਕਾਰੀ ਦੇਣੀ ਪਈ। ਉਹ ਸਿੱਖੀ ਦੀ ਇਨਕਲਾਬੀ ਵਿਰਾਸਤ ਦਾ ਕਦਰਦਾਨ ਹੈ, ਸਿੱਖਾਂ ਨਾਲ ਭਾਰਤ ਅਤੇ ਅਮਰੀਕਾ ਵਿਚ ਹੁੰਦੇ ਵਿਤਕਰਿਆਂ ਦਾ ਵੀ ਉਸ ਨੂੰ ਦੁੱਖ ਹੈ, ਪਰ ਅਮਰੀਕਾ ਵਿਚ ਰਹਿੰਦੇ ਸਿੱਖਾਂ ਵਿਚਲੀ ਗੁਰਦੁਆਰਿਆਂ ਦੀ ਗੱਦੀ ਲਈ ਕੀਤੀ ਜਾਂਦੀ ਲੜਾਈ ਤੇ ਖੋਹ-ਖਿੱਚ ਦਾ ਬੇਬਾਕ ਵਰਣਨ ਕਰਨ ਤੋਂ ਵੀ ਉਹ ਨਹੀਂ ਝਿਜਕਦਾ।

ਯਾਤਰਾ-ਪ੍ਰਸੰਗ ਨੂੰ ਵੱਖਰੇ ਤੌਰ 'ਤੇ ਸਮੇਟ ਕੇ ਪੰਨੂ ਅਮਰੀਕਾ ਬਾਰੇ ਪ੍ਰਾਪਤ ਗਿਆਨ ਨੂੰ ਇਕ ਪ੍ਰਬੰਧ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ। ਉਹ ਅਮਰੀਕਾ ਨੂੰ ਖੋਜਣ, ਜਿੱਤਣ ਅਤੇ ਵਸਾਏ ਜਾਣ ਦੇ ਯਤਨਾਂ ਤੋਂ ਲੈ ਕੇ ਇਸ ਦੇ ਵਰਤਮਾਨ ਉਸਾਰ ਤੱਕ ਦਾ ਸੰਖਿਪਤ ਤੇ ਸੰਗਠਿਤ ਬਿਆਨ ਵੀ ਰੌਚਕ ਸ਼ੈਲੀ ਵਿਚ ਕਰਦਾ ਹੈ। ਪੁਸਤਕ ਦੇ ਸਾਰੇ ਭਾਗ ਮਿਲ ਕੇ ਅਮਰੀਕਾ ਨੂੰ ਸਮੁੱਚ ਵਿਚ ਉਭਾਰਦੇ ਹਨ। ਵ੍ਹਾਈਟ ਹਾਊਸ ਨਾਲ ਸਬੰਧਤ ਚੈਪਟਰ ਵਿਚ ਇਸ ਦੀ ਸਥਾਪਨਾ; ਇਸ ਵਿਚ ਰਹਿਣ ਵਾਲੇ ਪ੍ਰਧਾਨਾਂ; ਉਨ੍ਹਾਂ ਦੇ ਸੁਭਾਅ, ਕੰਮਾਂ, ਇਸ਼ਕਾਂ-ਮੁਸ਼ਕਾਂ, ਖ਼ੂਬੀਆਂ-ਖ਼ਾਮੀਆਂ ਅਤੇ ਕਾਰਜਕਾਲ ਦੇ ਵੇਰਵੇ ਵੀ ਹਨ। ਕੋਲੰਬਸ ਵਲੋਂ ਅਮਰੀਕਾ ਦੀ ਲੱਭਤ ਤੋਂ ਲੈ ਕੇ ਮੂਲ ਵਾਸੀਆਂ ਨੂੰ ਬੇਘਰੇ, ਗੁਲਾਮ ਤੇ ਬੇਵਸ ਬਣਾ ਦੇਣ ਦੇ ਬਿਰਤਾਂਤ ਸਮੇਤ ਅਨੇਕਾਂ ਯੁੱਧਾਂ, ਸੰਘਰਸ਼ਾਂ ਤੇ ਅਮਰੀਕਾ ਦੇ ਵਰਤਮਾਨ ਮੁਕਾਮ ਤੱਕ ਪੁੱਜਣ ਦਾ ਬਿਆਨ ਵੀ ਸ਼ਾਮਲ ਹੈ। ਵਾਸ਼ਿੰਗਟਨ ਡੀ.ਸੀ. ਵਾਲੇ ਚੈਪਟਰ ਵਿਚ ਅਮਰੀਕਾ ਨਾਲ ਜੁੜੇ ਹੋਰ ਇਤਿਹਾਸ ਤੋਂ ਇਲਾਵਾ ਪ੍ਰਸਿੱਧ ਇਮਾਰਤਾਂ ਤੇ ਸਥਲਾਂ ਦਾ ਵੇਰਵਾ ਵੀ ਸ਼ਾਮਲ ਹੈ। ਇਕ ਵੱਖਰੇ ਚੈਪਟਰ ਵਿਚ ਗ਼ਦਰ ਲਹਿਰ ਦੇ ਇਤਿਹਾਸ ਸਮੇਤ ਅਮਰੀਕਾ ਤੇ ਭਾਰਤ ਦੇ ਰਿਸ਼ਤੇ ਦਾ ਇਤਿਹਾਸ ਵੀ ਦਰਜ ਹੈ ਅਤੇ ਭਾਰਤੀਆਂ ਤੇ ਵਿਸ਼ੇਸ਼ ਕਰ ਕੇ ਸਿੱਖਾਂ ਦੇ ਅਮਰੀਕਾ ਵਿਚ ਸਥਾਪਤ ਹੋਣ ਦਾ ਇਤਿਹਾਸ ਵੀ ਦਰਜ ਹੈ।

ਇੰਨੇ ਵਿਸ਼ਾਲ ਇਤਿਹਾਸਕ ਦਾਇਰੇ ਨੂੰ ਸਮਝਣ ਤੇ ਸਮੇਟਣ ਲਈ ਜਿੱਥੇ ਡੂੰਘੀ ਖੋਜ ਵਿਚੋਂ ਪ੍ਰਾਪਤ ਗਿਆਨ ਲੋੜੀਂਦਾ ਹੈ, ਉਥੇ ਪੇਸ਼ਕਾਰੀ ਦੇ ਸਿਰਜਣਾਤਮਕ ਹੁਨਰ ਸਮੇਤ ਮੁੱਦਿਆਂ ਤੇ ਮਸਲਿਆਂ ਦੇ ਵਿਸ਼ਲੇਸ਼ਣ ਲਈ ਸੰਤੁਲਿਤ ਨਜ਼ਰੀਆ ਵੀ ਲੋੜੀਂਦਾ ਹੈ। ਇੰਡੀਆ ਲੱਭਣ ਦੇ ਯਤਨ ਵਜੋਂ ਇਕ ਅਮਰੀਕਾ ਕੋਲੰਬਸ ਨੇ ਲੱਭਿਆ ਸੀ ਅਤੇ ਇਕ ਅਮਰੀਕਾ ਇੰਡੀਅਨ ਜਾਂ ਪੰਜਾਬੀ ਪਾਠਕਾਂ ਨੂੰ ਚਰਨਜੀਤ ਸਿੰਘ ਪੰਨੂ ਨੇ ਲੱਭ ਕੇ ਦਿੱਤਾ ਹੈ। ਅਮਰੀਕਾ ਬਾਰੇ ਸਿਰਜਣਾਤਮਕ ਵਾਰਤਕ ਵਿਚ ਏਨੀ ਵੰਨ-ਸੁਵੰਨੀ ਜਾਣਕਾਰੀ ਮੁਹੱਈਆ ਕਰਵਾਉਣ ਵਾਲੀ, ਮੇਰੀ ਜਾਚੇ ਪੰਜਾਬੀ ਵਿਚ ਛਪੀ ਇਹ ਪਹਿਲੀ ਪੁਸਤਕ ਹੈ।




ਕਿਹਾ ਜਾ ਸਕਦਾ ਹੈ ਕਿ ਅੱਜ ਕੱਲ੍ਹ ਤਾਂ ਕਿਸੇ ਵੀ ਮੁਲਕ ਜਾਂ ਖਿੱਤੇ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਤੇ ਗਿਆਨ ਹਾਸਲ ਕਰਨ ਲਈ ਇੰਟਰਨੈਟ ਉਤੇ ਢੇਰਾਂ ਦੇ ਢੇਰ ਮਸਾਲਾ ਮਿਲ ਜਾਂਦਾ ਹੈ। ਪਹਿਲੀ ਗੱਲ, ਹਰ ਪੰਜਾਬੀ ਪਾਠਕ ਦੀ ਇੰਟਰਨੈਟ ਤੱਕ ਪਹੁੰਚ ਨਹੀਂ; ਜਿਸ ਦੀ ਪਹੁੰਚ ਵੀ ਹੋਵੇ, ਜ਼ਰੂਰੀ ਨਹੀਂ, ਉਹ ਉਚੇਚ ਨਾਲ ਅਮਰੀਕਾ ਬਾਰੇ ਏਨਾ ਗਹਿਨ ਗਿਆਨ ਪ੍ਰਾਪਤ ਕਰਨ ਦੀ ਅਭਿਲਾਸ਼ਾ ਰੱਖਦਾ ਹੋਵੇ। ਉਂਜ ਵੀ ਨੈਟ 'ਤੇ ਗਿਆਨ ਟੋਟਿਆਂ ਵਿਚ ਖਿੱਲਰਿਆ ਹੁੰਦਾ ਹੈ। ਪੰਨੂ ਨੇ ਖਿੱਲਰੇ ਟੋਟਿਆਂ ਨੂੰ ਸਮੁੱਚ ਵਿਚ ਜੋੜਨ, ਸਮਝਣ ਅਤੇ ਸੰਪਾਦਤ ਕਰਨ ਵਿਚ ਮਿਹਨਤ ਕੀਤੀ ਹੈ। ਉਸ ਨੇ ਅਮਰੀਕੀ ਇਤਿਹਾਸ, ਰਾਜਨੀਤੀ, ਸਭਿਆਚਾਰ ਅਤੇ ਸੰਸਾਰ ਵਿਆਪੀ ਮਸਲਿਆਂ ਬਾਰੇ ਅਮਰੀਕਾ ਦੀ ਪਹੁੰਚ ਬਾਰੇ ਡੂੰਘੀ ਖੋਜ-ਪੜਤਾਲ ਕੀਤੀ ਹੈ। ਇੰਜ ਪ੍ਰਾਪਤ ਕੀਤੇ ਖਿੱਲਰੇ-ਪੁੱਲਰੇ ਗਿਆਨ ਨੂੰ ਇਕੱਠਾ ਤੇ ਸੰਪਾਦਤ ਕਰ ਕੇ ਅਤੇ ਆਪਣੇ ਅਨੁਭਵ ਦੀ ਕੁਠਾਲੀ ਵਿਚ ਢਾਲ ਕੇ ਅਜਿਹੇ ਸਮੁੱਚ ਵਿਚ ਪੇਸ਼ ਕੀਤਾ ਹੈ, ਜਿਸ ਵਿਚ ਉਸ ਦਾ ਆਪਣਾ ਵਿਸ਼ੇਸ਼ ਦ੍ਰਿਸ਼ਟੀਕੋਣ ਵੀ ਸ਼ਾਮਲ ਹੋ ਗਿਆ ਹੈ। ਇੰਜ ਇਹ ਲਿਖਤ ਕਿਸੇ ਖ਼ੁਸ਼ਕ ਗਿਆਨ ਦਾ ਸ੍ਰੋਤ ਹੀ ਨਹੀਂ ਰਹਿੰਦੀ, ਸਗੋਂ ਇਸ ਵਿਚ ਲੇਖਕ ਦਾ ਨਿੱਜਤਵ ਸ਼ਾਮਲ ਹੋਣ ਕਰ ਕੇ ਇਹ ਰਚਨਾ ਦਿਲਚਸਪ ਸਿਰਜਿਤ ਪ੍ਰਵਚਨ ਹੋ ਨਿੱਬੜਦੀ ਹੈ। ਚਰਨਜੀਤ ਸਿੰਘ ਪੰਨੂ ਦੇ ਸਫਰਨਾਮੇ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਉਸ ਦਾ ਨਿੱਜਤਵ ਸ਼ਾਮਲ ਹੈ। ਇਹ ਨਿੱਜਤਵ ਹੀ ਪਾਠਕ ਨੂੰ ਇਸ ਲਿਖਤ ਦੇ ਨੇੜੇ ਕਰਦਾ ਹੈ ਅਤੇ ਏਸੇ ਨੇੜ ਵਿਚੋਂ ਉਹ ਸਹਿਜ ਨਾਲ ਪੇਸ਼ ਕੀਤੇ ਗਿਆਨ ਜਾਂ ਜਾਣਕਾਰੀ ਵਿਚੋਂ ਗੁਜ਼ਰ ਜਾਂਦਾ ਹੈ। ਏਸੇ ਵਿਚ ਲੇਖਕ ਦੀ ਕਲਾਕਾਰੀ ਹੈ।

ਲੰਮੇ ਅਧਿਐਨ ਅਤੇ ਖੋਜ ਰਾਹੀਂ ਪ੍ਰਾਪਤ ਕੀਤੇ ਗਿਆਨ ਨੂੰ ਕੁੱਜੇ ਵਿਚ ਸਮੁੰਦਰ ਨੂੰ ਬੰਦ ਕਰਨ ਵਾਲੀ ਅਜਿਹੀ ਕਲਾਕਾਰੀ ਪ੍ਰਾਪਤ ਕਰਨਾ ਸਹਿਲ ਕਾਰਜ ਨਹੀਂ। ਅਜਿਹੀ ਲਿਖਤ ਦੀ ਸਭ ਤੋਂ ਪਹਿਲੀ ਤੇ ਵਿਸ਼ੇਸ਼ ਲੋੜ ਇਹ ਹੁੰਦੀ ਹੈ ਕਿ ਉਸ ਉਤੇ ਲੇਖਕ ਦੀ ਸਬੰਧਤ ਵਿਸ਼ੇ ਬਾਰੇ ਅਧਿਕਾਰਪੂਰਨ ਜਾਣਕਾਰੀ ਅਤੇ ਭਰੋਸੇਯੋਗਤਾ ਦੀ ਮੁਹਰ-ਛਾਪ ਲੱਗੀ ਹੋਵੇ। ਕਿਸੇ ਵਿਸ਼ੇ ਬਾਰੇ ਚੌਤਰਫ਼ਾ ਵਿਸ਼ਾਲ ਤੇ ਗਹਿਨ ਗਿਆਨ ਪ੍ਰਾਪਤ ਕਰਨਾ ਖਾਲਾ ਜੀ ਦਾ ਵਾੜਾ ਨਹੀਂ। ਨਾ ਕੋਲੰਬਸ ਨੂੰ ਅਮਰੀਕਾ ਏਨੀ ਸੌਖੀ ਤਰ੍ਹਾਂ ਲੱਭਿਆ ਸੀ, ਨਾ ਪੰਨੂ ਦੇ ਰਾਹ ਜਾਂਦਿਆਂ ਪੈਰ ਥੱਲੇ ਬਟੇਰਾ ਆਇਆ ਹੈ। ਇਹ ਪੁਸਤਕ ਉਹਦੇ ਅਧਿਅਨ ਅਤੇ ਅਨੁਭਵ ਵਿਚੋਂ ਕਸ਼ੀਦ ਹੋ ਕੇ ਨਿਕਲੀ ਹੈ। ਇਹ ਲਿਖਤ ਬ੍ਰਿਟਿਸ਼ ਸਾਮਰਾਜ ਤੇ ਦੂਜੀਆਂ ਯੂਰਪੀਨ ਜਾਤੀਆਂ ਵੱਲੋਂ ਅਮਰੀਕਾ ਦੇ ਮੂਲ ਵਾਸੀਆਂ ਨੂੰ ਗੁਲਾਮ ਬਣਾਉਣ, ਉਨ੍ਹਾਂ ਦੀ ਧਰਤੀ ਦੇ ਕੀਮਤੀ ਸੋਮਿਆਂ ਨੂੰ ਖੋਹਣ ਤੋਂ ਲੈ ਕੇ ਕਾਲੇ ਗੁਲਾਮਾਂ ਦੀ ਵਹਿਸ਼ੀ ਕੁੱਟ, ਲੁੱਟ ਅਤੇ ਉਨ੍ਹਾਂ ਉਤੇ ਹੋਏ ਜ਼ੁਲਮ ਦੀ ਦਾਸਤਾਂ ਵੀ ਬਿਆਨ ਕਰਦੀ ਹੈ ਅਤੇ ਫਿਰ ਉਨ੍ਹਾਂ ਦੀ ਆਜ਼ਾਦੀ ਦੀ ਲੜਾਈ ਅਤੇ ਸੰਘਰਸ਼ ਨੂੰ ਵੀ ਨਜ਼ਰ ਗੋਚਰੇ ਲਿਆਉਂਦੀ ਹੈ। ਇਸ ਵਿਚ ਅਮਰੀਕਾ ਦੇ ਬ੍ਰਿਟਿਸ਼ ਸਾਮਰਾਜ ਹੱਥੋਂ ਆਜ਼ਾਦ ਹੋਣ ਦਾ ਸੰਘਰਸ਼ ਵੀ ਸ਼ਾਮਲ ਹੈ ਅਤੇ ਉਸ ਅਮਰੀਕਾ ਦਾ ਜ਼ਿਕਰ ਵੀ ਹੈ ਜਿਹੜਾ ਇਕ ਦੌਰ ਵਿਚ ਆਜ਼ਾਦੀ ਦੀ ਲੜਾਈ ਲੜਨ ਵਾਲੇ ਮੁਲਕਾਂ ਦਾ ਵੀ ਪ੍ਰੇਰਨਾ ਸ੍ਰੋਤ ਬਣ ਗਿਆ ਸੀ। ਨਵੇਂ ਉਸਰ ਰਹੇ ਅਮਰੀਕਾ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਲੜਨ ਵਾਲੇ ਸੂਰਮਿਆਂ, ਰਾਜਨੀਤੀਵਾਨਾਂ, ਪ੍ਰਧਾਨਾਂ ਆਦਿ ਦੇ ਸੰਖੇਪ ਜੀਵਨ ਵੇਰਵੇ ਤੇ ਕਾਰਕਰਦਗੀ ਵੀ ਇਸ ਪੁਸਤਕ ਵਿਚ ਪੜ੍ਹਨ ਨੂੰ ਮਿਲੇਗੀ। ਪੰਨੂ ਉਸ ਅਮਰੀਕਾ ਦੇ ਦਰਸ਼ਨ-ਦੀਦਾਰੇ ਵੀ ਕਰਾਉਂਦਾ ਹੈ ਜੋ ਇਸ ਵੇਲੇ ਸਾਰੀ ਦੁਨੀਆਂ ਨੂੰ ਆਪਣੇ ਜਕੜ-ਜਾਲ ਵਿਚ ਲੈਣ, ਖੋਹਣ ਅਤੇ ਮੋਹਣ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ।

ਕਿਸੇ ਸਮੇਂ ਆਜ਼ਾਦੀ ਲਈ ਲੜੇ ਜਾਣ ਵਾਲੇ ਸੰਘਰਸ਼ ਦਾ ਪ੍ਰਤੀਕ ਅਮਰੀਕਾ ਅੱਜ ਧੱਕੇ ਅਤੇ ਧੌਂਸ ਨਾਲ ਕਮਜ਼ੋਰ ਮੁਲਕਾਂ ਨੂੰ ਆਰਥਿਕ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਬੰਨ੍ਹਣ ਲਈ ਅਤੇ ਉਨ੍ਹਾਂ ਦੀ ਆਜ਼ਾਦੀ ਖੋਹਣ ਲਈ ਵੀ ਹਲਕਾਨ ਹੋਇਆ ਫਿਰਦਾ ਹੈ। ਪੰਨੂ ਇਸ ਬਹੁ-ਰੰਗੇ ਅਮਰੀਕਾ ਬਾਰੇ ਜਾਣਕਾਰੀ ਦੇ ਕੇ ਪਾਠਕ ਦੀ ਚੇਤਨਾ ਵਿਚ ਅਮਰੀਕਾ ਦਾ ਸੰਖੇਪ ਪਰ ਸਮੁੱਚਾ ਬਿੰਬ ਉਜਾਗਰ ਕਰ ਦਿੰਦਾ ਹੈ। ਸੱਚ ਕਿਹਾ ਜਾਵੇ ਤਾਂ ਵ੍ਹਾਈਟ ਹਾਊਸ ਤਾਂ ਮਹਿਜ਼ ਇਕ ਪ੍ਰਤੀਕ ਹੈ। ਇਹ ਅਮਰੀਕੀ ਸੱਤਾ ਦਾ ਕੇਂਦਰ ਹੈ। ਦੁਨੀਆਂ ਦੀ ਰਾਜਨੀਤੀ ਤੇ ਆਰਥਿਕਤਾ ਨੂੰ ਪ੍ਰਭਾਵਤ ਕਰਨ ਵਾਲੇ ਸਾਰੇ ਚੰਗੇ-ਮੰਦੇ ਫ਼ੈਸਲੇ ਮੁਢਲੇ ਰੂਪ ਵਿਚ ਇਥੇ ਹੀ ਲਏ ਜਾਂਦੇ ਹਨ। ਅਸਲ ਵਿਚ ਵ੍ਹਾਈਟ ਹਾਊਸ ਤਾਂ ਇਕ ਪ੍ਰਤੀਨਿਧ ਆਈਨਾ ਹੈ ਜਿਸ ਵਿਚੋਂ ਮੁੱਢ ਤੋਂ ਲੈ ਕੇ ਵਰਤਮਾਨ ਤੱਕ ਦੇ ਅਮਰੀਕਾ ਦਾ ਚਿਹਰਾ-ਮੁਹਰਾ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਚਿਹਰੇ ਤੋਂ ਅਮਰੀਕਾ ਦੀ ਵਿਸ਼ੇਸ਼ ਇਤਿਹਾਸਕ ਖ਼ੂਬਸੂਰਤੀ ਵੀ ਨਿਰੂਪਤ ਹੁੰਦੀ ਹੈ ਅਤੇ ਸਾਰੇ ਚਿੱਬਾਂ ਸਮੇਤ ਉਸਦੀ ਵਰਤਮਾਨ ਹੈਂਸਿਆਰੀ ਕਰੂਪਤਾ ਵੀ ਨਜ਼ਰ ਆਉਂਦੀ ਹੈ।

ਇਸ ਸਿਰਜਿਤ ਬਿਰਤਾਂਤ ਦੇ ਹੋਰ ਨੇੜੇ ਕਰਨ ਲਈ ਉਹ ਪੰਜਾਬੀ ਪਾਠਕ ਨੂੰ ਅਮਰੀਕਾ ਨਾਲ ਭਾਰਤ ਦੀ ਇਤਿਹਾਸਕ ਤੇ ਵਰਤਮਾਨ ਰਿਸ਼ਤਗੀ ਦੇ ਹਵਾਲੇ ਨਾਲ ਜੋੜ ਲੈਂਦਾ ਹੈ। ਇਸੇ ਧਰਤੀ ਤੋਂ ਦੇਸ਼ ਨੂੰ ਮੁਕੰਮਲ ਤੌਰ 'ਤੇ ਆਜ਼ਾਦ ਕਰਵਾਉਣ ਅਤੇ ਅਮਰੀਕੀ ਤਰਜ਼ 'ਤੇ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਵਾਲਾ ਜਮਹੂਰੀ ਰਾਜ ਤੇ ਸਮਾਜ ਕਾਇਮ ਕਰਨ ਲਈ ਹਥਿਆਰਬੰਦ ਲੜਾਈ ਲੜਨ ਦਾ ਬਿਗਲ ਗ਼ਦਰੀ ਸੂਰਬੀਰਾਂ ਨੇ ਵਜਾਇਆ ਸੀ। ਪੰਨੂ ਇਸ ਸਾਰੇ ਬਿਰਤਾਂਤ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਜਿੱਥੇ ਉਹ ਦੇਸ਼ ਦੀ ਆਜ਼ਾਦੀ ਲਈ ਲੜੇ ਸੰਘਰਸ਼ ਅਤੇ ਉਠੇ ਉਭਾਰ ਨੂੰ ਇਸ ਲਿਖਤ ਵਿਚ ਸ਼ਾਮਲ ਕਰਦਾ ਹੈ, ਉਥੇ ਪਹਿਲੇ ਭਾਰਤੀ ਭਾਈ ਬਖ਼ਸ਼ੀਸ਼ ਸਿੰਘ ਸੁਰ ਸਿੰਘ ਦੀ ਅਮਰੀਕਾ ਵਿਚ ਆਮਦ ਤੋਂ ਲੈ ਕੇ ਭਾਰਤੀਆਂ ਵੱਲੋਂ ਰੋਜ਼ੀ-ਰੋਟੀ ਲਈ ਲੜੇ ਸੰਘਰਸ਼ ਅਤੇ ਹੁਣ ਤੱਕ ਉਨ੍ਹਾਂ ਦੇ ਅਮਰੀਕਾ ਵਿਚ ਸਥਾਪਤ ਹੋਣ ਲਈ ਕੀਤੇ ਯਤਨਾਂ ਅਤੇ ਸਿਰ ਪਏ ਸੰਕਟਾਂ ਨਾਲ ਨਜਿੱਠਣ ਦਾ ਬਿਰਤਾਂਤ ਵੀ ਇਸ ਲਿਖਤ ਵਿਚ ਸ਼ਾਮਲ ਹੈ।

ਵਿਚਾਰਧਾਰਕ ਪੱਖੋਂ ਚਰਨਜੀਤ ਸਿੰਘ ਪੰਨੂ ਕੋਲ ਸੰਤੁਲਤ ਨਜ਼ਰੀਆ ਹੈ। ਉਹ ਆਮ ਤੌਰ 'ਤੇ ਕਿਸੇ ਉਲਾਰ ਤੋਂ ਬਿਨਾਂ ਘਟਨਾਵਾਂ ਤੇ ਵਰਤਾਰਿਆਂ ਦਾ ਮੁਲੰਕਣ ਕਰਦਾ ਹੈ। ਉਸ ਦੀ ਵਿਸ਼ੇਸ਼ਤਾ ਹੈ ਕਿ ਅਮਰੀਕਾ ਵਿਚ ਰਹਿੰਦਿਆਂ ਵੀ ਉਹਦਾ ਨਜ਼ਰੀਆ 'ਅਮਰੀਕੀ' ਨਹੀਂ ਬਣਿਆ। ਉਹ ਨਾ ਤਾਂ ਅਮਰੀਕਾ ਦਾ ਅੰਨ੍ਹੇਵਾਹ ਨਿੰਦਕ ਹੈ ਅਤੇ ਨਾ ਹੀ ਡੁੱਲ੍ਹ-ਡੁੱਲ੍ਹ ਪੈਂਦਾ ਆਸ਼ਕ ਤੇ ਪ੍ਰਸ਼ੰਸਕ। ਆਪਣੇ ਸਵੈ-ਹਿਤ ਲਈ ਦੁਨੀਆਂ ਭਰ ਵਿਚ ਹਥਿਆਰ ਵੇਚਣ ਅਤੇ ਲੜਾਈਆਂ ਲੜਾਉਣ ਤੇ ਕਰਨ-ਕਰਾਉਣ ਵਾਲੇ ਅਮਰੀਕਾ ਦਾ ਦਿੱਖ ਦੀ ਪੱਧਰ 'ਤੇ ਦਾਅਵਾ ਤਾਂ ਹੈ ਕਿ ਉਹ ਇਹ ਸਭ ਕੁਝ ਸੰਸਾਰ ਸ਼ਾਂਤੀ ਲਈ ਕਰ ਰਿਹਾ ਹੈ, ਪਰ ਪੰਨੂ ਉਹਦੇ ਅਜਿਹੇ ਸ਼ਾਂਤੀ ਯਤਨਾਂ ਨੂੰ ਵਿਅੰਗਾਤਮਕ ਟੇਢ ਨਾਲ ਵੇਖਦਾ ਹੈ। ਏਨਾ ਹੀ ਨਹੀਂ, ਪੰਨੂ ਤਾਂ ਲੋਕਾਂ ਦੇ ਘਰਾਂ ਵਿਚ ਵੜ ਕੇ ਉਨ੍ਹਾਂ ਨੂੰ ਤਬਾਹ ਕਰਨ ਦੇ ਅਮਰੀਕੀ ਯਤਨਾਂ ਦੇ ਪ੍ਰਤੀਉਤਰ ਵਜੋਂ ਅਮਰੀਕਾ ਨੂੰ ਵੀ ਹਿੰਸਾ ਦੀ ਜਿਸ ਭੱਠੀ ਵਿਚ ਭੁੱਜਣਾ ਪੈ ਰਿਹਾ ਹੈ, ਉਸ ਪੱਖ 'ਤੇ ਵੀ ਬਰਾਬਰ ਨਜ਼ਰ ਰੱਖਦਾ ਹੈ। ਉਹਦੇ ਆਪਣੇ ਸ਼ਬਦਾਂ ਵਿਚ:

'ਦੀਵੇ ਥੱਲੇ ਅੰਧੇਰੇ ਵਾਂਗ ਸਾਰੀ ਦੁਨੀਆਂ ਨੂੰ ਰੌਸ਼ਨੀ ਵੰਡਣ ਵਾਲਾ ਦੀਵਾ ਆਪ ਹਨੇਰੇ ਵਿਚ ਹੈ। ਹੋਰਾਂ ਦੀ ਹਿੰਸਾ 'ਤੇ ਆਹ ਭਰਨ ਵਾਲਾ ਇਹ ਟਿੱਲਾ ਆਪ ਹਿੰਸਕ ਵਾਰਦਾਤਾਂ ਤੋਂ ਬਚਿਆ ਨਹੀਂ। ਇਸ ਵਿਸ਼ਾਲ ਦੇਸ਼ ਵਿਚ ਹਰ ਰੋਜ਼ ਕਿਤੇ ਨਾ ਕਿਤੇ ਬੰਬ ਬਰੂਦ ਦੇ ਛਾਣੇ ਵੱਜਦੇ ਰਹਿੰਦੇ ਹਨ। ਸਾਰੀ ਦੁਨੀਆਂ 'ਤੇ ਕਾਂ ਅੱਖ ਰੱਖਣ ਵਾਲਾ ਇਹ ਸਰਪੰਚ ਆਪ ਵੀ ਘਿਰਣਤ ਅਪਰਾਧਾਂ ਤੋਂ ਬਚਿਆ ਨਹੀਂ। ਅਸਲਾ ਗੱਨ, ਬੰਦੂਕ, ਹਥਿਆਰ ਹਰ ਕਿਸੇ ਦੀ ਪਹੁੰਚ ਵਿਚ ਹੈ ਤੇ ਜਲਦੀ ਹੀ ਠਾਹ-ਠੂਹ ਕਰ ਕੇ ਸੱਥਰ ਵਿਛਾ ਦਿੰਦੀ ਹੈ। ਹਥਿਆਰਾਂ ਦੀ ਰੋਕਥਾਮ ਬਾਰੇ ਨਵੇਂ ਪ੍ਰਸਤਾਵਿਤ ਕਾਨੂੰਨ ਵਿਵਾਦਾਂ ਵਿਚ ਘਿਰ ਗਏ ਤੇ ਪਾਸ ਨਹੀਂ ਹੋ ਸਕੇ।'

ਇਨ੍ਹਾਂ ਉਪ੍ਰੋਕਤ ਸਤਰਾਂ ਵਿਚ ਦੋਹਰੇ ਅਮਰੀਕੀ ਵਿਹਾਰ ਦਾ ਬਿੰਬ ਤਾਂ ਪ੍ਰਸਤੁਤ ਹੋਇਆ ਹੀ ਹੈ, ਸਗੋਂ ਇਹ ਸਤਰਾਂ ਸਿਰਜਣਾਤਮਕ ਵਾਰਤਕ ਦੇ ਉਸ ਹੁਸਨ ਨੂੰ ਵੀ ਪ੍ਰਤੀਬਿੰਬਤ ਕਰਦੀਆਂ ਹਨ ਜਿਹੜਾ ਇਸ ਰਚਨਾ ਨੂੰ ਮਹਿਜ਼ ਕੋਰੇ ਗਿਆਨ ਦੀ ਪੇਸ਼ਕਾਰੀ ਤੋਂ ਨਿਖੇੜ ਕੇ ਕਲਾਤਮਕ ਆਭਾ ਬਖ਼ਸ਼ਦਾ ਹੈ। ਰੂਪਕੀ ਸਿਰਜਣਾ ਵਾਲੇ ਇਸ ਪੈਰੇ ਵਿਚ ਸ਼ਬਦਾਂ ਨੂੰ ਜੋੜਨ-ਬੀੜਨ ਦਾ ਹੁਨਰ ਵੀ ਵਿਦਮਾਨ ਹੈ, ਕਾਵਿਕ ਖ਼ੂਬਸੂਰਤੀ ਵੀ ਹੈ, ਵਿਅੰਗ ਦੀ ਤਿੱਖੀ ਚੋਭ ਵੀ ਹੈ ਅਤੇ ਹਕੀਕਤ ਦਾ ਸੰਤੁਲਤ ਬਿਆਨ ਵੀ ਹੈ। ਅਜਿਹੀ ਖ਼ੂਬਸੂਰਤ ਦੇ ਝਲਕਾਰੇ ਪਾਠਕ ਨੂੰ ਇਸ ਲਿਖਤ ਵਿਚ ਕਈ ਥਾਈਂ ਨਜ਼ਰ ਆਉਣਗੇ।

ਯਾਤਰਾ-ਪ੍ਰਸੰਗ ਅਤੇ ਇਸ ਵਿਚੋਂ ਉਪਜੀ ਸਹਿ-ਲਿਖਤ ਅਮਰੀਕਾ ਬਾਰੇ ਜਾਣਕਾਰੀ ਨੂੰ ਦੋ ਭਾਗਾਂ ਵਿਚ ਵੰਡ ਕੇ ਪੰਨੂ ਨੇ ਨਵਾਂ ਤਜਰਬਾ ਕੀਤਾ ਹੈ। ਇਸ ਸਫ਼ਰਨਾਮੇ ਵਿਚ ਰਵਾਇਤੀ ਸਫ਼ਰਨਾਮੇ ਵਾਲਾ 'ਬਹੁਤ ਕੁਝ' ਹੋਣ ਦੇ ਬਾਵਜੂਦ ਬਹੁਤ ਕੁੱਝ ਨਵਾਂ ਤੇ ਵੱਖਰਾ ਵੀ ਹੈ। ਇਸ ਵਿਚ ਬਾਹਰੀ ਸੰਸਾਰ ਦੇ ਠੋਸ ਤੱਥਾਤਮਕ ਵੇਰਵੇ ਵੀ ਹਨ ਅਤੇ ਬੰਦੇ ਦੇ ਮਨ ਵਿਚਲੇ ਸੂਖਮ ਅਹਿਸਾਸਾਂ ਦੀ ਤਰਲਤਾ ਨੂੰ ਫੜਨ ਦਾ ਸਾਹਿਤਕ ਯਤਨ ਵੀ ਹੈ। ਸਾਹਿਤ ਦੀ ਕਿਸੇ ਵੀ ਵਿਧਾ ਜਾਂ ਵੰਨਗੀ ਦੇ ਨੇਮ ਸਥਾਈ ਤੇ ਸਦੀਵੀ ਨਹੀਂ ਹੁੰਦੇ। ਪ੍ਰਤਿਭਾਵਾਨ ਲੇਖਕ ਪ੍ਰਵਾਨਤ ਨੇਮਾਂ ਨੂੰ ਤੋੜਦੇ ਵੀ ਆਏ ਹਨ ਤੇ ਸਬੰਧਤ ਵਿਧਾ ਦੇ ਖ਼ਾਵੇ ਨੂੰ ਮੋਕਲਾ ਵੀ ਕਰਦੇ ਰਹਿੰਦੇ ਹਨ। ਚਰਨਜੀਤ ਸਿੰਘ ਪੰਨੂ ਨੇ ਵੀ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਦੇ ਆਲੋਚਕ ਜਾਂ ਪਾਠਕ ਇਸ ਕੋਸ਼ਿਸ਼ ਨੂੰ ਕਿਵੇਂ ਲੈਂਦੇ ਹਨ, ਇਸ ਨੂੰ ਉਨ੍ਹਾਂ 'ਤੇ ਛੱਡਦੇ ਹੋਏ ਅਸੀਂ ਪੰਨੂ ਨੂੰ ਵੱਖਰੀ ਕਿਸਮ ਦੀ ਸਫ਼ਰਨਾਮਾ ਲਿਖਤ ਲਈ ਮੁਬਾਰਕ ਦਿੰਦੇ ਹਾਂ।

# ਫਿਲਮ ਪੀ ਕੇ: ਸਰੋਕਾਰ ਤੇ ਸੁਨੇਹੇ

ਫਿਲਮਸਾਜ਼ ਰਾਜ ਕੁਮਾਰ ਹਿਰਾਨੀ ਦੀ ਫਿਲਮ 'ਪੀ ਕੇ' ਹਰ ਪਾਸੇ ਜਲਵੇ ਦਿਖਾ ਰਹੀ ਹੈ। ਬਾਕਸ ਆਫਿਸ ਉਤੇ ਤਾਂ ਇਸ ਨੇ ਰਿਕਾਰਡ ਤੋੜਨ ਦਾ ਸਿਲਸਿਲਾ ਜਾਰੀ ਰੱਖਿਆ ਹੀ ਹੋਇਆ ਹੈ, ਇਸ ਫਿਲਮ ਦੇ ਹੱਕ ਵਿਚ ਅਤੇ ਵਿਰੋਧ ਵਿਚ ਵੀ ਖੂਬ ਸਰਗਰਮੀ ਹੋ ਰਹੀ ਹੈ। ਇਹ ਫਿਲਮ ਦੇਖਣ ਵਾਲਾ ਹਰ ਸ਼ਖਸ ਆਪਣੇ ਨੇੜਲੇ ਨੂੰ ਇਹ ਫਿਲਮ ਦੇਖਣ ਦੀ ਸਿਫਾਰਿਸ਼ ਕਰ ਰਿਹਾ ਹੈ। ਚਿਰਾਂ ਬਾਅਦ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਕਿਸੇ ਫਿਲਮ ਨੂੰ ਦਰਸ਼ਕਾਂ ਦੇ ਪੱਧਰ ਉਤੇ ਇਸ ਤਰ੍ਹਾਂ ਦਾ ਹੁੰਗਾਰਾ ਮਿਲਿਆ ਹੈ। ਇਹ ਤਾਂ ਹੋਈ ਫਿਲਮ ਦੇ ਹੱਕ ਵਿਚ ਖੜ੍ਹਨ ਵਾਲਿਆਂ ਦੀ ਗੱਲ; ਦੂਜੀ ਗੱਲ ਫਿਲਮ ਦਾ ਵਿਰੋਧ ਕਰਨ ਵਾਲਿਆਂ ਦੀ ਹੈ। ਇਸ ਫਿਲਮ ਦਾ ਵਿਰੋਧ ਕੱਟੜ ਹਿੰਦੂ ਜਥੇਬੰਦੀਆਂ ਦੇ ਮੈਂਬਰ ਕਰ ਰਹੇ ਹਨ, ਹਾਲਾਂਕਿ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਅਤੇ ਹੋਰ ਉਘੀਆਂ ਹਸਤੀਆਂ ਵੀ ਇਸ ਫਿਲਮ ਦੀ ਤਾਰੀਫ ਕਰ ਰਹੀਆਂ ਹਨ। ਕੱਟੜਪੰਥੀਆਂ ਦੇ ਵਿਰੋਧ ਦਾ ਨੁਕਤਾ ਇਹ ਹੈ ਕਿ ਫਿਲਮ ਵਿਚ ਉਨ੍ਹਾਂ ਦੇ ਭਗਵਾਨਾਂ/ਧਾਰਮਿਕ ਭਾਵਨਾਵਾਂ ਦਾ ਮਖੌਲ ਉਡਾਇਆ ਗਿਆ ਹੈ। ਇਸੇ ਆਧਾਰ ਉਤੇ ਇਨ੍ਹਾਂ ਕੱਟੜ ਜਥੇਬੰਦੀਆਂ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਵੀ ਪਾਈ ਸੀ। ਇਸ ਪਟੀਸ਼ਨ ਵਿਚ ਮੰਗ ਕੀਤੀ ਗਈ ਕਿ ਫਿਲਮ ਕਿਉਂਕਿ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੀ ਹੈ, ਇਸ ਲਈ ਇਸ ਉਤੇ ਤੁਰੰਤ ਪਾਬੰਦੀ ਲਾਈ ਜਾਵੇ। ਸੁਪਰੀਮ ਕੋਰਟ ਨੇ ਇਹ ਪਟੀਸ਼ਨ ਤਾਂ ਸਵੀਕਾਰ ਕਰ ਲਈ, ਪਰ ਆਪਣੇ ਫੈਸਲੇ ਵਿਚ ਸਪਸ਼ਟ ਕਿਹਾ ਕਿ ਜੇ ਕਿਸੇ ਨੂੰ ਇਹ ਫਿਲਮ ਚੰਗੀ ਨਹੀਂ ਲੱਗਦੀ, ਤਾਂ ਉਹ ਫਿਲਮ ਦੇਖਣ ਸਿਨੇਮਾ ਘਰਾਂ ਵਿਚ ਨਾ ਜਾਵੇ। ਇਸ ਦੇ ਨਾਲ ਹੀ ਅਦਾਲਤ ਨੇ ਪਟੀਸ਼ਨ ਰੱਦ ਕਰ ਦਿੱਤੀ। ਇਨ੍ਹਾਂ ਕੱਟੜ ਜਥੇਬੰਦੀਆਂ ਨੇ ਸੈਂਸਰ ਬੋਰਡ ਕੋਲ ਵੀ ਪਹੁੰਚ ਕੀਤੀ ਅਤੇ ਕੁਝ ਸੀਨ ਕੱਟਣ ਲਈ ਕਿਹਾ, ਪਰ ਬੋਰਡ ਦੀ ਮੁਖੀ ਲੀਲ੍ਹਾ ਸੈਮਸਨ ਨੇ ਸਾਰੇ ਪੱਖ ਵਿਚਾਰਨ ਤੋਂ ਬਾਅਦ ਕਿਹਾ ਕਿ ਫਿਲਮ ਦਾ ਕੋਈ ਸੀਨ ਸੈਂਸਰ ਬੋਰਡ ਵਲੋਂ ਕੱਟਿਆ ਨਹੀਂ ਜਾਵੇਗਾ। ਉਂਜ ਵੀ ਸੈਂਸਰ ਬੋਰਡ ਪਹਿਲਾਂ ਹੀ ਫਿਲਮ ਨੂੰ ਪ੍ਰਵਾਨਗੀ ਦੇ ਚੁੱਕਾ ਹੈ ਅਤੇ ਦੂਜੀ ਵਾਰ ਗੌਰ ਕਰਨ ਪਿਛੋਂ ਵੀ ਫਿਲਮ ਵਿਚ ਅਜਿਹਾ ਕੋਈ ਸੀਨ ਨਹੀਂ ਮਿਲਿਆ ਜਿਹੜਾ ਕੱਟਿਆ ਜਾ ਸਕਦਾ ਹੋਵੇ। ਨਾਲੇ ਧਾਰਮਿਕ ਭਾਵਨਾਵਾਂ ਦਾ ਮਸਲਾ ਬਿਲਕੁੱਲ ਅਲੱਗ ਹੈ, ਧਾਰਮਿਕ ਭਾਵਨਾਵਾਂ ਦੇ ਨਾਂ ਉਤੇ ਕਿਸੇ ਦੀ ਕਿਰਤ ਨੂੰ ਕੱਟਿਆ-ਵੱਢਿਆ ਨਹੀਂ ਜਾ ਸਕਦਾ।





ਦਰਅਸਲ, ਫਿਲਮ ਦੀ ਕਹਾਣੀ ਇਸ ਢੰਗ ਨਾਲ ਗੁੰਦੀ ਗਈ ਹੈ ਕਿ ਇਹ ਫਿਲਮ ਦਰਸ਼ਕਾਂ ਨੂੰ ਆਪਣੇ ਨਾਲ ਬੀਤ ਰਹੀ ਕਹਾਣੀ ਜਾਪਦੀ ਹੈ। ਫਿਲਮ ਵਿਚ ਧਾਰਮਿਕ ਲਿਬਾਸਾਂ ਵਿਚ ਲੁਕੇ ਲੋਕਾਂ ਵਲੋਂ ਆਮ ਲੋਕਾਂ ਨੂੰ ਲੁੱਟਣ ਦੀ ਕਥਾ ਬਹੁਤ ਜ਼ੋਰਦਾਰ ਢੰਗ ਨਾਲ ਬਿਆਨ ਕੀਤੀ ਗਈ ਹੈ। ਇਸ ਸਬੰਧੀ ਸੋਨੇ ਉਤੇ ਸੁਹਾਗਾ ਇਹ ਕਿ ਸਾਰੀ ਕਹਾਣੀ ਵਿਅੰਗ ਦੇ ਤਿੱਖੇ ਬਾਣਾਂ ਨਾਲ ਅਗਾਂਹ ਤੋਰੀ ਗਈ ਹੈ। ਬਹੁਤ ਜ਼ਿਆਦਾ ਗੰਭੀਰ ਵਿਸ਼ੇ ਨੂੰ ਹਲਕੀਆਂ-ਫੁਲਕੀਆਂ ਕਲਾਕਾਰੀ ਛੋਹਾਂ ਨਾਲ ਦਰਸ਼ਕਾਂ ਅੱਗੇ ਪਰੋਸਿਆ ਗਿਆ ਹੈ।



ਇਸ ਫਿਲਮ ਵਿਚ ਮੁੱਖ ਅਦਾਕਾਰੀ ਚਰਚਿਤ ਅਦਾਕਾਰ ਆਮਿਰ ਖਾਨ ਦੀ ਹੈ। ਉਸ ਤੋਂ ਇਲਾਵਾ ਅਦਾਕਾਰਾ ਅਨੁਸ਼ਕਾ ਸ਼ਰਮਾ, ਸੁਸ਼ਾਤ ਰਾਜਪੂਤ, ਸੰਜੇ ਦੱਤ, ਬੋਮਨ ਇਰਾਨੀ ਵਰਗੇ ਕਲਾਕਾਰਾਂ ਦੀਆਂ ਅਹਿਮ ਭੂਮਿਕਾਵਾਂ ਹਨ। ਕੁਝ ਫਿਲਮ ਆਲੋਚਕਾਂ ਦਾ ਆਖਣਾ ਹੈ ਕਿ ਇਸ ਤਰ੍ਹਾਂ ਦੀ ਫਿਲਮ ਅਦਾਕਾਰ ਆਮਿਰ ਖਾਨ ਅਤੇ ਫਿਲਮਸਾਜ਼ ਰਾਜ ਕੁਮਾਰ ਹਿਰਾਨੀ ਦੀ ਜੋੜੀ ਹੀ ਬਣਾ ਸਕਦੀ ਸੀ। ਇਸ ਫਿਲਮ ਵਿਚ ਉਨ੍ਹਾਂ ਦੋਹਾਂ ਨੇ ਜੋਖਮ ਵੀ ਬਹੁਤ ਉਠਾਇਆ ਹੈ, ਪਰ ਉਨ੍ਹਾਂ ਦੀ ਮਿਹਨਤ ਅਤੇ ਲਗਨ ਰੰਗ ਲਿਆਈ ਹੈ। ਇਹ ਜੋੜੀ ਇਸ ਤੋਂ ਪਹਿਲਾਂ ਫਿਲਮ '3 ਈਡੀਅਟਸ' ਬਣਾ ਚੁੱਕੀ ਹੈ। '3 ਈਡੀਅਟਸ' ਦਾ ਰੰਗ ਵੀ ਦੇਖਣ ਹੀ ਵਾਲਾ ਸੀ ਅਤੇ ਇਹ ਫਿਲਮ ਵੀ ਦਰਸ਼ਕਾਂ ਨੇ ਬਹੁਤ ਪਸੰਦ ਕੀਤੀ ਸੀ। ਰਾਜ ਕੁਮਾਰ ਹਿਰਾਨੀ ਨੇ ਇਨ੍ਹਾਂ ਦੋ ਫਿਲਮਾਂ ਤੋਂ ਪਹਿਲਾਂ ਦੋ ਹੋਰ ਫਿਲਮਾਂ ਵੀ ਬਣਾਈਆਂ ਸਨ। ਇਨ੍ਹਾਂ ਦੇ ਨਾਂ ਹਨ: ਮੁੰਨਾ ਭਾਈ ਐਮ.ਬੀ.ਬੀ.ਐਸ. ਅਤੇ ਲਗੇ ਰਹੋ ਮੁੰਨਾ ਭਾਈ। ਹਿਰਾਨੀ ਦੀ ਹਰ ਫਿਲਮ ਵਿਚ ਵਿਅੰਗ ਦੀ ਧਾਰ ਬੜੀ ਤਿੱਖੀ ਹੁੰਦੀ ਹੈ। ਇਹ ਪਹਿਲੀਆਂ ਦੋਵੇਂ ਫਿਲਮਾਂ ਵੀ ਆਪਣੇ ਦੌਰ ਦੀਆਂ ਫਿਲਮਾਂ ਤੋਂ ਐਨ ਹਟਵੀਆਂ ਸਨ ਪਰ ਇਨ੍ਹਾਂ ਵਿਚ ਜ਼ੋਰਦਾਰ ਸਮਾਜਕ ਸੁਨੇਹਾ ਸੀ। ਜਿਉਂ-ਜਿਉਂ ਹਿਰਾਨੀ ਫਿਲਮਾਂ ਬਣਾਉਂਦਾ ਗਿਆ, ਸਮਾਜਕ ਸੁਨੇਹੇ ਹੋਰ ਪ੍ਰਚੰਡ ਹੁੰਦੇ ਗਏ। ਤੀਜੀ ਫਿਲਮ '3 ਈਡੀਅਟਸ' ਵਿਚ ਸਿੱਖਿਆ ਦੇ ਵਪਾਰੀਕਰਨ ਦੇ ਮੁੱਦੇ ਨੂੰ ਉਸ ਨੇ ਬਹੁਤ ਜ਼ੋਰ ਨਾਲ ਉਠਾਇਆ। ਹੁਣ ਚੌਥੀ ਫਿਲਮ 'ਪੀ ਕੇ' ਵਿਚ '3 ਈਡੀਅਟਸ' ਤੋਂ ਅਗਲੀ ਗੱਲ ਕਰਦਿਆਂ ਧਰਮ ਦੇ ਨਾਂ ਉਤੇ ਆਮ ਲੋਕਾਂ ਦੀ ਲੁੱਟ ਤੋਂ ਇਲਾਵਾ ਹੋਰ ਕਈ ਮਸਲੇ ਉਭਾਰੇ ਹਨ। ਬਹੁਤ ਸਾਧਾਰਨ ਦਿਸਦੀ ਇਸ ਫਿਲਮ ਵਿਚ ਬਹੁਤ ਵੱਡੀਆਂ ਗੱਲਾਂ ਆਖੀਆਂ ਗਈਆਂ ਹਨ।


*-ਜਗਜੀਤ ਸਿੰਘ ਸੇਖੋਂ*



*ਫਿਲਮ 'ਪੀ ਕੇ' ਦੇ ਅਦਾਕਾਰ (ਖੱਬਿਓਂ) ਸੁਸ਼ੀਲ ਰਾਜਪੂਤ, ਆਮਿਰ ਖਾਨ, ਫਿਲਮ ਦੇ ਡਾਇਰੈਕਟਰ ਰਾਜ ਕੁਮਾਰ ਹਿਰਾਨੀ, ਅਦਾਕਾਰਾ ਅਨੁਸ਼ਕਾ ਸ਼ਰਮਾ ਤੇ ਸੰਜੇ ਦੱਤ*

# 2014 ਵਿਚ ਨਵਿਆਂ ਦੀਆਂ ਨਵੀਆਂ ਰੀਤਾਂ-ਪ੍ਰੀਤਾਂ




*ਹੁਮੈਮਾ ਖ਼ਾਨ*

ਸਾਲ 2014 ਦੌਰਾਨ ਹਿੰਦੀ ਫਿਲਮ ਜਗਤ ਵਿਚ ਕਈ ਨਵੇਂ ਕਲਾਕਾਰਾਂ ਨੇ ਪ੍ਰਵੇਸ਼ ਕੀਤਾ ਅਤੇ ਖੂਬ ਧੁੰਮਾਂ ਪਾਈਆਂ। ਇਨ੍ਹਾਂ ਵਿਚ ਤਾਹਿਰ ਰਾਜ ਭਸੀਨ, ਪੱਤ੍ਰਲੇਖਾ, ਦਰਸ਼ਨ ਕੁਮਾਰ ਤੋਂ ਇਲਾਵਾ ਪਾਕਿਸਤਾਨੀ ਕਲਾਕਾਰ ਹੁਮੈਮਾ ਮਲਿਕ, ਇਮਰਾਨ ਅੱਬਾਸ ਤੇ ਫਵਾਦ ਖਾਨ ਆਦਿ ਸ਼ਾਮਲ ਸਨ। 2014 ਦੌਰਾਨ ਸਭ ਤੋਂ ਜ਼ਿਆਦਾ ਪ੍ਰਭਾਵਿਤ 27 ਸਾਲਾ ਅਦਾਕਾਰ ਤਾਹਿਰ ਭਸੀਨ ਨੇ ਕੀਤਾ। ਫਿਲਮ 'ਮਰਦਾਨੀ' ਵਿਚ ਉਸ ਦੀ ਹੀਰੋਇਨ ਰਾਣੀ ਮੁਖਰਜੀ ਸੀ ਅਤੇ ਇਸ ਫਿਲਮ ਵਿਚ ਤਾਹਿਰ ਨੇ ਬੇਫਿਕਰ ਮਾਫੀਆ ਡੌਨ ਦਾ ਕਿਰਦਾਰ ਨਿਭਾਇਆ। ਇਸ ਕਿਰਦਾਰ ਨਾਲ ਉਸ ਨੇ ਆਪਣੀ ਨਿਵੇਕਲੀ ਛਾਪ ਫਿਲਮ ਜਗਤ ਵਿਚ ਛੱਡੀ। ਵਿਲੇਨ ਦੀ ਭੂਮਿਕਾ ਵਿਚ ਉਸ ਦੀ ਅਦਾਕਾਰੀ ਦੀ ਖੂਬ ਪ੍ਰਸ਼ੰਸਾ ਹੋਈ। ਸਿੱਟੇ ਵਜੋਂ ਫਿਲਮ ਜਗਤ ਵਿਚ ਉਸ ਲਈ ਰਾਹ ਕਾਫੀ ਮੋਕਲਾ ਹੋ ਗਿਆ।

'ਸਿਟੀਲਾਈਟਜ਼' ਫਿਲਮ ਨਾਲ ਪੱਤ੍ਰਲੇਖਾ ਨੇ ਹਿੰਦੀ ਫਿਲਮਾਂ ਵਿਚ ਆਗਾਜ਼ ਕੀਤਾ। ਇਸ ਫਿਲਮ ਦਾ ਹੀਰੋ ਰਾਜ ਕੁਮਾਰ ਰਾਓ ਸੀ, ਪਰ ਪੱਤ੍ਰਲੇਖਾ ਦੀ ਅਦਾਕਾਰੀ ਇੰਨੀ ਦੰਗ ਕਰਨ ਵਾਲੀ ਸੀ ਕਿ ਸ਼ਬਾਨਾ ਆਜ਼ਮੀ ਅਤੇ ਵਿਦਿਆ ਬਾਲਨ ਵਰਗੀਆਂ ਚੋਟੀ ਦੀਆਂ ਅਦਾਕਾਰਾਂ ਨੇ ਵੀ ਉਸ ਦੀ ਤਾਰੀਫ ਦੇ ਪੁਲ ਬੰਨ੍ਹੇ। ਕਮਾਈ ਪੱਖੋਂ ਵੀ ਇਹ ਫਿਲਮ ਸਫਲ ਰਹੀ ਅਤੇ ਦਰਸ਼ਕਾਂ ਨੇ ਵੀ ਇਹ ਫਿਲਮ ਬਹੁਤ ਪਸੰਦ ਕੀਤੀ। ਇਸ ਫਿਲਮ ਨੇ ਦੋ-ਢਾਈ ਦਹਾਕੇ ਪਹਿਲਾਂ ਬਣਦੀਆਂ ਉਮਦਾ ਫਿਲਮਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ।

ਮੁੱਕੇਬਾਜ਼ ਮੁਟਿਆਰ ਮੇਰੀ ਕੋਮ ਦੇ ਜੀਵਨ ਉਤੇ ਬਣੀ ਫਿਲਮ 'ਮੇਰੀ ਕੋਮ' ਵਿਚ ਭਾਵੇਂ, ਪਹਿਲਾਂ ਹੀ ਬੁਲੰਦੀਆਂ ਛੂਹ ਰਹੀ ਪ੍ਰਿਯੰਕਾ ਚੋਪੜਾ ਦੀ ਅਦਾਕਾਰੀ ਦੀ ਖੂਬ ਪ੍ਰਸ਼ੰਸਾ ਹੋਈ, ਪਰ ਫਿਲਮ ਵਿਚ ਆਏ ਨਵੇਂ ਅਦਾਕਾਰ ਦਰਸ਼ਨ ਕੁਮਾਰ ਨੇ ਵੀ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਫਿਲਮ ਵਿਚ ਉਸ ਨੇ ਮੇਰੀ ਕੋਮ ਦੇ ਪਤੀ ਓਨਲੇਰ ਦੀ ਭੂਮਿਕਾ ਨਿਭਾਈ ਸੀ। ਉਸ ਦੀ ਸਹਿਜ ਅਦਾਕਾਰੀ ਦੀ ਹਰ ਪਾਸਿਓਂ ਤਾਰੀਫ ਹੋਈ। ਸਭ ਦਾ ਇਹੀ ਕਹਿਣਾ ਹੈ ਕਿ ਦਰਸ਼ਨ ਕੁਮਾਰ ਹਿੰਦੀ ਫਿਲਮਾਂ ਵਿਚ ਆਪਣਾ ਬਣਦਾ ਸਥਾਨ ਜ਼ਰੂਰ ਹਾਸਲ ਕਰੇਗਾ।



*ਫਿਲਮ 'ਸਿਟੀਲਾਈਟਜ਼' ਵਿਚ ਪੱਤ੍ਰਲੇਖਾ ਤੇ ਰਾਜ ਕੁਮਾਰ ਰਾਓ।*

ਪਾਕਿਸਤਾਨੀ ਅਦਾਕਾਰ ਫਵਾਦ ਖਾਨ ਨੇ ਫਿਲਮ 'ਖੂਬਸੂਰਤ' ਵਿਚ ਸੋਨਮ ਕਪੂਰ ਨਾਲ ਆਪਣੀ ਅਦਾਕਾਰੀ ਦੇ ਜਲਵੇ ਵਿਖਾਏ। ਇਸੇ ਤਰ੍ਹਾਂ 'ਰਾਜਾ ਨਟਵਰ ਲਾਲ' ਵਿਚ ਪਾਕਿਸਤਾਨੀ ਅਦਾਕਾਰਾ ਹੁਮੈਮਾ ਖਾਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਇਹ ਗੱਲ ਵੱਖਰੀ ਹੈ ਕਿ ਇਸ ਫਿਲਮ ਵਿਚ ਉਸ ਦੀ ਬਹੁਤੀ ਚਰਚਾ ਨਾ ਹੋ ਸਕੀ ਅਤੇ ਕਮਾਈ ਪੱਖੋਂ ਵੀ ਫਿਲਮ ਦਾ ਹਾਲ ਮਾੜਾ ਹੀ ਰਿਹਾ, ਪਰ ਇਕ ਗੱਲ ਸਾਫ ਹੋ ਗਈ ਕਿ ਕੁਝ ਕੱਟੜ ਹਿੰਦੂ ਜਥੇਬੰਦੀਆਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਪਾਕਿਸਤਾਨੀ ਕਲਾਕਾਰ ਹਿੰਦੀ ਫਿਲਮ ਜਗਤ ਦਾ ਹਿੱਸਾ ਬਣ ਰਹੇ ਹਨ। ਇਸ ਫਿਲਮ ਵਿਚ ਹੁਮੈਮਾ ਖਾਨ ਦਾ ਹੀਰੋ ਇਮਰਾਨ ਹਾਸ਼ਮੀ ਸੀ। ਇਨ੍ਹਾਂ ਤੋਂ ਇਲਾਵਾ ਟਾਈਗਰ ਸ਼ਰਾਫ, ਕ੍ਰਿਤੀ ਸੇਨਨ, ਡੇਜ਼ੀ ਸ਼ਾਹ ਅਤੇ ਸਿਧਾਰਥ ਸ਼ੁਕਲਾ ਨੇ ਵੀ ਸਾਲ 2014 ਦੌਰਾਨ ਹਿੰਦੀ ਫਿਲਮ ਜਗਤ ਵਿਚ ਪਰਵੇਸ਼ ਕੀਤਾ। ਟਾਈਗਰ ਸ਼ਰਾਫ ਦੀ ਫਿਲਮ 'ਹੀਰੋਪੰਤੀ' ਰਿਲੀਜ਼ ਹੋਈ। ਇਸ ਫਿਲਮ ਵਿਚ ਉਸ ਦੀ ਹੀਰੋਇਨ ਕ੍ਰਿਤੀ ਸੇਨਨ ਸੀ।

ਉਘੇ ਅਦਾਕਾਰ ਅਤੇ ਫਿਲਮਸਾਜ਼ ਰਾਜ ਕਪੂਰ ਦੇ ਦੋਹਤੇ ਅਰਮਾਨ ਜੈਨ ਨੇ ਵੀ 2014 ਵਿਚ ਆਪਣੀ ਫਿਲਮ 'ਲੇਕਰ ਹਮ ਦੀਵਾਨਾ ਦਿਲ' ਨਾਲ ਹਜ਼ਾਰੀ ਲੁਆਈ। ਇਹ ਫਿਲਮ ਬਾਕਸ ਆਫਿਸ ਉਤੇ ਤਾਂ ਭਾਵੇਂ ਬਹੁਤੀ ਨਹੀਂ ਚੱਲ ਸਕੀ ਪਰ ਅਰਮਾਨ ਜੈਨ ਦੀ ਅਦਾਕਾਰੀ ਦੀ ਕਾਫੀ ਤਾਰੀਫ ਹੋਈ।


ਨਿਰਵਿਘਨ ਪ੍ਰਕਾਸ਼ਨ ਦੇ 16ਵੇਂ ਸਾਲ 'ਚ (ਪਹਿਲੀ ਜਨਵਰੀ 2000-2015)

# ਅਦਾਰਾ ਪੰਜਾਬ ਟਾਈਮਜ਼ ਦੇ ਸਮੂਹ ਸਟਾਫ, ਕਾਲਮਨਵੀਸਾਂ, ਸਲਾਹਕਾਰ ਕਮੇਟੀ ਦੇ ਮੈਂਬਰਾਂ ਅਤੇ ਸੁਭਚਿੰਤਕਾਂ ਵਲੋਂ ਸਭ ਨੂੰ

# ਸਾਲ 2015 ਮੁਬਾਰਕ

*ਪਿਛਲੇ 15 ਸਾਲਾਂ ਦੌਰਾਨ ਸਹਿਯੋਗੀਆਂ, ਵਿਗਿਆਪਕਾਂ ਅਤੇ ਪਾਠਕਾਂ ਵਲੋਂ ਮਿਲੇ ਸਹਿਯੋਗ ਲਈ ਦਿਲੀ ਧੰਨਵਾਦ*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਪ੍ਰੋ ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਦਰਸ਼ਨ ਸਿੰਘ ਗਰੇਵਾਲ



ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਮਨਦੀਪ ਸਿੰਘ ਭੂਰਾ


ਜਗਦੀਸ਼ਰ ਸਿੰਘ ਕਲੇਰ


ਗੁਰਿੰਦਰ ਸਿੰਘ ਗਿੱਲ


ਸਰਬਜੀਤ ਥਿਆੜਾ


ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ


ਜੈਰਾਮ ਸਿੰਘ (ਨੀਟੂ) ਕਾਹਲੋਂ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ

## ਸਾਡੇ ਕਾਲਮਨਵੀਸ


ਗੁਰਬਚਨ ਭੁੱਲਰ


ਤਰਲੋਚਨ ਸਿੰਘ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਬਲਜੀਤ ਬਾਸੀ


ਜਤਿੰਦਰ ਪਨੂੰ


ਦਲਜੀਤ ਅਮੀ


ਜਤਿੰਦਰ ਮੌਹਰ


ਮੇਜਰ ਕੁਲਾਰ


ਇਕਬਾਲ ਜੱਬੋਵਾਲ

## ਪੰਜਾਬ ਟਾਈਮਜ਼ ਨਾਈਟ-2015 ਸਨਿਚਰਵਾਰ, 28 ਮਾਰਚ 2015

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*